BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

You dont marry the person you can live with
You marry the person you can't live without
ROKAA USA.COM
Coming Soon

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 03, January 21, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਲੋਕ ਸੰਘਰਸ਼ ਨੇ ਸਰਕਾਰ ਝੁਕਾਈ

## ਸ਼ਰਾਬ ਫੈਕਟਰੀ ਬੰਦ ਕਰਨ ਦਾ ਐਲਾਨ

ਚੰਡੀਗੜ੍ਹ: ਜ਼ੀਰੇ ਦੇ ਪਿੰਡ ਮਨਸੂਰਵਾਲ ਕਲਾਂ ਵਿਚ ਸ਼ਰਾਬ ਫੈਕਟਰੀ ਵਿਰੁੱਧ ਲੱਗੇ ਮੋਰਚੇ ਅੱਗੇ ਪੰਜਾਬ ਸਰਕਾਰ ਝੁਕ ਗਈ ਹੈ ਅਤੇ ਫੈਕਟਰੀ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਇਹ ਐਲਾਨ ਕਰਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਵਾਤਾਵਰਨ ਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਇਹ ਫੈਸਲਾ ਕੀਤਾ ਹੈ ਹਾਲਾਂਕਿ ਮੌਜੂਦਾ ਬਣੇ ਹਾਲਾਤ ਸਾਫ ਇਸ਼ਾਰਾ ਕਰਦੇ ਹਨ ਕਿ ਸਰਕਾਰ ਕੋਲ ਹੋਰ ਕੋਈ ਚਾਰਾ ਵੀ ਨਹੀਂ ਬਚਿਆ ਸੀ।

ਸ਼ਰਾਬ ਫੈਕਟਰੀ ਦਾ ਪਿਛਲੇ ਲੰਮੇ ਸਮੇਂ ਤੋਂ ਵਿਰੋਧ ਹੋ ਰਿਹਾ ਸੀ ਅਤੇ 6 ਮਹੀਨਿਆਂ ਤੋਂ ਫੈਕਟਰੀ ਨੇੜੇ ਪੱਕਾ ਮੋਰਚਾ ਲੱਗਾ ਹੋਇਆ ਸੀ। ਇਹ ਮੋਰਚਾ ਪਿੰਡ ਪੱਧਰ ਉਤੇ ਹੀ ਸ਼ੁਰੂ ਕੀਤਾ ਗਿਆ ਸੀ ਪਰ ਹੌਲੀ-ਹੌਲੀ ਇਹ ਲੋਕ ਲਹਿਰ ਬਣ ਗਿਆ। ਮੋਰਚੇ ਨੂੰ ਸਭ ਤੋਂ ਵੱਧ ਹੁੰਗਾਰਾ ਉਦੋਂ ਮਿਲਿਆ ਜਦੋਂ ਤਕਰੀਬਨ ਦੋ ਮਹੀਨੇ ਪਹਿਲਾਂ ਪੁਲਿਸ ਨੇ ਧਰਨਾਕਾਰੀਆਂ ਨੂੰ ਫੈਕਟਰੀ ਨੇੜਿਉਂ ਜਬਰੀ ਉਠਾਉਣ ਦੀ ਕੋਸ਼ਿਸ਼ ਕੀਤੀ। ਇਸ ਪਿੱਛੋਂ ਵੱਡੀ ਗਿਣਤੀ ਕਿਸਾਨ ਅਤੇ ਹੋਰ ਜਥੇਬੰਦੀਆਂ ਵੀ ਹਮਾਇਤ ਵਿਚ ਨਿੱਤਰ ਆਈਆਂ ਤੇ ਦਿਨੋ-ਦਿਨ ਇਹ ਮੋਰਚਾ ਸਰਕਾਰ ਦੀ ਸਿਰਦਰਦੀ ਬਣਦਾ ਗਿਆ।

ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਇਸ ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਵਿਚ ਚੱਲੇ ਸੰਘਰਸ਼ ਤੋਂ ਬਾਅਦ ਆਪਸੀ ਫੁੱਟ ਦਾ ਸ਼ਿਕਾਰ ਹੋਈਆਂ ਕਿਸਾਨ ਜਥੇਬੰਦੀਆਂ ਨੂੰ ਫਿਰ ਇਕ ਮੰਚ ਉਤੇ ਲਿਆ ਦਿੱਤਾ। ਇਸ ਮੋਰਚੇ ਵਿਚ ਪੰਜਾਬ ਦੀ ਹਰ ਸੰਘਰਸ਼ੀ ਜਥੇਬੰਦੀ ਨੇ ਵਧ-ਚੜ੍ਹ ਕੇ ਹਿੱਸਾ ਲਿਆ ਤੇ ਆਖਰ ਸਰਕਾਰ ਨੂੰ ਗੋਡਿਆਂ ਪਰਨੇ ਹੋਣਾ ਪਿਆ। ਸੰਯੁਕਤ ਕਿਸਾਨ ਮੋਰਚਾ, ਸਾਂਝੇ ਮੋਰਚੇ ਅਤੇ ਵਾਤਾਵਰਨ ਪ੍ਰੇਮੀਆਂ ਨੇ ਸ਼ਰਾਬ ਫੈਕਟਰੀ ਬੰਦ ਕਰਨ ਨੂੰ ਲੋਕ ਘੋਲ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ।

ਚੇਤੇ ਰਹੇ ਕਿ ਮਾਲਬਰੋਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਵੱਲੋਂ 2006 ਵਿਚ ਜ਼ੀਰਾ ਨੇੜੇ ਪਿੰਡ ਮਨਸੂਰਵਾਲ ਕਲਾਂ ਵਿਚ ਸ਼ਰਾਬ ਫੈਕਟਰੀ/ਈਥਾਨੋਲ ਪਲਾਂਟ ਲਗਾਇਆ ਗਿਆ ਸੀ। ਸਾਬਕਾ ਅਕਾਲੀ ਵਿਧਾਇਕ ਦੀਪ ਮਲਹੋਤਰਾ ਦੀ ਮਾਲਕੀ ਵਾਲੀ ਇਸ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਖ਼ਿਲਾਫ਼ ਮਨਸੂਰਵਾਲ ਲਾਗਲੇ ਤਕਰੀਬਨ 40 ਪਿੰਡਾਂ ਦੇ ਲੋਕਾਂ ਨੇ 24 ਜੁਲਾਈ ਨੂੰ ਪੱਕਾ ਮੋਰਚਾ ਸ਼ੁਰੂ ਕੀਤਾ ਸੀ। ਇਸੇ ਦੌਰਾਨ ਲੋਕਾਂ ਨੂੰ ਪੁਲਿਸ ਲਾਠੀਚਾਰਜ ਝੱਲਣਾ ਪਿਆ ਅਤੇ 46 ਆਗੂਆਂ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ।

*(ਬਾਕੀ ਸਫਾ 6 'ਤੇ)*



## ਭਗਵੰਤ ਮਾਨ ਹੁਣ 'ਕਿਸਾਨ ਮਿਲਣੀ' ਪ੍ਰੋਗਰਾਮ ਕਰਨਗੇ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 'ਕਿਸਾਨ ਮਿਲਣੀ' ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਆਮ ਕਿਸਾਨਾਂ ਨਾਲ ਸਿੱਧਾ ਸੰਵਾਦ ਰਚਾਇਆ ਜਾ ਸਕੇ। ਕਿਸਾਨਾਂ ਦੀਆਂ ਫਸਲੀ ਮੁਸ਼ਕਲਾਂ ਨੂੰ ਜਾਣਨ ਅਤੇ ਉਨ੍ਹਾਂ ਦੇ ਨਬੇੜੇ ਲਈ ਇਹ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ 12 ਫਰਵਰੀ ਨੂੰ ਲੁਧਿਆਣਾ ਤੋਂ ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਨਗੇ। ਹਰ ਜ਼ਿਲ੍ਹੇ 'ਚੋਂ ਕਰੀਬ 200 ਕਿਸਾਨਾਂ ਨੂੰ ਸੱਦਾ ਦਿੱਤਾ ਜਾਵੇਗਾ ਅਤੇ ਕਿਸਾਨਾਂ ਨੂੰ ਪੰਡਾਲ ਵਿਚ ਅਲੱਗ-ਅਲੱਗ ਹਿੱਸਿਆਂ ਵਿਚ ਵੰਡ ਕੇ ਬਿਠਾਇਆ ਜਾਣਾ ਹੈ ਤੇ ਉਨ੍ਹਾਂ ਦੇ ਨਾਲ ਪੰਡਾਲ ਵਿਚ ਖੇਤੀ ਮਾਹਿਰ ਵੀ ਬੈਠਣਗੇ।

# ਸਿੱਖ ਫੌਜੀਆਂ ਲਈ ਹੈਲਮੇਟ ਦੀ ਤਜਵੀਜ਼ ਖਿਲਾਫ ਰੋਹ

**ਅੰਮ੍ਰਿਤਸਰ:** ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਵੱਲੋਂ ਸਿੱਖ ਫੌਜੀਆਂ ਲਈ ਵਿਸ਼ੇਸ਼ ਹੈਲਮੇਟ ਲਿਆਉਣ ਦੀ ਤਜਵੀਜ਼ ਦਾ ਮਾਮਲਾ ਭਖ ਗਿਆ ਹੈ। ਭਾਰਤੀ ਫੌਜ ਵਿਚ ਸੇਵਾਵਾਂ ਨਿਭਾਅ ਰਹੇ ਸਿੱਖ ਫੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦੀ ਯੋਜਨਾ ਨਾਲ ਵੱਡੀ ਗਿਣਤੀ ਵਰਗ ਸਹਿਮਤ ਨਹੀਂ ਹਨ।

ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਤੇ ਸਿਆਸੀ ਧਿਰਾਂ ਨੇ ਇਸ ਉਤੇ ਸਖਤ ਇਤਰਾਜ਼ ਪ੍ਰਗਟ ਕੀਤਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਭਾਰਤ ਸਰਕਾਰ ਵੱਲੋਂ ਭਵਿੱਖ ਵਿਚ ਸਿੱਖ ਫੌਜੀਆਂ ਲਈ ਹੈਲਮੇਟ ਪਹਿਨਾਉਣ ਦੀ ਯੋਜਨਾ ਦਸਤਾਰ ਦੀ ਪਛਾਣ ਨੂੰ ਖਤਮ ਕਰਨ ਦੀ ਕਾਰਵਾਈ ਹੈ। ਇਸ ਤੋਂ ਪਹਿਲਾਂ ਬ੍ਰਿਟਿਸ਼ ਹੁਕਮਰਾਨਾਂ ਵੱਲੋਂ ਦੂਜੇ ਵਿਸ਼ਵ ਜੰਗ ਦੌਰਾਨ ਅਜਿਹਾ ਯਤਨ ਕੀਤਾ ਗਿਆ ਸੀ ਪਰ ਉਸ ਵੇਲੇ ਸਿੱਖ ਫੌਜੀਆਂ ਨੇ ਇਸ ਫੈਸਲੇ ਨੂੰ ਰੱਦ ਕੀਤਾ ਸੀ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਿੱਖ ਫੌਜੀਆਂ ਲਈ ਲੋਹ-ਟੋਪ (ਹੈਲਮਟ) ਪਹਿਨਣਾ ਲਾਜ਼ਮੀ ਕਰਨਾ ਸਿੱਖਾਂ ਦੀ ਵੱਖਰੀ ਪਛਾਣ ਨੂੰ ਖਤਮ ਕਰਨ ਦੀ ਕੋਝੀ ਸਾਜ਼ਿਸ਼ ਹੈ ਤੇ ਸਿੱਖ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਇਹ ਤਜਵੀਜ਼ ਵਾਪਸ ਲੈਣ ਲਈ ਦੀ ਅਪੀਲ ਕੀਤੀ ਹੈ।



ਇਸੇ ਦੌਰਾਨ ਇਸ ਯੋਜਨਾ ਖ਼ਿਲਾਫ਼ ਹੁਣ ਸਾਬਕਾ ਫੌਜੀ ਵੀ ਨਿੱਤਰ ਆਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ ਵੱਲੋਂ ਹਥਿਆਰਬੰਦ ਫੌਜਾਂ ਵਿੱਚ ਸਿੱਖਾਂ ਵਾਸਤੇ ਹੈਲਮੇਟ ਦੀ ਤਜਵੀਜ਼ ਨੂੰ ਲਾਗੂ ਹੋਣ ਤੋਂ ਰੋਕਣ ਲਈ ਨਿੱਜੀ ਤੌਰ 'ਤੇ ਦਖਲ ਦੇਣ। ਸਾਬਕਾ ਉਪ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਭਾਰਤੀ ਫੌਜ ਵਿਚ ਸਿੱਖ ਫੌਜੀਆਂ ਲਈ ਹੈਲਮੇਟ ਪਾਉਣ ਦੀ ਤਜਵੀਜ਼ ਦਾ ਸਖਤ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਫੌਜੀਆਂ ਨੇ ਸਾਲ 1962, 1965, 1971 ਤੇ ਕਾਰਗਿਲ ਦੀਆਂ ਲੜਾਈਆਂ ਲੜੀਆਂ ਹਨ ਪਰ ਉਸ ਵੇਲੇ ਕਦੇ ਹੈਲਮੇਟ ਦਾ ਮੁੱਦਾ ਨਹੀਂ ਉਠਿਆ। ਉਹ ਕਾਂਗਰਸ ਪਾਰਟੀ ਵੱਲੋਂ ਸਿੱਖਾਂ ਦੇ ਹੈਲਮੇਟ ਪਾਉਣ ਦੀ ਤਜਵੀਜ਼ ਦਾ ਸਖਤ ਵਿਰੋਧ ਕਰਦੇ ਹਨ ਅਤੇ ਸਿੱਖ ਫੌਜੀ ਕਦੇ ਵੀ ਹੈਲਮੇਟ ਪਾਉਣ ਲਈ ਆਪਣੀ ਦਸਤਾਰ ਨਹੀਂ ਲਾਹ ਸਕਦੇ। ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਤਜਵੀਜ਼ ਦਾ ਵਿਰੋਧ ਕਰੇਗੀ ਕਿਉਂਕਿ ਦਸਤਾਰ ਸਿੱਖ ਧਰਮ ਦੀ ਸ਼ਾਨ ਹੈ ਅਤੇ ਇਸ ਨੂੰ ਹੈਲਮੇਟ ਦਾ ਬਦਲਵਾਂ ਰੂਪ ਨਹੀਂ ਦਿੱਤਾ ਜਾ ਸਕਦਾ।

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Buying Or Selling Home In Chicagoland And Suburbs ?
We Can Help You With
Buying
Selling
Investing
Managing
Call For More Info:
+1 847-322-5832
20 S Roselle Rd
Schaumburg IL 60193
Pradeep Singh
Realtor (14 Years of Experience)

RAJVEER GILL
847-907-1525
Regal Jewels
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377
773-517-0574
www.Regaljewels.com

# ਜੋਸ਼ੀਮੱਠ ਸੰਕਟ: ਸਿੱਖ ਭਾਈਚਾਰਾ ਪੀੜਤਾਂ ਦੀ ਮਦਦ ਲਈ ਅੱਗੇ ਆਇਆ

**ਅੰਮ੍ਰਿਤਸਰ:** ਉੱਤਰਾਖੰਡ ਦੇ ਜੋਸ਼ੀਮੱਠ ਵਿਚ ਜਮੀਨ ਧਸਣ ਕਾਰਨ ਪੈਦਾ ਹੋਏ ਸੰਕਟ ਵੇਲੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਗੁਰਦੁਆਰਾ ਜੋਸ਼ੀਮੱਠ ਵਿਖੇ ਪ੍ਰਭਾਵਿਤ ਹੋਏ ਲੋਕਾਂ ਲਈ ਲੰਗਰ ਲਾਇਆ ਗਿਆ ਹੈ ਅਤੇ ਰਿਹਾਇਸ਼ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਜੋਸ਼ੀਮੱਠ ਵਿਚ ਜਮੀਨ ਧਸਣ ਕਾਰਨ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਵਿਚ ਤਰੇੜਾਂ ਆ ਗਈਆਂ ਹਨ ਜੋ ਕਿਸੇ ਵੇਲੇ ਵੀ ਢਹਿ ਢੇਰੀ ਹੋ ਸਕਦੀਆਂ ਹਨ। ਤਰੇੜਾਂ ਆਉਣ ਕਾਰਨ ਲਗਭਗ 738 ਪਰਿਵਾਰ ਪ੍ਰਭਾਵਿਤ ਹੋਏ ਹਨ। ਉਤਰਾਖੰਡ ਸਰਕਾਰ ਵੱਲੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਆਪਣੇ ਘਰ-ਬਾਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਆਖਿਆ ਗਿਆ ਹੈ। ਇਸ ਦੌਰਾਨ ਸਿੱਖ ਭਾਈਚਾਰੇ ਵੱਲੋਂ ਸਿੱਖ ਧਰਮ ਦੇ ਸਿਧਾਂਤ ਅਨੁਸਾਰ ਮਨੁੱਖਤਾ ਦੀ ਭਲਾਈ ਲਈ ਕਾਰਜ ਸ਼ੁਰੂ ਕੀਤੇ ਗਏ ਹਨ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਜੋਸ਼ੀਮੱਠ ਵਿਖੇ ਗੁਰਦੁਆਰੇ ਦੇ ਦਰ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਖੋਲ੍ਹ ਦਿੱਤੇ ਗਏ ਹਨ। ਟਰੱਸਟ ਦੇ ਮੁਖੀ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਪੀੜਤ ਪਰਿਵਾਰਾਂ ਨੂੰ ਗੁਰਦੁਆਰਿਆਂ ਵਿਚ ਲੰਗਰ ਅਤੇ ਰਿਹਾਇਸ਼ ਮੁਹੱਈਆ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਭਾਵੇਂ ਜੋਸ਼ੀਮੱਠ ਵਿਚ ਹੀ ਹੈ ਪਰ ਉਸ ਦੀ ਇਮਾਰਤ ਨੂੰ ਕੋਈ ਖਤਰਾ ਨਹੀਂ ਹੈ ਅਤੇ ਇਹ ਸੁਰੱਖਿਅਤ ਹੈ ਪਰ ਗੁਰਦੁਆਰਾ ਗੋਬਿੰਦ ਘਾਟ, ਗੁਰਦੁਆਰਾ ਹੇਮਕੁੰਟ ਸਾਹਿਬ ਅਤੇ ਬਦਰੀਨਾਥ ਧਾਮ ਨੂੰ ਜਾਣ ਵਾਲਾ ਰਸਤਾ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ।



ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਜੋਸ਼ੀਮੱਠ ਵਿਚ ਲੰਗਰ ਅਤੇ ਰਿਹਾਇਸ਼ ਲਈ ਦਰ ਖੋਲ੍ਹ ਦਿੱਤੇ ਗਏ ਹਨ। ਗੁਰਦੁਆਰੇ ਦੀ ਸਰਾਂ ਵਿਚ ਇਸ ਵੇਲੇ 12 ਪਰਿਵਾਰ ਰਹਿ ਰਹੇ ਹਨ। ਲੋਕਾਂ ਦੀ ਮਦਦ ਲਈ ਪੁੱਜੀ ਐਸ.ਟੀ.ਆਰ.ਐੱਫ. ਅਤੇ ਉਤਰਾਖੰਡ ਪੁਲਿਸ ਦੇ ਕਰਮਚਾਰੀਆਂ ਵਾਸਤੇ ਵੀ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸੁਰੱਖਿਆ ਬਲਾਂ ਦੇ ਜਵਾਨਾਂ ਲਈ 500 ਕੰਬਲ ਅਤੇ 250 ਗੱਦੇ ਭੇਜੇ ਗਏ ਹਨ। ਉਨ੍ਹਾਂ ਦੱਸਿਆ ਕਿ ਜੋਸ਼ੀਮੱਠ ਵਿਚ ਨਵਾਂ ਬਣਿਆ ਇਲਾਕਾ ਵਧੇਰੇ ਪ੍ਰਭਾਵਿਤ ਹੋਇਆ ਹੈ।

ਇਸੇ ਦੌਰਾਨ ਉੱਤਰਾਖੰਡ ਸਰਕਾਰ ਨੇ ਜੋਸ਼ੀਮੱਠ ਦੇ ਪੀੜਤ ਪਰਿਵਾਰਾਂ ਦੇ ਛੇ ਮਹੀਨੇ ਦੇ ਬਿਜਲੀ ਤੇ ਪਾਣੀ ਦੇ ਬਿੱਲ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਉੱਤਰਾਖੰਡ ਕੈਬਨਿਟ ਨੇ ਪੀੜਤ ਪਰਿਵਾਰਾਂ ਲਈ 45 ਕਰੋੜ ਰੁਪਏ ਦੀ ਰਾਹਤ ਰਾਸ਼ੀ ਵੀ ਜਾਰੀ ਕੀਤੀ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਹਾਲਾਤ ਨਾਲ ਨਜਿੱਠਣ ਲਈ ਕਦਮ-ਦਰ-ਕਦਮ ਅੱਗੇ ਵੱਧ ਰਹੀ ਹੈ। ਉਨ੍ਹਾਂ ਕਿਹਾ, 'ਸਾਡੀ ਸਰਕਾਰ ਦੀ ਤਰਜੀਹ ਪੀੜਤ ਲੋਕਾਂ ਨੂੰ ਤੁਰਤ ਰਾਹਤ ਮੁਹੱਈਆ ਕਰਨਾ ਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ ਹੈ।' ਉਨ੍ਹਾਂ ਕਿਹਾ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ਵੱਲ ਭੇਜਿਆ ਜਾ ਰਿਹਾ ਹੈ ਅਤੇ ਨੁਕਸਾਨੀਆਂ ਇਮਾਰਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ।


## ਸਾਰਾ ਜੋਸ਼ੀਮੱਠ ਧਸਣ ਦਾ ਖਤਰਾ ਬਣਿਆ

**ਨਵੀਂ ਦਿੱਲੀ:** ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਵੱਲੋਂ ਉਪਗ੍ਰਹਿ ਰਾਹੀਂ ਖਿੱਚੀਆਂ ਉੱਤਰਾਖੰਡ ਦੇ ਜੋਸ਼ੀਮੱਠ ਦੀਆਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਹਿਮਾਲਿਆ ਵਿਚਲਾ ਇਹ ਸਾਰਾ ਪਹਾੜੀ ਸ਼ਹਿਰ ਹੀ ਆਉਣ ਵਾਲੇ ਸਮੇਂ 'ਚ ਧਸ ਸਕਦਾ ਹੈ। ਇਸਰੋ ਵੱਲੋਂ ਜਾਰੀ ਰਿਪੋਰਟ ਅਨੁਸਾਰ ਸਿਰਫ 12 ਦਿਨ ਅੰਦਰ ਹੀ ਜੋਸ਼ੀਮੱਠ 5.4 ਸੈਂਟੀਮੀਟਰ ਤੱਕ ਧਸ ਗਿਆ ਹੈ। ਬਦਰੀਨਾਥ ਤੇ ਹੇਮਕੁੰਟ ਸਾਹਿਬ ਜਿਹੀਆਂ ਧਾਰਮਿਕ ਥਾਵਾਂ ਅਤੇ ਕੌਮਾਂਤਰੀ ਸਕੀਇੰਗ ਸਥਾਨ ਓਲੀ ਪਹੁੰਚਣ ਦੇ ਮੁੱਖ ਰਸਤੇ ਜੋਸ਼ੀਮੱਠ ਨੂੰ ਜਮੀਨ ਧਸਣ ਕਾਰਨ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਰੋ ਦੇ ਨੈਸ਼ਨਲ ਰਿਮੋਟ ਸੈਂਸਿੰਗ ਸੈਂਟਰ (ਐਨ.ਆਰ.ਐਸ.ਸੀ.) ਨੇ ਮੁਢਲੇ ਅਧਿਐਨ 'ਚ ਕਿਹਾ ਹੈ ਕਿ ਅਪਰੈਲ ਤੇ ਨਵੰਬਰ 2022 ਵਿਚਾਲੇ ਜਮੀਨ ਧਸਣ ਦੀ ਪ੍ਰਕਿਰਿਆ ਹੌਲੀ ਸੀ। ਇਸ ਦੌਰਾਨ ਜੋਸ਼ੀਮੱਠ 8.9 ਸੈਂਟਮੀਟਰ ਤੱਕ ਧਸਿਆ ਸੀ ਪਰ 27 ਦਸੰਬਰ 2022 ਅਤੇ 8 ਜਨਵਰੀ 2023 ਵਿਚਾਲੇ ਜਮੀਨ ਤੇਜੀ ਨਾਲ ਧਸੀ ਤੇ ਇਨ੍ਹਾਂ ਦਿਨਾਂ ਦੌਰਾਨ ਸ਼ਹਿਰ 5.4 ਸੈਂਟੀਮੀਟਰ ਤੱਕ ਧਸ ਗਿਆ। ਇਹ ਤਸਵੀਰਾਂ ਕਾਰਟੋਸੈਟ-2ਐੱਸ ਉਪਗ੍ਰਹਿ ਰਾਹੀਂ ਖਿੱਚੀਆਂ ਗਈਆਂ ਹਨ। ਐਨ.ਆਰ.ਐਸ.ਸੀ. ਦੀ ਰਿਪੋਰਟ 'ਚ ਕਿਹਾ ਗਿਆ ਹੈ, 'ਇਹ ਇਲਾਕਾ ਕੁਝ ਦਿਨਾਂ ਅੰਦਰ ਹੀ ਤਕਰੀਬਨ ਪੰਜ ਸੈਂਟੀਮੀਟਰ ਤੱਕ ਧਸ ਗਿਆ ਅਤੇ ਇਸ ਦੀ ਖੇਤਰੀ ਸੀਮਾ ਵੀ ਵੱਧ ਗਈ ਹੈ।

# ਵੀਰ ਬਾਲ ਦਿਵਸ ਮਨਾਉਣ ਵਾਲੇ ਆਗੂਆਂ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਦੇ ਕੇ ਅਪੀਲ ਕੀਤੀ ਕਿ ਸਿੱਖ ਇਤਿਹਾਸ ਤੇ ਗੁਰਬਾਣੀ ਨਾਲ ਛੇੜਛਾੜ ਦੇ ਦੋਸ਼ ਅਤੇ ਅਕਾਲ ਤਖਤ ਦੇ ਹੁਕਮਾਂ ਨੂੰ ਦਰਕਿਨਾਰ ਕਰਕੇ 'ਵੀਰ ਬਾਲ ਦਿਵਸ' ਮਨਾਉਣ ਵਾਲੇ ਸਿੱਖ ਆਗੂਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਪਰਮਜੀਤ ਸਿੰਘ ਸਰਨਾ ਤੇ ਮਨਿੰਦਰ ਸਿੰਘ ਸਣੇ ਹੋਰਾਂ ਨੇ ਇਹ ਪੱਤਰ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਜਥੇਦਾਰ ਦੇ ਨਿੱਜੀ ਸਕੱਤਰ ਜਸਪਾਲ ਸਿੰਘ ਨੂੰ ਸੌਂਪਿਆ। ਪੱਤਰ ਵਿਚ ਸ੍ਰੀ ਸਰਨਾ ਨੇ ਤਿੰਨ ਵੱਖ-ਵੱਖ ਮਾਮਲਿਆਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਹੋਈ ਪਹਿਲੀ ਸਿੱਖ ਇਤਿਹਾਸ ਕਾਂਗਰਸ ਵਿਚ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਗੁਰੂ ਨਾਨਕ ਦੇਵ ਦੀ 30 ਹਜ਼ਾਰ ਕਿਲੋਮੀਟਰ ਲੰਬੀ ਉਦਾਸੀ ਨੂੰ ਸਿਰਫ ਹਿੰਦੁਸਤਾਨ ਦੀ ਏਕਤਾ ਤੱਕ ਸੀਮਤ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਸਿੱਖ ਇਤਿਹਾਸ ਨਾਲ ਛੇੜ-ਛਾੜ ਕੀਤੀ ਗਈ ਹੈ। ਦੂਜੇ ਮਾਮਲੇ ਵਿਚ ਉਨ੍ਹਾਂ ਉਤਰਾਖੰਡ ਦੇ ਰਾਜਪਾਲ ਗੁਰਮੀਤ ਸਿੰਘ 'ਤੇ ਦੋਸ਼ ਲਾਇਆ ਕਿ ਉਨ੍ਹਾਂ 'ਇਕ ਓਂਕਾਰ' ਸ਼ਬਦ ਨੂੰ 'ਏਕਮ' ਸ਼ਬਦ ਵਿਚ ਤਬਦੀਲ ਕਰਨ ਨਾਲ ਗੁਰਬਾਣੀ ਦੇ ਮੂਲ ਸਿਧਾਂਤ 'ਤੇ ਸੱਟ ਮਾਰੀ ਗਈ ਹੈ।



ਤੀਜੇ ਮਾਮਲੇ ਵਿਚ ਉਨ੍ਹਾਂ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸਕੱਤਰ ਜਗਦੀਪ ਸਿੰਘ ਕਾਹਲੋਂ ਤੇ ਹੋਰਨਾਂ 'ਤੇ ਸਿੱਖ ਭਾਵਨਾਵਾਂ ਦੇ ਉਲਟ ਚੱਲ ਕੇ 'ਵੀਰ ਬਾਲ ਦਿਵਸ' ਮਨਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

# ਸੰਗਤਾਂ ਵੱਲੋਂ ਚਾਲੀ ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ

**ਸ੍ਰੀ ਮੁਕਤਸਰ ਸਾਹਿਬ:** ਚਾਲੀ ਮੁਕਤਿਆਂ ਨੂੰ ਸਮਰਪਿਤ ਤਿੰਨ ਰੋਜ਼ਾ ਮਾਘੀ ਮੇਲੇ ਮੌਕੇ ਵੱਡੀ ਗਿਣਤੀ ਸੰਗਤ ਨੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕਰਨ ਮਗਰੋਂ ਚਾਲੀ ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਚਾਲੀ ਮੁਕਤਿਆਂ ਦੀ ਯਾਦ 'ਚ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਦਰਬਾਰ ਸਾਹਿਬ ਵਿਖੇ ਗੁਰਬਾਣੀ ਕੀਰਤਨ ਦੇ ਪ੍ਰਵਾਹ ਚੱਲਦੇ ਰਹੇ।

ਸੰਗਤ ਦੀ ਆਮਦ ਨੂੰ ਦੇਖਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਿਹਾਇਸ਼ ਅਤੇ ਲੰਗਰਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਭਾਈ ਮਹਾਂ ਸਿੰਘ ਦੀਵਾਨ ਹਾਲ ਵਿਖੇ ਧਾਰਮਿਕ ਸਮਾਗਮ ਦੌਰਾਨ ਰਾਗੀ ਤੇ ਢਾਡੀ ਜਥਿਆਂ ਨੇ ਸੰਗਤ ਨੂੰ ਗੁਰ ਇਤਿਹਾਸ ਨਾਲ ਜੋੜਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਗਿਆ ਅਤੇ ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਗੁਰੂ ਸਾਹਿਬਾਨਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋ ਕੇ ਗੁਰਦੁਆਰਾ ਟਿੱਬੀ ਸਾਹਿਬ ਤੱਕ ਪਹੁੰਚਿਆ ਜਿਥੇ ਨਿਹੰਗ ਸਿੰਘਾਂ ਨੇ ਯੁੱਧ ਕਲਾ ਦੇ ਜੌਹਰ ਵਿਖਾਏ। ਨਗਰ ਕੀਰਤਨ ਵਾਸਤੇ ਸਾਰੇ ਮਾਰਗ ਨੂੰ ਸ਼ਿੰਗਾਰਿਆ ਗਿਆ। ਨਗਰ ਕੀਰਤਨ 'ਚ ਪੰਜ ਪਿਆਰਿਆਂ ਦੀ ਅਗਵਾਈ ਹੇਠ ਗਤਕਾ ਪਾਰਟੀਆਂ, ਕੀਰਤਨੀ ਜਥੇ ਤੇ ਸ਼ਿੰਗਾਰੇ ਹੋਏ ਹਾਥੀ-ਘੋੜੇ ਸ਼ਾਮਲ ਹੋਏ। ਨਗਰ ਕੀਰਤਨ ਤੋਂ ਬਾਅਦ ਪੁਰਾਤਨ ਖਾਲਸਈ ਪਰੰਪਰਾ ਅਨੁਸਾਰ ਗੁਰਦੁਆਰਾ ਬਾਬਾ ਨੈਣਾ ਸਿੰਘ ਛਾਉਣੀ ਬੁੱਢਾ ਦਲ ਤੋਂ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਹੇਠ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਗਿਆ।



# ਰੌਬਰਟ ਵਾਡਰਾ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ

**ਅੰਮ੍ਰਿਤਸਰ:** ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ ਦੇ ਪਤੀ ਰੌਬਰਟ ਵਾਡਰਾ ਨੇ ਮਾਘੀ ਮੌਕੇ ਇਥੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਸ਼ਾਮ ਵੇਲੇ ਇਥੇ ਪੁੱਜੇ ਰੌਬਰਟ ਵਾਡਰਾ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਪਾਠ ਵੀ ਸਰਵਨ ਕੀਤਾ। ਉਨ੍ਹਾਂ ਗੁਰੂ ਘਰ ਵਿਚ ਰੁਮਾਲਾ ਅਤੇ ਕੜਾਹ ਪ੍ਰਸਾਦਿ ਦੀ ਦੇਗ ਭੇਟ ਕਰਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਪਰਲੀ ਮੰਜ਼ਿਲ 'ਤੇ ਵੀ ਗਏ ਅਤੇ ਮੱਥਾ ਟੇਕਣ ਮਗਰੋਂ ਲੰਗਰ ਘਰ ਵਿਚ ਪ੍ਰਸਾਦਾ ਛਕਿਆ। ਜ਼ਿਲ੍ਹਾ ਕਮੇਟੀ ਦੇ ਸਾਬਕਾ ਪ੍ਰਧਾਨ ਭਗਵੰਤ ਪਾਲ ਸਿੰਘ ਸੱਚਰ ਨੇ ਦੱਸਿਆ ਕਿ ਰੌਬਰਟ ਵਾਡਰਾ 'ਭਾਰਤ ਜੋੜੋ ਯਾਤਰਾ' ਵਿਚ ਸ਼ਾਮਲ ਹੋਣ ਲਈ ਆਏ ਹਨ। ਉਨ੍ਹਾਂ ਨੂੰ ਸੂਚਨਾ ਕੇਂਦਰ ਵਿਚ ਜੀ ਆਇਆਂ ਆਖਿਆ ਗਿਆ।



# ਮੇਲਾ ਮਾਘੀ: ਅਕਾਲੀ ਦਲ ਵੱਲੋਂ ਸਿਆਸੀ ਵਿਰੋਧੀਆਂ ਨੂੰ ਚੋਭਾਂ

**ਸ੍ਰੀ ਮੁਕਤਸਰ ਸਾਹਿਬ:** ਮੇਲਾ ਮਾਘੀ ਮੌਕੇ ਆਮ ਆਦਮੀ ਪਾਰਟੀ ਤੇ ਕਾਂਗਰਸ ਨੇ ਸਿਆਸੀ ਕਾਨਫਰੰਸ ਕਰਨ ਤੋਂ ਗੁਰੇਜ਼ ਕੀਤਾ। ਸ਼੍ਰੋਮਣੀ ਅਕਾਲੀ ਦਲ ਤੇ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਹੀ ਕਾਨਫਰੰਸਾਂ ਕੀਤੀਆਂ ਗਈਆਂ। ਅਕਾਲੀ ਦਲ ਬਾਦਲ ਨੇ ਆਪ ਤੇ ਕਾਂਗਰਸ ਨੂੰ ਖੁੱਲ੍ਹ ਕੇ ਰਗੜੇ ਲਾਏ।

ਮਲੋਟ ਰੋਡ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਿੰਜਾਈ, ਸੇਮ, ਧਰਮ ਤੇ ਵਿਕਾਸ ਦੇ ਕੀਤੇ ਕੰਮਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਡੁੱਗ-ਡੁੱਗੀ ਵਜਾ ਕੇ ਅਤੇ ਲੋਕਾਂ ਨੂੰ ਭਰਮਾ ਕੇ ਪੰਜਾਬ ਵਿਚ ਸੱਤਾ ਹਾਸਲ ਕੀਤੀ ਹੈ, ਜਦੋਂ ਕਿ ਗੁਜਰਾਤ ਅਤੇ ਹਿਮਾਚਲ ਦੇ ਲੋਕਾਂ ਨੇ ਸਿਆਣਪ ਦਿਖਾਉਂਦਿਆਂ ਇਨ੍ਹਾਂ ਨੂੰ ਨੇੜੇ ਨਹੀਂ ਲੱਗਣ ਦਿੱਤਾ। ਉਨ੍ਹਾਂ ਰਾਹੁਲ ਗਾਂਧੀ ਦੇ ਸਵਾਗਤ ਲਈ ਖੜ੍ਹੇ ਦਸਤਾਰੀ ਲੋਕਾਂ 'ਤੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਕਾਂਗਰਸ ਨੇ ਪੰਜਾਬ ਦੇ ਪਾਣੀ, ਭਾਈਚਾਰੇ ਅਤੇ

### ਆਪ ਅਤੇ ਕਾਂਗਰਸ ਵੱਲੋਂ ਸਿਆਸੀ ਕਾਨਫਰੰਸ ਤੋਂ ਗੁਰੇਜ਼



ਸਿੱਖ ਧਰਮ ਨੂੰ ਬਰਬਾਦ ਕਰਨ ਲਈ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹੀ ਸਿੱਖਾਂ ਅਤੇ ਪੰਜਾਬ ਦੀ ਵਾਰਿਸ ਪਾਰਟੀ ਹੈ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਧਾਰਮਿਕ ਹਵਾਲਿਆਂ ਨਾਲ ਸ਼ੁਰੂ ਕੀਤਾ ਸੰਬੋਧਨ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਪੱਗੜੀ ਸਬੰਧੀ ਦਿੱਤੇ ਬਿਆਨ ਦੇ ਵਿਰੋਧ ਤੇ ਹਰਿਆਣਾ ਤੇ ਦਿੱਲੀ ਗੁਰਦੁਆਰਾ ਕਮੇਟੀਆਂ ਦੇ ਸਿਆਸੀਕਰਨ 'ਤੇ ਸਮਾਪਤ ਕੀਤਾ। ਉਨ੍ਹਾਂ ਭਗਵੰਤ ਸਿੰਘ ਮਾਨ ਦੇ ਸ਼੍ਰੋਮਣੀ ਕਮੇਟੀ ਸਬੰਧੀ ਦਿੱਤੇ ਬਿਆਨ ਦੀ ਇਕ ਵਾਰ ਮੁੜ ਨਿਖੇਧੀ ਕਰਦਿਆਂ ਕਿਹਾ ਕਿ ਇਹ ਕਮੇਟੀ ਸਿੱਖਾਂ ਦੇ ਖੂਨ ਨਾਲ ਬਣੀ ਹੈ।

ਇਸ ਮੌਕੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮਾਤਾ ਹਰਪਾਲ ਕੌਰ ਤੇ ਭੈਣ ਮਨਪ੍ਰੀਤ ਕੌਰ, ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਹਲਕਾ ਲੰਬੀ ਦੇ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ, ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਕੈਬਨਿਟ ਮੰਤਰੀ ਗੁਰਮੀਤ ਮੀਤ ਹੇਅਰ, ਪ੍ਰਧਾਨ ਜਸ਼ਨ ਬਰਾੜ, ਹਲਕਾ ਗਿੱਦੜਬਾਹਾ ਦੇ ਇੰਚਾਰਜ ਐਡਵੋਕੇਟ ਪ੍ਰਿਤਪਾਲ ਸ਼ਰਮਾ, ਜਗਦੇਵ ਸਿੰਘ ਬਾਮ ਅਤੇ ਜਗਦੀਪ ਸਿੰਘ ਫੱਤਣਵਾਲਾ ਨੇ ਨਤਮਸਤਕ ਹੋ ਕੇ ਚਾਲ੍ਹੀ ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਕਿਸੇ ਵੀ ਆਗੂ ਨੇ ਕੋਈ ਸਿਆਸੀ ਟਿੱਪਣੀ ਨਹੀਂ ਕੀਤੀ।

## ਸਿਮਰਨਜੀਤ ਸਿੰਘ ਮਾਨ ਵੱਲੋਂ 26 ਨੂੰ ਮਾਰਚ ਦਾ ਐਲਾਨ

**ਸ੍ਰੀ ਮੁਕਤਸਰ ਸਾਹਿਬ:** ਡੇਰਾ ਭਾਈ ਮਸਤਾਨ ਸਿੰਘ ਵਿਚ ਅਕਾਲੀ ਦਲ (ਅੰਮ੍ਰਿਤਸਰ) ਦੀ ਕਾਨਫਰੰਸ ਦੌਰਾਨ ਪਾਰਟੀ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਰਗੇ ਮੁੱਦੇ ਉਭਾਰਨ ਲਈ 26 ਜਨਵਰੀ ਨੂੰ ਕੇਸਰੀ ਨਿਸ਼ਾਨ ਸਾਹਿਬ ਦੀ ਅਗਵਾਈ ਹੇਠ ਪੰਜਾਬ ਵਿਚ ਵਿਸ਼ਾਲ ਮਾਰਚ ਕੀਤੇ ਜਾਣਗੇ। ਉਨ੍ਹਾਂ 12 ਵਰ੍ਹਿਆਂ ਤੋਂ ਰੁਕੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਦੀ ਮੰਗ ਵੀ ਕੀਤੀ। ਉਨ੍ਹਾਂ ਮੁੜ ਪਾਕਿਸਤਾਨ ਨਾਲ ਵਪਾਰ ਵਧਾਉਣ ਦੀ ਵਕਾਲਤ ਕੀਤੀ।

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5'2" daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40


## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**


# ਯੂਨੀਵਰਸਿਟੀ ਆਫ ਜਾਰਜੀਆ ਦੇ ਫੁੱਟਬਾਲ ਖਿਡਾਰੀ ਤੇ ਸਟਾਫ ਮੈਂਬਰ ਦੀ ਸੜਕ ਹਾਦਸੇ ਵਿਚ ਮੌਤ

**ਜਾਰਜੀਆ:** ਯੂਨੀਵਰਸਿਟੀ ਆਫ ਜਾਰਜੀਆ ਦੇ ਇਕ ਫੁੱਟਬਾਲ ਖਿਡਾਰੀ ਡੈਵਿਨ ਵਿਲਾਕ ਤੇ ਸਟਾਫ ਮੈਂਬਰ ਚੰਦਲਰ ਲੀਕਰੋਇ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਜਦਕਿ ਦੋ ਹੋਰ ਜ਼ਖਮੀ ਹੋ ਗਏ। ਯੂ ਜੀ ਏ ਅਥਲੈਟਿਕ ਐਸੋਸੀਏਸ਼ਨ ਵੱਲੋਂ ਜਾਰੀ ਬਿਆਨ ਅਨੁਸਾਰ ਉਹ ਨੈਸ਼ਨਲ ਚੈਂਪੀਅਨਸ਼ਿੱਪ ਦੀ ਜਿੱਤ ਦੀ ਖੁਸ਼ੀ ਮਨਾ ਕੇ ਪਰਤ ਰਹੇ ਸਨ ਕਿ ਉਨ੍ਹਾਂ ਦੀ ਕਾਰ ਹਾਦਸਾਗ੍ਰਸਤ ਹੋ ਗਈ। ਐਥਨਜ ਕਲਾਰਕ ਕਾਊਂਟੀ ਪੁਲਿਸ ਵਿਭਾਗ ਅਨੁਸਾਰ ਵਿਲਾਕ (20) ਤੇ ਲੀਕਰੋਇ (24) ਸਮੇਤ ਕਾਰ ਵਿਚ 4 ਲੋਕ ਸਵਾਰ ਸਨ। ਜਿਸ ਜਗ੍ਹਾ 'ਤੇ ਕਾਰ ਨੂੰ ਹਾਦਸਾ ਹੋਇਆ ਉਹ ਐਥਨਜ਼ ਵਿਚ ਯੂਨੀਵਰਸਿਟੀ ਕੈਂਪਸ ਤੋਂ ਜ਼ਿਆਦਾ ਦੂਰ ਨਹੀਂ ਹੈ। ਪੁਲਿਸ ਅਨੁਸਾਰ ਲੀਕਰੋਇ ਕਾਰ ਚਲਾ ਰਿਹਾ ਸੀ। ਕਾਰ ਸੜਕ ਤੋਂ ਉਤਰ ਕੇ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਬਾਅਦ ਦਰਖਤਾਂ ਨਾਲ ਜਾ ਵੱਜੀ। ਵਿਲਾਕ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦਕਿ ਲੀਕਰੋਇ ਹਸਪਤਾਲ ਵਿਚ ਦਮ ਤੋੜ ਗਈ। ਇਕ ਔਰਤ ਸਮੇਤ ਹਾਦਸੇ ਵਿਚ ਜ਼ਖਮੀ ਹੋਏ ਦੋ ਹੋਰਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨ੍ਹਾਂ ਦੇ ਨਾਂ ਪੁਲਿਸ ਨੇ ਨਸ਼ਰ ਨਹੀਂ ਕੀਤੇ ਹਨ। ਯੂਜੀ ਏ ਅਥਲੈਟਿਕ ਐਸੋਸੀਏਸ਼ਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਡੈਵਿਨ ਤੇ ਚੰਦਲਰ ਯੂਨੀਵਰਸਿਟੀ ਆਫ ਜਾਰਜੀਆ, ਫੁੱਟਬਾਲ ਪ੍ਰੋਗਰਾਮ ਤੇ ਅਥਲੈਟਿਕ ਵਿਭਾਗ ਦੀਆਂ ਅਹਿਮ ਸਖ਼ਸ਼ੀਅਤਾਂ ਸਨ ਜਿਨ੍ਹਾਂ ਦੇ ਜਾਣ ਨਾਲ ਵੱਡਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿਚ ਉਹ ਪੀੜਤ ਪਰਿਵਾਰਾਂ ਦੇ ਨਾਲ ਹਨ।



ਹਾਦਸੇ ਵਿਚ ਮਾਰੇ ਗਏ ਡੈਵਿਨ ਵਿਲਾਕ ਤੇ ਚੰਦਲਰ ਲੀਕਰੋਇ।

## ਲੜਕੀ ਦੀ ਲੋੜ ਹੈ

Khatri Hindu family looking for a suitable match for their son US Citizen 38, 5'9" divorced with full custody of child, non-smoker/non-drinker. Caste and religion no bar. Well settled in California. Please contact Whatsapp/Phone: 909-286-5400"

3-6

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5'11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 765-602-6904 (ਵ੍ਹਟਸਐਪ)।

2-5

An educated Jatt Sikh family looking for a suitable match for their 42, 5'10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com

2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906 or E-mail at sanjogmatri27@gmail.com

1-4

Looking for suitable, educated match for Jatt Sikh boy, born in 1995, 5'10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com

1-4

Looking for a suitable match for our USA green card holder, 5'7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or E-mail at: santokhkainth53@gmail.com.

1-4

Suitable Jatt Sikh match for US born Jatt Sikh Gill boy 30, 5'8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com

1-4

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

53-3

Khatri Sikh family looking for a beautiful educated Sikh girl from USA, Canada, or India for their USA citizen son, born in 1987, 5'11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

ਜੱਟ ਸਿੱਖ ਬੋਪਾਰਾਏ 29 ਸਾਲ, 5'10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

ਜੱਟ ਸਿੱਖ ਪੱਗੜੀਧਾਰੀ (Trim Beard) ਯੂ.ਐੱਸ.ਏ. ਸਿਟੀਜ਼ਨ, 28 ਸਾਲ, ਕੱਦ 5'11" Teetotaler, CPA ਸਾਫਟਵੇਅਰ ਕੰਪਨੀ ਵਿਚ ਵਧੀਆ ਨੌਕਰੀ ਕਰ ਰਹੇ ਲੜਕੇ ਲਈ ਬਰਾਬਰ ਦੀ ਯੋਗਤਾ ਅਤੇ ਯੂ.ਐੱਸ.ਏ. ਸਿਟੀਜ਼ਨ ਜਾਂ H1B ਵੀਜ਼ਾ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ: 415-518-0418

50-53

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

Looking for a suitable Ramgarhia Sikh Dhiman match for our well-settled boy (U.S Citizen), 29 years, 5'11", residing in Chicago area. Please contact: manpreetrupal24@gmail.com

49-52

# ਭਗਵੰਤ ਮਾਨ ਨੇ ਕੱਚੇ ਮੁਲਾਜ਼ਮਾਂ ਨਾਲ ਵਾਅਦਾ ਪੁਗਾਇਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਲੋਹੜੀ ਦੇ ਤਿਉਹਾਰ ਮੌਕੇ ਕਰੀਬ ਛੇ ਹਜ਼ਾਰ ਕੱਚੇ (ਐਡਹਾਕ) ਮੁਲਾਜ਼ਮਾਂ ਨੂੰ ਨਿਯਮਤ ਕਰਨ ਦਾ ਤੋਹਫ਼ਾ ਦਿੱਤਾ ਹੈ। ਮੁੱਖ ਮੰਤਰੀ ਨੇ ਇਕ ਟਵੀਟ ਵਿਚ ਦੂਜੇ ਪੜਾਅ 'ਚ ਛੇ ਹਜ਼ਾਰ ਕੱਚੇ ਕਾਮਿਆਂ ਨੂੰ ਪੱਕੇ ਕਰਨ ਬਾਰੇ ਜਲਦੀ ਵੇਰਵੇ ਨਸ਼ਰ ਕਰਨ ਦੀ ਗੱਲ ਆਖੀ ਹੈ।

ਪਤਾ ਲੱਗਾ ਹੈ ਕਿ ਕੇਂਦਰੀ ਸਕੀਮਾਂ ਤੇ ਸਿੱਖਿਆ ਮਹਿਕਮੇ ਦੇ ਕੱਚੇ ਕਾਮਿਆਂ ਨੂੰ ਇਸ ਗੇੜ ਵਿਚ ਰੈਗੂਲਰ ਕੀਤਾ ਜਾਣਾ ਹੈ। ਪਹਿਲੇ ਪੜਾਅ ਵਿਚ ਸਿੱਖਿਆ ਵਿਭਾਗ ਦੇ ਕਰੀਬ 8700 ਅਧਿਆਪਕਾਂ ਨੂੰ ਰੈਗੂਲਰ ਕੀਤਾ ਗਿਆ ਸੀ। ਦੂਜੇ ਪੜਾਅ ਵਿਚ ਛੇ ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕੀਤੇ ਜਾਣ ਨਾਲ 'ਆਪ' ਸਰਕਾਰ ਦੇ ਕਾਰਜਕਾਲ ਦੇ ਪਹਿਲੇ ਵਰ੍ਹੇ ਵਿਚ ਕਰੀਬ 14,700 ਮੁਲਾਜ਼ਮਾਂ ਰੈਗੂਲਰ ਹੋ ਜਾਣਗੇ। ਵੇਰਵਿਆਂ ਅਨੁਸਾਰ ਦੂਸਰੇ ਵਰ੍ਹੇ 'ਚ ਵੀ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ



ਦਾ ਟੀਚਾ ਮਿਥਿਆ ਜਾ ਰਿਹਾ ਹੈ। ਮੁੱਖ ਮੰਤਰੀ ਮਾਨ ਨੇ ਟਵੀਟ ਕਰਕੇ ਇਹ ਸੂਚਨਾ ਸਾਂਝੀ ਕੀਤੀ ਹੈ ਕਿ ਛੇ ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕੀਤੇ ਜਾਣ ਦਾ ਰਾਹ ਪੱਧਰਾ ਹੋ ਗਿਆ ਹੈ ਅਤੇ ਜਲਦ ਹੀ ਇਨ੍ਹਾਂ ਦੀ ਵਿਸਥਾਰਤ ਸੂਚਨਾ ਸਾਂਝੀ ਕੀਤੀ ਜਾਵੇਗੀ। ਜਾਣਕਾਰੀ ਅਨੁਸਾਰ ਇਸ ਦੂਸਰੇ ਗੇੜ 'ਚ ਐਜੂਕੇਸ਼ਨਲ ਵਲੰਟੀਅਰਜ਼ ਅਤੇ ਮੋਟੀਵੇਟਰ ਵੀ ਸ਼ਾਮਲ ਹਨ। ਪੰਜਾਬ ਵਿਚ ਕਰੀਬ 36 ਹਜ਼ਾਰ ਕੱਚੇ ਕਾਮੇ ਹਨ, ਜਿਨ੍ਹਾਂ ਨੂੰ ਰੈਗੂਲਰ ਕਰਨ ਲਈ ਪਹਿਲਾਂ ਗੱਠਜੋੜ ਸਰਕਾਰ ਨੇ 2016 ਵਿਚ ਅਤੇ ਫਿਰ ਕਾਂਗਰਸ ਸਰਕਾਰ ਨੇ 2021 ਵਿਚ ਬਿੱਲ ਪਾਸ ਕੀਤੇ ਸਨ। ਹਾਲਾਂਕਿ ਇਨ੍ਹਾਂ ਬਿੱਲਾਂ ਨੂੰ ਰਾਜਪਾਲ ਨੇ ਪ੍ਰਵਾਨਗੀ ਨਹੀਂ ਦਿੱਤੀ ਸੀ। ਚੋਣਾਂ ਤੋਂ ਐਨ ਪਹਿਲਾਂ ਤਤਕਾਲੀਨ ਸਰਕਾਰਾਂ ਵੱਲੋਂ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਕਦਮ ਚੁੱਕੇ ਗਏ, ਜੋ ਅਖੀਰ ਵਿਚ ਕਿਸੇ ਤਣ ਪੱਤਣ ਨਹੀਂ ਲੱਗ ਸਕੇ।

'ਆਪ' ਸਰਕਾਰ ਨੇ ਕੱਚੇ ਮੁਲਾਜ਼ਮਾਂ ਨੂੰ ਨਿਯਮਤ ਕਰਨ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਕੈਬਨਿਟ ਸਬ ਕਮੇਟੀ ਦਾ ਗਠਨ ਕੀਤਾ ਸੀ। ਇਸ ਸਬ ਕਮੇਟੀ ਵੱਲੋਂ ਕਰੀਬ 24 ਹਜ਼ਾਰ ਕੱਚੇ ਮੁਲਾਜ਼ਮਾਂ ਦੀ ਸ਼ਨਾਖਤ ਕੀਤੀ ਗਈ ਹੈ, ਜਿਨ੍ਹਾਂ ਨੂੰ ਰੈਗੂਲਰ ਕਰਨ ਵਾਸਤੇ ਕੋਈ ਵੱਡਾ ਕਾਨੂੰਨੀ ਅੜਿੱਕਾ ਨਹੀਂ ਹੈ। 'ਆਪ' ਸਰਕਾਰ ਨੇ ਇਨ੍ਹਾਂ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਲਈ ਪਾਲਿਸੀ ਰੂਟ ਅਪਣਾਇਆ ਹੈ।

### ਸ਼ਰਤਾਂ ਪੂਰੀਆਂ ਕਰਨ ਵਾਲੇ ਹੀ ਰੈਗੂਲਰ ਹੋਣਗੇ

**ਚੰਡੀਗੜ੍ਹ:** ਉਮਾ ਦੇਵੀ ਜੱਜਮੈਂਟ ਦੇ ਮੱਦੇਨਜ਼ਰ ਮੁਢਲੇ ਪੜਾਵਾਂ ਵਿਚ ਉਹ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾ ਰਿਹਾ ਹੈ ਜਿਹੜੇ ਨਿਰਧਾਰਿਤ ਸ਼ਰਤਾਂ ਨੂੰ ਪੂਰਾ ਕਰਦੇ ਹਨ। ਪੰਜਾਬ ਸਰਕਾਰ ਇਹ ਚਾਹੁੰਦੀ ਹੈ ਕਿ ਜਦੋਂ ਉਹ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਤਾਂ ਕੋਈ ਕਾਨੂੰਨੀ ਚੁਣੌਤੀ ਦਾ ਸਾਹਮਣਾ ਨਾ ਕਰਨਾ ਪਵੇ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬਜਟ ਇਜਲਾਸ ਦੌਰਾਨ ਕੱਚੇ ਕਾਮਿਆਂ ਨੂੰ ਪੱਕੇ ਕਰਨ ਲਈ ਕੈਬਨਿਟ ਸਬ ਕਮੇਟੀ ਬਣਾਈ ਸੀ ਅਤੇ ਇਸ ਕਮੇਟੀ ਨੇ ਉਪਰੋ-ਥਲੀ ਕਈ ਮੀਟਿੰਗਾਂ ਕੀਤੀਆਂ ਸਨ। ਆਊਟ ਸੋਰਸਿੰਗ ਵਾਲੇ ਕਾਮਿਆਂ ਬਾਰੇ ਫਿਲਹਾਲ ਸਰਕਾਰ ਨੇ ਕੋਈ ਫੈਸਲਾ ਨਹੀਂ ਕੀਤਾ ਹੈ।

## ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਵਿਗੜੀ: ਸੁਖਬੀਰ



**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ 'ਚ ਪੰਜਾਬ ਦੇ ਅਮਨ ਕਾਨੂੰਨ ਦੀ ਵਿਵਸਥਾ ਇਸ ਕਦਰ ਬਿਖਰ ਗਈ ਹੈ ਕਿ ਲੁੱਟਾਂ, ਖੋਹਾਂ, ਰੰਗਦਾਰੀਆਂ, ਫਿਰੌਤੀਆਂ ਤੇ ਕਤਲ ਨਿੱਤ ਦਾ ਵਿਹਾਰ ਬਣ ਗਏ ਹਨ। ਸੁਖਬੀਰ ਬਾਦਲ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਟਿੱਪਣੀ ਕਰਦਿਆਂ ਪੰਜਾਬ ਵਿਚ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਕਾਰਨ ਸਰਕਾਰ ਨੂੰ ਆੜੇ ਹੱਥੀਂ ਲਿਆ ਹੈ। ਉਨ੍ਹਾਂ ਕਿਹਾ ਕਿ ਲੰਘੇ ਦਿਨੀਂ ਤਲਵੰਡੀ ਸਾਬੋ (ਬਠਿੰਡਾ) ਦੇ ਇਕ ਡਾਕਟਰ ਉਤੇ ਹਸਪਤਾਲ ਅੰਦਰ ਵੜ ਕੇ ਲੁਟੇਰਿਆਂ ਵੱਲੋਂ ਕੀਤਾ ਗਿਆ ਜਾਨਲੇਵਾ ਹਮਲਾ ਬੇਹੱਦ ਚਿੰਤਾ ਦਾ ਵਿਸ਼ਾ ਹੈ।

# ਪੰਜਾਬ ਦੇ ਮੁਲਾਜ਼ਮਾਂ ਨੂੰ ਹਾਈ ਕੋਰਟ ਤੋਂ ਖੁਸ਼ਖਬਰੀ

### ਸੂਬੇ ਦੇ ਸਾਰੇ ਮੁਲਾਜ਼ਮਾਂ ਨੂੰ ਜੁਲਾਈ 2015 ਤੋਂ ਮਿਲੇਗਾ 119 ਫੀਸਦੀ ਡੀਏ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਹਾਈ ਕੋਰਟ ਤੋਂ ਵੱਡੀ ਖੁਸ਼ਖਬਰੀ ਮਿਲੀ ਹੈ। ਪੰਜਾਬ ਦੇ ਸਾਰੇ ਮੁਲਾਜ਼ਮਾਂ ਨੂੰ ਆਉਂਦੇ ਤਿੰਨ ਮਹੀਨਿਆਂ 'ਚ ਪਹਿਲੀ ਜੁਲਾਈ, 2015 ਤੋਂ 119 ਫੀਸਦੀ ਡੀਏ ਮਿਲੇਗਾ। ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਐਡਵੋਕੇਟ ਜਨਰਲ ਨੇ ਇਸ ਸਬੰਧੀ ਹਲਫ਼ਨਾਮਾ ਪੰਜਾਬ ਹਰਿਆਣਾ ਹਾਈ ਕੋਰਟ 'ਚ ਦਿੱਤਾ ਹੈ।

ਸੂਬੇ ਦੇ ਵਕੀਲ ਨੇ ਜਸਟਿਸ ਅਨਿਲ ਖੇਤਰਪਾਲ ਦੇ ਬੈਂਚ ਅੱਗੇ ਮੰਨਿਆ ਕਿ ਸਾਰੇ ਮੁਲਾਜ਼ਮ ਲਾਭ ਦੇ ਹੱਕਦਾਰ ਹਨ। ਉਨ੍ਹਾਂ ਇਹ ਵੀ ਮੰਨਿਆ ਕਿ ਸਾਰੇ ਮੁਲਾਜ਼ਮਾਂ ਨਾਲ ਬਿਨਾਂ ਕਿਸੇ ਵਿਤਕਰੇ ਦੇ ਇਕੋ ਜਿਹਾ ਵਿਹਾਰ ਕੀਤਾ ਜਾਣਾ ਚਾਹੀਦਾ ਹੈ। ਕੁਲਜੀਤ ਸਿੰਘ ਅਤੇ ਹੋਰ ਮੁਲਾਜ਼ਮਾਂ ਨੇ ਭੱਤਿਆਂ ਲਈ ਅਦਾਲਤ ਦਾ ਰੁਖ ਕੀਤਾ ਸੀ। ਪਟੀਸ਼ਨਰਾਂ ਨੇ ਹੋਰ ਮੁਲਾਜ਼ਮਾਂ ਦੇ ਬਰਾਬਰ ਹੀ ਭੱਤਾ ਜਾਰੀ ਕਰਨ ਦੀ ਮੰਗ ਕੀਤੀ ਸੀ। ਪੰਜਾਬ



ਸਰਕਾਰ ਅਤੇ ਸਬੰਧਤ ਧਿਰਾਂ ਨੂੰ ਲਾਭ ਦੇਣ ਦੇ ਨਿਰਦੇਸ਼ ਜਾਰੀ ਕਰਨ ਦੀ ਮੰਗ ਕਰਦਿਆਂ ਪਟੀਸ਼ਨਰਾਂ ਦੇ ਵਕੀਲ ਅਮਰੀਕ ਸਿੰਘ ਨੇ ਦਾਅਵਾ ਕੀਤਾ ਕਿ ਹਰੇਕ ਮੁਲਾਜ਼ਮ ਨੂੰ ਇਕ ਹੋਰ ਪਟੀਸ਼ਨ ਰਾਹੀਂ ਲਾਭ ਦਿੱਤੇ ਜਾ ਚੁੱਕੇ ਹਨ।

ਖੇਤਰਪਾਲ ਦੇ ਬੈਂਚ ਅੱਗੇ ਪਿਛਲੀ ਤਰੀਕ 'ਤੇ ਪੇਸ਼ ਹੁੰਦਿਆਂ ਅਮਰੀਕ ਸਿੰਘ ਨੇ ਕਿਹਾ ਸੀ ਕਿ ਲਾਭ ਸਿਰਫ ਉਨ੍ਹਾਂ ਪਟੀਸ਼ਨਰਾਂ ਤੱਕ ਸੀਮਤ ਰੱਖੇ ਗਏ ਸਨ ਜਿਸ ਕਾਰਨ ਹੋਰ ਮੁਲਾਜ਼ਮਾਂ ਨੂੰ ਰਾਹਤ ਲਈ ਹਾਈ ਕੋਰਟ ਦਾ ਕੁੰਡਾ ਖੜਕਾਉਣਾ ਪਿਆ ਹੈ। ਜਿਵੇਂ ਹੀ ਕੇਸ ਦੀ ਸੁਣਵਾਈ ਸ਼ੁਰੂ ਹੋਈ ਤਾਂ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਐਡਵੋਕੇਟ ਜਨਰਲ ਆਰ ਕੇ ਕਪੂਰ ਨੇ ਕਬੂਲਿਆ ਕਿ ਸਰਕਾਰੀ ਮੁਲਾਜ਼ਮ ਪਹਿਲੀ ਜੁਲਾਈ, 2015 ਤੋਂ 119 ਫੀਸਦੀ ਡੀਏ ਦੇ ਹੱਕਦਾਰ ਹਨ। ਜਸਟਿਸ ਖੇਤਰਪਾਲ ਨੇ ਉਸ ਦੇ ਬਿਆਨ ਦਾ ਨੋਟਿਸ ਲੈਂਦਿਆਂ ਨਿਰਦੇਸ਼ ਦਿੱਤੇ ਕਿ ਨਾ ਸਿਰਫ ਪਟੀਸ਼ਨਰਾਂ ਸਗੋਂ ਸਾਰੇ ਮੁਲਾਜ਼ਮਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਲਾਭ ਦਿੱਤਾ ਜਾਵੇ ਕਿਉਂਕਿ ਹੋਰ ਮੁਲਾਜ਼ਮਾਂ (ਕੱਚੇ ਅਤੇ ਪੱਕੇ) ਨਾਲ ਕੋਈ ਧੱਕਾ ਨਹੀਂ ਕੀਤਾ ਜਾ ਸਕਦਾ ਹੈ।

# ਸਿੰਧੀ ਘਰਾਂ ਵਿਚੋਂ ਪਾਵਨ ਸਰੂਪ ਜਬਰੀ ਲਿਆਉਣ ਦਾ ਮਾਮਲਾ ਅਕਾਲ ਤਖਤ ਪੁੱਜਾ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਕਾਰਕੁਨਾਂ ਵੱਲੋਂ ਇੰਦੌਰ ਰਹਿੰਦੇ ਸਿੰਧੀ ਪਰਿਵਾਰਾਂ ਦੇ ਘਰਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਜਬਰੀ ਲਿਆਉਣ ਦਾ ਮਾਮਲਾ ਸ੍ਰੀ ਅਕਾਲ ਤਖਤ 'ਤੇ ਪੁੱਜਾ ਹੈ। ਇਸ ਸਬੰਧੀ ਸਿੰਧੀ ਪਰਿਵਾਰਾਂ ਨੇ ਵੀਡੀਓ ਤੇ ਖਬਰਾਂ ਸਬੂਤ ਵਜੋਂ ਸ੍ਰੀ ਅਕਾਲ ਤਖਤ ਭੇਜੀਆਂ ਹਨ।

ਇਨ੍ਹਾਂ ਵੀਡੀਓਜ਼ ਵਿਚ ਸਤਿਕਾਰ ਕਮੇਟੀ ਦੇ ਕਾਰਕੁਨ ਸਿੰਧੀ ਪਰਿਵਾਰਾਂ ਨਾਲ ਬਹਿਸ ਕਰਦੇ ਦਿਖਾਈ ਦਿੰਦੇ ਹਨ। ਉਹ ਦੋਸ਼ ਲਾ ਰਹੇ ਹਨ ਕੇ ਪਾਵਨ ਸਰੂਪ ਮਰਿਆਦਾ ਅਨੁਸਾਰ ਨਹੀਂ ਰੱਖੇ ਗਏ। ਇਸ ਤੋਂ ਬਾਅਦ ਸਿੰਧੀ ਪਰਿਵਾਰਾਂ ਵੱਲੋਂ 74 ਪਾਵਨ ਸਰੂਪ ਇੰਦੌਰ ਦੇ ਗੁਰਦੁਆਰਾ ਇਮਲੀ ਸਾਹਿਬ ਭੇਜੇ ਗਏ ਹਨ। ਸ੍ਰੀ ਅਕਾਲ ਤਖਤ ਵੱਲੋਂ ਪੰਜ ਪ੍ਰਚਾਰਕ ਇੰਦੌਰ ਭੇਜੇ ਗਏ ਹਨ। ਸਿੰਧੀ ਸਮਾਜ ਦੇ ਆਗੂਆਂ ਨੇ ਕਿਹਾ ਕਿ ਇਸ ਕਾਰਵਾਈ ਨਾਲ ਉਨ੍ਹਾਂ ਦੀ ਸ਼ਰਧਾ ਭਾਵਨਾ ਨੂੰ ਭਾਰੀ ਠੇਸ ਪੁੱਜੀ ਹੈ।

## ਕੇਂਦਰ ਨੂੰ ਕੋਵੀਸ਼ੀਲਡ ਦੀਆਂ ਖੁਰਾਕਾਂ ਮੁਫਤ ਦੇਵੇਗੀ ਐਸ.ਆਈ.ਆਈ.




**ਨਵੀਂ ਦਿੱਲੀ:** ਕੁਝ ਮੁਲਕਾਂ 'ਚ ਕਰੋਨਾ ਦੇ ਕੇਸਾਂ 'ਚ ਵਾਧਾ ਹੋਣ ਦੇ ਮੱਦੇਨਜ਼ਰ ਸੀਰਮ ਇੰਸਟੀਚਿਊਟ ਆਫ ਇੰਡੀਆ (ਐਸ.ਆਈ.ਆਈ.) ਨੇ ਕੇਂਦਰ ਸਰਕਾਰ ਨੂੰ ਕੋਵੀਸ਼ੀਲਡ ਦੀ ਮੁਫਤ ਸਪਲਾਈ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਦਵਾਈ ਦੀਆਂ 80 ਲੱਖ ਖੁਰਾਕਾਂ ਭੇਜੀਆਂ ਜਾ ਰਹੀਆਂ ਹਨ।

ਕਰੋਨਾ ਰੋਕੂ ਟੀਕਾਕਰਨ ਸ਼ੁਰੂ ਹੋਣ ਮਗਰੋਂ ਐਸ.ਆਈ.ਆਈ. ਹੁਣ ਤੱਕ ਸਰਕਾਰ ਨੂੰ ਕੋਵੀਸ਼ੀਲਡ ਦੀਆਂ 170 ਕਰੋੜ ਖੁਰਾਕਾਂ ਦੇ ਚੁੱਕੀ ਹੈ। ਅਧਿਕਾਰਤ ਸੂਤਰਾਂ ਅਨੁਸਾਰ ਐਸ.ਆਈ.ਆਈ. ਦੇ ਅਧਿਕਾਰੀ ਪ੍ਰਕਾਸ਼ ਕੁਮਾਰ ਸਿੰਘ ਨੇ ਕੇਂਦਰੀ ਸਿਹਤ ਮੰਤਰੀ ਨੂੰ ਲਿਖਿਆ ਹੈ ਕਿ ਪੁਣੇ ਆਧਾਰਿਤ ਫਰਮ ਸਰਕਾਰ ਨੂੰ 410 ਕਰੋੜ ਰੁਪਏ ਦੀ ਕੀਮਤ ਦੀਆਂ ਕੋਵੀਸ਼ੀਲਡ ਦੀਆਂ ਦੋ ਕਰੋੜ ਖੁਰਾਕਾਂ ਮੁਫਤ ਮੁਹੱਈਆ ਕਰੇਗੀ।

# ਵਿਧਾਇਕ ਗਿਆਸਪੁਰਾ ਵੱਲੋਂ ਮੁੱਖ ਮੰਤਰੀ ਅੱਗੇ ਪੁਲਿਸ ਅਫਸਰਾਂ ਦੀ ਸ਼ਿਕਾਇਤ

**ਪਾਇਲ:** ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਅਕਸ ਖਰਾਬ ਕਰਨ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਨੂੰ ਪੱਤਰ ਲਿਖਿਆ ਹੈ ਜਿਸ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਧਾਨ ਸਭਾ ਹਲਕਾ ਪਾਇਲ ਵਿਚ ਸਕਰੈਪ (ਕਬਾੜ), ਨਸ਼ੇ ਅਤੇ ਚੀਨੀ ਡੋਰ ਦਾ ਧੰਦਾ ਪੁਲਿਸ ਦੀ ਸ਼ਹਿ 'ਤੇ ਧੜੱਲੇ ਨਾਲ ਚੱਲ ਰਿਹਾ ਹੈ, ਜਿਸ ਨੂੰ ਰੋਕਣ ਲਈ ਉਨ੍ਹਾਂ ਵੱਲੋਂ ਕਈ ਵਾਰ ਐਸ.ਐਸ.ਪੀ. ਖੰਨਾ ਅਤੇ ਪੁਲਿਸ ਵਿਭਾਗ ਦੇ ਬਾਕੀ ਸਬੰਧਤ



ਅਫਸਰਾਂ ਨੂੰ ਕਾਰਵਾਈ ਕਰਨ ਲਈ ਕਿਹਾ ਗਿਆ ਪਰ ਉਨ੍ਹਾਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਉਨ੍ਹਾਂ ਕਿਹਾ ਕਿ ਐਸ.ਐਚ.ਓ. ਦੋਰਾਹਾ ਵੱਲੋਂ 5000 ਰੁਪਏ ਰਿਸ਼ਵਤ ਲੈਣ ਦੇ ਸਬੂਤ ਵੀ ਦਿੱਤੇ ਗਏ ਪਰ ਕੋਈ ਕਾਰਵਾਈ ਨਾ ਹੋਈ। ਇਸ ਹਲਕੇ ਦੇ ਕਸਬਾ ਮਲੌਦ ਵਿਚ ਪਾਬੰਦੀਸ਼ੁਦਾ ਚਾਈਨਾ ਡੋਰ ਆਮ ਵਿਕ ਰਹੀ ਹੈ ਪਰ ਪੁਲਿਸ ਕੋਈ ਕਾਰਵਾਈ ਨਹੀਂ ਕਰ ਰਹੀ। ਗਿਆਸਪੁਰਾ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਕੁਝ ਦਿਨ ਪਹਿਲਾਂ ਪਾਇਲ ਥਾਣੇ ਵਿਚ ਇਕ ਥਾਣੇਦਾਰ ਨੂੰ ਰੰਗੇ ਹੱਥੀਂ 5000 ਰੁਪਏ ਰਿਸ਼ਵਤ ਲੈਂਦੇ ਫੜਿਆ ਸੀ ਜਿਸ ਦੀ ਵੀਡੀਓ ਵੀ ਸਾਹਮਣੇ ਆਈ ਸੀ। ਪਾਇਲ, ਮਲੌਦ ਤੇ ਦੋਰਾਹਾ ਅਤੇ ਨੇੜਲੇ ਕਈ ਪਿੰਡਾਂ ਵਿਚ ਨਸ਼ਾ ਵਿਕਣ ਕਾਰਨ ਪੁਲਿਸ ਦੀ ਕਾਰਗੁਜ਼ਾਰੀ ਸ਼ੱਕ ਦੇ ਘੇਰੇ ਵਿਚ ਆ ਰਹੀ ਹੈ। ਇਸ ਤੋਂ ਇਲਾਵਾ ਸਰਕਾਰ ਖ਼ਿਲਾਫ਼ ਇਲਾਕਾ ਵਾਸੀਆਂ ਵੱਲੋਂ ਸੁਆਲ ਚੁੱਕੇ ਜਾ ਰਹੇ ਹਨ ਜਿਸ ਨਾਲ ਸਰਕਾਰ ਦਾ ਅਕਸ ਖਰਾਬ ਹੋ ਰਿਹਾ ਹੈ। ਵਿਧਾਇਕ ਨੇ ਮੰਗ ਕੀਤੀ ਹੈ ਕਿ ਐਸ.ਐਸ.ਪੀ. ਖੰਨਾ ਦੀ ਬਦਲੀ ਤੁਰਤ ਕੀਤੀ ਜਾਵੇ ਅਤੇ ਐਸ.ਐਚ.ਓ. ਦੋਰਾਹਾ ਤੇ ਅਤੇ ਐਸ.ਐਚ.ਓ. ਮਲੌਦ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

# ਏਅਰ ਇੰਡੀਆ ਅੰਮ੍ਰਿਤਸਰ ਤੇ ਹੋਰ ਥਾਵਾਂ ਤੋਂ ਸ਼ੁਰੂ ਕਰੇਗੀ ਲੰਡਨ ਲਈ 12 ਉਡਾਣਾਂ




**ਨਵੀਂ ਦਿੱਲੀ:** ਏਅਰ ਇੰਡੀਆ ਮਾਰਚ ਮਹੀਨੇ ਪੰਜਾਬ ਦੇ ਅੰਮ੍ਰਿਤਸਰ ਅਤੇ ਦੇਸ਼ ਦੇ ਹੋਰ ਹਵਾਈ ਅੱਡਿਆਂ ਤੋਂ ਲੰਡਨ ਗੈਟਵਿਕ ਹਵਾਈ ਅੱਡੇ ਲਈ 12 ਹਫਤਾਵਾਰੀ ਉਡਾਣਾਂ ਅਤੇ ਲੰਡਨ ਦੇ ਹੀਥਰੋ ਹਵਾਈ ਅੱਡੇ ਲਈ ਵਾਧੂ ਸੇਵਾਵਾਂ ਸ਼ੁਰੂ ਕਰੇਗੀ। ਯੂਕੇ ਲਈ ਨਵੀਆਂ ਅਤੇ ਵਾਧੂ ਉਡਾਣਾਂ 26 ਮਾਰਚ ਤੋਂ ਸ਼ੁਰੂ ਹੋਣਗੀਆਂ। ਏਅਰਲਾਈਨ ਨੇ ਜਾਰੀ ਬਿਆਨ ਵਿਚ ਦੱਸਿਆ, "ਕੰਪਨੀ ਗੈਟਵਿਕ ਲਈ ਅੰਮ੍ਰਿਤਸਰ, ਅਹਿਮਦਾਬਾਦ, ਗੋਆ ਅਤੇ ਕੋਚੀ ਵਰਗੇ ਥਾਵਾਂ ਤੋਂ ਹਫਤੇ ਵਿਚ ਤਿੰਨ ਵਾਰ ਉਡਾਣਾਂ ਚਲਾਏਗੀ ਅਤੇ ਇਹ ਇਕਲੌਤੀ ਕੰਪਨੀ ਹੈ ਜੋ ਬਰਤਾਨੀਆ ਦੇ ਦੂਜੇ ਸਭ ਤੋਂ ਵੱਡੇ ਹਵਾਈ ਅੱਡੇ ਲਈ ਸਿੱਧੀ ਉਡਾਣ ਚਲਾਉਂਦੀ ਹੈ।'' ਇਸ ਤੋਂ ਇਲਾਵਾ ਏਅਰ ਇੰਡੀਆ ਲੰਡਨ ਹੀਥਰੋ ਹਵਾਈ ਅੱਡੇ ਲਈ ਵੀ ਹਫਤੇ 'ਚ ਪੰਜ ਉਡਾਣਾਂ ਚਲਾਏਗੀ। ਬਿਆਨ ਮੁਤਾਬਕ ਮੌਜੂਦਾ ਸਮੇਂ ਏਅਰਲਾਈਨ ਦੀਆਂ ਦਿੱਲੀ ਤੋਂ 14 ਅਤੇ ਮੁੰਬਈ ਤੋਂ 12 ਹਫਤਾਵਾਰੀ ਉਡਾਣਾਂ ਚੱਲਦੀਆਂ ਹਨ। ਇਨ੍ਹਾਂ ਨੂੰ ਵਧਾ ਕੇ ਕ੍ਰਮਵਾਰ 17 ਅਤੇ 14 ਕਰ ਦਿੱਤਾ ਜਾਵੇਗਾ। ਏਅਰ ਇੰਡੀਆ ਹਰ ਹਫਤੇ ਅੰਮ੍ਰਿਤਸਰ ਅਤੇ ਦਿੱਲੀ ਤੋਂ ਬਰਤਾਨੀਆ ਦੇ ਬਰਮਿੰਘਮ ਲਈ ਵੀ ਤਿੰਨ ਉਡਾਣਾਂ ਚਲਾਉਂਦੀ ਹੈ। ਮੌਜੂਦਾ ਸਮੇਂ ਏਅਰਲਾਈਨ ਦੀਆਂ ਬਰਤਾਨੀਆ ਲਈ ਹਰ ਹਫਤੇ 32 ਉਡਾਣਾਂ ਹਨ।

## ਆਦਮਪੁਰ ਹਵਾਈ ਅੱਡੇ ਤੋਂ ਉਡਾਣਾਂ ਮਾਰਚ ਤੱਕ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਮਾਰਚ ਦੇ ਅਖੀਰ ਤੱਕ ਆਦਮਪੁਰ (ਜਲੰਧਰ) ਹਵਾਈ ਅੱਡੇ ਤੋਂ ਘਰੇਲੂ ਉਡਾਣਾਂ ਮੁੜ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਹਨ।

ਉਨ੍ਹਾਂ ਸ਼ਹਿਰੀ ਹਵਾਬਾਜ਼ੀ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਹਵਾਈ ਅੱਡੇ ਤੋਂ ਉਡਾਣਾਂ ਬੰਦ ਹੋਣ ਕਾਰਨ ਇਲਾਕੇ ਦੇ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਹਵਾਈ ਅੱਡਾ ਇਲਾਕਾ ਵਾਸੀਆਂ ਖਾਸ ਕਰਕੇ ਪਰਵਾਸੀ ਭਾਰਤੀਆਂ ਦੇ ਸਮੇਂ, ਪੈਸੇ ਅਤੇ ਊਰਜਾ ਦੀ ਬੱਚਤ ਕਰਨ ਦੇ ਨਾਲ-ਨਾਲ ਖੇਤਰ ਦੇ ਆਰਥਿਕ ਵਿਕਾਸ ਨੂੰ ਵੀ ਹੁਲਾਰਾ ਦੇਵੇਗਾ।

ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਹਲਵਾਰਾ ਵਿਚ ਸਿਵਲ ਏਅਰ ਟਰਮੀਨਲ ਦੀ ਉਸਾਰੀ ਲਈ ਚੱਲ ਰਹੇ ਕੰਮ ਨੂੰ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਨਿਬੇੜਨ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਿਵਲ ਏਅਰ ਟਰਮੀਨਲ ਦੇ ਕੰਮ ਲਈ ਪਹਿਲਾਂ ਹੀ 50 ਕਰੋੜ ਰੁਪਏ ਜਾਰੀ ਕਰ ਚੁੱਕੀ ਹੈ।

# 'ਆਪ' ਸੰਸਦ ਮੈਂਬਰ ਸੰਜੇ ਸਿੰਘ ਨੂੰ ਤਿੰਨ ਮਹੀਨੇ ਕੈਦ ਦੀ ਸਜ਼ਾ

**ਸੁਲਤਾਨਪੁਰ:** ਇਥੋਂ ਦੀ ਅਦਾਲਤ ਨੇ 'ਆਪ' ਸੰਸਦ ਮੈਂਬਰ ਸੰਜੇ ਸਿੰਘ ਤੇ ਸਮਾਜਵਾਦੀ ਪਾਰਟੀ ਦੇ ਸਾਬਕਾ ਵਿਧਾਇਕ ਅਨੂਪ ਸੈਂਡਾ ਸਣੇ ਛੇ ਵਿਅਕਤੀਆਂ ਨੂੰ ਤਿੰਨ ਮਹੀਨੇ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਸਾਰਿਆਂ ਨੂੰ 1500-1500 ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਪੁਲਿਸ ਮੁਤਾਬਕ ਲੋਕਾਂ ਨੇ 21 ਸਾਲ ਪਹਿਲਾਂ ਉੱਤਰ ਪ੍ਰਦੇਸ਼ 'ਚ ਰਾਜਨਾਥ ਸਿੰਘ ਦੀ ਅਗਵਾਈ ਹੇਠਲੀ ਤਤਕਾਲੀ ਭਾਜਪਾ ਸਰਕਾਰ ਖ਼ਿਲਾਫ਼ ਵੱਡੇ ਪੱਧਰ 'ਤੇ ਪ੍ਰਦਰਸ਼ਨ ਕਰਦਿਆਂ ਸੜਕ ਜਾਮ ਕਰ ਦਿੱਤੀ ਸੀ। ਇਹ ਪ੍ਰਦਰਸ਼ਨ ਸੁਲਤਾਨਪੁਰ ਸ਼ਹਿਰ 'ਚ ਬਿਜਲੀ ਕੱਟਾਂ ਅਤੇ ਪਾਣੀ ਦੀ ਢੁਕਵੀਂ ਸਪਲਾਈ ਨਾ ਹੋਣ ਦੇ ਰੋਸ ਵਜੋਂ ਕੀਤਾ ਗਿਆ ਸੀ। ਸਰਕਾਰੀ ਵਕੀਲ ਵੈਭਵ ਪਾਂਡੇ ਨੇ ਦੱਸਿਆ ਕਿ ਸੜਕ ਜਾਮ ਕਰਨ ਅਤੇ ਪ੍ਰਦਰਸ਼ਨਾਂ ਲਈ ਪੁਲਿਸ ਨੇ ਸੰਜੇ ਸਿੰਘ, ਅਨੂਪ ਸੈਂਡਾ, ਵਿਜੈ ਕੁਮਾਰ, ਕਮਲ ਸ੍ਰੀਵਾਸਤਵ, ਸੰਤੋਸ਼ ਕੁਮਾਰ ਅਤੇ ਸੁਭਾਸ਼ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਫੈਸਲਾ ਸੁਣਾਉਣ ਸਮੇਂ ਸੰਜੇ ਸਿੰਘ ਅਦਾਲਤ 'ਚ ਹਾਜ਼ਰ ਸਨ। ਉਨ੍ਹਾਂ ਤਤਕਾਲੀ ਭਾਜਪਾ ਸਰਕਾਰ 'ਤੇ ਮਾੜੇ ਪ੍ਰਬੰਧਾਂ ਦਾ ਦੋਸ਼ ਲਾਇਆ ਅਤੇ ਕਿਹਾ ਕਿ ਪ੍ਰਦਰਸ਼ਨ ਸ਼ਾਂਤਮਈ ਢੰਗ ਨਾਲ ਹੋ ਰਿਹਾ ਸੀ। ਉਨ੍ਹਾਂ ਕਿਹਾ ਕਿ ਉਹ ਫੈਸਲੇ ਖ਼ਿਲਾਫ਼ ਹਾਈ ਕੋਰਟ 'ਚ ਅਪੀਲ ਦਾਖਲ ਕਰਨਗੇ।

# ਸਿੱਖ ਮਸਲਿਆਂ ਦੇ ਹੱਲ ਲਈ ਲੱਗੇ ਪੱਕੇ ਮੋਰਚੇ ਵੱਲ ਵਹੀਰਾਂ ਘੱਤੀਆਂ

**ਮੁਹਾਲੀ:** ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ ਕਲਾਂ ਗੋਲੀਕਾਂਡ ਸਮੇਤ ਹੋਰ ਧਾਰਮਿਕ ਮੁੱਦਿਆਂ ਉਤੇ ਸਰਕਾਰਾਂ ਦੀ ਅਣਦੇਖੀ ਖ਼ਿਲਾਫ਼ ਸਿੱਖਾਂ ਵਿਚ ਰੋਹ ਲਗਾਤਾਰ ਭਖਦਾ ਜਾ ਰਿਹਾ ਹੈ।

ਕੌਮੀ ਇਨਸਾਫ ਮੋਰਚਾ, ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਣੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਕੜਾਕੇ ਦੀ ਠੰਢ ਵਿਚ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਲਗਾਇਆ ਗਿਆ ਲੜੀਵਾਰ ਧਰਨਾ ਜਾਰੀ ਹੈ। ਪੈਰੀਫੈਰੀ ਮਿਲਕਮੈਨ ਯੂਨੀਅਨ ਨੇ ਵੀ ਸਿੱਖ ਜਥੇਬੰਦੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ ਹੈ। ਸੰਸਥਾ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਭਾਗੋਮਾਜਰਾ ਨੇ ਦੱਸਿਆ ਕਿ ਇਲਾਕੇ ਦੇ ਦੋਧੀਆਂ ਵੱਲੋਂ ਰੋਜ਼ਾਨਾ ਧਰਨੇ ਵਿਚ ਸ਼ਮੂਲੀਅਤ ਕੀਤੀ ਜਾਵੇਗੀ ਅਤੇ ਸੰਗਤ ਲਈ ਦੁੱਧ ਦੀ ਸੇਵਾ ਕੀਤੀ ਜਾਵੇਗੀ।

ਬਾਪੂ ਗੁਰਚਰਨ ਸਿੰਘ, ਭਾਈ ਜਸਵਿੰਦਰ ਸਿੰਘ ਤੇ ਹੋਰਨਾਂ ਬੁਲਾਰਿਆਂ ਨੇ ਕਿਹਾ ਕਿ ਹਾਕਮ ਧਿਰਾਂ ਸਿੱਖਾਂ ਦੇ ਸਬਰ ਦੀ ਹੋਰ ਪ੍ਰੀਖਿਆ ਨਾ ਲੈਣ। ਉਨ੍ਹਾਂ ਐਲਾਨ ਕੀਤਾ ਕਿ ਧਰਨੇ ਵਿਚ ਰੋਜ਼ਾਨਾ ਪੰਥ ਦਰਦੀਆਂ ਦੀ ਆਮਦ ਵਧਦੀ ਜਾ ਰਹੀ ਹੈ ਤੇ ਆਉਣ ਵਾਲੇ ਦਿਨਾਂ ਵਿਚ ਕੇਂਦਰ ਤੇ ਸੂਬਾ ਸਰਕਾਰ



ਨੂੰ ਸਿੱਖਾਂ ਦੇ ਰੋਹ ਅੱਗੇ ਗੋਡੇ ਟੇਕਣ ਲਈ ਮਜਬੂਰ ਹੋਣਾ ਪਵੇਗਾ।

ਉਨ੍ਹਾਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਦਹਾਕਿਆਂ ਤੋਂ ਸਿੱਖਾਂ ਨਾਲ ਬੇਇਨਸਾਫ਼ੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਰੋਜ਼ਾਨਾ ਪੱਕੇ ਮੋਰਚੇ ਵਿਚ ਸੰਗਤ ਦਾ ਇਕੱਠ ਵਧ ਰਿਹਾ ਹੈ ਤੇ ਹੁਣ ਪਿੰਡਾਂ ਦੀ ਸੰਗਤ ਦੇ ਨਾਲ-ਨਾਲ ਚੰਡੀਗੜ੍ਹ ਤੇ ਮੁਹਾਲੀ ਦੀ ਸੰਗਤ ਵਹੀਰਾਂ ਘੱਤ ਕੇ ਆਉਣ ਲੱਗੀ ਹੈ।

ਉਧਰ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਬਾਰੇ ਬਹੁਤ ਗੱਲਾਂ ਹੋ ਚੁੱਕੀਆਂ ਹਨ ਅਤੇ ਹੁਣ ਵੇਲਾ ਐਕਸ਼ਨ ਲੈਣ ਦਾ ਹੈ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਬਹੁਤ ਜਲਦੀ ਇਸ ਸਬੰਧੀ ਸਖ਼ਤ ਐਕਸ਼ਨ ਲੈਣ ਜਾ ਰਹੀ ਹੈ।

ਬੁਲਾਰਿਆਂ ਨੇ ਕਿਹਾ ਕਿ ਦੇਸ਼ ਵਿਚ ਘੱਟ ਗਿਣਤੀ ਸਿੱਖਾਂ ਦੀ ਸੁਰੱਖਿਆ ਖਤਰੇ ਵਿਚ ਹੈ ਤੇ ਸਿੱਖਾਂ ਲਈ ਕਾਨੂੰਨ ਵੀ ਵੱਖੋ-ਵੱਖਰੇ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਤੇ ਬੇਅਦਬੀ ਮਾਮਲਿਆਂ ਵਿਚ ਸਰਕਾਰਾਂ ਜਾਣਬੁੱਝ ਕੇ ਕਾਨੂੰਨੀ ਅੜਿੱਕੇ ਡਾਹ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਕਾਨੂੰਨ ਵਿਚ ਇਹ ਨਹੀਂ ਲਿਖਿਆ ਕਿ ਜੋ ਵਿਅਕਤੀ ਆਪਣੀ ਸਜ਼ਾ ਭੁਗਤ ਚੁੱਕਾ ਹੋਵੇ, ਉਸ ਨੂੰ ਰਿਹਾਅ ਨਾ ਕਰਕੇ ਗੈਰ ਕਾਨੂੰਨੀ ਤਰੀਕੇ ਨਾਲ ਜੇਲ੍ਹਾਂ ਵਿਚ ਨਜ਼ਰਬੰਦ ਰੱਖਿਆ ਜਾਵੇ। ਬੁਲਾਰਿਆਂ ਨੇ ਸਰਕਾਰਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਹੁਕਮਰਾਨ ਸਿੱਖਾਂ ਦੇ ਸਬਰ ਦੀ ਹੋਰ ਪ੍ਰੀਖਿਆ ਨਾ ਲੈਣ। ਉਨ੍ਹਾਂ ਐਲਾਨ ਕੀਤਾ ਕਿ ਜਦੋਂ ਤੱਕ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਬੇਅਦਬੀ ਤੇ ਗੋਲੀਕਾਂਡ ਲਈ ਜ਼ਿੰਮੇਵਾਰ ਅਫ਼ਸਰਾਂ ਅਤੇ ਆਗੂਆਂ ਨੂੰ ਕਾਨੂੰਨ ਮੁਤਾਬਕ ਸਖ਼ਤ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

### ਪੰਜਾਬ ਤੇ ਹਰਿਆਣਾ ਦੇ ਸਿੱਖ ਸਾਂਝੀ ਲੜਾਈ ਲੜਨ: ਦਾਦੂਵਾਲ

**ਮੁਹਾਲੀ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਆਪਣੇ ਸਮਰਥਕਾਂ ਨਾਲ ਧਰਨੇ ਵਿਚ ਸ਼ਮੂਲੀਅਤ ਕੀਤੀ। ਜਥੇਦਾਰ ਦਾਦੂਵਾਲ ਨੇ ਸਿੱਖਾਂ ਦੇ ਅਣਸੁਲਝੇ ਮਸਲਿਆਂ ਸਬੰਧੀ ਇਨਸਾਫ਼ ਲੈਣ ਲਈ ਪੰਜਾਬ ਤੇ ਹਰਿਆਣਾ ਦੇ ਸਿੱਖਾਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ। ਪੰਜਾਬ ਤੇ ਚੰਡੀਗੜ੍ਹ ਦੀ ਹੱਦ 'ਤੇ ਚੱਲ ਰਹੇ ਪੱਕੇ ਮੋਰਚੇ ਵਿਚੋਂ ਸਿੱਖ ਆਗੂ ਬਲਜੀਤ ਸਿੰਘ ਖਾਲਸਾ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰਨ ਲਈ ਰਾਜ ਭਵਨ ਪੁੱਜ ਗਏ। ਸ੍ਰੀ ਖਾਲਸਾ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਰਾਜਪਾਲ ਨਾਲ ਮੁਲਾਕਾਤ ਕਰਨ ਦੀ ਮੰਗ ਕੀਤੀ ਜਿਨ੍ਹਾਂ ਨੂੰ ਪੁਲਿਸ ਨੇ ਰੋਕਿਆ ਤੇ ਸਮਝਾ ਕੇ ਮੋਰਚੇ ਵਾਲੀ ਥਾਂ 'ਤੇ ਛੱਡ ਦਿੱਤਾ। ਬਲਜੀਤ ਸਿੰਘ ਦਾਦੂਵਾਲ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਬੰਦੀ ਸਿੰਘ ਤੁਰਤ ਰਿਹਾਅ ਕੀਤੇ ਜਾਣ ਅਤੇ ਪੰਜਾਬ ਸਰਕਾਰ ਬਰਗਾੜੀ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਜੇਲ੍ਹ ਵਿਚ ਡੱਕੇ।

## ਉਤਰੀ ਜ਼ੋਨਲ ਦੀ ਮੀਟਿੰਗ 'ਚ ਜ਼ੋਰ-ਸ਼ੋਰ ਨਾਲ ਉਭਰੇ ਪੰਜਾਬ ਦੇ ਮਸਲੇ

**ਮੁਹਾਲੀ:** ਉੱਤਰੀ ਭਾਰਤ ਦੇ ਸੂਬਿਆਂ ਦੇ ਅੰਤਰਰਾਜੀ ਮਾਮਲਿਆਂ ਸਬੰਧੀ ਇਥੇ ਪੰਜਾਬ ਦੀ ਮੇਜ਼ਬਾਨੀ ਵਿਚ ਹੋਈ ਉੱਤਰੀ ਜ਼ੋਨਲ ਦੀ ਸਟੈਂਡਿੰਗ ਕਮੇਟੀ ਦੀ ਮੀਟਿੰਗ ਵਿਚ ਪੰਜਾਬ ਨੇ ਸੂਬੇ ਦੇ ਹੱਕਾਂ ਅਤੇ ਅੰਤਰਰਾਜੀ ਮਾਮਲਿਆਂ ਬਾਰੇ ਜ਼ੋਰਦਾਰ ਢੰਗ ਨਾਲ ਆਵਾਜ਼ ਚੁੱਕੀ। ਮੀਟਿੰਗ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਤਰਰਾਜੀ ਕੌਂਸਲ ਸਕੱਤਰੇਤ ਦੇ ਅਧਿਕਾਰੀਆਂ ਤੋਂ ਇਲਾਵਾ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਦਿੱਲੀ ਦੇ ਮੁੱਖ ਸਕੱਤਰਾਂ, ਜੰਮੂ ਤੇ ਕਸ਼ਮੀਰ ਅਤੇ ਲਦਾਖ ਯੂਟੀ ਦੇ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ।

ਪੰਜਾਬ ਵੱਲੋਂ ਪਾਣੀਆਂ, ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਉਤੇ ਸੂਬੇ ਦੇ ਹੱਕ, ਪਾਣੀਆਂ ਦੀ ਮੌਜੂਦਾ ਸਥਿਤੀ ਦੇ ਮੁਲਾਂਕਣ ਲਈ ਟ੍ਰਿਬਿਊਨਲ ਦੀ ਮੰਗ, ਪੰਜਾਬ ਕੋਲ ਪਾਣੀ ਦੀ ਘਾਟ, ਮੁਹਾਲੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਵਧਾਉਣ, ਸੂਬੇ ਵਿਚ ਚਾਰ ਘਰੇਲੂ ਹਵਾਈ ਅੱਡਿਆਂ ਤੋਂ ਉਡਾਣ ਸਕੀਮ ਸ਼ੁਰੂ ਕਰਨ, ਕੌਮਾਂਤਰੀ ਸਰਹੱਦ ਮਜ਼ਬੂਤ ਕਰਨ, ਜ਼ਮੀਨ ਖ਼ਰੀਦਣ ਲਈ ਇਕਸਾਰ ਨੀਤੀ ਬਣਾਉਣ, ਹਾਂਸੀ ਬੁਟਾਣਾ ਨਹਿਰ ਤੇ ਘੱਗਰ ਨਾਲ ਹੁੰਦੇ ਪੰਜਾਬ ਦੇ ਨੁਕਸਾਨ ਨੂੰ ਰੋਕਣ ਜਿਹੇ ਸੰਵੇਦਨਸ਼ੀਲ ਮੁੱਦਿਆਂ ਉੱਤੇ ਦਲੀਲਾਂ ਸਮੇਤ ਸੂਬੇ ਦਾ ਪੱਖ ਰੱਖਿਆ।

ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ



ਕਿਹਾ ਕਿ ਪਾਣੀਆਂ ਦੀ ਮੌਜੂਦਾ ਸਥਿਤੀ ਅਨੁਸਾਰ ਪੰਜਾਬ ਵਿਚ ਪਾਣੀ ਦੀ ਘਾਟ ਕਾਰਨ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਪੰਜਾਬ ਪਿੱਤਰੀ ਸੂਬਾ ਹੋਣ ਕਰਕੇ ਰਾਜਧਾਨੀ ਚੰਡੀਗੜ੍ਹ ਉੱਤੇ ਪੂਰਾ ਹੱਕ ਹੈ ਜੋ ਹਾਲੇ ਤੱਕ ਨਹੀਂ ਮਿਲਿਆ। ਪ੍ਰਮੁੱਖ ਸਕੱਤਰ ਜਲ ਸਰੋਤ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਪੰਜਾਬ ਖ਼ੁਦ ਪਾਣੀ ਦੀ ਘਾਟ ਨਾਲ ਜੂਝ ਰਿਹਾ ਹੈ। ਪ੍ਰਮੁੱਖ ਸਕੱਤਰ ਸ਼ਹਿਰੀ ਹਵਾਬਾਜ਼ੀ ਰਾਹੁਲ ਭੰਡਾਰੀ ਨੇ ਮੁਹਾਲੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਵਧਾਉਣ ਦੀ ਮੰਗ ਰੱਖੀ। ਕੈਨੇਡਾ ਸਣੇ ਬਹੁਤੇ ਦੇਸ਼ਾਂ ਵਿਚ ਪਰਵਾਸੀਆਂ ਪੰਜਾਬੀਆਂ ਦੀ ਵੱਡੀ ਗਿਣਤੀ ਨੂੰ ਦੇਖਦਿਆਂ ਕੌਮਾਂਤਰੀ ਉਡਾਣਾਂ ਵਧਾਉਣਾ ਸਮੇਂ ਦੀ ਲੋੜ ਹੈ।

## ਬਿਰਧ ਪਾਵਨ ਸਰੂਪਾਂ ਦੀ ਸੰਭਾਲ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਨੂੰ ਪਾਕਿਸਤਾਨ ਤੋਂ ਲਿਆ ਕੇ ਦਿੱਲੀ ਵਿਚ ਸੰਭਾਲ ਕਰਨ ਦਾ ਮਾਮਲਾ ਭਖ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ 200 ਤੋਂ ਵੱਧ ਬਿਰਧ ਸਰੂਪ ਦਿੱਲੀ ਵਿਚ ਲਿਆ ਕੇ ਸਾਂਭੇ ਜਾਣੇ ਸਨ ਪਰ ਉਨ੍ਹਾਂ ਨੂੰ ਸਰਨਾ ਭਰਾਵਾਂ ਨੇ ਰੁਕਵਾ ਦਿੱਤਾ ਜੋ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਔਕਾਫ਼ ਬੋਰਡ ਰਾਹੀਂ ਇਨ੍ਹਾਂ ਬਿਰਧ ਸਰੂਪਾਂ ਨੂੰ ਦਿੱਲੀ ਆਉਣ ਤੋਂ ਰੋਕ ਦਿੱਤਾ ਗਿਆ ਹੈ। ਸ੍ਰੀ ਕਾਲਕਾ ਨੇ ਕਿਹਾ ਕਿ ਉਕਤ ਬਿਰਧ ਤੇ ਹੱਥ ਲਿਖਤ ਸਰੂਪਾਂ ਨੂੰ ਸਾਂਭਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤਿਆਰ ਸੀ ਪਰ ਰਾਹ ਵਿਚ ਸਰਨਾ ਧੜੇ ਨੇ ਰੁਕਾਵਟ ਪਾ ਦਿੱਤੀ ਹੈ।

ਇਨ੍ਹਾਂ ਪੁਰਾਤਨ ਸਰੂਪਾਂ ਵਿਚ ਕੁਝ ਹੱਥ ਲਿਖਤ ਸਰੂਪ ਵੀ ਹਨ ਜੋ ਖੋਜੀਆਂ ਲਈ ਵੱਡੀ ਖੋਜ ਦਾ ਵਿਸ਼ਾ ਵੀ ਹੋ ਸਕਦੇ ਹਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਦਿੱਲੀ ਇਕਾਈ) ਦੇ ਆਗੂ ਹਰਵਿੰਦਰ ਸਿੰਘ ਸਰਨਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੁਰਾਤਨ ਤੇ ਬਿਰਧ ਸਰੂਪ ਨਾ ਦੇਣ 'ਤੇ ਪਾਕਿਸਤਾਨ ਦੇ ਔਕਾਫ਼ ਬੋਰਡ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਵੱਡੀ ਧਾਰਮਿਕ ਸੰਸਥਾ ਹੈ ਅਤੇ ਉਸ ਕੋਲ ਸਰੂਪ ਸਾਂਭਣ ਦੇ ਢੁਕਵੇਂ ਪ੍ਰਬੰਧ ਹਨ। ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਕਮੇਟੀ ਵਿਚ ਇਹ ਸਰੂਪ ਖੁਰਦ-ਬੁਰਦ ਵੀ ਹੋ ਸਕਦੇ ਸਨ।

## ਸੀਤ ਹਵਾਵਾਂ ਨੇ ਪੰਜਾਬ 'ਚ ਪਾਰਾ ਡੇਗਿਆ



**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਵਿਚ ਹੋਈ ਸੱਜਰੀ ਤੇ ਭਾਰੀ ਬਰਫਬਾਰੀ ਕਰਕੇ ਪੰਜਾਬ ਵਿਚ ਠੰਢ ਦਾ ਕਹਿਰ ਜਾਰੀ ਹੈ। ਹੱਡ ਚੀਰਵੀਆਂ ਸੀਤ ਹਵਾਵਾਂ ਨੇ ਲੋਕਾਂ ਨੂੰ ਦਿਨ ਵਿਚ ਕੰਬਣੀ ਛੇੜੀ ਰੱਖੀ। ਪੰਜਾਬ ਵਿਚ ਇਸ ਸੀਜ਼ਨ ਦੀ ਸਭ ਤੋਂ ਵੱਧ ਠੰਢ ਪਈ ਹੈ, ਜਦੋਂ ਫਰੀਦਕੋਟ ਵਿਚ ਘੱਟ ਤੋਂ ਘੱਟ ਤਾਪਮਾਨ ਮਨਫ਼ੀ ਇਕ ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਹ ਆਮ ਨਾਲੋਂ 5.8 ਡਿਗਰੀ ਸੈਲਸੀਅਸ ਘੱਟ ਸੀ।

ਇਸੇ ਤਰ੍ਹਾਂ ਪੰਜਾਬ ਦੇ ਅੱਧਾ ਦਰਜਨ ਤੋਂ ਵੱਧ ਜ਼ਿਲ੍ਹਿਆਂ ਵਿਚ ਘੱਟ ਤੋਂ ਘੱਟ ਤਾਪਮਾਨ 3 ਡਿਗਰੀ ਸੈਲਸੀਅਸ ਤੋਂ ਹੇਠਾਂ ਰਿਹਾ। ਉਂਜ ਸੂਬੇ ਦੇ ਜ਼ਿਆਦਾਤਰ ਖੇਤਰਾਂ ਵਿਚ ਤਿੱਖੀ ਧੁੱਪ ਨਿਕਲੀ, ਪਰ ਸੀਤ ਹਵਾਵਾਂ ਚੱਲਣ ਕਰਕੇ ਲੋਕਾਂ ਨੂੰ ਠੰਢ ਤੋਂ ਰਾਹਤ ਨਾ ਮਿਲ ਸਕੀ। ਇਸੇ ਤਰ੍ਹਾਂ ਮਨਫ਼ੀ 4.7 ਡਿਗਰੀ ਨਾਲ ਸੀਕਰ ਜ਼ਿਲ੍ਹੇ ਦਾ ਫਤਿਹਪੁਰ ਰਾਜਸਥਾਨ ਦਾ ਸਭ ਤੋਂ ਠੰਢਾ ਇਲਾਕਾ ਰਿਹਾ। ਪੰਜਾਬ ਦੇ ਬਠਿੰਡਾ ਵਿਚ ਘੱਟ ਤੋਂ ਘੱਟ ਤਾਪਮਾਨ ਇਕ ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਬਰਨਾਲਾ ਵਿਚ 1.9 ਡਿਗਰੀ ਸੈਲਸੀਅਸ, ਅੰਮ੍ਰਿਤਸਰ 'ਚ 1.6, ਜਲੰਧਰ 'ਚ 2, ਮੋਗਾ 0.5, ਮੁਕਤਸਰ 2.3, ਪਟਿਆਲਾ 3, ਗੁਰਦਾਸਪੁਰ 3.7, ਫਤਿਹਗੜ੍ਹ ਸਾਹਿਬ 5.8, ਲੁਧਿਆਣਾ 4.9, ਚੰਡੀਗੜ੍ਹ 6.3 ਤੇ ਨਵਾਂ ਸ਼ਹਿਰ ਵਿਚ 7.3 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ।

# ਅਕਾਲੀ-ਬਸਪਾ ਦੀ ਸਿਆਸੀ ਭਾਈਵਾਲੀ ਦਾ ਭਵਿੱਖ ਦਾਅ 'ਤੇ?

**ਚੰਡੀਗੜ੍ਹ:** ਬਸਪਾ ਦੀ ਸੁਪਰੀਮੋ ਮਾਇਆਵਤੀ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ 'ਚ ਕਿਸੇ ਵੀ ਸਿਆਸੀ ਧਿਰ ਨਾਲ ਗੱਠਜੋੜ ਨਾ ਕਰਨ ਦੇ ਐਲਾਨ ਪਿੱਛੋਂ ਪੰਜਾਬ ਵਿਚ ਸਿਆਸੀ ਪਾਰਾ ਚੜ੍ਹ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦਰਮਿਆਨ ਗੱਠਜੋੜ ਉਤੇ ਸੁਆਲ ਖੜ੍ਹੇ ਹੋ ਗਏ ਹਨ। ਬੇਸ਼ੱਕ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦੇ ਸੀਨੀਅਰ ਆਗੂ ਦਾਅਵਾ ਕਰ ਰਹੇ ਹਨ ਕਿ ਇਹ ਗੱਠਜੋੜ ਬਣਿਆ ਰਹੇਗਾ ਪਰ ਪਿਛਲਾ ਸਿਆਸੀ ਇਤਿਹਾਸ ਤੇ ਸਿਆਸੀ ਪ੍ਰਸਥਿਤੀਆਂ ਇਸ ਗੱਠਜੋੜ ਦੇ ਭਵਿੱਖ 'ਤੇ ਮੋਹਰ ਨਹੀਂ ਲਾ ਰਹੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਸਪਾ ਦੇ ਕੌਮੀ ਜਨਰਲ ਸਕੱਤਰ ਦੀ ਹਾਜ਼ਰੀ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਗੱਠਜੋੜ ਦਾ ਐਲਾਨ 12 ਜੂਨ 2022 ਨੂੰ ਕੀਤਾ ਸੀ। ਸੁਖਬੀਰ ਬਾਦਲ ਨੇ ਇਥੋਂ ਤੱਕ ਆਖਿਆ ਸੀ ਕਿ ਇਹ ਗੱਠਜੋੜ ਸਿਰਫ 2022 ਦੀਆਂ ਵਿਧਾਨ ਸਭਾ ਚੋਣਾਂ ਤੱਕ ਸੀਮਤ ਨਹੀਂ ਰਹੇਗਾ ਬਲਕਿ ਲੰਮੇਰਾ ਚੱਲੇਗਾ। ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਸਿਆਸੀ ਨਾਤੇ ਦੇ ਪਿਛੋਕੜ 'ਤੇ ਨਜ਼ਰ ਮਾਰੀਏ ਤਾਂ ਇਹ ਕਦੇ ਵੀ





ਟਿਕਾਊ ਨਹੀਂ ਰਿਹਾ ਹੈ। ਪਹਿਲੀ ਦਫ਼ਾ ਜਦੋਂ 1996 ਵਿਚ ਅਕਾਲੀ ਦਲ ਤੇ ਬਸਪਾ ਦਰਮਿਆਨ ਗੱਠਜੋੜ ਹੋਇਆ ਸੀ ਤਾਂ ਉਦੋਂ ਪੰਜਾਬ ਕਾਲੇ ਦੌਰ ਵਿਚੋਂ ਉਭਰ ਰਿਹਾ ਸੀ ਅਤੇ ਇਹ ਗੱਠਜੋੜ ਕੁਦਰਤੀ ਲਹਿਜੇ ਨਾਲ ਹੋਂਦ ਵਿਚ ਆਇਆ ਸੀ। ਲੋਕ ਸਭਾ ਚੋਣਾਂ ਵਿਚ ਦੋਹਾਂ ਧਿਰਾਂ ਨੇ ਜਿੱਤਾਂ ਵੀ ਹਾਸਲ ਕੀਤੀਆਂ ਸਨ। ਥੋੜ੍ਹੇ ਸਮੇਂ ਮਗਰੋਂ ਹੀ ਇਹ ਗੱਠਜੋੜ ਟੁੱਟ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਨੇ ਬਸਪਾ ਨਾਲੋਂ ਨਾਤਾ ਤੋੜ ਕੇ ਭਾਜਪਾ ਨਾਲ ਤੰਦ ਜੋੜ ਲਏ ਸਨ ਅਤੇ ਬਿਨਾਂ ਸ਼ਰਤ ਭਾਜਪਾ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਖੇਤੀ ਕਾਨੂੰਨਾਂ ਦੇ ਪਏ ਰੱਫੜ ਤੱਕ ਇਹ ਗੱਠਜੋੜ ਜਾਰੀ ਰਿਹਾ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਜੂਨ 2021 ਵਿਚ ਜੋ ਅਕਾਲੀ ਦਲ ਤੇ ਬਸਪਾ ਵਿਚ ਗੱਠਜੋੜ ਹੋਇਆ ਸੀ, ਜੋ ਦੋਹਾਂ ਧਿਰਾਂ ਦੀ ਮੌਕਾਪ੍ਰਸਤੀ ਦੀ ਉਪਜ ਸੀ। ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਤਿੰਨ ਸੀਟਾਂ 'ਤੇ ਸਿਮਟ ਗਿਆ ਅਤੇ ਬਸਪਾ ਇਕ ਸੀਟ ਜਿੱਤ ਸਕੀ ਹੈ। ਸਾਲ 2017 ਦੀਆਂ ਚੋਣਾਂ ਵਿਚ ਤਾਂ ਬਸਪਾ ਸਿਰਫ ਡੇਢ ਫੀਸਦੀ ਵੋਟ ਸ਼ੇਅਰ 'ਤੇ ਹੀ ਆ ਗਈ ਹੈ। ਹੁਣ ਜਦੋਂ ਜਲੰਧਰ ਦੀ ਜ਼ਿਮਨੀ ਚੋਣ ਜਲਦ ਆ ਰਹੀ ਹੈ ਤਾਂ ਇਸ ਗੱਠਜੋੜ ਦੇ ਭਵਿੱਖ ਨੂੰ ਲੈ ਕੇ ਸਭਨਾਂ ਦੀ ਨਜ਼ਰ ਹੈ।

ਜਲੰਧਰ ਲੋਕ ਸਭਾ ਹਲਕੇ ਵਿਚ ਨੌਂ ਵਿਧਾਨ ਸਭਾ ਹਲਕੇ ਪੈਂਦੇ ਹਨ ਜਿਨ੍ਹਾਂ 'ਚੋਂ ਚਾਰ ਰਾਖਵੇਂ ਹਨ। ਇਸ ਲੋਕ ਸਭਾ ਹਲਕੇ ਵਿਚ ਦਲਿਤ ਵੋਟ ਬੈਂਕ ਭਾਰੂ ਹੈ। ਜੇ ਕਿਤੇ ਬਸਪਾ ਨੇ ਆਪਣੇ ਰਾਹ ਵੱਖ ਕਰ ਲਏ ਤਾਂ ਸ਼੍ਰੋਮਣੀ ਅਕਾਲੀ ਦਲ ਲਈ ਇਹ ਵੱਡਾ ਝਟਕਾ ਹੋਵੇਗਾ।

ਭਾਜਪਾ ਨੂੰ ਇਸ ਗੱਲ ਦੀ ਢਾਰਸ ਹੈ ਕਿ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਉਨ੍ਹਾਂ ਦੀ ਕਾਰਗੁਜ਼ਾਰੀ ਅਕਾਲੀ ਦਲ ਦੇ ਉਮੀਦਵਾਰ ਤੋਂ ਬਿਹਤਰ ਰਹੀ ਹੈ ਅਤੇ ਕਾਂਗਰਸੀ ਉਮੀਦਵਾਰ ਨੂੰ ਪਈਆਂ ਵੋਟਾਂ ਦੇ ਨੇੜੇ ਪੁੱਜੀ ਹੈ। ਭਾਜਪਾ ਜ਼ਿਮਨੀ ਚੋਣ ਵਿਚ ਇਕੱਲੇ ਤੌਰ 'ਤੇ ਹੱਥ ਅਜ਼ਮਾਏਗੀ ਅਤੇ ਇਸ ਤਰ੍ਹਾਂ ਦੇ ਹਾਲਾਤ ਵਿਚ ਭਾਜਪਾ ਜ਼ਿਮਨੀ ਚੋਣ ਵਿਚ ਅਕਾਲੀ ਦਲ ਨਾਲੋਂ ਬਿਹਤਰ ਕਾਰਗੁਜ਼ਾਰੀ ਦਿਖਾ ਜਾਂਦੀ ਹੈ ਤਾਂ ਇਹ ਜ਼ਿਮਨੀ ਚੋਣ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਸੰਭਾਵੀ ਗੱਠਜੋੜ ਦਾ ਭਵਿੱਖ ਵੀ ਤੈਅ ਕਰੇਗੀ।

### ਪੰਜਾਬ 'ਚ ਅਕਾਲੀ-ਬਸਪਾ ਗੱਠਜੋੜ ਕਾਇਮ ਰਹੇਗਾ: ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਪੰਜਾਬ ਵਿਚ ਬਸਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਗੱਠਜੋੜ ਕਾਇਮ ਰਹੇਗਾ। ਸ੍ਰੀ ਚੀਮਾ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਵਿਚਾਲੇ ਗੱਠਜੋੜ ਕਾਇਮ ਰਹੇਗਾ। ਇਹ ਗੱਠਜੋੜ ਭਵਿੱਖ ਵਿਚ ਵੀ ਚੋਣਾਂ ਇਕੱਠਿਆਂ ਲੜੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਬਸਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਵੱਲੋਂ ਇਸ ਸਬੰਧੀ ਸਥਿਤੀ ਨੂੰ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਇਹ ਬਿਆਨ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗੱਠਜੋੜ ਬਾਰੇ ਨਹੀਂ ਸੀ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**Indiana/MI**
Harkirat Singh Ahluwalia
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼੍ਰੋਮਣੀ ਕਮੇਟੀ ਵੱਲੋਂ ਯੂਟਿਊਬ ਚੈਨਲ ਨੂੰ ਅਪਗਰੇਡ ਕਰਨ ਦਾ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਕਰਨ ਲਈ ਆਪਣਾ ਚੈਨਲ ਸ਼ੁਰੂ ਕਰਨ ਵਿਚ ਹੁਣ ਤੱਕ ਕਾਮਯਾਬ ਨਹੀਂ ਹੋਈ ਪਰ ਉਸ ਨੇ ਆਪਣੇ ਯੂਟਿਊਬ ਚੈਨਲ ਨੂੰ ਅਪਗਰੇਡ ਕਰਨ ਦਾ ਫੈਸਲਾ ਕੀਤਾ ਹੈ ਜਿਸ ਲਈ ਇਕ ਸਬ ਕਮੇਟੀ ਬਣਾਈ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸਿੱਖ ਸੰਸਥਾ ਨੇ ਆਪਣੇ ਯੂਟਿਊਬ ਚੈਨਲ ਨੂੰ ਅਪਗਰੇਡ ਕਰਨ ਤੇ ਆਪਣਾ ਨਿੱਜੀ ਚੈਨਲ ਸ਼ੁਰੂ ਕਰਨ ਬਾਰੇ ਇਕ ਸਬ ਕਮੇਟੀ ਬਣਾਈ ਹੈ ਜੋ ਇਨ੍ਹਾਂ ਦੋਹਾਂ ਮੁੱਦਿਆਂ 'ਤੇ ਕੰਮ ਕਰੇਗੀ। ਸਬ ਕਮੇਟੀ ਪਤਾ ਲਾਵੇਗੀ ਕਿ ਆਪਣਾ ਨਿੱਜੀ ਚੈਨਲ ਸ਼ੁਰੂ ਕਰਨ ਲਈ ਕੀ ਕੁਝ ਲੋੜੀਂਦਾ ਹੈ ਅਤੇ ਇਸ ਨੂੰ ਕਿਵੇਂ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਗਿਆ ਸੀ ਜਿਸ ਤਹਿਤ ਕੰਮ ਕੀਤਾ ਜਾ ਰਿਹਾ ਹੈ।



ਵੇਰਵਿਆਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਸਬੰਧੀ ਇਕ ਨਿੱਜੀ ਟੀਵੀ ਚੈਨਲ ਨਾਲ ਸਮਝੌਤੇ ਦੀ ਮਿਆਦ ਵੀ ਇਸ ਵਰ੍ਹੇ ਜੁਲਾਈ ਮਹੀਨੇ ਵਿਚ ਖਤਮ ਹੋਣ ਜਾ ਰਹੀ ਹੈ ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਆਪਣੇ ਚੈਨਲ ਤੋਂ ਕਰਨ ਨੂੰ ਤਰਜੀਹ ਦੇਵੇਗੀ। ਇਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਇਕ ਯੂਟਿਊਬ ਚੈਨਲ ਸ਼ੁਰੂ ਕੀਤਾ ਗਿਆ ਹੈ ਜਿਸ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਨੂੰ ਆਡੀਓ ਰਾਹੀਂ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਫਿਲਹਾਲ ਇਸ ਉਪਰ ਵੀਡੀਓ ਰਾਹੀਂ ਪ੍ਰਸਾਰਨ ਉਪਲਬਧ ਨਹੀਂ ਹੈ। ਇਸ ਚੈਨਲ 'ਤੇ ਹੋਰ ਗਤੀਵਿਧੀਆਂ ਵੀ ਦਿਖਾਈਆਂ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਮੁਤਾਬਕ ਇਸ ਚੈਨਲ ਨੂੰ ਜਲਦੀ ਹੀ ਅਪਗਰੇਡ ਕੀਤਾ ਜਾਵੇਗਾ।

## ਸਿਮਰਜੀਤ ਬੈਂਸ ਨੂੰ ਹਾਈ ਕੋਰਟ ਤੋਂ ਰਾਹਤ

**ਲੁਧਿਆਣਾ:** ਪੰਜਾਬ 'ਚ ਲੋਕ ਇਨਸਾਫ ਪਾਰਟੀ ਦੇ ਸੁਪਰੀਮੋ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਲੁਧਿਆਣਾ 'ਚ 8 ਫਰਵਰੀ 2022 ਨੂੰ ਦਰਜ ਝਗੜੇ ਦੇ ਕੇਸ 'ਚ ਉਨ੍ਹਾਂ ਨੂੰ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਹਾਲੇ ਜਬਰ ਜਨਾਹ ਦੇ ਮਾਮਲੇ ਵਿਚ ਫੈਸਲਾ ਬਕਾਇਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਲੁਧਿਆਣਾ ਦੇ ਡਾਬਾ ਇਲਾਕੇ 'ਚ ਹੋਏ ਝਗੜੇ ਸਬੰਧੀ ਪੁਲਿਸ ਨੇ ਬੈਂਸ ਸਣੇ ਹੋਰ ਲੋਕਾਂ 'ਤੇ ਕੇਸ ਦਰਜ ਕੀਤਾ ਸੀ। ਹਾਲਾਂਕਿ ਬੈਂਸ 'ਤੇ ਇਸ ਤੋਂ ਇਲਾਵਾ ਜਬਰ ਜਨਾਹ ਦਾ ਕੇਸ ਵੀ ਦਰਜ ਹੈ। ਪਿਛਲੇ ਸਾਲ ਫਰਵਰੀ ਵਿਚ ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸੀ ਉਮੀਦਵਾਰ ਕਮਲਜੀਤ ਸਿੰਘ ਕੜਵਲ ਤੇ ਬੈਂਸ ਦੇ ਸਮਰਥਕਾਂ ਵਿਚ ਲੜਾਈ ਹੋ ਗਈ ਸੀ। ਇਸ ਮੌਕੇ ਗੋਲੀ ਵੀ ਚੱਲੀ ਸੀ। ਇਸ ਮਗਰੋਂ ਕੜਵਲ ਦੇ ਸਾਥੀ ਦੀ ਸ਼ਿਕਾਇਤ 'ਤੇ ਸਾਬਕਾ ਵਿਧਾਇਕ ਬੈਂਸ, ਉਨ੍ਹਾਂ ਦੇ ਭਰਾ ਸਣੇ ਹੋਰਨਾਂ ਖਿਲਾਫ ਕਤਲ ਦੀ ਕੋਸ਼ਿਸ਼ ਸਣੇ ਕਈ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

## ਮੈਡੀਕਲ ਕਾਲਜ: ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਲੜਾਈ ਲੜਨ ਦਾ ਐਲਾਨ

**ਸੰਗਰੂਰ:** ਮਸਤੂਆਣਾ ਸਾਹਿਬ ਵਿਖੇ ਮੈਡੀਕਲ ਕਾਲਜ ਲਈ ਪੰਜਾਬ ਸਰਕਾਰ ਦੇ ਨਾਂ ਹੋਈ ਗੁਰੂ ਘਰ ਦੀ ਜ਼ਮੀਨ ਦੀ ਰਜਿਸਟਰੀ ਰੱਦ ਕਰਾਉਣ ਲਈ ਡਿਪਟੀ ਕਮਿਸ਼ਨਰ ਦਫਤਰ ਅੱਗੇ ਚੱਲ ਰਿਹਾ ਰੋਸ ਧਰਨਾ ਸਮਾਪਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਜਿਸਟਰੀ ਨੂੰ ਚੁਣੌਤੀ ਦੇਣ ਅਤੇ ਕਾਨੂੰਨੀ ਲੜਾਈ ਲੜਨ ਦਾ ਐਲਾਨ ਕੀਤਾ ਗਿਆ ਹੈ। ਐਸ.ਜੀ.ਪੀ.ਸੀ. ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਹੇਠ ਮੈਂਬਰਾਂ ਵੱਲੋਂ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਨੂੰ ਲਿਖਤੀ ਸ਼ਿਕਾਇਤ ਸੌਂਪਦਿਆਂ ਗਲਤ ਰਜਿਸਟਰੀ ਕਰਨ ਤੇ ਕਰਾਉਣ ਵਾਲਿਆਂ ਖਿਲਾਫ ਕਾਨੂੰਨ ਅਨੁਸਾਰ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ।

ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤਰਫੋਂ ਵਿਸ਼ੇਸ਼ ਤੌਰ 'ਤੇ ਧਰਨੇ 'ਚ ਪੁੱਜੇ ਐਸ.ਜੀ.ਪੀ.ਸੀ. ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਮੈਡੀਕਲ ਕਾਲਜ ਲਈ ਸਰਕਾਰ ਨੂੰ ਦਿੱਤੀ ਜ਼ਮੀਨ ਐਸ.ਜੀ.ਪੀ.ਸੀ. ਦੀ ਮਲਕੀਅਤ ਹੈ। ਇਸ ਦੀ ਇਕ ਧਿਰ ਨੇ ਸਰਕਾਰ ਦੇ ਨਾਂ ਗਲਤ ਰਜਿਸਟਰੀ ਕਰਵਾ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਕਿ ਐਸ.ਜੀ.ਪੀ.ਸੀ. ਮੈਡੀਕਲ ਕਾਲਜ ਨਹੀਂ ਬਣਨ ਦੇ ਰਹੀ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ. ਕਿਸੇ ਵੀ ਤਰ੍ਹਾਂ ਕਾਲਜ ਦੇ ਰਾਹ 'ਚ ਅੜਿੱਕਾ ਨਹੀਂ ਹੈ ਸਗੋਂ ਸਰਕਾਰ ਦੀ ਹੀ ਨੀਅਤ ਸਾਫ ਨਹੀਂ ਹੈ। ਸ੍ਰੀ ਗਰੇਵਾਲ ਨੇ ਕਿਹਾ ਕਿ ਜਿਸ ਦੀ ਜ਼ਮੀਨ ਹੈ, ਸਰਕਾਰ ਜ਼ਮੀਨ ਲੈਣ ਲਈ ਜ਼ਮੀਨ ਦੇ ਮਾਲਕ ਨਾਲ ਗੱਲ ਕਰੇ।

## ਪੱਕਾ ਮੋਰਚਾ: ਸਿੱਖ ਜਥੇਬੰਦੀਆਂ ਗਣਤੰਤਰ ਦਿਵਸ ਮੌਕੇ ਪੈਦਲ ਮਾਰਚ ਕਰਨਗੀਆਂ

**ਮੁਹਾਲੀ:** ਕੌਮੀ ਇਨਸਾਫ ਮੋਰਚਾ, ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦਾ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉਤੇ ਪੱਕਾ ਮੋਰਚਾ ਜਾਰੀ ਹੈ। ਵੱਡੀ ਗਿਣਤੀ ਵਿਚ ਸਿੱਖਾਂ ਨੇ ਜੈਕਾਰੇ ਛੱਡਦੇ ਹੋਏ ਹੁਕਮਰਾਨਾਂ ਖਿਲਾਫ ਭੜਾਸ ਕੱਢੀ।

ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਆਦਿ ਮੁੱਦਿਆਂ 'ਤੇ ਸਮੇਂ ਦੀਆਂ ਸਰਕਾਰਾਂ ਦੀ ਅਣਦੇਖੀ ਦੇ ਚੱਲਦਿਆਂ ਸਿੱਖਾਂ ਦਾ ਰੋਹ ਲਗਾਤਾਰ ਭਖਦਾ ਜਾ ਰਿਹਾ ਹੈ ਅਤੇ ਰੋਜ਼ਾਨਾ ਵੱਡੀ ਗਿਣਤੀ ਵਿਚ ਸੰਗਤ ਜੁੜ ਰਹੀ ਹੈ। ਹੁਣ ਪੰਜਾਬ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਵੀ ਸਿੱਖਾਂ ਦੇ ਸੰਘਰਸ਼ ਦੀ ਹਮਾਇਤ ਕਰਕੇ ਹੁਕਮਰਾਨਾਂ ਦੀ ਨੀਂਦ ਉਡਾ ਦਿੱਤੀ ਹੈ।

ਬਾਪੂ ਗੁਰਚਰਨ ਸਿੰਘ, ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੇ ਸੀਨੀਅਰ ਵਕੀਲ ਅਮਰ ਸਿੰਘ ਚਾਹਲ, ਦਿਲਸ਼ੇਰ ਸਿੰਘ ਅਤੇ ਹੋਰਨਾਂ ਬੁਲਾਰਿਆਂ ਨੇ ਕਿਹਾ ਕਿ ਹੁਕਮਰਾਨਾਂ ਨੂੰ ਸਿੱਖਾਂ ਦੇ ਸਬਰ ਦੀ ਹੋਰ ਪ੍ਰੀਖਿਆ ਨਾ ਲੈਣ ਲਈ ਵਰਜਦਿਆਂ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਇਨਸਾਫ ਲਈ ਪੈਦਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਦਹਾਕਿਆਂ ਤੋਂ ਸਿੱਖਾਂ ਨਾਲ ਬੇਇਨਸਾਫੀਆਂ ਕੀਤੀਆਂ ਜਾ ਰਹੀਆਂ ਹਨ। ਨਤੀਜੇ ਵਜੋਂ ਸਿੱਖਾਂ ਨੂੰ ਕੜਾਕੇ ਦੀ ਠੰਢ ਵਿਚ ਸੜਕਾਂ 'ਤੇ ਆਉਣਾ ਪਿਆ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਭਗਵੰਤ ਮਾਨ ਨੂੰ ਕਿਸੇ ਹੋਰ ਦੇ ਦਬਾਅ ਹੇਠ ਕੰਮ ਨਾ ਕਰਨ ਦੀ ਸਲਾਹ

**ਹੁਸ਼ਿਆਰਪੁਰ:** ਮੁੱਖ ਮੰਤਰੀ ਭਗਵੰਤ ਮਾਨ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਦੇ ਰਿਮੋਟ ਕੰਟਰੋਲ ਹੇਠ ਨਹੀਂ ਰਹਿਣਾ ਚਾਹੀਦਾ ਅਤੇ ਉਨ੍ਹਾਂ ਆਜ਼ਾਦ ਢੰਗ ਨਾਲ ਸਰਕਾਰ ਚਲਾਉਣੀ ਚਾਹੀਦੀ ਹੈ।

ਸ੍ਰੀ ਗਾਂਧੀ ਨੇ ਭਾਰਤ ਜੋੜੋ ਯਾਤਰਾ ਦੌਰਾਨ ਇਥੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਨੂੰ ਪੰਜਾਬ ਤੋਂ ਚਲਾਉਣਾ ਚਾਹੀਦਾ ਹੈ, ਦਿੱਲੀ ਤੋਂ ਨਹੀਂ। ਉਨ੍ਹਾਂ ਕਿਹਾ, "ਮੈਂ ਭਗਵੰਤ ਮਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਪੰਜਾਬ ਦੇ ਮੁੱਖ ਮੰਤਰੀ ਹੋ। ਪੰਜਾਬ ਨੂੰ ਪੰਜਾਬ ਤੋਂ ਹੀ ਚਲਾਇਆ ਜਾਣਾ ਚਾਹੀਦਾ ਹੈ। ਭਗਵੰਤ ਮਾਨ ਨੂੰ ਕੇਜਰੀਵਾਲ ਜੀ ਅਤੇ ਦਿੱਲੀ ਦੇ ਦਬਾਅ ਹੇਠ ਨਹੀਂ ਆਉਣਾ ਚਾਹੀਦਾ। ਤੁਹਾਨੂੰ ਆਜ਼ਾਦ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਕਿਸੇ ਦੇ ਰਿਮੋਟ ਕੰਟਰੋਲ ਹੇਠ ਨਹੀਂ ਆਉਣਾ ਚਾਹੀਦਾ।" ਜ਼ਿਕਰਯੋਗ ਹੈ ਕਿ ਭਗਵੰਤ ਮਾਨ ਨੂੰ ਵਿਰੋਧੀ ਧਿਰਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਨ੍ਹਾਂ ਵੱਲੋਂ ਦੋਸ਼ ਲਾਇਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਦੇ ਸਾਰੇ ਵੱਡੇ ਫੈਸਲੇ ਦਿੱਲੀ 'ਚ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਲਏ ਜਾ ਰਹੇ ਹਨ।

## ਲੋਕ ਸੰਘਰਸ਼ ਨੇ ਸਰਕਾਰ ਝੁਕਾਈ

*(ਪਹਿਲੇ ਸਫੇ ਦੀ ਬਾਕੀ)*

ਪੰਜਾਬ ਸਰਕਾਰ ਨੇ ਕੁਝ ਸਮਾਂ ਪਹਿਲਾਂ ਹੀ ਪ੍ਰਦੂਸ਼ਣ ਦੇ ਕਾਰਨਾਂ ਦੀ ਜਾਂਚ ਲਈ ਚਾਰ ਕਮੇਟੀਆਂ ਬਣਾਈਆਂ ਸਨ ਜਿਨ੍ਹਾਂ ਨੇ ਮਿੱਟੀ ਅਤੇ ਪਾਣੀ ਦੇ ਨਮੂਨੇ ਲਏ ਸਨ। ਜ਼ੀਰਾ ਦੇ ਪਿੰਡਾਂ ਦੇ ਲੋਕਾਂ ਦੀ ਸ਼ਿਕਾਇਤ ਸੀ ਕਿ ਜ਼ੀਰਾ ਸ਼ਰਾਬ ਫੈਕਟਰੀ ਦਾ ਪਾਣੀ ਧਰਤੀ ਵਿਚ ਪਾਇਆ ਜਾ ਰਿਹਾ ਹੈ ਅਤੇ ਇਸ ਨਾਲ ਇਲਾਕੇ ਦਾ ਧਰਤੀ ਹੇਠਲਾ ਪਾਣੀ ਖਰਾਬ ਹੋ ਰਿਹਾ ਹੈ ਜੋ ਸਿਹਤ ਅਤੇ ਪਸ਼ੂ ਧਨ ਲਈ ਨੁਕਸਾਨ ਦਾ ਕਾਰਨ ਬਣ ਰਿਹਾ ਹੈ। ਸ਼ਰਾਬ ਫੈਕਟਰੀ ਦੇ ਮਾਲਕ ਨੇ ਲੰਮਾ ਸਮਾਂ ਫੈਕਟਰੀ ਬੰਦ ਹੋਣ ਕਰ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ ਤੱਕ ਵੀ ਪਹੁੰਚ ਕੀਤੀ ਸੀ ਤੇ ਹਾਈਕੋਰਟ ਨੇ ਇਸ ਬਾਬਤ ਜਸਟਿਸ ਆਰ.ਕੇ. ਨਹਿਰੂ ਦੀ ਅਗਵਾਈ ਵਿਚ ਕਮੇਟੀ ਬਣਾਈ ਸੀ। ਨਹਿਰੂ ਕਮੇਟੀ ਫਿਰੋਜ਼ਪੁਰ ਦੇ ਉਚ ਅਫਸਰਾਂ ਨਾਲ ਮੀਟਿੰਗ ਕਰ ਹੀ ਰਹੀ ਸੀ ਕਿ ਮੁੱਖ ਮੰਤਰੀ ਦੇ ਹੁਕਮ ਆ ਗਏ ਕਿ ਫੈਕਟਰੀ ਬੰਦ ਕਰ ਦਿੱਤੀ ਗਈ ਹੈ।

ਮੁੱਖ ਮੰਤਰੀ ਦੇ ਫੈਸਲੇ ਤੋਂ ਚਰਚੇ ਛਿੜੇ ਹਨ ਕਿ ਕਿਹੜੇ ਕਾਰਨਾਂ ਨੇ ਉਨ੍ਹਾਂ ਨੂੰ ਫੈਸਲਾ ਲੈਣ ਲਈ ਮਜਬੂਰ ਕੀਤਾ ਹੈ। ਇਸ ਪਿੱਛੇ ਜਲੰਧਰ ਦੀ ਜ਼ਿਮਨੀ ਚੋਣ ਨੂੰ ਵੀ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਯਾਦ ਰਹੇ ਕਿ ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਦੌਰਾਨ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੇ ਅਚਾਨਕ ਦੇਹਾਂਤ ਮਗਰੋਂ ਜਲੰਧਰ ਲੋਕ ਸਭਾ ਹਲਕੇ ਦੀ ਉਪ ਚੋਣ ਨੇ ਸਿਆਸੀ ਮਾਹੌਲ ਇਕਦਮ ਭਖਾ ਦਿੱਤਾ ਹੈ। ਪੰਜਾਬ ਵਿਚ ਭਾਰੀ ਬਹੁਮਤ ਨਾਲ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਥੋੜ੍ਹੇ ਸਮੇਂ ਦੇ ਹੀ ਕਾਰਜਕਾਲ ਦੌਰਾਨ ਲੋਕ ਸਭਾ ਦੀ ਇਹ ਦੂਜੀ ਉਪ-ਚੋਣ ਹੋਵੇਗੀ। ਪਹਿਲੀ ਉਪ-ਚੋਣ ਸੰਗਰੂਰ ਲੋਕ ਸਭਾ ਹਲਕੇ ਦੀ ਹੋਈ ਸੀ, ਜਿੱਥੇ ਭਗਵੰਤ ਮਾਨ ਨੇ ਮੁੱਖ ਮੰਤਰੀ ਬਣਨ ਮਗਰੋਂ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ। 'ਆਪ' ਸਰਕਾਰ ਬਣਨ ਦੇ ਤਿੰਨ ਮਹੀਨੇ ਮਗਰੋਂ ਹੀ ਪਾਰਟੀ ਚੋਣ ਹਾਰ ਗਈ ਸੀ।

ਜ਼ੀਰਾ ਮੋਰਚੇ ਤੋਂ ਇਲਾਵਾ ਜਲੰਧਰ ਵਿਚ ਹੀ ਲਤੀਫਪੁਰਾ ਦੇ ਉਜਾੜੇ ਖਿਲਾਫ ਧਰਨਾ ਲੱਗਾ ਹੋਇਆ ਹੈ। ਪੰਜਾਬ ਸਰਕਾਰ ਜਲੰਧਰ ਦੀ ਜ਼ਿਮਨੀ ਚੋਣ ਦੇ ਐਲਾਨ ਤੋਂ ਪਹਿਲਾਂ ਲਤੀਫਪੁਰਾ ਦੇ ਉਜਾੜੇ ਦਾ ਮਾਮਲਾ ਵੀ ਨਜਿੱਠਣ ਦੇ ਰੌਅ ਵਿਚ ਜਾਪਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਲਤੀਫਪੁਰਾ ਦੇ ਮਸਲੇ ਦੇ ਹੱਲ ਲਈ ਉਚ ਪੱਧਰੀ ਮੀਟਿੰਗ ਬੁਲਾਈ ਤੇ ਇਹ ਮਸਲੇ ਦੇ ਤੁਰਤ ਹੱਲ ਬਾਰੇ ਚਰਚਾ ਕੀਤੀ ਹੈ। ਨਗਰ ਸੁਧਾਰ ਟਰੱਸਟ ਜਲੰਧਰ ਵੱਲੋਂ ਲਤੀਫਪੁਰਾ ਵਿਚ ਉਸਰੇ ਘਰਾਂ 'ਤੇ ਬੁਲਡੋਜ਼ਰ ਚਲਾਇਆ ਗਿਆ ਸੀ ਜਿਸ ਕਾਰਨ ਕਈ ਹਫਤਿਆਂ ਤੋਂ ਇਹ ਪਰਿਵਾਰ ਸੜਕਾਂ 'ਤੇ ਤੰਬੂ ਲਾ ਕੇ ਰਹਿਣ ਲਈ ਮਜਬੂਰ ਹਨ। ਲਤੀਫਪੁਰਾ ਉਜਾੜੇ ਦੇ ਇਨਸਾਫ ਲਈ ਸੰਘਰਸ਼ ਜਾਰੀ ਹੈ। ਇਨ੍ਹਾਂ 'ਚ ਜ਼ਿਆਦਾਤਰ ਪਰਿਵਾਰ ਉਹ ਹਨ ਜਿਹੜੇ ਵੰਡ ਵੇਲੇ ਪਾਕਿਸਤਾਨ ਵਿਚੋਂ ਉੱਜੜ ਕੇ ਆਏ ਸਨ। ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਇਸ ਮਸਲੇ ਦੇ ਹੱਲ ਲਈ ਬਹੁਤੀ ਸੰਜੀਦਗੀ ਨਹੀਂ ਦਿਖਾਈ ਸੀ ਪਰ ਹੁਣ ਜਦੋਂ ਜਲੰਧਰ ਦੀ ਜ਼ਿਮਨੀ ਚੋਣ ਹੋਣ ਦੀ ਸੰਭਾਵਨਾ ਹੈ ਤਾਂ ਪੰਜਾਬ ਸਰਕਾਰ ਇਸ ਮਾਮਲੇ ਨੂੰ ਬਹੁਤਾ ਲਮਕਾਉਣਾ ਨਹੀਂ ਚਾਹੁੰਦੀ।

## ਕਬੱਡੀ ਖਿਡਾਰੀ ਅਮਰੀ ਪੱਤੋ ਦੀ ਕੈਨੇਡਾ ਵਿਚ ਮੌਤ


**ਨਿਹਾਲ ਸਿੰਘ ਵਾਲਾ:** ਪਿੰਡ ਪੱਤੋ ਹੀਰਾ ਸਿੰਘ ਦੇ ਕਬੱਡੀ ਖਿਡਾਰੀ ਅਮਰਪ੍ਰੀਤ ਅਮਰੀ ਪੁੱਤਰ ਬਲਦੇਵ ਸਿੰਘ ਬੇਗਾ ਦੀ ਕੈਨੇਡਾ ਦੇ ਸਰੀ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। 29 ਸਾਲਾ ਅਮਰਪ੍ਰੀਤ ਦਸੰਬਰ ਮਹੀਨੇ ਹੀ ਕੈਨੇਡਾ ਗਿਆ ਸੀ। ਅਮਰੀ ਦੇ ਭਰਾ ਅਰਸ਼ ਫੌਜੀ ਨੇ ਦੱਸਿਆ ਕਿ ਅਮਰੀ ਦੀ ਪਤਨੀ ਨੇ ਕੰਮ ਤੋਂ ਵਾਪਸ ਆ ਕੇ ਬੇਹੋਸ਼ ਪਏ ਨੂੰ ਦੇਖਿਆ ਤਾਂ ਪੁਲਿਸ ਨੂੰ ਸੂਚਿਤ ਕੀਤਾ। ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਦੀ ਮੌਤ ਦਿਲ ਦੌਰਾ ਪੈਣ ਕਾਰਨ ਹੋਈ ਹੈ। ਅਮਰੀ ਆਜ਼ਾਦ ਅਕੈਡਮੀ ਘੱਲ ਕਲਾਂ ਦਾ ਧਾਵੀ ਸੀ। ਖਿਡਾਰੀ ਦੀ ਮੌਤ ਕਾਰਨ ਪਿੰਡ ਅਤੇ ਕਬੱਡੀ ਪ੍ਰੇਮੀਆਂ ਵਿਚ ਸੋਗ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਜਲੰਧਰ ਉਪ ਚੋਣ: 'ਆਪ' ਨੂੰ ਇਕ ਹੋਰ ਚੁਣੌਤੀ

**ਜਲੰਧਰ:** ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਦੌਰਾਨ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੇ ਅਚਾਨਕ ਦੇਹਾਂਤ ਮਗਰੋਂ ਜਲੰਧਰ ਲੋਕ ਸਭਾ ਹਲਕੇ ਵਿਚ ਉਪ ਚੋਣ ਹੋਣ ਦੀ ਚਰਚਾ ਛਿੜ ਗਈ ਹੈ। ਲੋਕ ਸਭਾ ਦੀਆਂ 2024 ਵਿਚ ਹੋਣ ਵਾਲੀਆਂ ਆਮ ਚੋਣਾਂ ਲਈ ਅਜੇ 16 ਮਹੀਨਿਆਂ ਦਾ ਸਮਾਂ ਪਿਆ ਹੈ। ਲੋਕ ਪ੍ਰਤੀਨਿਧਤਾ ਐਕਟ 1951 ਅਨੁਸਾਰ ਕਿਸੇ ਸੰਸਦ ਮੈਂਬਰ ਜਾਂ ਵਿਧਾਇਕ ਦੀ ਮੌਤ ਹੋਣ ਦੇ ਛੇ ਮਹੀਨਿਆਂ ਅੰਦਰ ਉਪ-ਚੋਣ ਕਰਵਾਉਣੀ ਲਾਜ਼ਮੀ ਹੁੰਦੀ ਹੈ। ਚੌਧਰੀ ਸੰਤੋਖ ਸਿੰਘ ਦੀ ਮੌਤ ਨਾਲ ਜਿੱਥੇ ਕਾਂਗਰਸ ਦੀ ਸਿਆਸਤ ਵਿਚ ਹਲਚਲ ਹੋਵੇਗੀ, ਉਥੇ ਇਸ ਦਾ ਅਸਰ ਪੰਜਾਬ ਦੀ ਸਿਆਸਤ 'ਤੇ ਵੀ ਪੈਣ ਦੀਆਂ ਸੰਭਾਵਨਾਵਾਂ ਹਨ। ਪੰਜਾਬ ਵਿਚ ਭਾਰੀ ਬਹੁਮਤ ਨਾਲ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਥੋੜ੍ਹੇ ਸਮੇਂ ਦੇ ਹੀ ਕਾਰਜਕਾਲ ਦੌਰਾਨ ਲੋਕ ਸਭਾ ਦੀ ਇਹ ਦੂਜੀ ਉਪ-ਚੋਣ ਹੋਵੇਗੀ। ਪਹਿਲੀ ਉਪ-ਚੋਣ ਸੰਗਰੂਰ ਲੋਕ ਸਭਾ ਹਲਕੇ ਦੀ ਹੋਈ ਸੀ, ਜਿੱਥੇ ਭਗਵੰਤ ਮਾਨ ਨੇ ਮੁੱਖ ਮੰਤਰੀ ਬਣਨ ਮਗਰੋਂ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। 'ਆਪ' ਸਰਕਾਰ ਬਣਨ ਦੇ ਤਿੰਨ ਮਹੀਨੇ ਮਗਰੋਂ ਹੀ ਪਾਰਟੀ ਚੋਣ ਹਾਰ ਗਈ ਸੀ।



ਕਾਂਗਰਸ ਇਹ ਮੰਨ ਕੇ ਚੱਲ ਰਹੀ ਹੈ ਕਿ ਚੌਧਰੀ ਸੰਤੋਖ ਸਿੰਘ ਦਾ ਅਕਸ ਦੂਜੇ ਆਗੂਆਂ ਨਾਲੋਂ ਕਿਤੇ ਬਿਹਤਰ ਰਿਹਾ ਹੈ, ਜਿਸ ਕਾਰਨ ਟਿਕਟ ਉਨ੍ਹਾਂ ਦੇ ਪਰਿਵਾਰ ਨੂੰ ਦਿੱਤੇ ਜਾਣ ਨਾਲ ਹਮਦਰਦੀ ਵੋਟ ਵੀ ਮਿਲੇਗੀ ਤੇ ਇਸ ਦਾ ਅਸਰ 2024 ਦੀਆਂ ਆਮ ਚੋਣਾਂ 'ਤੇ ਵੀ ਪਵੇਗਾ। ਕਾਂਗਰਸੀਆਂ ਵਿੱਚ ਚਰਚਾ ਹੋ ਰਹੀ ਹੈ ਕਿ ਉਪ-ਚੋਣ ਲਈ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਨੂੰ ਟਿਕਟ ਮਿਲਣੀ ਚਾਹੀਦੀ ਹੈ।

ਸੰਤੋਖ ਸਿੰਘ ਨੇ ਵਿਧਾਨ ਸਭਾ ਹਲਕਾ ਫਿਲੌਰ (ਰਾਖਵਾਂ) ਤੋਂ 1992 ਅਤੇ 2002 ਦੌਰਾਨ ਬਤੌਰ ਵਿਧਾਇਕ ਨੁਮਾਇੰਦਗੀ ਕੀਤੀ। ਸਾਲ 2007 ਦੌਰਾਨ ਉਹ ਸਿਰਫ 273 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਇਸ ਤੋਂ ਅਗਲੀਆਂ ਵਿਧਾਨ ਸਭਾ ਚੋਣਾਂ 2012 ਦੌਰਾਨ ਉਹ ਫਿਰ ਸਿਰਫ 31 ਵੋਟਾਂ ਨਾਲ ਹਾਰ ਗਏ ਸਨ। ਉਪਰੰਤ ਸਾਲ 2014 ਦੌਰਾਨ ਉਨ੍ਹਾਂ ਲੋਕ ਸਭਾ ਹਲਕਾ ਜਲੰਧਰ ਤੋਂ ਚੋਣ ਲੜੀ ਤੇ 70,981 ਵੋਟਾਂ ਦੇ ਫਰਕ ਨਾਲ ਵਿਰੋਧੀ ਪਵਨ ਕੁਮਾਰ ਟੀਨੂ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੰਤੋਖ ਸਿੰਘ 19,491 ਵੋਟਾਂ ਦੇ ਫਰਕ ਨਾਲ ਚਰਨਜੀਤ ਸਿੰਘ ਅਟਵਾਲ ਨੂੰ ਹਰਾ ਕੇ ਸੰਸਦ ਮੈਂਬਰ ਬਣੇ। ਉਨ੍ਹਾਂ ਦੀ ਪਤਨੀ ਸੇਵਾਮੁਕਤ ਪ੍ਰਿੰਸੀਪਲ ਕਰਮਜੀਤ ਕੌਰ ਨੂੰ 2017 ਦੌਰਾਨ ਵਿਧਾਨ ਸਭਾ ਦੀ ਟਿਕਟ ਦਿੱਤੀ ਗਈ ਪਰ ਮਗਰੋਂ ਉਨ੍ਹਾਂ ਦੇ ਪੁੱਤਰ ਵਿਕਰਮਜੀਤ ਸਿੰਘ ਚੌਧਰੀ ਨੇ ਹਲਕਾ ਫਿਲੌਰ ਤੋਂ ਚੋਣ ਲੜੀ ਸੀ ਪਰ ਉਹ ਹਾਰ ਗਏ।

ਇਸ ਤਰ੍ਹਾਂ ਲਗਾਤਾਰ ਤਿੰਨ ਵਿਧਾਨ ਸਭਾ ਚੋਣਾਂ ਦੌਰਾਨ ਇੱਕੋ ਪਰਿਵਾਰ ਨੂੰ ਤੇ ਇੱਕ ਹੀ ਹਲਕੇ ਤੋਂ ਹਾਰ ਦਾ ਮੂੰਹ ਦੇਖਣਾ ਪਿਆ। ਸਾਲ 2022 ਦੌਰਾਨ ਵਿਧਾਨ ਸਭਾ ਹਲਕਾ ਫਿਲੌਰ ਤੋਂ ਵਿਕਰਮਜੀਤ ਸਿੰਘ ਚੌਧਰੀ ਦੇ ਜਿੱਤਣ ਨਾਲ ਉਹ ਸਿਆਸੀ ਵਿਰਾਸਤ ਨੂੰ ਅੱਗੇ ਵਧਦਾ ਦੇਖ ਆਪਣਾ ਸਫਰ ਵੀ ਹਲਕਾ ਫਿਲੌਰ ਅੰਦਰ ਪਏ ਦਿਲ ਦੇ ਦੌਰੇ ਕਾਰਨ ਮੁਕਾ ਗਏ। ਦੋ ਵਾਰ ਵਿਧਾਇਕ ਅਤੇ ਦੋ ਵਾਰ ਸੰਸਦ ਮੈਂਬਰ ਬਣੇ ਸੰਤੋਖ ਸਿੰਘ ਚੌਧਰੀ ਖ਼ਿਲਾਫ਼ ਕੋਈ ਵੀ ਕੇਸ ਦਰਜ ਨਹੀਂ ਸੀ।


## ਟੈਕਸਸ ਵਿਚ ਗੋਲੀਬਾਰੀ, ਇਕ ਹਲਾਕ, 4 ਜ਼ਖਮੀ

**ਟੈਕਸਸ:** ਇੱਥੇ ਅਣਪਛਾਤੇ ਵਿਅਕਤੀਆਂ ਵੱਲੋਂ ਕੀਤੀ ਗਈ ਗੋਲੀਬਾਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਗੋਲੀਬਾਰੀ ਦੀ ਘਟਨਾ ਹੋਸਟਨ ਦੇ ਇਕ ਕਲੱਬ ਦੇ ਬਾਹਰ ਵਾਪਰੀ। ਹੈਰਿਸ ਕਾਊਂਟੀ ਦੇ ਸ਼ੈਰਿਫ ਐਡਗੋਨਜ਼ਾਲੇਜ਼ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕਲੱਬ ਜਾਂ ਬਾਰ ਦੇ ਪਾਰਕਿੰਗ ਖੇਤਰ ਵਿਚ 50 ਤੋਂ ਵੱਧ ਗੋਲੀਆਂ ਚਲਾਈਆਂ ਗਈਆਂ। ਪੁਲਿਸ ਅਨੁਸਾਰ ਜਿਸ ਵਾਹਨ ਵਿਚੋਂ ਗੋਲੀਆਂ ਚਲਾਈਆਂ ਗਈਆਂ ਉਸ ਵਿਚ ਕਈ ਵਿਅਕਤੀ ਸਵਾਰ ਸਨ ਤੇ ਉਹ ਗੋਲੀਆਂ ਚਲਾਉਣ ਤੋਂ ਬਾਅਦ ਫਰਾਰ ਹੋ ਗਏ। ਪੁਲਿਸ ਮੌਕੇ ਦੇ ਗਵਾਹਾਂ ਤੋਂ ਹਮਲਾਵਰਾਂ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਅਜੇ ਤਕ ਪੁਲਿਸ ਦੇ ਹੱਥ ਕੋਈ ਸੁਰਾਗ ਨਹੀਂ ਲੱਗਾ ਹੈ।

## ਗੈਂਗਸਟਰ ਜ਼ੋਰਾ ਪੁਲਿਸ ਮੁਕਾਬਲੇ 'ਚ ਜ਼ਖਮੀ ਹੋਇਆ

**ਜ਼ੀਰਕਪੁਰ:** ਨੇੜੇ ਢਕੋਲੀ ਖੇਤਰ ਵਿਚ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਇਕ ਗੈਂਗਸਟਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਗੈਂਗਸਟਰ ਦੀ ਪਛਾਣ ਯੁਵਰਾਜ ਸਿੰਘ ਉਰਫ਼ ਜ਼ੋਰਾ ਵਾਸੀ ਹਲਵਾਰਾ ਬਿਲਗਾ ਜਲੰਧਰ ਵਜੋਂ ਦੱਸੀ ਗਈ ਹੈ। ਜ਼ੋਰਾ ਲੰਘੇ ਦਿਨੀਂ ਫਗਵਾੜਾ ਤੋਂ ਕਾਰ ਖੋਹਣ ਵਾਲੇ ਚਾਰ ਲੁਟੇਰਿਆਂ 'ਚ ਸ਼ਾਮਲ ਸੀ ਜਿਸ ਦੇ ਤਿੰਨ ਸਾਥੀ ਪੁਲਿਸ ਨੇ ਫੜ ਲਏ ਸਨ ਪਰ ਉਹ ਫਰਾਰ ਹੋ ਗਿਆ ਸੀ।

ਘਟਨਾ ਦੌਰਾਨ ਗੈਂਗਸਟਰਾਂ ਵੱਲੋਂ ਚਲਾਈ ਗੋਲੀ ਲੱਗਣ ਕਾਰਨ ਕਾਂਸਟੇਬਲ ਕੁਲਦੀਪ ਸਿੰਘ ਬਾਜਵਾ ਸ਼ਹੀਦ ਹੋ ਗਿਆ ਸੀ। ਜ਼ੋਰਾ 9 ਜਨਵਰੀ ਨੂੰ ਫਿਲੌਰ ਤੋਂ ਫਰਾਰ ਹੋਇਆ ਸੀ ਜਿਸ ਮਗਰੋਂ ਹੀ ਪੰਜਾਬ ਪੁਲਿਸ ਦੀ ਏ.ਜੀ.ਟੀ.ਐਫ. ਟੀਮ ਉਸ ਦਾ ਪਿੱਛਾ ਕਰ ਰਹੀ ਸੀ। ਪੁਲਿਸ ਨੂੰ ਸੂਹ ਮਿਲੀ ਸੀ ਕਿ ਇਕ ਗੈਂਗਸਟਰ ਦੋ ਦਿਨਾਂ ਤੋਂ ਇਥੋਂ ਇਕ ਹੋਟਲ ਦੇ ਕਮਰਾ ਨੰਬਰ 105 ਵਿਚ ਲੁਕਿਆ ਹੋਇਆ ਹੈ। ਪੁਲਿਸ ਵੱਲੋਂ ਟੀਮ ਦੀ ਅਗਵਾਈ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਦੇ ਏ.ਆਈ.ਜੀ. ਸੰਦੀਪ ਗੋਇਲ ਅਤੇ ਜ਼ੀਰਕਪੁਰ ਦੇ ਡੀ.ਐਸ.ਪੀ. ਅਤੇ ਏ.ਜੀ.ਟੀ.ਐਫ. ਦੇ ਮੈਂਬਰ ਬਿਕਰਮਜੀਤ ਸਿੰਘ ਬਰਾੜ ਕਰ ਰਹੇ ਸਨ। ਪੁਲਿਸ ਟੀਮ ਵੱਲੋਂ ਹੋਟਲ ਨੂੰ ਘੇਰਾ ਪਾ ਕੇ ਗੈਂਗਸਟਰ ਜ਼ੋਰਾ ਨੂੰ ਆਤਮ ਸਮਰਪਣ ਕਰਨ ਲਈ ਆਖਿਆ ਗਿਆ ਪਰ ਉਸ ਨੇ ਅੱਗੋਂ ਪੁਲਿਸ ਪਾਰਟੀ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਪੁਲਿਸ ਵੱਲੋਂ ਜਵਾਬੀ ਕਾਰਵਾਈ ਵਿਚ ਦੋ ਗੋਲੀਆਂ ਲੱਗਣ ਕਾਰਨ ਉਹ ਜ਼ਖ਼ਮੀ ਹੋ ਗਿਆ।

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

GoldenKey LENDING
ਗੋਲਡਨ ਕੀਅ ਲੈਂਡਿੰਗ
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ HOUSE LOAN ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।
HOME LOANS MADE SIMPLE

The feeling of attachment, togetherness
We understand what a home means
Manny Singh Nagra
Principal Broker
Star Alliance Brokerage, INC
Contact Us at
317-620-4100
317-750-1900
REAL ESTATE | RESIDENTIAL & COMMERCIAL
NMLS 147421
325 S. College Avenue, Indianapolis, Indiana 46202
www.goldenkeylending.com

Singh Tax & Accounting Services LLC.
Individual & Business Taxes, Accounting, Payroll & Financial Consulting Services.
Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036

Mohan Singh
Master in Taxation. IRS Enrolled agent, Notary Public
Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125
Email : jhand_mohan@yahoo.com; www.SinghTaxServices.com


Ray Dhaliwal
Real Estate Broker
Moving to Indiana?
Contact Ray Dhaliwal @ 317-993-4987
Helpful in Easy and Accessible Home Loans at best Interest Rates.
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
CENTURY 21 SCHEETZ
RAYD@C21Scheetz.com

# ਸਰਕਾਰ ਦੀ ਢਿੱਲ ਕਾਰਨ ਪੰਜਾਬ ਹੱਥੋਂ ਟੈਕਸਟਾਈਲ ਪ੍ਰੋਜੈਕਟ ਖੁੱਸਿਆ

**ਲੁਧਿਆਣਾ:** ਪ੍ਰਧਾਨ ਮੰਤਰੀ ਮਿੱਤਰ ਸਕੀਮ ਤਹਿਤ ਲੁਧਿਆਣਾ ਦੇ ਮੱਤੇਵਾੜਾ ਜੰਗਲ ਤੇ ਸਤਲੁਜ ਦਰਿਆ ਨੇੜੇ 1000 ਏਕੜ ਵਿਚ ਲੱਗਣ ਵਾਲਾ ਟੈਕਸਟਾਈਲ ਪਾਰਕ ਪ੍ਰੋਜੈਕਟ ਵਿਰੋਧ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਰੱਦ ਕਰ ਦਿੱਤਾ ਗਿਆ ਸੀ, ਪਰ ਪੰਜਾਬ ਸਰਕਾਰ ਵੱਲੋਂ ਕਿਸੇ ਹੋਰ ਥਾਂ ਉਤੇ ਜ਼ਮੀਨ ਨਾ ਦੇਣ ਕਰਕੇ ਹਾਲ ਦੀ ਘੜੀ ਮੈਗਾ ਟੈਕਸਟਾਈਲ ਪਾਰਕ ਪ੍ਰੋਜੈਕਟ ਪੰਜਾਬ ਦੇ ਹੱਥੋਂ ਖੁਸ ਗਿਆ ਹੈ। ਇਸ ਨੂੰ ਕੱਪੜਾ ਤੇ ਟੈਕਸਟਾਈਲ ਉਦਯੋਗ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।



ਕੇਂਦਰੀ ਵਣਜ ਤੇ ਉਦਯੋਗ ਮੰਤਰੀ ਪਿਯੂਸ਼ ਗੋਇਲ ਨੇ ਆਖਿਆ ਕਿ ਪੰਜਾਬ ਸਰਕਾਰ ਨੇ ਕੇਂਦਰੀ ਮੈਗਾ ਟੈਕਸਟਾਈਲ ਪਾਰਕ ਸਕੀਮ ਲਈ ਅਰਜ਼ੀ ਦਿੱਤੀ ਸੀ, ਪਰ ਬਾਅਦ ਵਿਚ ਜ਼ਮੀਨ ਨਾ ਹੋਣ ਦਾ ਹਵਾਲਾ ਦਿੰਦਿਆਂ ਇਸ ਨੂੰ ਵਾਪਸ ਲੈ ਲਿਆ। ਉਨ੍ਹਾਂ ਪੰਜਾਬ ਸਰਕਾਰ ਨੂੰ ਨਿਵੇਸ਼ ਅਤੇ ਕੇਂਦਰੀ ਰਿਆਇਤਾਂ ਲਈ ਵੱਧ ਖੁੱਲ੍ਹ ਦਿਲੀ ਦਿਖਾਉਣ ਦੀ ਤਾਕੀਦ ਕੀਤੀ। ਕੇਂਦਰੀ ਮੰਤਰੀ ਸ੍ਰੀ ਗੋਇਲ ਵਾਸ਼ਿੰਗਟਨ ਡੀਸੀ ਵਿਚ 13ਵੇਂ ਭਾਰਤ-ਅਮਰੀਕਾ ਵਪਾਰ ਨੀਤੀ ਮੰਚ ਦੀ ਸਮਾਪਤੀ ਮਗਰੋਂ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਸਿੱਖ ਉਦਯੋਗਪਤੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, "ਕਿਸੇ ਸਮੇਂ ਪਹਾੜੀ ਸੂਬਿਆਂ ਨੂੰ ਵਿਸ਼ੇਸ਼ ਰਿਆਇਤਾਂ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ ਅੱਜ ਉਹ ਇਕ-ਦੂਜੇ ਨਾਲ ਮੁਕਾਬਲਾ ਕਰ ਰਹੇ ਹਨ। ਕੇਂਦਰ ਨੇ ਹਰੇਕ ਖੇਤਰ ਵਿਚ ਉਤਪਾਦਨ ਨਾਲ ਜੁੜੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਹਨ ਅਤੇ ਕਾਰੋਬਾਰ ਦੇ ਮਾਮਲੇ ਵਿਚ ਕਿਸੇ ਸੂਬੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਰਿਹਾ।" ਸ੍ਰੀ ਗੋਇਲ ਨੇ ਕਿਹਾ, "ਪ੍ਰਧਾਨ ਮੰਤਰੀ ਮਿੱਤਰਾ ਸਕੀਮ ਤਹਿਤ ਕੇਂਦਰ ਨੇ ਸੱਤ ਮੈਗਾ ਟੈਕਸਟਾਈਲ ਪਾਰਕ ਉਸਾਰਨ ਲਈ ਸੂਬਿਆਂ ਤੋਂ ਅਰਜ਼ੀਆਂ ਮੰਗੀਆਂ ਹਨ। ਇਸ ਯੋਜਨਾ ਤਹਿਤ ਸੂਬਿਆਂ ਨੂੰ ਕੇਂਦਰੀ ਰਿਆਇਤਾਂ ਦਿੱਤੀਆਂ ਜਾਣਗੀਆਂ। ਪੰਜਾਬ ਸਰਕਾਰ ਨੇ ਅਰਜ਼ੀ ਦਿੱਤੀ ਸੀ ਅਤੇ ਫਿਰ ਇਹ ਕਹਿੰਦਿਆਂ ਵਾਪਸ ਲੈ ਲਈ ਕਿ ਉਸ ਕੋਲ ਦੇਣ ਲਈ ਜ਼ਮੀਨ ਨਹੀਂ ਹੈ। ਇਸ ਲਈ ਅਸੀਂ ਚਾਹੁੰਦੇ ਹੋਏ ਵੀ ਪੰਜਾਬ ਨੂੰ ਇਸ ਯੋਜਨਾ ਵਿਚ ਲਿਆਉਣ ਬਾਰੇ ਸੋਚ ਨਹੀਂ ਸਕਦੇ। ਅਸੀਂ ਸੂਬਾ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਨਿਵੇਸ਼ ਦੇ ਮਾਮਲੇ ਵਿਚ ਵੱਧ ਸਰਗਰਮੀ ਦਿਖਾਵੇ।" ਗੋਇਲ ਨੇ ਅਮਰੀਕਾ ਵਿਚ ਟਰੱਕ ਕਾਰੋਬਾਰ ਵਿਚ ਯੋਗਦਾਨ ਪਾਉਣ ਲਈ ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ।

## ਪ੍ਰੋਜੈਕਟ ਨਾ ਲੱਗਣ ਦਾ ਨੁਕਸਾਨ ਹੋਵੇਗਾ: ਅਸ਼ਵਨੀ ਸ਼ਰਮਾ

**ਬਠਿੰਡਾ:** ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਸੂਬੇ ਵਿਚ ਸਰਕਾਰ, ਪ੍ਰਸ਼ਾਸਨ ਅਤੇ ਕਾਨੂੰਨ ਦਾ ਕਿਸੇ ਨੂੰ ਡਰ ਨਹੀਂ ਹੈ। ਪੰਜਾਬ ਦੇ ਹਾਲਾਤ ਦਿਨੋਂ-ਦਿਨ ਬਦ ਤੋਂ ਬਦਤਰ ਹੋ ਰਹੇ ਹਨ ਪਰ 'ਆਪ' ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜ਼ਮੀਨ ਨਾ ਦੇਣ ਕਾਰਨ ਕੇਂਦਰ ਦਾ 'ਮੈਗਾ ਟੈਕਸਟਾਈਲ ਪਾਰਕ ਪ੍ਰੋਜੈਕਟ' ਨਾ ਲੱਗਣ ਕਾਰਨ ਸੂਬੇ ਨੂੰ ਰੁਜ਼ਗਾਰ ਤੇ ਆਰਥਿਕ ਪੱਖੋਂ ਵੱਡਾ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਦਾ ਇਹ ਪ੍ਰੋਜੈਕਟ ਸੂਬੇ ਵਿਚ ਲੱਗ ਜਾਂਦਾ ਤਾਂ ਪੰਜਾਬ ਦੀ ਕੱਪੜਾ ਤੇ ਹੌਜ਼ਰੀ ਸਨਅਤ ਤਕਨੀਕ ਪੱਖੋਂ ਸਮੇਂ ਤੇ ਵਿਸ਼ਵ ਦੀ ਹਾਣੀ ਬਣ ਜਾਣੀ ਸੀ।

# ਗੋਲਡੀ ਬਰਾੜ ਦਾ ਸਾਥੀ ਇੰਦਰਪ੍ਰੀਤ ਸਿੰਘ ਹਿਮਾਚਲ ਤੋਂ ਕਾਬੂ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਸਪੈਸ਼ਲ ਅਪਰੇਸ਼ਨ ਸੈੱਲ (ਐਸ.ਐਸ.ਓ.ਸੀ.) ਦੀ ਟੀਮ ਨੇ ਕੈਨੇਡਾ ਆਧਾਰਿਤ ਗੈਂਗਸਟਰ ਗੋਲਡੀ ਬਰਾੜ ਦੇ ਨੇੜਲੇ ਸਾਥੀ ਇੰਦਰਪ੍ਰੀਤ ਸਿੰਘ ਉਰਫ ਪੈਰੀ (32) ਵਾਸੀ ਚੰਡੀਗੜ੍ਹ ਨੂੰ ਹਿਮਾਚਲ ਪ੍ਰਦੇਸ਼ ਦੇ ਸੁੰਦਰਨਗਰ ਦੇ ਹੋਟਲ ਤੋਂ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦਿੱਤੀ।



ਡੀ.ਜੀ.ਪੀ. ਨੇ ਦੱਸਿਆ ਕਿ ਇੰਦਰਪ੍ਰੀਤ ਸਿੰਘ, ਗੋਲਡੀ ਬਰਾੜ ਗੈਂਗ ਦਾ ਸਰਗਰਮ ਮੈਂਬਰ ਹੈ, ਜੋ ਹਿਮਾਚਲ ਪ੍ਰਦੇਸ਼ ਵਿਚ ਬੈਠ ਕੇ ਗੈਂਗ ਚਲਾ ਰਿਹਾ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਫਰੀਦਕੋਟ ਵਿਚ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਸਣੇ ਪੰਜਾਬ ਤੇ ਹਰਿਆਣਾ ਵਿਚ ਕਤਲ ਅਤੇ ਇਰਾਦਾ ਕਤਲ ਦੀਆਂ ਇਕ ਦਰਜਨ ਘਟਨਾਵਾਂ ਵਿਚ ਸ਼ਾਮਲ ਸੀ। ਪੁਲਿਸ ਨੇ ਇਸ ਬਾਰੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਸ੍ਰੀ ਯਾਦਵ ਨੇ ਕਿਹਾ ਕਿ ਮੁਲਜ਼ਮ ਪੈਰੀ 10 ਨਵੰਬਰ 2022 ਨੂੰ ਕੋਟਕਪੂਰਾ 'ਚ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੇ ਕਤਲ ਵਿਚ ਸ਼ਾਮਲ ਸੀ। ਇਸ ਤੋਂ ਇਲਾਵਾ ਲਾਰੈਂਸ ਬਿਸ਼ਨੋਈ ਦੇ ਪੁਲਿਸ ਹਿਰਾਸਤ ਵਿਚੋਂ ਭੱਜਣ ਵਿਚ ਵੀ ਪੈਰੀ ਦੀ ਅਹਿਮ ਭੂਮਿਕਾ ਸੀ। ਡੀ.ਜੀ.ਪੀ. ਨੇ ਪ੍ਰਦੀਪ ਸਿੰਘ ਦੇ ਕਤਲ ਮਾਮਲੇ ਦਾ ਖੁਲਾਸਾ ਕਰਦਿਆਂ ਕਿਹਾ ਕਿ 7 ਨਵੰਬਰ 2022 ਨੂੰ ਗੋਲਡੀ ਬਰਾੜ ਦੇ ਨਿਰਦੇਸ਼ਾਂ 'ਤੇ ਇੰਦਰਪ੍ਰੀਤ ਸਿੰਘ ਉਰਫ ਪੈਰੀ ਨੇ ਹਰਸਵੀਰ ਸਿੰਘ ਬਾਜਵਾ ਨੂੰ 20 ਹਜ਼ਾਰ ਰੁਪਏ ਨਕਦ ਦੇ ਕੇ ਇਹ ਰਕਮ ਮਨਪ੍ਰੀਤ ਸਿੰਘ ਉਰਫ ਮਨੀ (ਪ੍ਰਦੀਪ ਸਿੰਘ ਕਤਲ ਕਾਂਡ ਦਾ ਮੁਲਜ਼ਮ) ਦੇ ਖਾਤੇ 'ਚ ਜਮ੍ਹਾਂ ਕਰਵਾਉਣ ਲਈ ਕਿਹਾ ਸੀ। ਪੁਲਿਸ ਪਹਿਲਾਂ ਹੀ ਹਰਸਵੀਰ ਅਤੇ ਮਨੀ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਡੀ.ਜੀ.ਪੀ. ਨੇ ਕਿਹਾ ਕਿ ਮੁਲਜ਼ਮ ਪੈਰੀ ਨੂੰ ਥਾਣਾ ਐਸ.ਐਸ.ਓ.ਸੀ. ਮੁਹਾਲੀ 'ਚ 28 ਅਕਤੂਬਰ 2022 ਨੂੰ ਦਰਜ ਕੇਸ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੁਲਿਸ ਨੇ ਵੀ ਉਸ ਨੂੰ ਮਾਰਚ 2022 ਵਿਚ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ ਦੋ ਪਿਸਤੌਲ ਬਰਾਮਦ ਕੀਤੇ ਸਨ। ਇਸ ਮਾਮਲੇ 'ਚ ਉਹ ਕਰੀਬ 2 ਮਹੀਨੇ ਬੁੜੈਲ ਜੇਲ੍ਹ 'ਚ ਰਿਹਾ, ਜਿਸ ਤੋਂ ਬਾਅਦ ਉਹ ਜ਼ਮਾਨਤ 'ਤੇ ਰਿਹਾਅ ਹੋ ਗਿਆ ਸੀ।

# ਤਾਲਿਬਾਨ ਸੱਤਾ ਪਿੱਛੋਂ ਅਫਗਾਨਿਸਤਾਨ ਤੋਂ ਦਰਾਮਦ ਘਟੀ

**ਅੰਮ੍ਰਿਤਸਰ:** ਅਫ਼ਗਾਨਿਸਤਾਨ ਵਿਚ ਤਾਲਿਬਾਨ ਸਰਕਾਰ ਦੀ ਸਥਾਪਨਾ ਤੋਂ ਬਾਅਦ ਭਾਰਤ ਨਾਲ ਅਟਾਰੀ ਰਸਤੇ ਹੋ ਰਹੀ ਦਰਾਮਦ 'ਤੇ ਵੱਡਾ ਅਸਰ ਪਿਆ ਹੈ। 2022 ਵਿਚ ਇਸ ਇਕਪਾਸੜ ਵਪਾਰ ਵਿਚ ਪਿਛਲੇ ਵਰ੍ਹੇ 2021 ਨਾਲੋਂ ਲਗਭਗ 1018 ਕਰੋੜ ਰੁਪਏ ਦੀ ਕਟੌਤੀ ਹੋਈ ਹੈ। ਜਾਣਕਾਰੀ ਅਨੁਸਾਰ ਇਸ ਵੇਲੇ ਅਟਾਰੀ ਸਰਹੱਦ ਰਸਤੇ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਣ ਵਾਲਾ ਦੁਵੱਲਾ ਵਪਾਰ ਬੰਦ ਹੈ ਤੇ ਸਿਰਫ ਅਫ਼ਗਾਨਿਸਤਾਨ ਨਾਲ ਹੀ ਇਕਪਾਸੜ ਵਪਾਰ ਚੱਲ ਰਿਹਾ ਹੈ, ਜਿਸ ਤਹਿਤ ਭਾਰਤੀ ਵਪਾਰੀ ਅਫ਼ਗਾਨਿਸਤਾਨ ਤੋਂ ਦਰਾਮਦਗੀ ਕਰ ਰਹੇ ਹਨ। ਇਹ ਵਪਾਰ ਪਾਕਿਸਤਾਨ ਸੜਕ ਮਾਰਗ ਰਾਹੀਂ ਹੁੰਦਾ ਹੈ ਤੇ ਪਾਕਿਸਤਾਨ ਵੱਲੋਂ ਭਾਰਤੀ ਵਸਤਾਂ ਵਪਾਰ ਰਾਹੀਂ ਅਫ਼ਗਾਨਿਸਤਾਨ ਭੇਜਣ ਦੀ ਆਗਿਆ ਨਹੀਂ ਦਿੱਤੀ ਜਾਂਦੀ।




ਅਟਾਰੀ ਸਥਿਤ ਆਈ.ਸੀ.ਪੀ. ਵਿਚ ਪ੍ਰਬੰਧ ਕਰ ਰਹੀ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਤੋਂ ਮਿਲੇ ਅੰਕੜਿਆਂ ਮੁਤਾਬਕ ਸਾਲ 2022 ਵਿਚ ਅਫ਼ਗਾਨਿਸਤਾਨ ਤੋਂ 2119. 2 ਕਰੋੜ ਰੁਪਏ ਦੀ ਦਰਾਮਦ ਭਾਰਤ ਵਿਚ ਹੋਈ ਹੈ, ਜਦਕਿ ਬੀਤੇ ਸਾਲ 2021 ਵਿਚ ਇਹ ਦਰਾਮਦ 3137.69 ਕਰੋੜ ਰੁਪਏ ਦੀ ਹੋਈ ਸੀ, ਜੋ ਹੁਣ ਲਗਭਗ 30 ਫੀਸਦ ਘੱਟ ਹੈ। ਭਾਰਤੀ ਵਪਾਰੀਆਂ ਮੁਤਾਬਕ ਅਫ਼ਗਾਨਿਸਤਾਨ ਸਰਕਾਰ ਬਦਲਣ ਮਗਰੋਂ ਵਪਾਰ ਵਿਚ ਕਮੀ ਆਈ ਹੈ। ਅਫ਼ਗਾਨਿਸਤਾਨ ਵਿਚ ਲਗਾਤਾਰ ਹੋ ਰਹੇ ਹਮਲੇ ਤੇ ਆਏ ਹੜ੍ਹਾਂ ਦੇ ਕਾਰਨ ਫਸਲਾਂ ਖਰਾਬ ਹੋਈਆਂ ਹਨ ਅਤੇ ਨਵੰਬਰ ਤੇ ਦਸੰਬਰ ਮਹੀਨੇ ਦੌਰਾਨ ਕਾਰਗੋ ਵੀ ਰੋਕ ਦਿੱਤੇ ਗਏ ਸਨ।

ਭਾਰਤੀ ਵਪਾਰੀਆਂ ਵੱਲੋਂ ਅਫ਼ਗਾਨਿਸਤਾਨ ਤੋਂ ਲਗਭਗ 40 ਕਿਸਮ ਦੇ ਸੁੱਕੇ ਮੇਵੇ, ਜੜੀਆਂ-ਬੂਟੀਆਂ ਅਤੇ ਬੀਜ ਆਦਿ ਮੰਗਵਾਏ ਜਾਂਦੇ ਹਨ ਤੇ ਅਫ਼ਗਾਨਿਸਤਾਨ ਤੋਂ ਭਾਰਤ ਵਿਚ ਡਰਾਈ ਫਰੂਟ ਦੀ ਦਰਾਮਦ ਦਾ ਇਹ ਸਿਰਫ 10 ਫੀਸਦੀ ਹਿੱਸਾ ਹੈ। ਦੱਸਣਯੋਗ ਹੈ ਕਿ ਫਰਵਰੀ 2019 ਵਿਚ ਪੁਲਵਾਮਾ 'ਚ ਵਾਪਰੇ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਨਾਲ ਵਪਾਰ 'ਤੇ 200 ਫੀਸਦ ਡਿਊਟੀ ਲਾ ਦਿੱਤੀ ਸੀ, ਜਿਸ ਨਾਲ ਦੁਵੱਲੇ ਵਪਾਰ ਵਿਚ ਕਮੀ ਆਈ ਸੀ, ਪਰ ਜਦੋਂ ਭਾਰਤ ਸਰਕਾਰ ਵੱਲੋਂ ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕੀਤੀ ਗਈ ਤਾਂ ਉਸ ਵੇਲੇ ਰੋਸ ਵਜੋਂ ਪਾਕਿਸਤਾਨ ਨੇ ਭਾਰਤ ਨਾਲ ਇਸ ਰਸਤੇ ਦੁਵੱਲਾ ਵਪਾਰ ਮੁਕੰਮਲ ਤੌਰ 'ਤੇ ਬੰਦ ਕਰ ਦਿੱਤਾ ਸੀ, ਜੋ ਹੁਣ ਵੀ ਬੰਦ ਹੈ। ਇਹ ਵਪਾਰ ਬੰਦ ਹੋਣ ਨਾਲ ਨਾ ਸਿਰਫ ਆਈ.ਸੀ.ਪੀ. ਵਿਚ ਆਮਦਨ ਵਿਚ ਕਮੀ ਆਈ ਹੈ, ਸਗੋਂ ਵਪਾਰੀ ਅਤੇ ਇਥੇ ਕੰਮ ਕਰਨ ਵਾਲੇ ਲੋਕ ਵੀ ਪ੍ਰਭਾਵਤ ਹੋਏ ਹਨ।

# ਪੈਨਸ਼ਨ ਮੁੱਦਾ: ਕੇਂਦਰ ਦੀ ਚੁੱਪ ਨੇ ਪੰਜਾਬ ਨੂੰ ਕਸੂਤਾ ਫਸਾਇਆ



**ਚੰਡੀਗੜ੍ਹ:** ਪੰਜਾਬ ਵਿਚ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਲਈ ਹੁਣ ਪੰਜਾਬ ਸਰਕਾਰ ਦੀ ਟੇਕ ਹੁਣ ਕੇਂਦਰ ਉਤੇ ਲੱਗੀ ਹੈ ਕਿਉਂਕਿ ਪੰਜਾਬ ਨੇ ਕੇਂਦਰ ਕੋਲੋਂ ਸੀ.ਪੀ.ਐਫ. (ਸੈਂਟਰਲ ਪ੍ਰੋਵੀਡੈਂਟ ਫੰਡ) ਦੇ ਕਰੀਬ 17 ਹਜ਼ਾਰ ਕਰੋੜ ਰੁਪਏ ਲੈਣੇ ਹਨ ਜਿਸ ਤੋਂ ਬਾਅਦ ਹੀ ਇਹ ਪ੍ਰਕਿਰਿਆ ਅੱਗੇ ਤੁਰੇਗੀ। ਜੇਕਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਨਵੇਂ ਵਰ੍ਹੇ ਵਿਚ ਕੋਈ ਠੋਸ ਕਦਮ ਨਾ ਚੁੱਕ ਸਕੀ ਤਾਂ ਸਰਕਾਰ ਨੂੰ ਵੱਡੇ ਮੁਲਾਜ਼ਮ ਸੰਘਰਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਸਬੰਧੀ ਹਾਲੇ ਤੱਕ ਵਿਸਥਾਰਤ ਨੋਟੀਫਿਕੇਸ਼ਨ ਵੀ ਜਾਰੀ ਨਹੀਂ ਹੋ ਸਕਿਆ। ਇਥੋਂ ਤੱਕ ਨਾ ਐਨ.ਪੀ.ਐਸ. ਵਾਲੇ ਮੁਲਾਜ਼ਮਾਂ ਦਾ ਸੀ.ਪੀ.ਐਫ. ਕੱਟਣਾ ਬੰਦ ਹੋਇਆ ਹੈ ਅਤੇ ਨਾ ਹੀ ਨਵੇਂ ਭਰਤੀ ਹੋ ਰਹੇ ਮੁਲਾਜ਼ਮਾਂ ਨੂੰ ਜਨਰਲ ਪ੍ਰਾਵੀਡੈਂਟ ਫੰਡ (ਜੀ.ਪੀ.ਐਫ.) ਨੰਬਰ ਅਲਾਟ ਕੀਤਾ ਜਾ ਰਿਹਾ ਹੈ। ਪੁਰਾਣੀ ਪੈਨਸ਼ਨ ਸਕੀਮ ਜੇਕਰ ਹੂ-ਬ-ਹੂ ਲਾਗੂ ਹੁੰਦੀ ਹੈ ਤਾਂ ਕਰਮਚਾਰੀਆਂ ਦਾ ਜੀ.ਪੀ.ਐਫ. ਅਕਾਊਂਟ ਵਿਚ ਫੰਡ ਕੱਟਿਆ ਜਾਣ ਲੱਗੇਗਾ ਅਤੇ ਉਹ ਨਿਯਮਾਂ ਵਿਚ ਰਹਿ ਕੇ ਆਪਣੀ ਮਰਜ਼ੀ ਮੁਤਾਬਕ ਫੰਡ ਕਟਵਾ ਸਕਦਾ ਹੈ ਪਰ ਇਹ ਪ੍ਰਕਿਰਿਆ ਹਾਲੇ ਸ਼ੁਰੂ ਹੀ ਨਹੀਂ ਹੋ ਸਕੀ।

ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਲਈ ਇਕ ਪੱਤਰ ਜਾਰੀ ਕਰ ਦਿੱਤਾ ਹੈ ਪਰ ਹੁਣ ਮਾਮਲਾ ਕੇਂਦਰ ਸਰਕਾਰ ਦੇ ਹੱਥ ਵਿਚ ਹੈ। ਸੂਤਰ ਦੱਸਦੇ ਹਨ ਕਿ ਕੇਂਦਰ ਪੁਰਾਣੀ ਪੈਨਸ਼ਨ ਸਕੀਮ ਨੂੰ ਬੋਝ ਸਮਝਦੇ ਹੋਏ ਲਾਗੂ ਨਾ ਕਰਨ ਦੇ ਪੱਖ ਵਿਚ ਹੈ। ਸੂਤਰ ਦੱਸਦੇ ਹਨ ਕਿ ਸੀ.ਪੀ.ਐਫ. ਦਾ ਕਰੀਬ 17 ਹਜ਼ਾਰ ਕਰੋੜ ਰੁਪਇਆ ਕੇਂਦਰ ਸਰਕਾਰ ਦੇ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਿਟੀ (ਪੀ.ਐਫ.ਆਰ.ਡੀ.ਏ.) ਤੋਂ ਵਾਪਸ ਲਏ ਬਗੈਰ ਕਾਰਵਾਈ ਅੱਗੇ ਨਹੀਂ ਚੱਲ ਸਕਦੀ ਅਤੇ ਪੰਜਾਬ ਸਰਕਾਰ ਦੀ ਇਸ ਮੁੱਦੇ ਉਤੇ ਚੁੱਪ ਵੱਟਣ ਦਾ ਕਾਰਨ ਵੀ ਇਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਤੋਂ ਪਹਿਲਾਂ ਛੱਤੀਸਗੜ੍ਹ ਅਤੇ ਰਾਜਸਥਾਨ ਵਰਗੇ ਰਾਜਾਂ ਦੀਆਂ ਸਰਕਾਰਾਂ ਵੀ ਭਾਵੇਂ ਆਪਣੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਦਾ ਐਲਾਨ ਕਰ ਚੁੱਕੀਆਂ ਹਨ ਪਰ ਪੀ.ਐਫ.ਆਰ.ਡੀ.ਏ. ਕੋਲ ਐਨ.ਪੀ.ਐਸ. ਦੇ ਮੁਲਾਜ਼ਮਾਂ ਦਾ ਪਿਆ ਕਰੋੜਾਂ ਰੁਪਇਆ ਵਾਪਸ ਮਿਲਣਾ ਕੋਈ ਸੌਖੀ ਗੱਲ ਨਹੀਂ ਹੈ ਕਿਉਂਕਿ ਕੇਂਦਰ ਨੇ ਵੱਖ-ਵੱਖ ਸਨਅਤਾਂ, ਮੂਲ ਢਾਂਚੇ ਸਬੰਧੀ ਸਕੀਮਾਂ ਅਤੇ ਸਰਕਾਰੀ ਬਾਂਡਾਂ ਆਦਿ ਵਿਚ ਨਿਵੇਸ਼ ਕੀਤਾ ਹੋਇਆ ਹੈ।

## ਗੌਰਮਿੰਟ ਐਂਪਲਾਈਜ਼ ਫੈਡਰੇਸ਼ਨ ਦਾ ਦੇਸ਼ ਵਿਆਪੀ ਅੰਦੋਲਨ

**ਚੰਡੀਗੜ੍ਹ:** ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਦੇ ਮੁੱਦੇ ਨੂੰ ਲੈ ਕੇ ਹੀ ਆਲ ਇੰਡੀਆ ਸਟੇਟ ਗੌਰਮਿੰਟ ਐਂਪਲਾਈਜ਼ ਫੈਡਰੇਸ਼ਨ ਵੱਲੋਂ ਦੇਸ਼ ਵਿਆਪੀ ਅੰਦੋਲਨ ਦਾ ਚੰਡੀਗੜ੍ਹ ਤੋਂ ਐਲਾਨ ਕਰ ਦਿੱਤਾ ਗਿਆ ਹੈ। ਬਾਬਾ ਸੋਹਣ ਸਿੰਘ ਭਕਨਾ ਹਾਲ ਵਿਚ ਹੋਈ ਮੀਟਿੰਗ ਵਿਚ ਫੈਡਰੇਸ਼ਨ ਦੇ ਪ੍ਰਧਾਨ ਸੁਭਾਸ਼ ਲਾਂਬਾ ਨੇ ਕਿਹਾ ਕਿ ਜਨਵਰੀ ਅਤੇ ਫਰਵਰੀ ਵਿਚ ਸਾਰੇ ਰਾਜਾਂ ਵਿਚ ਕੇਂਦਰ ਅਤੇ ਰਾਜ ਸਰਕਾਰ ਦੇ ਮੁਲਾਜ਼ਮਾਂ ਦੀ ਸਾਂਝੀ ਮੁਲਾਜ਼ਮ ਕਾਨਫਰੰਸ ਕੀਤੀ ਜਾਵੇਗੀ। ਅੰਦੋਲਨ ਦੇ ਅਗਲੇ ਪੜਾਅ ਵਿਚ ਮਾਰਚ ਤੋਂ ਜੂਨ (ਚਾਰ ਮਹੀਨਿਆਂ) ਤੱਕ ਦੇਸ਼ ਦੇ ਸਾਰੇ ਜ਼ਿਲ੍ਹਿਆਂ, ਤਹਿਸੀਲਾਂ ਅਤੇ ਮੰਡਲਾਂ ਵਿਚ ਵਰਕਰ ਕਾਨਫਰੰਸਾਂ ਕੀਤੀਆਂ ਜਾਣਗੀਆਂ।

# ਵਿਜੀਲੈਂਸ ਦੇ ਰਡਾਰ ਉਤੇ ਆਏ ਸਾਬਕਾ ਮਾਲ ਮੰਤਰੀ ਕਾਂਗੜ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਨੇ ਸਾਬਕਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਖ਼ਿਲਾਫ਼ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਦੀ ਜਾਂਚ ਵਿੱਢ ਦਿੱਤੀ ਹੈ। ਕਾਂਗੜ ਮੌਜੂਦਾ ਸਮੇਂ 'ਚ ਭਾਜਪਾ ਦੇ ਪ੍ਰਦੇਸ਼ ਜਨਰਲ ਸਕੱਤਰ ਹਨ। ਉਨ੍ਹਾਂ ਖ਼ਿਲਾਫ਼ ਕੁਝ ਸਮਾਂ ਪਹਿਲਾਂ ਹੀ ਪੜਤਾਲ ਸ਼ੁਰੂ ਹੋ ਗਈ ਸੀ ਅਤੇ ਹੁਣ ਇਹ ਮਾਮਲਾ ਪੰਜਾਬ ਵਿਜੀਲੈਂਸ ਦੇ ਮੁੱਖ ਦਫਤਰ ਦੇ ਇਕ ਸੀਨੀਅਰ ਅਧਿਕਾਰੀ ਨੂੰ ਸੌਂਪ ਦਿੱਤਾ ਗਿਆ ਹੈ।

ਵਿਜੀਲੈਂਸ ਅਫਸਰਾਂ ਨੇ ਕਾਂਗੜ ਦੀ ਪੰਜਾਬ ਤੇ ਦੂਸਰੇ ਸੂਬਿਆਂ ਵਿਚ ਨਾਮੀ ਤੇ ਬੇਨਾਮੀ ਸੰਪਤੀ ਨੂੰ ਖੰਗਾਲਣਾ ਸ਼ੁਰੂ ਕਰ ਦਿੱਤਾ ਹੈ ਅਤੇ ਕਾਫੀ ਵੇਰਵੇ ਜਾਂਚ ਏਜੰਸੀ ਦੇ ਹੱਥ ਲੱਗੇ ਹਨ। ਕਾਂਗੜ ਦੇ ਅਮਰਿੰਦਰ ਸਿੰਘ ਦੀ ਸਰਕਾਰ ਵਿਚ ਮਾਲ ਮੰਤਰੀ ਰਹਿਣ ਵੇਲੇ ਦੇ ਵੇਰਵਿਆਂ 'ਤੇ ਖਾਸ ਤੌਰ 'ਤੇ ਕੇਂਦਰਿਤ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਮਾਲ ਵਿਭਾਗ ਤੋਂ ਕਾਂਗੜ ਪਰਿਵਾਰ ਦੀ ਸੰਪਤੀ ਦਾ ਰਿਕਾਰਡ ਵੀ ਹਾਸਲ ਕੀਤਾ ਗਿਆ ਹੈ। ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰਾਂ ਦੇ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ ਜਿਨ੍ਹਾਂ ਦੀ ਕਾਂਗਰਸ ਸਰਕਾਰ ਸਮੇਂ ਤੂਤੀ ਬੋਲਦੀ ਰਹੀ ਹੈ। ਦੂਸਰੇ ਵਿਭਾਗਾਂ 'ਚੋਂ ਉਨ੍ਹਾਂ ਨਾਲ ਤਾਇਨਾਤ ਹੋਏ ਅਧਿਕਾਰੀਆਂ ਅਤੇ ਮੁਲਾਜ਼ਮਾਂ 'ਤੇ ਵੀ ਵਿਜੀਲੈਂਸ ਨੇ ਅੱਖ ਰੱਖੀ ਹੋਈ ਹੈ। ਜਾਣਕਾਰੀ ਮੁਤਾਬਕ ਮਾਲ ਵਿਭਾਗ ਦੇ ਇਕ-ਦੋ ਸ਼ੱਕੀ ਅਧਿਕਾਰੀਆਂ 'ਤੇ ਵੀ ਵਿਜੀਲੈਂਸ ਦੀ ਗਾਜ ਡਿੱਗ ਸਕਦੀ ਹੈ। ਵਿਜੀਲੈਂਸ ਬਿਊਰੋ ਦੇ ਇਕ ਸੀਨੀਅਰ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਕਾਂਗੜ ਦੀ ਸੰਪਤੀ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜਦੋਂ ਜਾਂਚ ਮੁਕੰਮਲ ਹੋ ਜਾਵੇਗੀ ਤਾਂ ਸਾਬਕਾ ਮਾਲ ਮੰਤਰੀ ਨੂੰ ਤਲਬ ਕੀਤਾ ਜਾ ਸਕਦਾ ਹੈ। ਵਿਜੀਲੈਂਸ ਵੱਲੋਂ ਹੰਡਿਆਇਆ ਲਾਗੇ ਖੁੱਲ੍ਹੇ ਆਲੀਸ਼ਾਨ 'ਆਊਟਲੈੱਟ' ਵਿਚ ਵੀ ਕਾਂਗੜ ਦੀ ਹਿੱਸੇਦਾਰੀ ਦੇ ਤੱਥ ਇਕੱਠੇ ਕੀਤੇ ਜਾ ਰਹੇ ਹਨ। ਸੂਤਰਾਂ ਅਨੁਸਾਰ ਵਿਜੀਲੈਂਸ ਵੱਲੋਂ ਬਠਿੰਡਾ ਸ਼ਹਿਰ ਵਿਚ ਇਕ ਪ੍ਰਾਈਵੇਟ ਕਲੋਨੀ ਦੇ ਵੇਰਵੇ ਵੀ ਇਕੱਠੇ ਕੀਤੇ ਗਏ ਹਨ। ਕਾਂਗੜ ਦੇ ਲੜਕੇ ਹਰਮਨਵੀਰ ਸਿੰਘ ਧਾਲੀਵਾਲ ਨੇ 18 ਅਗਸਤ, 2021 ਨੂੰ ਬਾਦਲ ਪਰਿਵਾਰ ਦੇ ਨੇੜਲੇ ਰਹੇ ਲਖਵੀਰ ਸਿੰਘ ਉਰਫ ਲੱਖੀ ਵਾਸੀ ਹੰਡਿਆਇਆ ਤੋਂ ਦੋ ਏਕੜ ਜ਼ਮੀਨ ਖ਼ਰੀਦੀ ਸੀ ਜਿਸ ਦਾ ਰਜਿਸਟਰੀ ਵਿਚ ਮੁੱਲ 20 ਲੱਖ ਰੁਪਏ ਦਿਖਾਇਆ ਗਿਆ ਹੈ। ਇਸੇ ਤਰ੍ਹਾਂ ਪੰਚਾਇਤ ਮਹਿਕਮੇ ਵੱਲੋਂ ਜ਼ਿਲ੍ਹਾ ਮੁਹਾਲੀ ਵਿਚ ਨਾਜਾਇਜ਼ ਕਬਜ਼ੇ ਹੇਠੋਂ ਖਾਲੀ ਕਰਵਾਈ ਗਈ ਜ਼ਮੀਨ ਦੀ ਸੂਚੀ ਵਿਚ ਉਨ੍ਹਾਂ ਦੇ ਲੜਕੇ ਹਰਮਨਦੀਪ ਸਿੰਘ ਦਾ ਨਾਮ ਵੀ ਸੀ।

# ਪੀ.ਸੀ.ਐੱਸ. ਵਲੋਂ '2023 ਵਰਕਿੰਗ ਬੋਰਡ' ਦਾ ਗਠਨ

## ਨਿੱਕ ਬਲਵਿੰਦਰ ਸਿੰਘ ਚੇਅਰਮੈਨ ਅਤੇ ਭੁਪਿੰਦਰ ਸਿੰਘ ਧਾਲੀਵਾਲ ਪ੍ਰਧਾਨ ਨਿਯੁਕਤ

**ਸ਼ਿਕਾਗੋ:** ਪੰਜਾਬੀ ਕਲਚਰਲ ਸੋਸਾਇਟੀ ਆਫ ਸ਼ਿਕਾਗੋ (ਪੀ.ਸੀ.ਐਸ.) ਦੇ ਅਧਿਕਾਰੀਆਂ ਨੇ ਸਾਲ 2023 ਲਈ ਆਪਣੇ ਕਾਰਜਕਾਰੀ ਬੋਰਡ ਦਾ ਗਠਨ ਕੀਤਾ ਹੈ। ਹਾਲ ਹੀ ਵਿਚ ਹੋਈ ਪੀ ਸੀ ਐਸ ਅਧਿਕਾਰੀਆਂ ਦੀ ਮੀਟਿੰਗ ਵਿਚ ਸਥਾਨਕ ਕਮਿਊਨਿਟੀ ਆਗੂ, ਕਾਰੋਬਾਰੀ ਅਤੇ ਲੰਬੇ ਸਮੇਂ ਤੋਂ ਸੰਸਥਾ ਦਾ ਸਮਰਥਨ ਕਰ ਰਹੇ, ਨਿਕ ਬਲਵਿੰਦਰ ਸਿੰਘ ਨੂੰ ਸਾਲ 2023 ਲਈ ਪੀ.ਸੀ.ਐਸ ਦਾ ਚੇਅਰਮੈਨ ਚੁਣਿਆ ਗਿਆ।

ਨਿੱਕ ਬਲਵਿੰਦਰ ਸਿੰਘ ਇੱਕ ਸਫਲ ਕਾਰੋਬਾਰੀ ਹੈ, ਜਿਨ੍ਹਾਂ ਦਾ ਕਈ ਰਾਜਾਂ ਵਿਚ ਕਾਰੋਬਾਰ ਹੈ। ਉਹ ਪੀ.ਸੀ.ਐਸ. ਸਮੇਤ ਕਈ ਸਥਾਨਕ ਭਾਈਚਾਰਕ ਸੇਵਾ ਸੰਸਥਾਵਾਂ ਦੇ ਲੰਬੇ ਸਮੇਂ ਤੋਂ ਸਮਰਥਕ ਹਨ। ਚੇਅਰਮੈਨ ਨਿਕ ਬਲਵਿੰਦਰ ਸਿੰਘ ਨੇ ਕਿਹਾ, 'ਜਿੱਥੇ ਵੀ ਮੇਰੀ ਲੋੜ ਹੋਵੇਗੀ, ਮੈਂ ਪੀ.ਸੀ.ਐਸ. ਦੇ ਨਾਲ ਖੜ੍ਹਾ ਰਹਾਂਗਾ।'

ਇਸੇ ਤਰ੍ਹਾਂ ਭੁਪਿੰਦਰ ਸਿੰਘ ਧਾਲੀਵਾਲ ਨੂੰ 2023 ਲਈ ਪੀ.ਸੀ.ਐਸ. ਦਾ ਪ੍ਰਧਾਨ ਚੁਣਿਆ ਗਿਆ ਹੈ। ਭੁਪਿੰਦਰ ਧਾਲੀਵਾਲ ਕਈ ਸਾਲਾਂ ਤੋਂ ਪੀ.ਸੀ.ਐਸ. ਬੋਰਡ ਦੇ ਚੇਅਰਮੈਨ ਸਮੇਤ ਵੱਖ-ਵੱਖ ਅਹੁਦਿਆਂ 'ਤੇ ਰਹੇ ਹਨ। ਉਨ੍ਹਾਂ ਦੀ ਪਤਨੀ ਰਾਜਪ੍ਰੀਤ ਕੌਰ ਧਾਲੀਵਾਲ ਅਤੇ ਧੀਆਂ ਨੇ ਕਈ ਸਾਲਾਂ ਤੋਂ ਪੀ.ਸੀ.ਐਸ. ਗਤੀਵਿਧੀਆਂ ਵਿਚ ਹਿੱਸਾ ਲਿਆ ਹੈ। ਉਹ ਸਾਬਕਾ ਮੋਟੋਰੋਲਾ ਇਲੈਕਟ੍ਰੋਨਿਕਸ


ਚੇਅਰਮੈਨ ਨਿੱਕ ਬਲਵਿੰਦਰ ਸਿੰਘ


ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ

ਇੰਜੀਨੀਅਰਿੰਗ ਮੈਨੇਜਰ ਹਨ ਪਰ ਵਰਤਮਾਨ ਸਮੇਂ ਆਪਣਾ ਕਾਰੋਬਾਰ ਚਲਾ ਰਹੇ ਹਨ। ਉਹ ਮੈਰਾਥਨ ਵਿਚ ਵੀ ਜ਼ਰੂਰ ਭਾਗ ਲੈਂਦੇ ਹਨ।

ਪੀ.ਸੀ.ਐਸ. ਦੇ ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ ਨੇ ਕਿਹਾ, "ਸਾਡੇ ਕੋਲ ਪੀ.ਸੀ.ਐਸ. ਅਧਿਕਾਰੀਆਂ ਦੀ ਇਕ ਸਮਰਪਿਤ ਟੀਮ ਹੈ, ਜੋ ਪੀ.ਸੀ.ਐਸ. ਪ੍ਰੋਗਰਾਮਾਂ ਨੂੰ ਤਿਆਰ ਕਰਨ ਲਈ ਸਖ਼ਤ ਮਿਹਨਤ ਕਰ ਰਹੀ ਹੈ। ਸਾਡਾ ਅਗਲਾ ਪ੍ਰੋਗਰਾਮ ਰੰਗਲਾ ਪੰਜਾਬ 2023' ਕਾਲਜ ਆਫ਼ ਡੂਪੇਜ, ਗਲੇਨ ਐਲਿਨ ਇਲੀਨੋਇਸ ਦੇ ਐਮ ਏ ਸੀ ਆਡੀਟੋਰੀਅਮ ਵਿਚ 25 ਮਾਰਚ, 2023 ਨੂੰ ਸ਼ਾਮ 6:30 ਵਜੇ ਹੋਵੇਗਾ।

2023 ਪੀ.ਸੀ.ਐਸ. ਬੋਰਡ ਦੇ ਚੁਣੇ ਗਏ ਹੋਰ ਨਿਰਦੇਸ਼ਕਾਂ ਵਿਚ ਮਨਜੀਤ ਸਿੰਘ ਭੱਲਾ - ਮੀਤ ਪ੍ਰਧਾਨ, ਬਿਕਰਮ ਸਿੰਘ ਸੋਹੀ - ਕਾਰਜਕਾਰੀ ਸਕੱਤਰ, ਪਰਮਜੋਤ ਸਿੰਘ ਪਰਮਾਰ - ਸਹਾਇਕ ਕਾਰਜਕਾਰੀ ਸਕੱਤਰ, ਗੁਰਲਾਲ ਸਿੰਘ ਭੱਠਲ - ਵਿੱਤ ਡਾਇਰੈਕਟਰ, ਗੁਰਪ੍ਰੀਤ ਸਿੰਘ ਸਿੱਧੂ - ਤਕਨੀਕੀ ਨਿਰਦੇਸ਼ਕ ਅਤੇ ਸਹਾਇਕ ਵਿੱਤ ਨਿਰਦੇਸ਼ਕ, ਨਵਤੇਜ ਸਿੰਘ ਸੋਹੀ - ਅੰਤਰ-ਕਮਿਊਨਿਟੀ ਅਤੇ ਯੂਥ ਡਾਇਰੈਕਟਰ, ਜਿਗਰਦੀਪ ਸਿੰਘ ਢਿੱਲੋਂ - ਖੇਡ ਨਿਰਦੇਸ਼ਕ ਚੁਣੇ ਗਏ ਹਨ।

ਦੱਸਣਯੋਗ ਹੈ ਕਿ ਪੀ.ਸੀ.ਐਸ. ਇੱਕ ਸਵੈ-ਸੇਵੀ ਗੈਰ-ਮੁਨਾਫ਼ਾ ਕਮਿਊਨਿਟੀ ਸੇਵਾ ਸੰਸਥਾ ਹੈ, ਜਿਸ ਦਾ ਉਦੇਸ਼ ਪੰਜਾਬੀ ਭਾਈਚਾਰੇ ਨੂੰ ਪ੍ਰਫੁਲਿਤ ਕਰਨਾ ਅਤੇ ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਦਾ ਪ੍ਰਚਾਰ ਕਰਨਾ ਹੈ। ਸੰਸਥਾ ਵਲੋਂ ਅਮਰੀਕਾ ਦੇ ਮੂਲ ਵਾਸੀਆਂ ਨੂੰ ਪੰਜਾਬੀ ਭਾਈਚਾਰੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

# ਵਰਜੀਨੀਆ: ਘਰ ਵਿਚੋਂ ਗੈਰ-ਕਾਨੂੰਨੀ ਹਥਿਆਰ ਬਰਾਮਦ, ਇਕ ਗ੍ਰਿਫ਼ਤਾਰ



**ਵਰਜੀਨੀਆ:** ਇਥੇ ਬੀਚ ਦੇ ਇਕ ਘਰ ਵਿਚੋਂ ਇਕ ਮਸ਼ੀਨਗੰਨ ਸਮੇਤ ਭਾਰੀ ਮਾਤਰਾ ਵਿਚ ਹੋਰ ਗੈਰ-ਕਾਨੂੰਨੀ ਹਥਿਆਰ ਮਿਲਣ ਉਪਰੰਤ ਪੁਲਿਸ ਨੇ ਇਕ 35 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਵਰਜੀਨੀਆ ਬੀਚ ਪੁਲਿਸ ਵਿਭਾਗ ਅਨੁਸਾਰ ਗ੍ਰਿਫਤਾਰ ਵਿਅਕਤੀ ਦੀ ਪਛਾਣ ਜੌਹਨ ਡੇਨ ਵਜੋਂ ਹੋਈ ਹੈ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਵਿਭਾਗ ਦੇ ਵਿਸ਼ੇਸ਼ ਜਾਂਚ ਬਿਊਰੋ ਤੇ ਹੋਮਲੈਂਡ ਸਕਿਊਰਿਟੀ ਵਿਭਾਗ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਕ ਵਿਅਕਤੀ ਆਪਣੇ ਘਰ ਵਿਚ ਗੈਰ ਕਾਨੂੰਨੀ ਹਥਿਆਰ ਬਣਾ ਕੇ ਵੇਚ ਰਿਹਾ ਹੈ। ਜਿਸ ਉਪਰੰਤ ਪੁਲਿਸ ਵੱਲੋਂ ਮਾਰੇ ਛਾਪੇ ਦੌਰਾਨ ਭਾਰੀ ਮਾਤਰਾ ਵਿਚ ਗੈਰਕਾਨੂੰਨੀ ਹਥਿਆਰ ਮਿਲੇ। ਪੁਲਿਸ ਨੇ ਮੌਕੇ 'ਤੇ ਹੀ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ।

# ਅਮਿੱਟ ਯਾਦਾਂ ਛੱਡ ਗਿਆ 'ਗਰੈਂਡ ਫੇਮ ਆਫ ਇੰਡੀਆ ਐਵਾਰਡ ਸ਼ੋਅ 2023'

**ਪਟਿਆਲਾ:** 'ਗਰੈਂਡ ਫੇਮ ਆਫ ਇੰਡੀਆ ਐਵਾਰਡ ਸ਼ੋਅ' ਸਥਾਨਕ ਸ਼ਹਿਨਾਈ ਹੋਟਲ ਵਿਚ ਐੱਚ ਐਮ ਐਂਟਰਟੇਨਮੈਂਟ ਆਰਗੇਨਾਈਜ਼ਰ ਹਨੀ ਮੁਟੇਜਾ ਦੀ ਅਗਵਾਈ ਹੇਠ ਕਰਵਾਇਆ ਗਿਆ। ਅਮਿੱਟ ਯਾਦਾਂ ਛੱਡਦਾ ਇਹ ਸ਼ੋਅ ਉਭਰ ਰਹੇ ਟੇਲੈਂਟ ਅਤੇ ਹੁਨਰਬਾਜ਼ ਨੌਜਵਾਨ ਲੜਕੇ-ਲੜਕੀਆਂ ਅਤੇ ਔਰਤਾਂ ਨੂੰ ਇਕ ਵਧੀਆ ਮੰਚ ਮੁਹੱਈਆ ਕਰਵਾ ਗਿਆ, ਜਿਸ ਵਿਚ ਪੰਜਾਬ , ਦਿੱਲੀ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਦੀਆਂ ਮੁਟਿਆਰਾਂ ਅਤੇ ਔਰਤਾਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਜਿੱਥੇ ਮੁੱਖ ਮਹਿਮਾਨ ਵਜੋਂ ਦਵਿੰਦਰ ਹਸੀਜਾ, ਪੌਲੀਵੁੱਡ ਪੋਸਟ ਦੇ ਮਾਲਕ ਹਰਜਿੰਦਰ ਸਿੰਘ ਜਵੰਦਾ, ਪੋਨੂੰ ਬੱਤਰਾ, ਗੁਰਪ੍ਰੀਤ ਚੰਡੀਗੜ੍ਹੀਆ, ਨੀਮਲ ਸ਼ਰਮਾ, ਦਿਵਿਆ ਸ਼ਰਮਾ, ਨਵਲ ਸ਼ਰਮਾ ਅਤੇ ਰਾਜ ਸ਼ਰਮਾ ਆਦਿ ਸ਼ਾਮਿਲ ਹੋਏ, ਉੱਥੇ ਹੀ ਮਾਡਲਿੰਗ ਅਤੇ ਪਾਲੀਵੁੱਡ ਇੰਡਸਟਰੀਆਂ ਦੀਆਂ ਕਈ ਨਾਮੀ ਸ਼ਖਸੀਅਤਾਂ ਇਸ ਸ਼ੋਅ ਦੀ ਸ਼ਾਨ ਬਣੀਆਂ।

ਇਸ ਮੌਕੇ ਜੱਜਾਂ ਦੀ ਭੂਮਿਕਾ ਨਾਮੀ ਮਾਡਲ ਸੋਨਾਲੀਕਾ ਸ਼ਰਮਾ ਅਤੇ ਆਸ਼ੂ ਬਾਵਾ ਨੇ ਨਿਭਾਈ। ਇਸ ਮੌਕੇ ਜਿੱਥੇ ਮਾਡਲਾਂ ਨੇ ਰੈਂਪ ਵਾਕ ਕਰ ਕੇ ਆਪਣੇ ਜਲਵੇ ਬਿਖੇਰੇ, ਉਥੇ ਹੀ ਨੰਨ੍ਹੇ ਬੱਚੇ ਵੀ ਕਿਸੇ ਨਾਲੋਂ ਘੱਟ ਨਾ ਰਹੇ। ਬੱਚਿਆਂ ਦੀ ਮਾਡਲਿੰਗ ਨੇ ਵੀ ਦਰਸ਼ਕਾਂ ਦਾ ਮਨ ਮੋਹ ਲਿਆ। ਨਤੀਜਿਆਂ ਦੌਰਾਨ 'ਮਿਸ ਗਰੈਂਡ ਫੇਮ ਆਫ ਇੰਡੀਆ ਐਵਾਰਡ' ਮਾਹੀ ਠਾਕੁਰ ਹਿਮਾਚਲ ਪ੍ਰਦੇਸ਼, 'ਮਿਸਿਜ਼ ਗਰੈਂਡ ਫੇਮ ਆਫ ਇੰਡੀਆ ਐਵਾਰਡ' ਮਹਿਕ ਦਿਓਲ ਨੇ ਜਿੱਤਿਆ ਅਤੇ ਸ਼ਿਵਾਨੀ ਕੌਸ਼ਲ ਫਸਟ-ਰਨਰਅਪ ਰਹੀ। ਇਸ ਮੌਕੇ ਆਏ ਹੋਏ ਮਹਿਮਾਨਾਂ ਵਲੋਂ ਫ਼ੈਸ਼ਨ ਸ਼ੋਅ 'ਚ ਹਿੱਸਾ ਲੈਣ ਵਾਲੇ ਬੱਚਿਆਂ ਅਤੇ ਮਾਡਲਾਂ ਨੂੰ ਐਵਾਰਡ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਬਿਹਤਰੀਨ ਪੇਸ਼ਕਾਰੀ ਦੀ ਤਾਰੀਫ਼ ਕਰਦੇ ਹੋਏ ਸਭ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ ਗਈ। ਐੱਚ ਐਮ ਐਂਟਰਟੇਨਮੈਂਟ ਆਰਗੇਨਾਈਜ਼ਰ ਹਨੀ ਮੁਟੇਜਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਇਹ ਸ਼ੋਅ ਉਭਰ ਰਹੇ ਟੇਲੈਂਟ ਅਤੇ ਹੁਨਰਬਾਜ਼ ਮੁੰਡੇ, ਕੁੜੀਆਂ ਅਤੇ ਔਰਤਾਂ ਨੂੰ ਵਧੀਆ ਮੰਚ ਮੁਹੱਈਆ ਕਰਵਾਇਆ ਗਿਆ ਹੈ।






*-ਵੇਰਵਾ ਤੇ ਤਸਵੀਰ: ਹਰਜਿੰਦਰ ਸਿੰਘ*

# ਈ-ਦੀਵਾਨ ਸੁਸਾਇਟੀ ਵਲੋਂ ਗੁਰਪੁਰਬ ਨੂੰ ਸਮਰਪਿਤ ਕਵੀ ਦਰਬਾਰ

**ਕੈਲਗਰੀ:** ਈ-ਦੀਵਾਨ ਸੋਸਾਇਟੀ ਕੈਲਗਰੀ ਵਲੋਂ ਲੰਘੀ 14 ਜਨਵਰੀ ਨੂੰ ਆਪਣੇ ਹਫਤਾਵਾਰ ਸਮਾਗਮਾਂ ਵਿਚ, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਆਗਮਨ ਪੁਰਬ ਨੂੰ ਸਮਰਪਿਤ, ਆਨਲਾਈਨ ਕੌਮਾਂਤਰੀ ਕਵੀ ਦਰਬਾਰ ਕਰਾਇਆ ਗਿਆ, ਜਿਸ ਵਿਚ ਦੇਸ਼ ਵਿਦੇਸ਼ ਤੋਂ 11 ਮਹਾਨ ਪੰਥਕ ਕਵੀ/ਕਵਿੱਤਰੀਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਅੰਮ੍ਰਿਤ ਦੇ ਦਾਤੇ, ਸਰਬੰਸ ਦਾਨੀ, ਦਸਮੇਸ਼ ਪਿਤਾ ਦੀ ਲਾਸਾਨੀ ਸ਼ਖਸੀਅਤ ਤੇ ਉਨ੍ਹਾਂ ਦੇ ਜੀਵਨ ਦੀਆਂ ਅਹਿਮ ਘਟਨਾਵਾਂ ਤੇ ਗੀਤ, ਕਵਿਤਾਵਾਂ ਸੁਣਾ ਕੇ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ।

ਸਮਾਗਮ ਦੇ ਸ਼ੁਰੂ ਵਿਚ, ਸੰਸਥਾ ਦੇ ਸੰਸਥਾਪਕ ਤੇ ਸੰਚਾਲਕ- ਡਾ. ਬਲਰਾਜ ਸਿੰਘ ਨੇ ਦੂਰੋਂ ਨੇੜਿਓਂ ਪਹੁੰਚੇ, ਸਮੂਹ ਕਵੀ ਸਾਹਿਬਾਨ ਨੂੰ 'ਜੀ ਆਇਆਂ' ਕਹਿੰਦਿਆਂ ਸਭਾ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਟੋਰਾਂਟੋ ਵਾਲੇ ਬੱਚਿਆਂ ਨੂੰ ਸ਼ਬਦ ਪੜ੍ਹਨ ਲਈ ਬੇਨਤੀ ਕੀਤੀ। ਬੱਚੀਆਂ ਅਮਿਤੋਜ਼ ਕੌਰ ਤੇ ਅਨੁਰੀਤ ਕੌਰ ਨੇ ਬਹੁਤ ਹੀ ਸੁਰੀਲੀ ਆਵਾਜ਼ ਵਿਚ ਸ਼ਬਦ ਸਰਵਣ ਕਰਾਇਆ। ਗੁਰਦੀਸ਼ ਕੌਰ ਗਰੇਵਾਲ ਨੇ ਮੰਚ ਸੰਚਾਲਨ ਦੀ ਸੇਵਾ ਸੰਭਾਲੀ ਤੇ ਕਵੀਆਂ ਦੀ ਜਾਣ ਪਛਾਣ ਕਰਾਉਂਦਿਆਂ ਸਭ ਨੂੰ ਮੰਚ 'ਤੇ ਸੱਦਾ ਦਿੱਤਾ। ਸਭ ਤੋਂ ਪਹਿਲਾਂ- ਟੋਰਾਂਟੋ ਤੋਂ ਆਏ ਪਰਮਜੀਤ ਸਿੰਘ ਨੇ ਆਪਣੀਆਂ ਬੇਟੀਆਂ ਨਾਲ, ਗੁਰਦੀਸ਼ ਕੌਰ ਦਾ ਲਿਖਿਆ ਗੀਤ-'ਲੱਥਣਾ ਨਹੀਂ ਰਿਣ ਸਾਥੋਂ, ਬਾਜਾਂ ਵਾਲੇ ਮਾਹੀ ਦਾ' ਹਾਰਮੋਨੀਅਨ 'ਤੇ ਸੁਣਾ ਕੇ, ਸੰਗੀਤਮਈ ਮਾਹੌਲ ਨਾਲ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ। ਲੁਧਿਆਣੇ ਤੋਂ ਪਹੁੰਚੇ ਗੀਤਕਾਰ ਤੇ ਗਾਇਕ ਪਰਮਿੰਦਰ ਸਿੰਘ ਗਰੇਵਾਲ ਨੇ 'ਦਸਮੇਸ਼ ਪਿਤਾ ਮੈਂ ਤੇਰੇ ਬਾਰੇ ਲਿਖ ਸਕਾਂ, ਹਾਲੇ ਮੇਰੀ ਕਲਮ ਏਨੀ ਸਮਰੱਥ ਨਾ ਹੋਈ' ਸੁਰੀਲੀ ਆਵਾਜ਼ ਵਿਚ ਸੁਣਾਏ। ਗੁਰਵਿੰਦਰ ਸਿੰਘ ਸ਼ੇਰਗਿੱਲ ਨੇ 'ਧੰਨ ਧੰਨ ਗੁਰੂ ਕਲਗੀਆਂ ਵਾਲੜਿਆ' ਗੀਤ ਅਤੇ ਯੂ.ਕੇ. ਤੋਂ ਮਨਜੀਤ ਕੌਰ ਪੱਡਾ ਨੇ 'ਜੇ ਗੁਰੂ ਗੋਬਿੰਦ ਸਿੰਘ




ਅਲਬੇਲਾ ਨੇ 'ਕਲਗੀਧਰ ਜਿਹਾ ਪਰਉਪਕਾਰੀ, ਨਾ ਕੋਈ ਹੋਇਐ ਨਾ ਕੋਈ ਹੋਣਾ', ਨੋਇਡਾ ਤੋਂ ਆਏ ਜਸਪ੍ਰੀਤ ਕੌਰ ਡੀ.ਈ.ਓ (ਰਿਟਾਇਰਡ) ਨੇ 'ਉਸ ਨੀਲੇ ਘੋੜੇ ਵਾਲੇ ਦੀ, ਕੋਈ ਗੱਲ ਸੁਣਾਈ ਜਾਂਦੀ ਨਹੀਂ', ਅਤੇ ਚੰਡੀਗੜ੍ਹ ਤੋਂ ਆਏ ਸਿਮਰਜੀਤ ਕੌਰ

ਸਾਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਨੇ ਕਵੀਸ਼ਰੀ, 'ਪੁੱਤਰਾਂ ਦੇ ਦਾਨੀ ਦੀ ਕੁਰਬਾਨੀ ਨੂੰ ਕਿਤੇ ਭੁੱਲ ਨਾ ਜਾਇਓ', ਮਖੂ (ਫਿਰੋਜ਼ਪੁਰ) ਤੋਂ ਡਾ. ਸਤੀਸ਼ ਠੁਕਰਾਲ ਸੋਨੀ ਨੇ 'ਗਾਥਾ ਸੁਣ ਲਓ ਗੁਰੂ ਗੋਬਿੰਦ ਦੀ' ਤਰੰਨਮ 'ਚ, ਲੁਧਿਆਣਾ ਤੋਂ

ਨਾ ਹੁੰਦੇ' ਭਾਵਪੂਰਤ ਕਵਿਤਾ ਨਾਲ ਸਾਂਝ ਪਾਈ। ਮਗਰੋਂ ਜਗਬੀਰ ਸਿੰਘ ਨੇ ਹੋਸਟ ਕਰਦਿਆਂ ਗੁਰਦੀਸ਼ ਕੌਰ ਨੂੰ ਕਵਿਤਾ ਸੁਣਾਉਣ ਦੀ ਬੇਨਤੀ ਕੀਤੀ, ਜਿਨ੍ਹਾਂ ਨੇ ਆਪਣੀ ਕਵਿਤਾ 'ਸਰਬੰਸ ਦਾਨੀ' ਸਾਂਝੀ ਕੀਤੀ। ਟੋਰਾਂਟੋ ਤੋਂ ਪੰਥਕ ਸ਼ਾਇਰ- ਸੁਜਾਨ ਸਿੰਘ ਸੁਜਾਨ ਨੇ ਬਾਲ ਗੋਬਿੰਦ ਰਾਇ ਦੇ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਜਾਣ ਸਮੇਂ ਦਾ ਦ੍ਰਿਸ਼ ਵਰਣਨ ਕਰਦੀ ਰਚਨਾ, ਅਤੇ ਜਸਪਾਲ ਸਿੰਘ ਦੇਸੂਈ ਨੇ ਮਾਛੀਵਾੜੇ ਦੇ ਜੰਗਲ ਦਾ ਸੀਨ ਬਿਆਨ ਕਰਦਾ ਗੀਤ ਸਾਂਝਾ ਕੀਤਾ। ਸਿਆਟਲ ਤੋਂ ਨਾਮਵਰ ਸ਼ਾਇਰ ਅਵਤਾਰ ਸਿੰਘ ਆਦਮਪੁਰੀ ਨੇ 'ਕਲਮਾਂ ਕੀ ਲੇਖਾ ਲਿਖਣਾ ਉਹਦੇ ਉਪਕਾਰਾਂ ਦਾ', ਗੀਤ ਸੁਣਾ ਕੇ ਵਾਹ-ਵਾਹ ਖੱਟੀ। ਸੰਗਤ ਨੇ ਜੈਕਾਰਿਆਂ ਰਾਹੀਂ ਇਸ ਕਵੀ ਦਰਬਾਰ ਨੂੰ ਭਰਪੂਰ ਹੁੰਗਾਰਾ ਦਿੱਤਾ।

ਡਾ. ਸੁਰਜੀਤ ਸਿੰਘ ਭੱਟੀ ਨੇ ਦੂਰੋਂ ਨੇੜਿਓਂ ਪਹੁੰਚੇ ਸਮੂਹ ਕਵੀ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਸੰਸਥਾ ਵਲੋਂ ਸ਼ੁਰੂ ਕੀਤੇ ਆਨਲਾਈਨ ਮੈਗਜ਼ੀਨ 'ਸਾਂਝੀ ਵਿਰਾਸਤ' ਦੀ ਜਾਣਕਾਰੀ ਦਿੰਦਿਆਂ ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ ਲਿਖਤੀ ਰੂਪ ਵਿਚ, ਇਸ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਕੀਤੀ। ਜੈਪੁਰ ਤੋਂ ਸ਼ਾਮ ਹੋਏ ਬ੍ਰਿਜਮਿੰਦਰ ਕੌਰ ਨੇ ਸਮਾਗਮ ਦੀ ਸਮਾਪਤੀ 'ਤੇ ਆਨੰਦ ਸਾਹਿਬ ਪੜ੍ਹਿਆ ਅਤੇ ਅਰਦਾਸ ਦੀ ਸੇਵਾ ਜਗਬੀਰ ਸਿੰਘ ਨੇ ਨਿਭਾਈ। ਸਰੋਤਿਆਂ ਦੇ ਮਨਾਂ 'ਤੇ ਅਮਿੱਟ ਛਾਪ ਛੱਡਦਾ ਇਹ ਕਵੀ ਦਰਬਾਰ ਸੰਪੰਨ ਹੋਇਆ। ਵਧੇਰੇ ਜਾਣਕਾਰੀ ਲਈ ਡਾ. ਬਲਰਾਜ ਸਿੰਘ ਨਾਲ 403 978 2419 ਜਾਂ ਜਗਬੀਰ ਸਿੰਘ ਨਾਲ 587 718 8100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਗੁਰਦੀਸ਼ ਕੌਰ ਗਰੇਵਾਲ*
*ਫੋਨ: +1 403 404 1450*

# ਨੇਪਾਲ 'ਚ ਜਹਾਜ਼ ਡਿੱਗਿਆ; ਪੰਜ ਭਾਰਤੀਆਂ ਸਣੇ 68 ਹਲਾਕ

**ਕਾਠਮੰਡੂ:** ਨੇਪਾਲ ਦੇ ਕੇਂਦਰੀ ਸ਼ਹਿਰ ਪੋਖਰਾ ਵਿਚ ਯੇਤੀ ਏਅਰਲਾਈਨਜ਼ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਹਾਦਸੇ ਵਿਚ ਘੱਟੋ-ਘੱਟ 68 ਯਾਤਰੀਆਂ ਦੀ ਮੌਤ ਹੋ ਗਈ ਜਿਨ੍ਹਾਂ ਵਿਚੋਂ 12 ਦੀ ਸ਼ਨਾਖ਼ਤ ਕਰ ਲਈ ਗਈ ਹੈ। ਹਾਦਸੇ ਮੌਕੇ ਜਹਾਜ਼ ਵਿਚ ਪੰਜ ਭਾਰਤੀਆਂ ਸਣੇ ਕੁੱਲ 72 ਵਿਅਕਤੀ ਸਵਾਰ ਸਨ। ਜਹਾਜ਼ ਹਵਾਈ ਅੱਡੇ 'ਤੇ ਉਤਰਨ ਮੌਕੇ ਨਦੀ ਕੰਢੇ ਹਾਦਸੇ ਦਾ ਸ਼ਿਕਾਰ ਹੋ ਗਿਆ। ਸਰਕਾਰ ਨੇ ਹਾਦਸੇ ਦੀ ਜਾਂਚ ਲਈ ਪੰਜ ਮੈਂਬਰੀ ਜਾਂਚ ਕਮਿਸ਼ਨ ਬਣਾ ਦਿੱਤਾ ਹੈ, ਜਿਸ ਦੀ ਅਗਵਾਈ ਸਾਬਕਾ ਹਵਾਬਾਜ਼ੀ ਸਕੱਤਰ ਨਾਗੇਂਦਰ ਘਿਮਿਰੇ ਕਰਨਗੇ। ਨੇਪਾਲ ਦੀ ਸ਼ਹਿਰੀ ਹਵਾਬਾਜ਼ੀ ਅਥਾਰਿਟੀ (ਸੀ.ਏ.ਏ.ਐਨ.) ਮੁਤਾਬਕ ਯੇਤੀ ਏਅਰਲਾਈਨਜ਼ ਦੇ 9ਐਨ-ਏ.ਐਨ.ਸੀ. ਏ.ਟੀ.ਆਰ-72 ਜਹਾਜ਼ ਨੇ ਕਾਠਮੰਡੂ ਦੇ ਤ੍ਰਿਭੁਵਨ ਕੌਮਾਂਤਰੀ ਹਵਾਈ ਅੱਡੇ ਤੋਂ ਸਵੇਰੇ 10:33 ਵਜੇ ਉਡਾਣ ਭਰੀ ਸੀ। ਪੋਖਰਾ ਹਿਮਾਲਾ ਵਿਚ ਵਸੇ ਮੁਲਕ ਦਾ ਪ੍ਰਮੁੱਖ ਸੈਲਾਨੀ ਕੇਂਦਰ ਹੈ। ਜਾਣਕਾਰੀ ਅਨੁਸਾਰ ਸਵੇਰੇ 11 ਵਜੇ ਦੇ ਕਰੀਬ ਪੋਖਰਾ ਹਵਾਈ ਅੱਡੇ 'ਤੇ ਉਤਰਨ ਮੌਕੇ ਜਹਾਜ਼ ਸੇਤੀ ਨਦੀ ਦੇ ਕੰਢੇ ਪੁਰਾਣੇ ਤੇ ਨਵੇਂ ਹਵਾਈ ਅੱਡੇ ਦੇ ਵਿਚਾਲੇ ਹਾਦਸਾਗ੍ਰਸਤ ਹੋ ਗਿਆ। ਜਹਾਜ਼ 'ਚ 68 ਯਾਤਰੀ ਤੇ ਅਮਲੇ ਦੇ ਚਾਰ ਮੈਂਬਰ ਸਵਾਰ ਸਨ। ਜਹਾਜ਼ 'ਤੇ ਸਵਾਰ ਵਿਦੇਸ਼ੀ ਨਾਗਰਿਕਾਂ 'ਚੋਂ ਪੰਜ ਭਾਰਤੀ, ਚਾਰ ਰੂਸੀ, ਦੋ ਕੋਰਿਆਈ, ਇਕ ਇਕ ਆਸਟਰੇਲੀਅਨ, ਫਰੈਂਚ, ਅਰਜਨਟੀਨੀ ਤੇ ਇਜ਼ਰਾਇਲੀ ਨਾਗਰਿਕ ਹਨ।



ਉਧਰ, ਭਾਰਤੀ ਅੰਬੈਸੀ ਨੇ ਇਕ ਟਵੀਟ ਵਿਚ ਕਿਹਾ ਕਿ ਜਹਾਜ਼ 'ਚ ਪੰਜ ਭਾਰਤੀਆਂ ਸਣੇ ਕੁੱਲ 15 ਵਿਦੇਸ਼ੀ ਨਾਗਰਿਕ ਮੌਜੂਦ ਸਨ, ਜਿਨ੍ਹਾਂ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਹੈ। ਯੇਤੀ ਏਅਰਲਾਈਨਜ਼ ਦੇ ਅਧਿਕਾਰੀ ਨੇ ਪੰਜ ਭਾਰਤੀ ਨਾਗਰਿਕਾਂ ਦੀ ਪਛਾਣ ਅਭਿਸ਼ੇਕ ਕੁਸ਼ਵਾਹਾ, ਬਿਸ਼ਾਲ ਸ਼ਰਮਾ, ਅਨਿਲ ਕੁਮਾਰ ਰਾਜਭਰ, ਸੋਨੂ ਜੈਸਵਾਲ ਤੇ ਸੰਜੇ ਜੈਸਵਾਲ ਵਜੋਂ ਦੱਸੀ ਹੈ। ਨੇਪਾਲ ਵਿਚਲੇ ਭਾਰਤੀ ਮਿਸ਼ਨ ਨੇ ਇਕ ਟਵੀਟ ਵਿਚ ਕਿਹਾ, "ਯੇਤੀ ਏਅਰਲਾਈਨਜ਼ ਦਾ ਏ.ਟੀ.ਆਰ-72 ਜਹਾਜ਼ ਕਾਠਮੰਡੂ ਤੋਂ ਉਡਾਣ ਭਰਨ ਮਗਰੋਂ ਪੋਖਰਾ ਹਵਾਈ ਅੱਡੇ ਨੇੜੇ ਹਾਦਸਾਗ੍ਰਸਤ ਹੋ ਗਿਆ। ਨੇਪਾਲ ਦੀ ਸ਼ਹਿਰੀ ਹਵਾਬਾਜ਼ੀ ਅਥਾਰਿਟੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਇਸ ਉਡਾਣ 'ਤੇ ਪੰਜ ਭਾਰਤੀ ਯਾਤਰੀ ਸਵਾਰ ਸਨ। ਰਾਹਤ ਕਾਰਜ ਜਾਰੀ ਹਨ।" ਭਾਰਤੀ ਮਿਸ਼ਨ ਨੇ ਕਿਹਾ ਕਿ ਅੰਬੈਸੀ ਸਥਾਨਕ ਅਥਾਰਿਟੀਜ਼ ਦੇ ਸੰਪਰਕ ਵਿਚ ਹੈ ਤੇ ਹਾਲਾਤ ਉਤੇ ਨੇੜਿਓਂ ਨਜ਼ਰ ਬਣਾਈ ਹੋਈ ਹੈ। ਉਂਜ ਅਜੇ ਤੱਕ ਹਾਦਸੇ ਦੇ ਅਸਲ ਕਾਰਨਾਂ ਦਾ ਫੌਰੀ ਪਤਾ ਨਹੀਂ ਲੱਗ ਸਕਿਆ। ਨੇਪਾਲ ਦੀ ਸ਼ਹਿਰੀ ਹਵਾਬਾਜ਼ੀ ਅਥਾਰਿਟੀ ਨੇ ਕਿਹਾ ਕਿ ਜਹਾਜ਼ ਨੇ ਹਾਦਸਾਗ੍ਰਸਤ ਹੋਣ ਤੋਂ ਠੀਕ ਪਹਿਲਾਂ ਆਖਰੀ ਵਾਰ ਸੰਪਰਕ ਕੀਤਾ ਸੀ।

ਯੇਤੀ ਏਅਰਲਾਈਨਜ਼ ਦੇ ਤਰਜਮਾਨ ਸੁਦਰਸ਼ਨ ਬਾਰਤੌਲਾ ਨੇ ਕਿਹਾ, "ਪੋਖਰਾ ਵਿਚ ਮੌਸਮ ਬਿਲਕੁਲ ਠੀਕ ਸੀ ਤੇ ਜਹਾਜ਼ ਦਾ ਇੰਜਨ ਵੀ ਚੰਗੀ ਹਾਲਤ ਵਿਚ ਸੀ। ਸਾਨੂੰ ਨਹੀਂ ਪਤਾ ਕਿ ਜਹਾਜ਼ ਨੂੰ ਕੀ ਹੋਇਆ।" ਹਾਲਾਂਕਿ ਕੁਝ ਸਥਾਨਕ ਮੀਡੀਆ ਨੇ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਕਿ ਜਹਾਜ਼ ਨੇ ਉਤਰਨ ਦੀ ਕੋਸ਼ਿਸ਼ ਕਰਨ ਮੌਕੇ ਥੋੜ੍ਹਾ ਚੌੜਾ ਗੇੜਾ ਲਿਆ ਸੀ, ਜੋ ਸ਼ਾਇਦ ਹਾਦਸੇ ਦਾ ਕਾਰਨ ਬਣਿਆ।

## ਭਾਰਤ ਦੇ ਇਕ ਫੀਸਦ ਲੋਕਾਂ ਕੋਲ ਦੇਸ਼ ਦੀ 40 ਫੀਸਦੀ ਤੋਂ ਵੱਧ ਦੌਲਤ

**ਦਾਵੋਸ:** ਭਾਰਤ ਵਿਚ ਸਭ ਤੋਂ ਅਮੀਰ ਇਕ ਫੀਸਦੀ ਲੋਕਾਂ ਕੋਲ ਹੁਣ ਦੇਸ਼ ਦੀ ਕੁੱਲ ਦੌਲਤ ਦਾ 40 ਫੀਸਦੀ ਤੋਂ ਵੱਧ ਹੈ। ਦੂਜੇ ਪਾਸੇ ਹੇਠਲੇ 50 ਫੀਸਦੀ ਲੋਕਾਂ ਕੋਲ ਕੁੱਲ ਦੌਲਤ ਦਾ ਸਿਰਫ ਤਿੰਨ ਫੀਸਦੀ ਹੈ। ਅਧਿਕਾਰ ਸਮੂਹ ਆਕਸਫੈਮ ਇੰਟਰਨੈਸ਼ਨਲ ਨੇ ਵਿਸ਼ਵ ਆਰਥਿਕ ਫੋਰਮ (ਡਬਲਿਊ.ਈ.ਐਫ.) ਦੀ ਸਾਲਾਨਾ ਬੈਠਕ ਤੋਂ ਪਹਿਲੇ ਦਿਨ ਇਥੇ ਆਪਣੀ ਸਾਲਾਨਾ ਅਸਮਾਨਤਾ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ। ਰਿਪੋਰਟ ਮੁਤਾਬਕ ਭਾਰਤ ਦੇ 10 ਸਭ ਤੋਂ ਅਮੀਰ ਲੋਕਾਂ ਉਤੇ ਪੰਜ ਫੀਸਦੀ ਟੈਕਸ ਲਗਾਉਣ ਨਾਲ ਸਕੂਲ ਛੱਡ ਚੁੱਕੇ ਬੱਚਿਆਂ ਨੂੰ ਵਾਪਸ ਲਿਆਉਣ ਲਈ ਸਾਰਾ ਪੈਸਾ ਮਿਲ ਸਕਦਾ ਹੈ।

# ਹਵਾਈ ਅੱਡੇ ਅਤਿਵਾਦ ਵਿਰੋਧੀ ਸੁਰੱਖਿਆ ਘੇਰੇ ਵਿਚ ਲਿਆਉਣ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰ ਦੀ ਖੇਤਰੀ ਸੰਪਰਕ ਸਕੀਮ 'ਉਡਾਣ' ਤਹਿਤ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਵਿਚ 60 ਤੋਂ ਵੱਧ ਹਵਾਈ ਅੱਡਿਆਂ ਨੂੰ ਛੇਤੀ ਹੀ ਵੱਡੇ ਪੱਧਰ 'ਤੇ ਅਤਿਵਾਦ ਵਿਰੋਧੀ ਸੁਰੱਖਿਆ ਘੇਰੇ ਵਿਚ ਲਿਆਂਦਾ ਜਾਵੇਗਾ। ਇਸ ਤਹਿਤ ਸੀ.ਆਈ.ਐਸ.ਐਫ. ਦੇ ਕਰਮਚਾਰੀਆਂ ਦੇ ਨਾਲ ਲਗਭਗ 1650 ਜਵਾਨ ਤਾਇਨਾਤ ਕੀਤੇ ਜਾਣਗੇ।

ਇਸ ਤਜਵੀਜ਼ ਨੂੰ ਗ੍ਰਹਿ ਮੰਤਰਾਲੇ ਤੋਂ ਮਨਜ਼ੂਰੀ ਦੀ ਉਡੀਕ ਹੈ। ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ (ਬੀ.ਸੀ.ਏ.ਐਸ.) ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਅਤੇ ਸੀ.ਆਈ.ਐਸ.ਐਫ. ਨਾਲ ਚਰਚਾ ਕਰ ਕੇ ਭਾਰਤ ਵਿਚ ਛੋਟੇ ਹਵਾਈ ਟਰਮੀਨਲਾਂ ਤੋਂ ਸਫਰ ਕਰਨ ਵਾਲੇ ਯਾਤਰੀਆਂ ਦੀ ਸੁਰੱਖਿਆ ਲਈ ਲੋੜੀਂਦੇ 'ਬਹੁਤ ਹੀ ਅਹਿਮ ਸੁਰੱਖਿਆ ਉਪਾਅ' ਦੀ ਤਜਵੀਜ਼ ਨੂੰ ਅੰਤਿਮ ਰੂਪ ਦਿੱਤਾ ਹੈ। ਸ਼ਿਮਲਾ ਵਰਗੇ ਛੋਟੇ ਹਵਾਈ ਅੱਡੇ ਇਸ ਖੇਤਰੀ ਸੰਪਰਕ ਅਧੀਨ ਹਨ। ਇਨ੍ਹਾਂ ਦੀ ਸੁਰੱਖਿਆ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐਸ.ਐਫ.) ਵੱਲੋਂ ਕੀਤੀ ਜਾਂਦੀ ਹੈ। ਜਦੋਂਕਿ ਬਾਕੀ ਹਵਾਈ ਅੱਡਿਆਂ ਦੀ ਸੁਰੱਖਿਆ ਵੱਖ-ਵੱਖ ਸੂਬਿਆਂ ਦੇ ਪੁਲਿਸ ਬਲਾਂ ਜਾਂ ਉਨ੍ਹਾਂ ਦੀਆਂ ਵਿਸ਼ੇਸ਼ ਹਥਿਆਰਬੰਦ ਟੁਕੜੀਆਂ ਵੱਲੋਂ ਕੀਤੀ ਜਾਂਦੀ ਹੈ। ਇਹ ਇਕਸਾਰ ਨੀਤੀ ਨਹੀਂ ਹੈ। ਕੇਂਦਰ ਸਰਕਾਰ ਨੇ 'ਉਡਾਣ' (ਉਡੇ ਦੇਸ਼ ਕਾ ਆਮ ਨਾਗਰਿਕ) ਨਾਮ ਹੇਠ 21 ਅਕਤੂਬਰ 2016 ਨੂੰ ਖੇਤਰੀ ਸੰਪਰਕ ਸਕੀਮ ਲਾਂਚ ਕੀਤੀ ਸੀ। ਤਾਜ਼ਾ ਵੇਰਵਿਆਂ ਮੁਤਾਬਕ, ਉਡਾਣ ਸਕੀਮ ਤਹਿਤ ਹਰੇਕ ਹਵਾਈ ਅੱਡੇ 'ਤੇ 57 ਸੁਰੱਖਿਆ ਜਵਾਨ ਤਾਇਨਾਤ ਕੀਤੇ ਜਾਣਗੇ, ਜਿਨ੍ਹਾਂ ਵਿਚ 27 ਸੀ.ਆਈ.ਐਸ.ਐਫ. ਦੇ ਜਵਾਨ ਤੇ ਬਾਕੀ ਪ੍ਰਮਾਣਿਤ ਨਿੱਜੀ ਸੁਰੱਖਿਆ ਏਜੰਸੀਆਂ ਤੋਂ ਲਏ ਜਾਣਗੇ।



# 'ਆਪ' ਨੇ ਪੰਜਾਬ ਵਿਚ ਮਜ਼ਬੂਤੀ ਲਈ ਰਣਨੀਤੀ ਉਲੀਕੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਨੇ ਚੰਡੀਗੜ੍ਹ ਵਿਚ ਪਾਰਟੀ ਦੇ ਸਾਰੇ ਸੀਨੀਅਰ ਆਗੂਆਂ, ਜ਼ਿਲ੍ਹਾ ਤੇ ਲੋਕ ਸਭਾ ਹਲਕਿਆਂ ਦੇ ਇੰਚਾਰਜਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਵਿਚ ਅਹੁਦੇਦਾਰਾਂ ਨਾਲ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿਚ ਬੂਥ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਰਣਨੀਤੀ ਉਲੀਕੀ।

ਡਾ. ਸੰਦੀਪ ਪਾਠਕ ਨੇ ਕਿਹਾ ਕਿ 'ਆਪ' ਸਰਕਾਰ ਨੇ ਸੂਬੇ ਵਿਚ ਪਿਛਲੇ 10 ਮਹੀਨਿਆਂ ਦੌਰਾਨ ਸ਼ਾਨਦਾਰ ਕੰਮ ਕੀਤਾ ਹੈ। ਸਰਕਾਰ ਬਣਨ ਦੇ ਛੇ ਮਹੀਨਿਆਂ ਅੰਦਰ ਹੀ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਦਿੱਤੀਆਂ ਗਈਆਂ ਕਈ ਗਾਰੰਟੀਆਂ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸਿਰਫ ਛੇ ਮਹੀਨਿਆਂ ਵਿਚ ਹੀ ਸੂਬੇ ਦੇ 25,000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ। ਇਸ ਤੋਂ ਇਲਾਵਾ ਲਗਭਗ 20,000 ਕੱਚੇ ਮੁਲਾਜ਼ਮ ਪੱਕੇ ਕੀਤੇ। 'ਆਪ' ਆਗੂ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਟੋਲ ਫਰੀ ਨੰਬਰ ਜਾਰੀ ਕਰਕੇ ਸ਼ਿਕਾਇਤਾਂ ਦੇ ਆਧਾਰ 'ਤੇ ਲਗਭਗ 500 ਭ੍ਰਿਸ਼ਟ ਅਧਿਕਾਰੀਆਂ ਤੇ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ 'ਆਪ' ਸਰਕਾਰ ਲੋਕਾਂ ਨਾਲ ਕੀਤੇ ਬਾਕੀ ਵਾਅਦੇ ਵੀ ਪੂਰਾ ਕਰੇਗੀ।

# ਮਿਸ ਯੂਨੀਵਰਸ ਬਣੀ ਅਮਰੀਕਾ ਦੀ ਆਰ'ਬੋਨੀ ਗੈਬਰੀਏਲ

**ਲੁਈਸਿਆਨਾ:** ਅਮਰੀਕਾ ਦੀ ਆਰ'ਬੋਨੀ ਗੈਬਰੀਏਲ ਨੇ 'ਮਿਸ ਯੂਨੀਵਰਸ' 2022 ਦਾ ਖ਼ਿਤਾਬ ਜਿੱਤ ਲਿਆ ਹੈ। ਟੈਕਸਸ ਦੀ ਰਹਿਣ ਵਾਲੀ ਗੈਬਰੀਏਲ ਫੈਸ਼ਨ ਡਿਜ਼ਾਈਨਰ, ਮਾਡਲ ਤੇ ਸਿਲਾਈ ਇੰਸਟਰੱਕਟਰ ਹੈ। 'ਮਿਸ ਯੂ.ਐਸ.ਏ' ਜਿੱਤਣ ਵਾਲੀ ਉਹ ਪਹਿਲੀ ਫਿਲੀਪੀਨੋ-ਅਮਰੀਕੀ ਹੈ। ਮੁਕਾਬਲੇ ਵਿਚ ਮਿਸ ਵੈਨਜ਼ੁਏਲਾ ਅਮਾਂਡਾ ਡੁਡਾਮੇਲ ਦੂਜੇ ਨੰਬਰ ਉਤੇ ਰਹੀ।

ਨਿਊ ਓਰਲੀਨਜ਼ ਵਿਚ ਹੋਏ 'ਮਿਸ ਯੂਨੀਵਰਸ' ਮੁਕਾਬਲੇ 'ਚ ਤੀਜੀ ਥਾਂ ਉਤੇ ਡੋਮੀਨਿਕ ਗਣਰਾਜ ਦੀ ਐਂਡਰੀਨਾ ਮਾਰਟੀਨੇਜ਼ ਰਹੀ। ਭਾਰਤ ਵੱਲੋਂ ਮੁਕਾਬਲੇ ਵਿਚ ਦਿਵਿਤਾ ਰਾਏ ਹਿੱਸਾ ਲੈ ਰਹੀ ਸੀ। ਦੱਸਣਯੋਗ ਹੈ ਕਿ ਪਿਛਲੇ ਸਾਲ ਇਹ ਮੁਕਾਬਲਾ ਭਾਰਤ ਦੀ ਹਰਨਾਜ਼ ਸੰਧੂ ਨੇ ਜਿੱਤਿਆ ਸੀ। ਆਖਰੀ ਗੇੜ ਵਿਚ ਪੁੱਛੇ ਸਵਾਲਾਂ ਦੇ ਜਵਾਬ ਵਿਚ ਗੈਬਰੀਏਲ ਨੇ ਕਿਹਾ ਕਿ 'ਜੇ ਉਹ ਜਿੱਤਦੀ ਹੈ ਤਾਂ ਇਸ ਖ਼ਿਤਾਬ ਨੂੰ ਬਦਲਾਅ ਲਿਆਉਣ ਲਈ ਵਰਤੇਗੀ।' ਆਪਣੇ ਕੰਮ ਦਾ ਹਵਾਲਾ ਦਿੰਦਿਆਂ 'ਮਿਸ ਯੂ.ਐਸ.ਏ' ਨੇ ਕਿਹਾ ਕਿ ਉਹ ਫੈਸ਼ਨ ਡਿਜ਼ਾਈਨਿੰਗ ਵਿਚ 'ਰੀਸਾਈਕਲ' ਕੀਤੀ ਸਮੱਗਰੀ ਵਰਤਦੀ ਹੈ। ਇਸ ਤੋਂ ਇਲਾਵਾ ਮਨੁੱਖੀ ਤਸਕਰੀ ਤੇ ਘਰੇਲੂ ਹਿੰਸਾ ਦੇ ਪੀੜਤਾਂ ਨੂੰ ਸਿਲਾਈ ਦਾ ਕੰਮ ਸਿਖਾਉਂਦੀ ਹੈ। ਉਸ ਨੇ ਕਿਹਾ, 'ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਦੂਜਿਆਂ ਦਾ ਖ਼ਿਆਲ ਰੱਖੀਏ, ਆਪਣੇ ਭਾਈਚਾਰੇ ਦਾ ਖ਼ਿਆਲ ਰੱਖੀਏ ਤੇ ਵਿਲੱਖਣ ਗੁਣਾਂ ਨੂੰ ਕੁਝ ਵੱਖਰਾ ਕਰਨ ਲਈ ਵਰਤੀਏ।'



# ਨਫਰਤ ਫੈਲਾਉਣ ਵਾਲੇ ਟੀ.ਵੀ. ਚੈਨਲਾਂ 'ਤੇ ਕਾਬੂ ਪਾਉਣ ਦੀ ਲੋੜ 'ਤੇ ਜ਼ੋਰ



**ਨਵੀਂ ਦਿੱਲੀ:** ਨਫਰਤੀ ਭਾਸ਼ਣਾਂ ਨੂੰ ਵੱਡੀ ਅਲਾਮਤ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਟੀ.ਵੀ. 'ਤੇ ਨਸ਼ਰ ਹੁੰਦੀਆਂ ਖ਼ਬਰਾਂ ਦੀ ਸਮੱਗਰੀ 'ਤੇ ਰੈਗੂਲੇਟਰੀ ਕੰਟਰੋਲ ਦੀ ਘਾਟ ਹੈ ਅਤੇ ਉਹ ਮੁਲਕ ਵਿਚ ਆਜ਼ਾਦ ਤੇ ਸੰਤੁਲਿਤ ਪ੍ਰੈੱਸ ਚਾਹੁੰਦੇ ਹਨ। ਸਿਖਰਲੀ ਅਦਾਲਤ ਨੇ ਕਿਹਾ ਕਿ ਅੱਜ-ਕੱਲ੍ਹ ਹਰ ਚੀਜ਼ ਟੀ.ਆਰ.ਪੀ. ਦੁਆਰਾ ਚਲਾਈ ਜਾਂਦੀ ਹੈ ਅਤੇ ਚੈਨਲ ਇਕ-ਦੂਜੇ ਨਾਲ ਮੁਕਾਬਲਾ ਕਰਦਿਆਂ ਸਮਾਜ ਵਿਚ ਵੰਡੀਆਂ ਪੈਦਾ ਕਰ ਰਹੇ ਹਨ।

ਉਨ੍ਹਾਂ ਹੈਰਾਨੀ ਜਤਾਈ ਕਿ ਟੀ.ਵੀ. ਨਿਊਜ਼ ਐਂਕਰ ਜੇਕਰ ਨਫਰਤੀ ਭਾਸ਼ਣ ਦੇ ਪ੍ਰਚਾਰ ਦਾ ਹਿੱਸਾ ਬਣ ਜਾਂਦੇ ਹਨ, ਤਾਂ ਉਨ੍ਹਾਂ ਨੂੰ ਹਟਾਇਆ ਕਿਉਂ ਨਹੀਂ ਜਾ ਸਕਦਾ ਹੈ। ਜਸਟਿਸ ਕੇ.ਐੱਮ. ਜੋਸਫ ਅਤੇ ਬੀ.ਵੀ. ਨਾਗਰਤਨਾ ਦੇ ਬੈਂਚ ਨੇ ਸੁਣਵਾਈ ਦੌਰਾਨ ਕਿਹਾ ਕਿ ਪ੍ਰਿੰਟ ਮੀਡੀਆ ਦੇ ਉਲਟ ਨਿਊਜ਼ ਚੈਨਲਾਂ ਲਈ ਕੋਈ ਪ੍ਰੈੱਸ ਕੌਂਸਲ ਆਫ ਇੰਡੀਆ ਨਹੀਂ ਹੈ। ਬੈਂਚ ਵੱਲੋਂ ਦੇਸ਼ ਭਰ ਵਿਚ ਨਫਰਤੀ ਭਾਸ਼ਣ ਦੀਆਂ ਘਟਨਾਵਾਂ 'ਤੇ ਰੋਕ ਲਗਾਉਣ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਕਰ ਰਿਹਾ ਹੈ।

## ਭਾਜਪਾ ਸਰਕਾਰਾਂ ਨੇ ਮੀਡੀਆ 'ਤੇ ਪਾਬੰਦੀ ਨਹੀਂ ਲਾਈ: ਰਾਜਨਾਥ

**ਨਵੀਂ ਦਿੱਲੀ:** ਰੱਖਿਆ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਪ੍ਰੈੱਸ ਦੀ ਆਜ਼ਾਦੀ ਦੀ ਉਲੰਘਣਾ ਕਰਨ ਵਾਲੇ ਭੁੱਲ ਜਾਂਦੇ ਹਨ ਕਿ ਭਾਜਪਾ ਦੀਆਂ ਸਰਕਾਰਾਂ ਨੇ ਨਾ ਕਿਸੇ ਮੀਡੀਆ ਸੰਸਥਾ ਅਤੇ ਨਾ ਹੀ ਕਿਸੇ ਦੀ ਬੋਲਣ ਦੀ ਆਜ਼ਾਦੀ ਦੇ ਹੱਕ 'ਤੇ ਪਾਬੰਦੀ ਲਾਈ ਹੈ। ਉਨ੍ਹਾਂ 1951 'ਚ ਸੰਵਿਧਾਨ ਦੀ ਧਾਰਾ 19 'ਚ ਕੀਤੀ ਗਈ ਸੋਧ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਰੋਕ ਲਾਉਣ ਲਈ ਸੰਵਿਧਾਨ 'ਚ ਸੋਧ ਤੱਕ ਕਰ ਦਿੱਤੀ ਸੀ। ਕਾਂਗਰਸ ਨੂੰ ਨਿਸ਼ਾਨੇ 'ਤੇ ਲੈਂਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਦਾ ਸਾਰਾ ਇਤਿਹਾਸ ਹਰ ਤਰ੍ਹਾਂ ਦੀ ਆਜ਼ਾਦੀ ਦੀ ਉਲੰਘਣਾ ਦੀਆਂ ਘਟਨਾਵਾਂ ਨਾਲ ਭਰਿਆ ਹੋਇਆ ਹੈ।

ਮੀਡੀਆ ਟਰਾਇਲ 'ਤੇ ਚਿੰਤਾ ਜ਼ਾਹਿਰ ਕਰਦਿਆਂ ਬੈਂਚ ਨੇ ਏਅਰ ਇੰਡੀਆ ਦੀ ਉਡਾਣ 'ਚ ਕਥਿਤ ਤੌਰ 'ਤੇ ਪਿਸ਼ਾਬ ਕਰਨ ਵਾਲੇ ਵਿਅਕਤੀ ਦੀ ਹਾਲੀਆ ਘਟਨਾ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਉਸ ਦਾ ਨਾਮ ਤੱਕ ਨਸ਼ਰ ਕਰ ਦਿੱਤਾ ਗਿਆ ਜਦਕਿ ਮੀਡੀਆ ਨੂੰ ਸਮਝਣਾ ਚਾਹੀਦਾ ਹੈ ਕਿ ਉਸ 'ਤੇ ਅਜੇ ਕੇਸ ਚੱਲਣਾ ਹੈ ਅਤੇ ਉਸ ਨੂੰ ਬਦਨਾਮ ਨਹੀਂ ਕੀਤਾ ਜਾਣਾ ਚਾਹੀਦਾ। 'ਹਰ ਇਕ ਦੀ ਇੱਜ਼ਤ ਹੈ।' ਜਸਟਿਸ ਜੋਸਫ ਨੇ ਕਿਹਾ ਕਿ ਅਖ਼ਬਾਰ ਦੇ ਉਲਟ ਟੀ.ਵੀ. ਲੋਕਾਂ ਨੂੰ ਵਧੇਰੇ ਪ੍ਰਭਾਵਿਤ ਕਰ ਸਕਦਾ ਹੈ ਅਤੇ ਬਦਕਿਸਮਤੀ ਨਾਲ ਦਰਸ਼ਕ ਅਜਿਹੀ ਸਮੱਗਰੀ ਦੇਖਣ ਲਈ ਇੰਨੇ ਪ੍ਰਪੱਕ ਨਹੀਂ ਹਨ। ਉਨ੍ਹਾਂ ਕਿਹਾ ਕਿ ਕਈ ਵਾਰ ਬਹਿਸਾਂ ਦੇ ਸਿੱਧੇ ਪ੍ਰਸਾਰਣ ਦੌਰਾਨ ਐਂਕਰ ਸਮੱਸਿਆ ਦਾ ਹਿੱਸਾ ਬਣ ਜਾਂਦੇ ਹਨ ਅਤੇ ਉਹ ਜਾਂ ਤਾਂ ਪੈਨਲ ਵਿਚ ਬੈਠੇ ਵਿਅਕਤੀ ਦੀ ਆਵਾਜ਼ ਬੰਦ ਕਰ ਦਿੰਦੇ ਹਨ ਜਾਂ ਉਨ੍ਹਾਂ ਨੂੰ ਪੱਖ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੰਦੇ ਹਨ।

## ਚੀਨ ਵੱਲੋਂ ਕਰੋਨਾ ਸਬੰਧੀ ਸਹੀ ਅੰਕੜੇ ਸਾਂਝੇ ਕਰਨ ਦਾ ਦਾਅਵਾ

**ਹਾਂਗਕਾਂਗ:** ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਅਤੇ ਸੀਨੀਅਰ ਆਲਮੀ ਆਗੂਆਂ ਵੱਲੋਂ ਚੀਨ ਨੂੰ ਕੋਵਿਡ ਅਤੇ ਵਾਇਰਸ ਫੈਲਣ ਸਬੰਧੀ ਅੰਕੜੇ ਸਾਂਝੇ ਕਰਨ ਲਈ ਕਹੇ ਜਾਣ ਤੋਂ ਬਾਅਦ ਦੇਸ਼ ਦੇ ਚੋਟੀ ਦੇ ਮਹਾਮਾਰੀ ਵਿਗਿਆਨੀਆਂ ਨੇ ਕਿਹਾ ਕਿ ਕਰੋਨਾ ਮਾਮਲੇ ਵਧਣ ਦੌਰਾਨ ਕੋਵਿਡ-19 ਦੇ ਅੰਕੜਿਆਂ ਨੂੰ ਇਕੱਠਾ ਕਰਨ ਵਿਚ ਸਮਾਂ ਲੱਗਦਾ ਹੈ।

ਉਨ੍ਹਾਂ ਕਿਹਾ ਕਿ ਚੀਨ ਸੰਸਾਰ ਨਾਲ ਕਰੋਨਾ ਸਬੰਧੀ ਸਹੀ ਅੰਕੜੇ ਸਾਂਝੇ ਕਰਨ ਲਈ ਇਨ੍ਹਾਂ ਨੂੰ ਲਗਾਤਾਰ ਪ੍ਰਕਾਸ਼ਿਤ ਕਰ ਰਿਹਾ ਹੈ। ਸਰਕਾਰੀ ਅਖ਼ਬਾਰ 'ਗਲੋਬਲ ਟਾਈਮਜ਼' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਨੇ ਵਿਸ਼ਵ ਸਿਹਤ ਸੰਸਥਾ ਨਾਲ ਕਈ ਤਕਨੀਕਾਂ ਸਾਂਝੀਆਂ ਕੀਤੀਆਂ ਹਨ ਅਤੇ ਉਹ ਇਸ ਮਹਾਮਾਰੀ ਨਾਲ ਨਜਿੱਠਣ ਵਿਚ ਵੀ ਆਲਮੀ ਯਤਨਾਂ ਵਿਚ ਡਬਲਿਊ.ਐਚ.ਓ. ਦਾ ਸਮਰਥਨ ਕਰਨਾ ਜਾਰੀ ਰੱਖੇਗਾ।

# ਪੇਂਡੂ ਸਿਹਤ ਸਹੂਲਤ ਵੱਲ ਮੂੰਹ ਕਰਨ ਲਈ ਵੀ ਤਿਆਰ ਨਹੀਂ ਸਰਕਾਰਾਂ

**ਨਵੀਂ ਦਿੱਲੀ:** ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਸਮੇਤ ਦੇਸ਼ ਭਰ ਦੇ ਪਿੰਡਾਂ 'ਚ ਮਾਹਿਰ ਡਾਕਟਰਾਂ ਦੀ ਵੱਡੀ ਘਾਟ ਹੈ ਜਿਸ ਕਾਰਨ ਦਿਹਾਤੀ ਖੇਤਰ 'ਚ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ। ਕੇਂਦਰ ਸਰਕਾਰ ਤੋਂ ਮਿਲੇ ਅੰਕੜਿਆਂ ਅਨੁਸਾਰ ਦੇਸ਼ ਦੇ ਪਿੰਡਾਂ 'ਚ ਇਸ ਸਮੇਂ 79.5 ਫ਼ੀਸਦੀ ਤੱਕ ਮਾਹਿਰ ਡਾਕਟਰ ਘੱਟ ਹਨ ਤੇ ਇਹ ਕਮੀ ਹੁਣ ਤੱਕ ਦੀ ਸਭ ਤੋਂ ਵੱਡੀ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਭਾਰਤ ਦੇ ਪਿੰਡਾਂ 'ਚ 21,920 ਮਾਹਿਰ ਡਾਕਟਰਾਂ ਦੀ ਲੋੜ ਹੈ ਪਰ ਇਨ੍ਹਾਂ ਪਿੰਡਾਂ 'ਚ ਇਸ ਸਮੇਂ 4485 ਡਾਕਟਰ ਤਾਇਨਾਤ ਹਨ ਤੇ 17,435 ਮਾਹਿਰ ਡਾਕਟਰ ਘੱਟ ਹਨ। ਪੰਜਾਬ ਦੇ ਪਿੰਡਾਂ 'ਚ 600 ਮਾਹਿਰ ਡਾਕਟਰਾਂ ਦੀ ਜਰੂਰਤ ਹੈ ਜਦਕਿ ਇੱਥੇ 151 ਡਾਕਟਰ ਹੀ ਹਨ। ਇਸ ਤਰ੍ਹਾਂ ਇੱਥੇ 449 ਹੋਰ ਮਾਹਿਰ ਡਾਕਟਰਾਂ ਦੀ ਜਰੂਰਤ ਹੈ। ਇਸੇ ਤਰ੍ਹਾਂ ਹਰਿਆਣਾ 'ਚ ਜਰੂਰਤ 516 ਮਾਹਿਰ ਡਾਕਟਰਾਂ ਦੀ ਹੈ ਪਰ ਇੱਥੇ 33 ਹੀ ਹਨ। ਹਿਮਾਚਲ ਪ੍ਰਦੇਸ਼ 'ਚ ਜਰੂਰਤ 372 ਦੀ ਪਰ ਇੱਥੇ 18 ਮਾਹਿਰ ਡਾਕਟਰ ਹਨ।



ਕੇਂਦਰ ਸਰਕਾਰ ਤੋਂ ਮਿਲੇ ਅੰਕੜਿਆਂ ਅਨੁਸਾਰ ਭਾਰਤ ਦੇ ਦਿਹਾਤੀ ਖੇਤਰ ਦੇ ਕਮਿਊਨਿਟੀ ਸਿਹਤ ਕੇਂਦਰਾਂ 'ਚ 80 ਫ਼ੀਸਦੀ ਤੱਕ ਮਾਹਿਰ ਡਾਕਟਰ ਘੱਟ ਹਨ। ਅੰਕੜਿਆਂ ਅਨੁਸਾਰ ਮੌਜੂਦਾ ਬੁਨਿਆਦੀ ਢਾਂਚੇ ਦੀ ਲੋੜ ਮੁਕਾਬਲੇ ਸਰਜਨ 83.2 ਫ਼ੀਸਦੀ, ਜਣੇਪਾ ਮਾਹਿਰ ਤੇ ਇਸਤਰੀ ਰੋਗਾਂ ਦੇ ਮਾਹਿਰ 74.2 ਫ਼ੀਸਦੀ, ਬੱਚਿਆਂ ਦੇ ਮਾਹਿਰ 81.6 ਫ਼ੀਸਦੀ ਤੇ ਦਵਾਈਆਂ ਦੇ ਮਾਹਿਰ 79.1 ਫ਼ੀਸਦੀ ਤੱਕ ਘੱਟ ਹਨ। ਇਹ ਕਮੀ ਕੁੱਲ ਜਰੂਰਤ ਦਾ 79.5 ਫ਼ੀਸਦੀ ਬਣਦੀ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਜਿਹੜੇ ਸਿਹਤ ਕੇਂਦਰ 'ਚ 10 ਮਾਹਿਰ ਡਾਕਟਰਾਂ ਦੀ ਲੋੜ ਹੈ, ਉੱਥੇ ਸਿਰਫ ਦੋ ਹੀ ਡਾਕਟਰ ਹਨ।

ਅੰਕੜਿਆਂ ਅਨੁਸਾਰ ਦੇਸ਼ ਭਰ 'ਚ ਇਸ ਸਮੇਂ 6064 ਕਮਿਊਨਿਟੀ ਸਿਹਤ ਕੇਂਦਰ ਹਨ ਜਿਨ੍ਹਾਂ 'ਚੋਂ 5480 ਕੇਂਦਰ ਦਿਹਾਤੀ ਖੇਤਰ ਅਤੇ 584 ਸ਼ਹਿਰੀ ਖੇਤਰ 'ਚ ਹਨ। ਕੌਮੀ ਸਿਹਤ ਮਿਸ਼ਨ ਦੇ ਨਿਯਮਾਂ ਅਨੁਸਾਰ ਮੈਦਾਨੀ ਇਲਾਕੇ 'ਚ ਇਕ ਸਿਹਤ ਕੇਂਦਰ ਕੋਲ 1.2 ਲੱਖ ਜਦਕਿ ਪਹਾੜੀ ਤੇ ਦੂਰ ਦਰਾਜ਼ ਦੇ ਇਲਾਕਿਆਂ 'ਚ ਇਕ ਸਿਹਤ ਕੇਂਦਰ ਕੋਲ 80 ਹਜ਼ਾਰ ਲੋਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਨਿਯਮਾਂ ਅਨੁਸਾਰ ਇਕ ਸਿਹਤ ਕੇਂਦਰ 'ਚ ਘੱਟੋ ਘੱਟ ਚਾਰ ਸਿਹਤ ਮਾਹਿਰਾਂ (ਸਰਜਨ, ਦਵਾਈ, ਜਣੇਪਾ/ ਇਸਤਰੀ ਰੋਗ ਤੇ ਬੱਚਿਆਂ ਦੇ ਮਾਹਿਰ) ਤੋਂ ਇਲਾਵਾ ਪੈਰਾਮੈਡੀਕਲ ਤੇ ਹੋਰ ਸਟਾਫ ਦੀ ਲੋੜ ਹੁੰਦੀ ਹੈ। ਸਿਹਤ ਮਾਹਿਰਾਂ ਦੇ ਨਾਲ ਨਾਲ ਪੇਂਡੂ ਸਬ-ਸੈਂਟਰਾਂ 'ਚ ਮਹਿਲਾ ਸਿਹਤ ਵਰਕਰਾਂ ਤੇ ਏ.ਐਨ.ਐਮ. ਦੀ 3.6 ਤੇ ਪੁਰਸ਼ ਸਿਹਤ ਵਰਕਰਾਂ ਦੀ 66.6 ਫ਼ੀਸਦੀ ਤੱਕ ਕਮੀ ਵੀ ਹੈ।

ਸਬ ਸੈਂਟਰਾਂ ਤੋਂ ਮਿਲੇ ਅੰਕੜਿਆਂ ਅਨੁਸਾਰ ਕੌਮੀ ਪੱਧਰ 'ਤੇ ਇਹ ਕਿਰਤ ਸ਼ਕਤੀ ਦੀ ਘਾਟ ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਗੁਜਰਾਤ, ਉੱਤਰਾਖੰਡ, ਉੜੀਸਾ ਅਤੇ ਤ੍ਰਿਪੁਰਾ 'ਚ ਸਟਾਫ ਦੀ ਕਮੀ ਕਾਰਨ ਹੈ। ਮੁੱਢਲੇ ਸਿਹਤ ਕੇਂਦਰਾਂ ਜੋ ਕਿ ਪੇਂਡੂ ਆਬਾਦੀ ਤੇ ਮੈਡੀਕਲ ਅਫਸਰ ਵਿਚਾਲੇ ਸੰਪਰਕ ਦੀ ਪਹਿਲੀ ਕੜੀ ਹੁੰਦੇ ਹਨ, 'ਚ ਸਿਹਤ ਸਹਾਇਕਾਂ ਦੀ 74.2 ਫ਼ੀਸਦੀ ਤੱਕ ਘਾਟ ਹੈ। ਦੇਸ਼ ਭਰ ਦੇ ਮੁੱਢਲੇ ਸਿਹਤ ਕੇਂਦਰਾਂ 'ਚ ਐਲੋਪੈਥਿਕ ਡਾਕਟਰਾਂ ਦੀ 3.1 ਫ਼ੀਸਦੀ ਤੱਕ ਘਾਟ ਹੈ ਅਤੇ ਸਭ ਤੋਂ ਵੱਧ ਕਮੀ ਉੜੀਸਾ, ਛੱਤੀਸਗੜ੍ਹ ਦੇ ਕਰਨਾਟਕ 'ਚ ਹੈ। ਮੌਜੂਦਾ ਸਮੇਂ ਭਾਰਤ ਦੇ ਪਿੰਡਾਂ 'ਚ 1,57,935 ਸਬ-ਸੈਂਟਰ, 24,935 ਮੁੱਢਲੇ ਸਿਹਤ ਕੇਂਦਰ ਤੇ 5480 ਕਮਿਊਨਿਟੀ ਸਿਹਤ ਕੇਂਦਰ ਹਨ। ਇਕ ਮੁੱਢਲੇ ਸਿਹਤ ਕੇਂਦਰ ਕੋਲ ਮੈਦਾਨੀ ਇਲਾਕੇ 'ਚ 30 ਹਜ਼ਾਰ ਤੇ ਪਹਾੜੀ ਇਲਾਕੇ 'ਚ 20 ਹਜ਼ਾਰ ਜਦਕਿ ਇਕ ਸਬ-ਸੈਂਟਰ ਕੋਲ ਕ੍ਰਮਵਾਰ 5000 ਤੇ 3000 ਲੋਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ।

## ਮਿਆਰੀ ਸਿਹਤ ਸਹੂਲਤਾਂ ਲਈ ਯਤਨਸ਼ੀਲ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਨੂੰ ਸਿਹਤਮੰਦ ਬਣਾਉਣਾ ਸਮੇਂ ਦੀ ਲੋੜ ਹੈ ਅਤੇ ਇਸ ਮਕਸਦ ਨੂੰ ਪੂਰਾ ਕਰਨ ਲਈ ਸਰਕਾਰ ਹਰ ਪੱਧਰ 'ਤੇ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਹੇਠਲੇ ਪੱਧਰ 'ਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਹਰ ਵਿਅਕਤੀ ਤੱਕ ਸਿਹਤ ਸਹੂਲਤਾਂ ਯਕੀਨੀ ਬਣਾਉਣ ਲਈ 26 ਜਨਵਰੀ ਤੋਂ 400 ਹੋਰ ਨਵੇਂ ਮੁਹੱਲਾ ਕਲੀਨਿਕ ਕੰਮ ਕਰਨਾ ਸ਼ੁਰੂ ਕਰ ਦੇਣਗੇ, ਜਦਕਿ 100 ਮੁਹੱਲਾ ਕਲੀਨਿਕ ਪਹਿਲਾਂ ਹੀ ਕੰਮ ਕਰ ਰਹੇ ਹਨ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੇ ਮੁਹੱਲਾ ਕਲੀਨਿਕਾਂ ਦਾ ਜ਼ਿਕਰ ਦੁਨੀਆ ਭਰ ਵਿਚ ਹੋ ਰਿਹਾ ਹੈ। ਉਨ੍ਹਾਂ ਪੰਜਾਬ ਦੇ ਮੁਹੱਲਾ ਕਲੀਨਿਕਾਂ ਨੂੰ ਦਿੱਲੀ ਤੋਂ ਵੀ ਵਧੀਆ ਬਣਾਉਣ ਦਾ ਭਰੋਸਾ ਦਿੱਤਾ।

# ਪੰਜਾਬ ਵਿਚ ਹੁਣ ਲੋਕ ਆਨਲਾਈਨ ਦੇਖ ਸਕਣਗੇ ਜ਼ਮੀਨ ਦਾ ਰਿਕਾਰਡ

**ਚੰਡੀਗੜ੍ਹ:** ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਖਸਰਾ ਆਧਾਰਿਤ ਮਾਸਟਰਪਲਾਨਜ਼ ਨੂੰ ਡਿਜੀਟਾਈਜ਼ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਆਮ ਵਿਅਕਤੀ ਜ਼ਮੀਨ ਦੀ ਸਥਿਤੀ, ਮੌਜੂਦਾ ਵਰਤੋਂ ਤੇ ਜ਼ੋਨਲ ਪਲਾਨ ਬਾਰੇ ਆਸਾਨੀ ਨਾਲ ਪਤਾ ਕਰ ਸਕੇਗਾ।

ਇਹ ਪ੍ਰਗਟਾਵਾ ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਕੀਤਾ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਪ੍ਰੋਜੈਕਟ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਵਾਸਤੇ ਪੰਜਾਬ ਰਿਮੋਟ ਸੈਂਸਿੰਗ ਸੈਂਟਰ (ਪੀ.ਆਰ.ਐਸ.ਸੀ.) ਦੀ ਟੀਮ ਨਾਲ ਤਾਲਮੇਲ ਕਰਨ।



ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਪ੍ਰੋਜੈਕਟ ਦੇ ਲਾਗੂ ਹੋਣ ਨਾਲ ਲੋਕ ਆਪਣੀ ਜ਼ਮੀਨ ਨੂੰ ਆਨਲਾਈਨ ਦੇਖ ਸਕਣਗੇ। ਇਹ ਪਹਿਲਕਦਮੀ ਜ਼ਮੀਨ ਦੀ ਵਰਤੋਂ ਵਿਚ ਤਬਦੀਲੀ (ਸੀ.ਐਲ.ਯੂ.) ਲਈ ਆਸਾਨੀ ਨਾਲ ਅਪਲਾਈ ਕਰਨ ਵਾਸਤੇ ਵੀ ਮਦਦਗਾਰ ਸਾਬਤ ਹੋਵੇਗੀ। ਇਸ ਤੋਂ ਇਲਾਵਾ ਰਿਕਾਰਡ ਦੇ ਰੱਖ-ਰਖਾਅ ਦੀ ਵਿਧੀ ਵਿਚ ਪਾਰਦਰਸ਼ਤਾ ਆਵੇਗੀ ਤੇ ਸੂਬੇ ਵਿਚ ਨਿਵੇਸ਼ ਨੂੰ ਉਤਸ਼ਾਹ ਮਿਲੇਗਾ। ਅਰੋੜਾ ਨੇ ਕਿਹਾ ਕਿ ਸੂਬੇ ਵਿਚ ਕੁੱਲ 43 ਮਾਸਟਰਪਲਾਨਜ਼ ਪਹਿਲਾਂ ਹੀ ਨੋਟੀਫਾਈ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ 22 ਮਾਸਟਰਪਲਾਨਜ਼ ਲਈ ਖਸਰਾ ਆਧਾਰਿਤ ਡਿਜੀਟਾਈਜੇਸ਼ਨ ਮੈਪਿੰਗ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

# ਪੰਜਾਬ 'ਚ ਨਸ਼ਿਆਂ ਖਿਲਾਫ ਕੇਂਦਰ ਨੇ ਕਮਾਨ ਹੱਥ ਲਈ

**ਚੰਡੀਗੜ੍ਹ:** ਪੰਜਾਬ 'ਚ ਨਸ਼ਾ ਤਸਕਰੀ ਦੇ ਵਧ ਰਹੇ ਮਾਮਲਿਆਂ ਨਾਲ ਸਿੱਝਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੇ ਸੂਬੇ 'ਚ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਦਾ ਅੰਮ੍ਰਿਤਸਰ 'ਚ ਖੇਤਰੀ ਦਫਤਰ ਖੋਲ੍ਹਣ ਨੂੰ ਪ੍ਰਵਾਨਗੀ ਦਿੱਤੀ ਹੈ। ਇਸ ਖੇਤਰੀ ਦਫਤਰ ਦੀ ਅਗਵਾਈ ਡਿਪਟੀ ਡਾਇਰੈਕਟਰ ਜਨਰਲ ਕਰਨਗੇ ਜੋ ਅਕਸਰ ਆਈ.ਜੀ. ਜਾਂ ਉਸ ਤੋਂ ਉਪਰਲੇ ਰੈਂਕ ਦਾ ਅਫਸਰ ਹੁੰਦਾ ਹੈ।

ਇਸ ਦੇ ਨਾਲ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਜਾਵੇਗਾ ਜਿਥੇ ਐਨ.ਸੀ.ਬੀ. ਦੇ ਦੋ ਵੱਖੋ ਵੱਖਰੇ ਦਫਤਰ ਹੋਣਗੇ। ਹੁਣ ਐਨ.ਸੀ.ਬੀ. ਦੇ ਚੰਡੀਗੜ੍ਹ 'ਚ ਮੌਜੂਦਾ ਜ਼ੋਨਲ ਡਿਵੀਜ਼ਨ ਤੇ ਅੰਮ੍ਰਿਤਸਰ 'ਚ ਖੇਤਰੀ ਦਫਤਰ ਵੱਖ-ਵੱਖ ਇਲਾਕਿਆਂ 'ਚ ਨਸ਼ਿਆਂ ਦੀ ਵਰਤੋਂ ਅਤੇ ਤਸਕਰੀ 'ਤੇ ਨੱਥ ਪਾਉਣਗੇ। ਅੰਮ੍ਰਿਤਸਰ ਖੇਤਰੀ ਦਫਤਰ ਅਧੀਨ ਸਤਲੁਜ ਦਰਿਆ ਦੇ ਉਪਰ ਵਾਲਾ ਖੇਤਰ ਹੋਵੇਗਾ। ਅੰਮ੍ਰਿਤਸਰ ਤੋਂ ਇਲਾਵਾ ਗੁਹਾਟੀ, ਚੇਨਈ ਅਤੇ ਅਹਿਮਦਾਬਾਦ 'ਚ ਵੀ ਐਨ.ਸੀ.ਬੀ. ਦੇ ਖੇਤਰੀ ਦਫਤਰ ਖੋਲ੍ਹੇ ਜਾਣਗੇ। ਮਹਾਰਾਸ਼ਟਰ ਵੱਲ ਐਨ.ਸੀ.ਬੀ. ਦਾ ਵਧੇਰੇ ਧਿਆਨ ਨਹੀਂ




ਦੇਖਿਆ ਜਾ ਰਿਹਾ ਜਿਥੇ ਪਿਛਲੇ ਸਾਲ ਸਭ ਤੋਂ ਵਧ ਨਸ਼ਾ ਤਸਕਰੀ ਦੇ ਕੇਸ ਸਾਹਮਣੇ ਆਏ ਹਨ। ਇਸੇ ਤਰ੍ਹਾਂ ਮੁਲਕ ਦਾ ਸਭ ਤੋਂ ਵੱਡਾ ਸੂਬਾ ਹੋਣ ਦੇ ਬਾਵਜੂਦ ਉੱਤਰ ਪ੍ਰਦੇਸ਼ ਉਸ ਦੇ ਰਾਡਾਰ 'ਤੇ ਨਹੀਂ ਹੈ।

ਐਨ.ਸੀ.ਬੀ. ਨੇ ਇਸੇ ਹਫਤੇ ਲੁਧਿਆਣਾ ਤੋਂ ਚਲਦੇ ਕੌਮਾਂਤਰੀ ਨਸ਼ਾ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਸੀ। ਸੂਤਰਾਂ ਨੇ ਕਿਹਾ ਕਿ ਪੰਜਾਬ 'ਚ ਨਸ਼ੇ ਦੇ ਕਾਰੋਬਾਰ ਦੀਆਂ ਵਧੇਰੇ ਘਟਨਾਵਾਂ, ਪਾਕਿਸਤਾਨ ਨਾਲ ਕੌਮਾਂਤਰੀ ਸਰਹੱਦ ਅਤੇ ਜੰਮੂ ਕਸ਼ਮੀਰ ਤੇ ਰਾਜਸਥਾਨ ਤੋਂ ਤਸਕਰੀ ਹੋਣ ਕਾਰਨ ਪੰਜਾਬ ਵੱਲ ਧਿਆਨ ਕੇਂਦਰਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਤਿੰਨ ਕੁ ਸਾਲ ਪਹਿਲਾਂ ਟਰੈਮਾਡੋਲ ਦੀਆਂ ਗੈਰ-ਕਾਨੂੰਨੀ ਢੰਗ ਨਾਲ ਬਣਾਈਆਂ ਜਾਂਦੀਆਂ ਗੋਲੀਆਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਅੰਮ੍ਰਿਤਸਰ 'ਚ ਐਨ.ਸੀ.ਬੀ. ਦਾ ਉਪ ਜ਼ੋਨ ਖੋਲ੍ਹਿਆ ਸੀ। ਗ੍ਰਹਿ ਮੰਤਰਾਲੇ ਨੇ ਐਨ.ਸੀ.ਬੀ. ਦਾ ਅੰਮ੍ਰਿਤਸਰ 'ਚ ਖੇਤਰੀ ਦਫਤਰ ਖੋਲ੍ਹਣ ਲਈ ਜਨਵਰੀ ਨੂੰ ਪੱਤਰ ਲਿਖਿਆ ਸੀ।

# ਹੁਣ 'ਗੁੰਡਾ ਟੈਕਸ' ਵਸੂਲੀ ਦੀਆਂ ਪਰਤਾਂ ਖੋਲ੍ਹੇਗੀ ਵਿਜੀਲੈਂਸ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਪੰਜਾਬ ਨੇ ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਬਠਿੰਡਾ ਰਿਫਾਈਨਰੀ 'ਚ ਚੱਲੇ ਗੁੰਡਾ ਟੈਕਸ ਦੀ ਫਾਈਲ ਖੋਲ੍ਹ ਲਈ ਹੈ। ਬਿਊਰੋ ਦੇ ਮੁੱਖ ਦਫਤਰ ਵੱਲੋਂ ਇਸ ਦੀ ਜਾਂਚ ਬਠਿੰਡਾ ਦੇ ਐਸ.ਐਸ.ਪੀ. (ਵਿਜੀਲੈਂਸ) ਨੂੰ ਸੌਂਪੀ ਗਈ ਹੈ। ਵਿਜੀਲੈਂਸ ਦਫਤਰ ਬਠਿੰਡਾ ਨੇ 'ਗੁੰਡਾ ਟੈਕਸ' ਮਾਮਲੇ ਦੀ ਬਾਕਾਇਦਾ ਪੜਤਾਲ ਵਿੱਢ ਦਿੱਤੀ ਹੈ ਜਿਸ ਨਾਲ ਕਈ ਸਿਆਸੀ ਆਗੂਆਂ 'ਤੇ ਗਾਜ ਡਿੱਗ ਸਕਦੀ ਹੈ। ਕਰੀਬ ਇਕ ਦਰਜਨ ਕੰਪਨੀਆਂ ਨੂੰ ਤਲਬ ਕੀਤਾ ਗਿਆ ਹੈ, ਜਿਨ੍ਹਾਂ ਦੇ ਪ੍ਰਬੰਧਕਾਂ ਦੇ ਬਿਆਨ ਕਲਮਬੱਧ ਕੀਤੇ ਜਾ ਰਹੇ ਹਨ। ਚੇਤੇ ਰਹੇ ਕਿ ਫਰਵਰੀ 2018 ਵਿਚ ਬਠਿੰਡਾ ਰਿਫਾਈਨਰੀ ਵਿਚ ਨਵੇਂ ਬਣ ਰਹੇ ਪੈਟਰੋ ਕੈਮੀਕਲ ਯੂਨਿਟ ਦੀ ਉਸਾਰੀ ਲਈ ਜੋ ਰੇਤਾ ਬਜਰੀ ਆਦਿ ਦੀ ਢੋਆ-ਢੁਆਈ ਹੋ ਰਹੀ ਸੀ, ਉਸ 'ਚ ਟਰਾਂਸਪੋਰਟਰਾਂ ਅਤੇ ਹੋਰਨਾਂ ਕਾਰੋਬਾਰੀ ਲੋਕਾਂ ਤੋਂ ਸੱਤਾਧਾਰੀ 'ਗੁੰਡਾ ਟੈਕਸ' ਵਸੂਲ ਕਰਦੇ ਸਨ। ਅੱਕੇ ਹੋਏ ਕਾਰੋਬਾਰੀਆਂ ਤੇ ਟਰਾਂਸਪੋਰਟ ਕੰਪਨੀਆਂ ਨੇ ਉਸਾਰੀ ਸਮੱਗਰੀ ਦੀ 25 ਜਨਵਰੀ 2018 ਨੂੰ ਸਪਲਾਈ ਠੱਪ ਕਰ ਦਿੱਤੀ ਸੀ ਜਿਸ ਕਰਕੇ ਰਿਫਾਈਨਰੀ ਤੋਂ ਉਤਪਾਦਨ ਠੱਪ ਹੋਣ ਦੇ ਹਾਲਾਤ ਬਣ ਗਏ ਸਨ।

ਵੇਰਵਿਆਂ ਅਨੁਸਾਰ ਹਾਕਮ ਧਿਰ ਦੇ




ਤਤਕਾਲੀ ਵੱਡੇ ਆਗੂਆਂ 'ਚ 'ਗੁੰਡਾ ਟੈਕਸ' ਦੀ ਵੰਡ-ਵੰਡਾਈ ਤੋਂ ਰੌਲਾ ਪੈ ਗਿਆ ਸੀ। ਆਗੂ ਅੰਦਰੋ-ਅੰਦਰੀ ਇਕ ਦੂਜੇ 'ਤੇ ਚਿੱਕੜ ਸੁੱਟਣ ਲੱਗੇ ਸਨ। ਟਰਾਂਸਪੋਰਟਰ ਇਸ ਗੱਲੋਂ ਤੰਗ ਸਨ ਕਿ ਉਨ੍ਹਾਂ ਤੋਂ ਜਬਰੀ ਗੁੰਡਾ ਟੈਕਸ ਵਸੂਲਿਆ ਜਾ ਰਿਹਾ ਹੈ। ਕਈ ਕੰਪਨੀ ਮਾਲਕਾਂ ਨੇ ਸ਼ਰੇਆਮ ਇਨਕਾਰ ਕਰ ਦਿੱਤਾ ਸੀ ਅਤੇ ਬਾਕਾਇਦਾ ਮੁੱਖ ਮੰਤਰੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚ ਵੀ ਕੀਤੀ ਸੀ। ਤਤਕਾਲੀਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਫਤਰ 'ਤੇ ਵੀ ਉਦੋਂ ਉਂਗਲ ਉੱਠੀ ਸੀ। ਪਤਾ ਲੱਗਾ ਹੈ ਕਿ ਕੁਝ ਦਿਨ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਉਸ ਵੇਲੇ 'ਗੁੰਡਾ ਟੈਕਸ' ਦੀ ਵਸੂਲੀ ਵਾਲੇ ਸਿਆਸੀ ਆਗੂਆਂ ਦਾ ਪਤਾ ਲਗਾਉਣ ਲਈ ਵਿਜੀਲੈਂਸ ਨੂੰ ਪੜਤਾਲ ਵਾਸਤੇ ਹਰੀ ਝੰਡੀ ਦਿੱਤੀ ਸੀ। ਸੂਤਰਾਂ ਮੁਤਾਬਕ ਵਿਜੀਲੈਂਸ ਪੜਤਾਲ ਕਿਸੇ ਤਣ-ਪੱਤਣ ਲੱਗੀ ਤਾਂ ਕਈ ਸਿਆਸੀ ਆਗੂ ਲਪੇਟੇ ਵਿਚ ਆ ਸਕਦੇ ਹਨ। ਵਿਜੀਲੈਂਸ ਨੇ ਕਈ ਟਰਾਂਸਪੋਰਟ ਕੰਪਨੀਆਂ ਅਤੇ ਮਿਕਸਰ ਪਲਾਂਟਾਂ ਦੇ ਪ੍ਰਬੰਧਕਾਂ ਨੂੰ ਤਲਬ ਵੀ ਕੀਤਾ ਹੈ। ਸੂਤਰ ਦੱਸਦੇ ਹਨ ਕਿ ਕਈ ਕੰਪਨੀਆਂ ਨੂੰ ਚਲਾਉਣ ਵਾਲੇ ਸਿਆਸੀ ਆਗੂ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਹੀ ਹਨ ਜੋ ਗੁੰਡਾ ਟੈਕਸ ਤੋਂ ਇਨਕਾਰ ਵੀ ਕਰ ਰਹੇ ਹਨ।

ਵਿਜੀਲੈਂਸ ਨੇ ਜਿਸ ਸਿਆਸੀ ਆਗੂ ਦੀ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਮਾਮਲੇ ਦੀ ਪੜਤਾਲ ਪਹਿਲਾਂ ਹੀ ਸ਼ੁਰੂ ਕੀਤੀ ਹੋਈ ਹੈ, ਉਸ ਦੀ ਵੀ 'ਗੁੰਡਾ ਟੈਕਸ' ਵਿਚ ਭੂਮਿਕਾ ਪੜਤਾਲੀ ਜਾ ਰਹੀ ਹੈ। ਇਸੇ ਤਰ੍ਹਾਂ ਤਲਵੰਡੀ ਸਾਬੋ ਹਲਕੇ ਦੇ ਕਾਂਗਰਸੀ ਆਗੂ ਵੀ ਗੁੰਡਾ ਟੈਕਸ ਨੂੰ ਲੈ ਕੇ ਸ਼ੱਕ ਦੇ ਘੇਰੇ ਵਿਚ ਹਨ। ਕਈ ਕੰਪਨੀਆਂ ਦੇ ਪ੍ਰਬੰਧਕਾਂ ਨੇ 'ਆਫ਼ ਰਿਕਾਰਡ' ਗੁੰਡਾ ਟੈਕਸ ਦੇ ਸਾਰੇ ਭੇਤ ਖੋਲ੍ਹ ਦਿੱਤੇ ਹਨ। ਚੇਤੇ ਰਹੇ ਕਿ ਏਮਜ਼ ਦੀ ਉਸਾਰੀ 'ਚ ਆਏ ਉਸਾਰੀ ਸਮੱਗਰੀ 'ਚ ਵੀ ਗੁੰਡਾ ਟੈਕਸ ਦੀ ਵਸੂਲੀ ਦੀ ਚਰਚਾ ਛਿੜੀ ਸੀ। ਇਸੇ ਤਰ੍ਹਾਂ ਪਸ਼ੂ ਮੇਲਿਆਂ ਦੇ ਪਸ਼ੂਆਂ 'ਤੇ ਵੀ ਗੁੰਡਾ ਪਰਚੀ ਵਸੂਲ ਕੀਤੀ ਜਾਂਦੀ ਰਹੀ ਹੈ।

# ਕਣਕ ਬਰਾਮਦ ਬਾਰੇ ਫੈਸਲਾ ਵਾਢੀ ਸਮੇਂ ਲਵੇਗੀ ਕੇਂਦਰ ਸਰਕਾਰ

**ਇੰਦੌਰ:** ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ (ਡੀ.ਜੀ.ਐਫ.ਟੀ.) ਦੇ ਡਾਇਰੈਕਟਰ ਜਨਰਲ ਸੰਤੋਸ਼ ਕੁਮਾਰ ਸਾਰੰਗੀ ਨੇ ਕਿਹਾ ਕਿ ਸਰਕਾਰ ਵੱਲੋਂ ਕਣਕ ਦੀ ਬਰਾਮਦ ਤੋਂ ਪਾਬੰਦੀ ਹਟਾਉਣ ਦੀ ਮੰਗ ਸਬੰਧੀ ਢੁਕਵਾਂ ਫੈਸਲਾ ਮਾਰਚ-ਅਪਰੈਲ ਵਿਚ ਵਾਢੀ ਸਮੇਂ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਫੈਸਲੇ ਤੋਂ ਪਹਿਲਾਂ ਇਸ ਗੱਲ ਦਾ ਮੁਲਾਂਕਣ ਕੀਤਾ ਜਾਵੇਗਾ ਕਿ ਦੇਸ ਵਿਚ ਕਣਕ ਦੀ ਮੰਗ ਅਤੇ ਸਪਲਾਈ ਵਿਚ ਸੰਤੁਲਨ ਹੈ ਜਾਂ ਨਹੀਂ। ਡੀ.ਜੀ.ਐਫ.ਟੀ. ਦੇ ਮੁਖੀ ਮੱਧ ਪ੍ਰਦੇਸ਼ ਸਰਕਾਰ ਵੱਲੋਂ ਕਰਵਾਏ ਆਲਮੀ ਨਿਵੇਸ਼ਕਾਂ ਦੇ ਸੰਮੇਲਨ 'ਇਨਵੈਸਟ ਮੱਧ ਪ੍ਰਦੇਸ਼' ਵਿਚ ਹਿੱਸਾ ਲੈਣ ਲਈ ਇੰਦੌਰ ਆਏ ਹੋਏ ਸਨ। ਭਾਰਤ ਨੇ ਦੇਸ਼ ਵਿਚ ਵਧਦੀਆਂ ਕੀਮਤਾਂ 'ਤੇ ਕਾਬੂ ਪਾਉਣ ਲਈ ਮਈ 2022 ਵਿਚ ਕਣਕ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ। ਕਣਕ ਦੀ ਬਰਾਮਦ 'ਤੇ ਪਾਬੰਦੀ ਹਟਾਉਣ ਦੀ ਮੰਗ ਸਬੰਧੀ ਪੁੱਛੇ ਜਾਣ 'ਤੇ ਸਾਰੰਗੀ ਨੇ ਕਿਹਾ, "ਦੇਸ਼ ਵਿਚ ਕਣਕ ਦੀ ਵਾਢੀ ਆਮ ਤੌਰ 'ਤੇ ਮਾਰਚ-ਅਪਰੈਲ ਵਿਚ ਕੀਤੀ ਜਾਂਦੀ ਹੈ। ਇਸ ਸਮੇਂ ਦੌਰਾਨ ਸਰਕਾਰ ਇਸ ਮਾਮਲੇ ਸਬੰਧੀ ਢੁਕਵਾਂ ਫੈਸਲਾ ਲਵੇਗੀ।'' ਨਿਵੇਸ਼ਕ ਸੰਮੇਲਨ ਤੋਂ ਵੱਖਰੇ ਤੌਰ



'ਤੇ ਉਨ੍ਹਾਂ ਕਿਹਾ, "ਜਿਸ ਸਮੇਂ ਇਹ ਲੱਗਿਆ ਕਿ ਕਣਕ ਦੀ ਮੰਗ ਅਤੇ ਸਪਲਾਈ ਵਿਚ ਸੰਤੁਲਨ ਹੈ ਤਾਂ ਇਸ ਅਨਾਜ ਦੀ ਬਰਾਮਦ ਨੂੰ ਇਜਾਜ਼ਤ ਦੇਣ ਲਈ ਢੁਕਵੇਂ ਪ੍ਰਬੰਧ ਕੀਤੇ ਜਾਣਗੇ।'' ਸਾਰੰਗੀ ਨੇ ਇਸ ਦੌਰਾਨ ਇਹ ਵੀ ਕਿਹਾ ਕਿ ਕੱਪੜਾ ਉਤਪਾਦਨ ਖੇਤਰ ਵਿਚ ਮੱਧ ਪ੍ਰਦੇਸ਼ ਤੋਂ ਬਰਾਮਦ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਸੂਬੇ ਵਿੱਚ ਇਸ ਉਦਯੋਗ ਲਈ ਕੱਚੇ ਮਾਲ ਵਜੋਂ ਕਪਾਹ ਦੀ ਵੱਧ ਪੈਦਾਵਾਰ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 21 ਜਨਵਰੀ 2023*

# ਇੱਕ ਹੋਰ ਮਿਸਾਲੀ ਜਿੱਤ

ਸੰਘਰਸ਼ ਦੇ ਪਿੜ ਵਿਚ ਜੂਝਣ ਵਾਲੇ ਜਿਊੜਿਆਂ ਨੇ ਇਕ ਹੋਰ ਜਿੱਤ ਆਪਣੇ ਨਾਂ ਕਰ ਲਈ ਹੈ। 177 ਦਿਨਾਂ ਤੋਂ ਲਗਾਤਾਰ ਚੱਲ ਰਹੇ ਅੰਦੋਲਨ ਦੇ ਦਬਾਅ ਹੇਠ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਰਕਾਰ ਐਲਾਨ ਕਰਨਾ ਪਿਆ ਕਿ ਜ਼ੀਰਾ ਦੇ ਪਿੰਡ ਮਨਸੂਰਵਾਲ ਕਲਾਂ ਵਿਚ ਸ਼ਰਾਬ ਫੈਕਟਰੀ ਬੰਦ ਕਰ ਦਿੱਤੀ ਗਈ ਹੈ। ਇਸ ਸ਼ਰਾਬ ਫੈਕਟਰੀ ਕਾਰਨ ਆਲੇ-ਦੁਆਲੇ ਦੇ ਤਕਰੀਬਨ 40 ਪਿੰਡਾਂ ਦੇ ਲੋਕ ਦੂਸ਼ਿਤ ਪਾਣੀ ਨਾਲ ਜੂਝ ਰਹੇ ਸਨ ਜੋ ਫੈਕਟਰੀ ਮਾਲਕ ਦੀ ਵਧੀਕੀ ਕਾਰਨ ਲੋਕਾਂ ਦੇ ਗਲ ਪੈ ਗਿਆ ਸੀ। ਮੀਡੀਆ ਅੰਦਰ ਇਹ ਰਿਪੋਰਟਾਂ ਆਈਆਂ ਸਨ ਕਿ ਸ਼ਰਾਬ ਤਿਆਰ ਕਰਨ ਲਈ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ ਅਤੇ ਜਿਹੜਾ ਗੰਦਾ ਪਾਣੀ ਬਚ ਜਾਂਦਾ ਹੈ, ਉਸ ਨੂੰ ਸੋਧਣ ਲਈ ਵੀ ਵੱਡੀ ਪੱਧਰ 'ਤੇ ਪਾਣੀ ਸੋਧਕ ਪ੍ਰੋਜੈਕਟ ਲਗਾਉਣੇ ਪੈਂਦੇ ਹਨ। ਫੈਕਟਰੀ ਮਾਲਕ ਨੇ ਪਾਣੀ ਸੋਧਣ ਦੀ ਬਜਾਇ ਇਸ ਨੂੰ ਟੈਂਕਰਾਂ ਰਾਹੀਂ ਨਦੀਆਂ-ਨਾਲਿਆਂ ਵਿਚ ਰੋੜ੍ਹ ਦਿੱਤਾ ਜਾਂਦਾ ਸੀ, ਜਾਂ ਫਿਰ ਧਰਤੀ ਹੇਠ ਕੀਤੇ ਬੋਰਾਂ ਵਿਚ ਪਾ ਦਿੱਤਾ ਜਾਂਦਾ ਸੀ। ਇਸੇ ਕਾਰਨ ਲਾਗਲੇ ਪਿੰਡਾਂ ਵਿਚ ਪਾਣੀ ਦੂਸ਼ਿਤ ਹੋ ਗਿਆ। ਹੋਰ ਤਾਂ ਹੋਰ, ਪਾਣੀ ਦਾ ਰੰਗ ਵੀ ਬਦਰੰਗ ਹੋ ਗਿਆ। ਲੋਕ ਸਿੱਧਾ ਚੈਲਿੰਜ ਕਰ ਰਹੇ ਸਨ ਕਿ ਉਨ੍ਹਾਂ ਨੂੰ ਨੈਸ਼ਨਲ ਗਰੀਨ ਟ੍ਰਿਬਿਊਨਲ, ਸਰਕਾਰਾਂ ਅਤੇ ਸ਼ਰਾਬ ਫੈਕਟਰੀ ਦੇ ਟੈਸਟਾਂ 'ਤੇ ਕੋਈ ਯਕੀਨ ਨਹੀਂ ਹੈ,ਸਰਕਾਰ ਦੇ ਅਫਸਰ ਟਿਊਬਵੈੱਲਾਂ ਵਿਚੋਂ ਨਿਕਲਦਾ ਪਾਣੀ ਪੀ ਕੇ ਦਿਖਾ ਦੇਣ ਤਾਂਉਸੇ ਦਿਨ ਅੰਦੋਲਨ ਵਾਪਸ ਲੈ ਲਿਆ ਜਾਵੇਗਾ।ਫੈਕਟਰੀ ਬੰਦ ਕਰਵਾਉਣ ਲਈ ਸਥਾਨਕ ਪੱਧਰ 'ਤੇ ਅੰਦੋਲਨ ਛੇੜਿਆ ਗਿਆ ਪਰ ਕਿਸੇ ਨੇ ਵੀ ਇਸ ਦਾ ਨੋਟਿਸ ਨਹੀਂ ਲਿਆ। ਮੀਡੀਆ ਨੇ ਵੀ ਇਸ ਅੰਦੋਲਨ ਨੂੰ ਬਹੁਤਾ ਗੌਲਿਆ ਨਹੀਂ ਪਰ ਅੰਦੋਲਨਕਾਰੀਆਂ ਦੇ ਸਾਹਮਣੇ ਕਿਸਾਨ ਅੰਦੋਲਨ ਦੀ ਮਿਸਾਲ ਸੀ, ਇਸ ਲਈ ਉਨ੍ਹਾਂ ਆਪਣਾ ਅੰਦੋਲਨ ਜਾਰੀ ਰੱਖਿਆ ਅਤੇ ਹੌਲੀ-ਹੌਲੀ ਲੋਕ ਇਸ ਅੰਦੋਲਨ ਨਾਲ ਜੁੜਦੇ ਗਏ। ਜਦੋਂ ਵੱਖ-ਵੱਖ ਕਿਸਾਨ ਜਥੇਬੰਦੀਆਂ ਇਸਅੰਦੋਲਨ ਨਾਲ ਜੁੜਨ ਲੱਗੀਆਂ ਤਾਂ ਇਹ ਅੰਦੋਲਨ ਭਖ ਪਿਆ ਅਤੇ ਆਖਰਕਾਰ ਪੰਜਾਬ ਸਰਕਾਰ ਨੂੰ ਫੈਕਟਰੀ ਬੰਦ ਕਰਨ ਦਾ ਫੈਸਲਾ ਕਰਨਾ ਪਿਆ।

ਪਹਿਲਾਂ ਪਹਿਲ ਸਰਕਾਰੀ ਪੱਧਰ ਉਤੇ ਇਹ ਪ੍ਰਚਾਰ ਕਰਨ ਦਾ ਯਤਨ ਕੀਤਾ ਗਿਆ ਕਿ ਜੇ ਇਹ ਫੈਕਟਰੀ ਬੰਦ ਹੋ ਗਈ ਤਾਂ ਸਨਅਤਕਾਰਅਗਾਂਹ ਨੂੰ ਪੰਜਾਬ ਵਿਚ ਪੈਸਾ ਲਗਾਉਣ ਲਈ ਤਿਆਰ ਨਹੀਂ ਹੋਣਗੇ। ਇਹ ਪ੍ਰਚਾਰ ਵੀ ਕੀਤਾ ਗਿਆ ਕਿ ਪੰਜਾਬ ਵਿਚ ਤਾਂ ਪਹਿਲਾਂ ਹੀ ਬਹੁਤੀਆਂ ਸਨਅਤਾਂ ਨਹੀਂ ਹਨ ਅਤੇ ਗੁਆਂਢੀ ਸੂਬਿਆਂ ਨੂੰ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਸਹੂਲਤਾਂ ਮਿਲਣ ਕਾਰਨ ਪੰਜਾਬ ਦੀ ਬਹੁਤ ਸਾਰੀ ਸਨਅਤ ਇਨ੍ਹਾਂ ਸੂਬਿਆਂ ਵਿਚ ਚਲੀ ਗਈ ਹੈ। ਇਸ ਅੰਦੋਲਨ ਦੌਰਾਨ ਇਹ ਮੁੱਦਾ ਵੀ ਉਭਰ ਕੇ ਸਾਹਮਣੇ ਆਇਆ ਕਿ ਵਾਤਾਵਰਨ ਨੂੰ ਤਬਾਹ ਕਰਨ ਵਾਲੀ ਸਨਅਤ ਲਾਉਣ ਦਾ ਪੰਜਾਬ ਨੂੰ ਕੋਈ ਫਾਇਦਾ ਨਹੀਂ। ਅੰਦੋਲਨਕਾਰੀਆਂ ਨੇ ਇਹ ਪ੍ਰਚਾਰ ਲਗਾਤਾਰ ਕੀਤਾ ਕਿ ਜਿਸ ਤਰ੍ਹਾਂ ਕਿਸਾਨ ਅੰਦੋਲਨ ਜ਼ਮੀਨ ਬਚਾਉਣ ਲਈ ਕੀਤਾ ਗਿਆ ਸੀ, ਉਸੇ ਤਰ੍ਹਾਂ ਪੰਜਾਬ ਵਿਚ ਵਾਤਾਵਰਨ ਦੀ ਰਾਖੀ ਲਈ ਇਹ ਸੰਘਰਸ਼ ਵੀ ਲੜਿਆ ਅਤੇ ਜਿੱਤਿਆ ਜਾਵੇਗਾ।ਪੰਜਾਬ ਸਰਕਾਰ ਵੱਲੋਂ ਫੈਕਟਰੀ ਬੰਦ ਕਰਨ ਦੇ ਫੈਸਲੇ ਨਾਲ ਇਹ ਸੁਨੇਹਾ ਗਿਆ ਹੈ ਕਿ ਸਨਅਤਕਾਰ ਮੁਨਾਫ਼ਾ ਕਮਾਉਣ ਲਈ ਪੰਜਾਬ ਦੇ ਵਾਤਾਵਰਨ ਨਾਲ ਖਿਲਵਾੜ ਨਹੀਂ ਕਰ ਸਕਦੇ। ਖੋਜਾਂ ਦੱਸਦੀਆਂ ਹਨ ਕਿ ਡਿਸਟਿਲਰੀਆਂ ਤੋਂ ਨਿਕਲੇ ਗੰਦੇ ਪਾਣੀ ਵਿਚ ਜਿਹੜੇ ਤੱਤ ਰਲੇ ਹੁੰਦੇ ਹਨ, ਉਹ ਮਨੁੱਖ ਦੀ ਸਿਹਤ ਉਤੇ ਬਹੁਤ ਮਾੜਾ ਅਸਰ ਪਾਉਂਦੇ ਹਨ। ਦੂਸ਼ਿਤ ਪਾਣੀ ਨੂੰ ਇਨ੍ਹਾਂ ਤੱਤਾਂ ਤੋਂ ਮੁਕਤ ਕਰਨਾ ਬਹੁਤ ਮੁਸ਼ਕਿਲ ਅਤੇ ਮਹਿੰਗਾ ਕਾਰਜ ਹੁੰਦਾ ਹੈ।ਪੰਜਾਬ ਵਿਚ ਆਬੋ-ਹਵਾ ਅਤੇ ਜ਼ਮੀਨ ਪ੍ਰਦੂਸ਼ਿਤ ਹੋਣ ਦਾ ਮਸਲਾ ਚਿਰਾਂ ਤੋਂ ਚਰਚਾ ਵਿਚ ਹੈ। ਸਨਅਤਾਂ ਤੋਂ ਨਿਕਲਦਾ ਮਵਾਦ, ਖੇਤਾਂ ਵਿਚ ਵਰਤੇ ਜਾਂਦੇ ਕੀਟਨਾਸ਼ਕ ਅਤੇ ਵਾਹਨਾਂ ਤੋਂ ਪੈਦਾ ਹੁੰਦਾ ਧੂੰਆਂ ਇਸ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ। ਝੋਨੇ ਦੀ ਫਸਲ ਦੀ ਕਟਾਈ ਦੌਰਾਨ ਖੇਤਾਂ ਵਿਚ ਪਰਾਲੀ ਸਾੜਨ ਦਾ ਮੁੱਦਾ ਵੀ ਸਾਹਮਣੇ ਆਉਂਦਾ ਰਿਹਾ ਹੈ। ਸਪਸ਼ਟ ਹੈ ਕਿ ਸਨਅਤਕਾਰ ਗੰਦੇ ਪਾਣੀ ਨੂੰ ਸ਼ੁੱਧਕਰਨ ਵੱਲ ਧਿਆਨ ਹੀ ਨਹੀਂ ਦਿੰਦੇ ਅਤੇ ਪ੍ਰਦੂਸ਼ਣ ਰੋਕਣ ਵਾਲੀਆਂ ਸੰਸਥਾਵਾਂ ਵੀ ਅਜਿਹੇ ਮਾਮਲਿਆਂ ਵਿਚ ਆਮ ਕਰ ਕੇ ਅਵੇਸਲੀਆਂ ਰਹਿੰਦੀਆਂ ਹਨ। ਇਸ ਦਾ ਇਕ ਹੋਰ ਕਾਰਨ ਭ੍ਰਿਸ਼ਟਾਚਾਰ ਵੀ ਹੈ। ਸਰਕਾਰੀ ਅਫਸਰ ਸਨਅਤਕਾਰਾਂ ਨਾਲ ਮਿਲ ਕੇ ਅਜਿਹੇ ਮਸਲਿਆਂ ਨੂੰ ਕਦੀ ਗੌਲਦੇ ਹੀ ਨਹੀਂ।

ਇਸ ਅੰਦੋਲਨ ਨੇ ਇਕ ਵਾਰ ਇਹ ਸਾਬਤ ਕਰ ਦਿੱਤਾ ਹੈ ਕਿ ਲੋਕਾਂ ਨੂੰ ਆਪਣੀ ਮੰਗ ਮਨਵਾਉਣ ਲਈ ਕਿੰਨਾ ਜ਼ਿਆਦਾ ਸਬਰ ਰੱਖ ਕੇ ਜੂਝਣਾ ਪੈ ਰਿਹਾ ਹੈ। ਕੇਂਦਰ ਸਰਕਾਰ ਹੋਵੇ ਜਾਂ ਕੋਈ ਸੂਬਾ ਸਰਕਾਰ, ਸਰਕਾਰ ਚਲਾਉਣ ਵਾਲਿਆਂ ਦਾ ਲੋਕਾਂ ਦੇ ਮੁੱਦਿਆਂ ਅਤੇ ਅੰਦੋਲਨ ਪ੍ਰਤੀ ਰਵੱਈਆ ਇਕੋ ਜਿਹਾ ਹੀ ਹੁੰਦਾ ਹੈ। ਕਿਸਾਨ ਅੰਦੋਲਨ ਵੇਲੇ ਵੀ ਕੇਂਦਰ ਸਰਕਾਰ ਪਹਿਲਾਂ-ਪਹਿਲ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਸੀ ਪਰ ਆਖਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ। ਇਹ ਐਲਾਨ ਉਨ੍ਹਾਂ ਅਚਾਨਕ ਕੀਤਾ ਸੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਐਨ ਉਸੇ ਤਰ੍ਹਾਂ ਕੀਤਾ ਹੈ। ਹੁਣ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੁੱਖ ਮੰਤਰੀ ਨੇ ਪੰਜਾਬ ਦਾ ਵਾਤਾਵਰਨ ਬਚਾਉਣ ਲਈ ਪਹਿਲਾਂ ਮੱਤੇਵਾੜਾ ਜੰਗਲ ਵੱਢ ਕੇ ਬਣਾਈ ਜਾ ਰਹੀ ਟੈਕਸਟਾਈਲ ਪਾਰਕ ਵਾਲ ਪ੍ਰੋਜੈਕਟ ਰੱਦ ਕੀਤਾ ਅਤੇ ਹੁਣ ਸ਼ਰਾਬ ਫੈਕਟਰੀ ਬੰਦ ਕਰਵਾ ਦਿੱਤੀ ਹੈ। ਉਂਝ, ਮੋਦੀ ਅਤੇ ਮਾਨ ਦੇ ਐਲਾਨਾਂ ਵਿਚ ਇਕ ਹੋਰ ਸਾਂਝ ਵੀ ਹੈ। ਮੋਦੀ ਦੇ ਐਲਾਨ ਵੇਲੇ ਉਤਰ ਪ੍ਰਦੇਸ਼ਅਤੇ ਪੰਜਾਬ ਸਮੇਤ ਕੁਝ ਹੋਰ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਸਨ; ਇਸੇ ਤਰ੍ਹਾਂ ਹੁਣ ਆਉਂਦੇ ਕੁਝ ਮਹੀਨਿਆਂ ਦੌਰਾਨ ਜਲੰਧਰ ਹਲਕੇ ਦੀ ਜ਼ਿਮਨੀ ਚੋਣ ਹੋਣੀ ਹੈ। ਜ਼ਾਹਿਰ ਹੈ ਕਿ ਸਿਆਸੀ ਪਾਰਟੀਆਂ ਦੀ ਸਾਰੀ ਸਿਆਸਤ ਹੁਣ ਚੋਣ ਸਿਆਸਤ ਦੁਆਲੇ ਘੁੰਮਦੀ ਹੈ। ਇਸੇ ਕਰ ਕੇ ਹੁਣ ਸੰਘਰਸ਼ ਦੇ ਪਿੜ ਵਿਚ ਡਟਣ ਵਾਲਿਆਂ ਨੂੰ ਆਪਣੇ ਸੰਘਰਸ਼ਾਂ ਨੂੰ ਪ੍ਰਚੰਡ ਕਰਨ ਲਈ ਇਸ ਹਿਸਾਬ ਨਾਲਕੋਈ ਰੂਪ-ਰੇਖਾ ਤਿਆਰ ਕਰਨੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਇਕੱਠ ਦੁਰਕਾਰਿਆਂ ਦਾ!*

ਚਾਲ਼ੀ ਮੁਕਤਿਆਂ ਵਾਲ਼ੇ ਅਸਥਾਨ ਲਾਗੇ, 'ਚਾਲ਼ੀ ਚੋਰਾਂ' ਦੇ ਬੋਲੇ 'ਜੈਕਾਰਿਆਂ' ਨੇ।
'ਦਲ' ਦੇ ਨਾਮ ਨੂੰ ਹੋਰ ਬਦਨਾਮ ਕਰ'ਤਾ, ਲਾਏ 'ਟੱਬਰ ਦੀ ਸ਼ਾਨ' ਵਿੱਚ ਨ੍ਹਾਰਿਆਂ ਨੇ।
ਕਈ 'ਬਾਪੂਆਂ' ਮੰਨ ਲਈ ਈਨ ਤਾਂਹੀਂ, ਆਪੋ ਆਪਣੇ ਪੁੱਤਰ-ਮੋਹ ਮਾਰਿਆਂ ਨੇ।
'ਅਲੀ ਬਾਬੇ' ਦੇ ਕਾਰੇ ਭੁਲਾਇ ਦਿੱਤੇ, ਮਲਕ ਭਾਗੋ ਦੇ ਨੇੜਲੇ ਪਿਆਰਿਆਂ ਨੇ।
ਕੀਤੇ 'ਝੂੰਦਾ ਕਮੇਟੀ' ਨੇ ਫੈਸਲੇ ਜੋ, ਅਣਡਿੱਠ ਕਰ ਦਿੱਤੇ 'ਹੰਕਾਰਿਆਂ' ਨੇ।
ਚੌਧਰ ਪਾਰਟੀ ਵਿਚ ਦਰਸਾਉਣ ਖਾਤਰ, ਕਰ ਕੇ 'ਕੱਠ ਦਿਖਾਇਆ ਦੁਰਕਾਰਿਆਂ ਨੇ!

# ਐਫ.ਸੀ.ਆਈ. 'ਤੇ ਸੀ.ਬੀ.ਆਈ. ਛਾਪਿਆਂ ਦਾ ਅਸਲ ਮਕਸਦ

***ਐਫ.ਸੀ.ਆਈ. ਦੇ ਮਾਮਲੇ ਵਿਚ ਸੀ.ਬੀ.ਆਈ. ਛਾਪਿਆਂ ਤੋਂ ਹੋ ਰਹੇ ਖੁਲਾਸੇ ਹੈਰਾਨ ਕਰਨ ਵਾਲੇ ਹਨ ਪਰ ਇਹ ਵੀ ਹਕੀਕਤ ਹੈ ਕਿ ਸਰਕਾਰੀ ਸਰਪ੍ਰਸਤੀ ਤੋਂ ਬਗੈਰ ਭ੍ਰਿਸ਼ਟਾਚਾਰ ਚੱਲ ਨਹੀਂ ਸਕਦਾ। ਹੁਣ ਹਾਲਾਤ ਅਜਿਹੇ ਨਜ਼ਰ ਆ ਰਹੇ ਹਨ ਕਿ ਮੋਦੀ ਸਰਕਾਰ ਐਫ.ਸੀ.ਆਈ. ਦੀਆਂ ਘਾਟਾਂ-ਖਾਮੀਆਂ ਦੂਰ ਕਰਨ ਵਾਲੇ ਰਸਤੇ ਤੁਰਨ ਦੀ ਜਗ੍ਹਾ ਉਸ ਅੰਦਰਲੇ ਭ੍ਰਿਸ਼ਟਾਚਾਰ ਨੂੰ ਮੀਡੀਆ ਵਿਚ ਉਜਾਗਰ ਕਰ ਕੇ ਉਸ ਦੇ ਖਿਲਾਫ ਬਿਰਤਾਂਤ ਸਿਰਜ ਰਹੀ ਹੈ। ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***

ਕੇਂਦਰੀ ਜਾਂਚ ਏਜੰਸੀ ਸੀ.ਬੀ.ਆਈ. ਨੇ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) 'ਚ ਹੋਏ ਘੁਟਾਲੇ ਨਾਲ ਜੋੜ ਕੇ ਪੰਜਾਬ ਵਿਚ ਲੱਗਭੱਗ 90 ਥਾਵਾਂ 'ਤੇ ਛਾਪੇ ਮਾਰੇ ਅਤੇ ਕਾਰਜਕਾਰੀ ਡਾਇਰੈਕਟਰ ਸੁਦੀਪ ਸਿੰਘ ਸਣੇ 75 ਅਫਸਰਾਂ 'ਤੇ ਕੇਸ ਦਰਜ ਕਰ ਲਿਆ। ਸੀ.ਬੀ.ਆਈ. ਦੀ ਇਸ ਕਾਰਵਾਈ ਨਾਲ ਐਫ.ਸੀ.ਆਈ. ਵਿਚ ਘੁਟਾਲੇ ਦੀਆਂ ਪਰਤਾਂ ਲਗਾਤਾਰ ਖੁੱਲ੍ਹ ਰਹੀਆਂ ਹਨ। ਇਸ ਕਾਰਵਾਈ ਦੀ ਸ਼ੁਰੂਆਤ ਐਫ.ਸੀ.ਆਈ. ਦੇ ਡਿਪਟੀ ਜਨਰਲ



ਮੈਨੇਜਰ ਰਾਜੀਵ ਕੁਮਾਰ ਮਿਸ਼ਰਾ ਨੂੰ 50 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਣ ਦੇ ਮਾਮਲੇ ਵਿਚ ਗ੍ਰਿਫਤਾਰ ਕਰਨ ਨਾਲ ਹੋਈ ਸੀ ਅਤੇ ਹੁਣ ਤੱਕ ਸੀ.ਬੀ.ਆਈ. ਨੇ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਇਸ ਤਲਾਸ਼ੀ ਮੁਹਿੰਮ ਦੌਰਾਨ ਲੱਖਾਂ ਰੁਪਏ ਬਰਾਮਦ ਕੀਤੇ ਹਨ।

ਸੀ.ਬੀ.ਆਈ. ਦੇ ਛਾਪਿਆਂ ਨਾਲ ਹੋ ਰਹੇ ਹੈਰਾਨੀਜਨਕ ਖੁਲਾਸੇ ਚੌਂਕਾ ਦੇਣ ਵਾਲੇ ਹਨ ਕਿ ਕਿਵੇਂ ਘਟੀਆ ਗੁਣਵੱਤਾ ਦਾ ਅਨਾਜ ਬੱਚਿਆਂ ਨੂੰ ਮਿਡ-ਡੇ ਮੀਲ ਸਕੀਮ ਲਈ ਸਪਲਾਈ ਕੀਤਾ ਗਿਆ ਅਤੇ ਚੰਗੀ ਗੁਣਵੱਤਾ ਵਾਲਾ ਅਨਾਜ ਬਾਜ਼ਾਰ ਵਿਚ ਵੇਚ ਕੇ ਜੇਬਾਂ ਭਰੀਆਂ ਗਈਆ। ਇਸ ਤੋਂ ਇਲਾਵਾ ਸੀ.ਬੀ.ਆਈ. ਅਧਿਕਾਰੀ ਦੱਸ ਰਹੇ ਹਨ ਕਿ ਕਿਵੇਂ ਲੋਕਾਂ ਦੇ ਮੂੰਹ ਵਿਚ ਪੈਣ ਵਾਲੀ ਕਣਕ ਅਤੇ ਚੌਲ 'ਗਾਇਬ' ਕੀਤੇ ਗਏ ਹਨ। ਸੀ.ਬੀ.ਆਈ. ਨੇ 'ਅਪਰੇਸ਼ਨ ਕਣਕ' ਤਹਿਤ ਮਾਰੇ ਇਹਨਾਂ ਛਾਪਿਆਂ ਦੌਰਾਨ ਕਣਕ ਅਤੇ ਚੌਲਾਂ ਦੀ ਚੋਰੀ ਦੇ ਕਈ ਵਿਲੱਖਣ ਢੰਗ ਉਜਾਗਰ ਕੀਤੇ ਹਨ।

ਗੱਟੇ ਵਿਚੋਂ ਕਣਕ ਕੱਢ ਕੇ ਭਾਰ ਪੂਰਾ ਕਰਨ ਲਈ ਪਾਣੀ ਪਾਉਣਾ ਜਾਂ ਮਾੜੇ ਕਣਕ/ਚੌਲ ਬਾਰੇ ਕਹਿ ਦੇਣਾ ਕਿ ਚੂਹੇ ਖਾ ਗਏ ਹਨ, ਇਸ ਵਿਭਾਗ ਵਿਚ ਕੋਈ ਨਵੀਂ ਗੱਲ ਨਹੀਂ ਹੈ ਹਾਲਾਂਕਿ ਹਰ ਵਿਭਾਗ ਵਾਂਗ ਕੁਝ ਇਮਾਨਦਾਰ ਮੁਲਾਜ਼ਮ ਐਫ.ਸੀ.ਆਈ. ਵਿਚ ਵੀ ਹੋਣਗੇ। ਬਹੁ-ਗਿਣਤੀ ਮੁਲਾਜ਼ਮ ਜਦ ਭਰਤੀ ਹੁੰਦੇ ਹਨ ਤਾਂ ਉਹਨਾਂ ਦੇ ਮਨ ਵਿਚ ਇਮਾਨਦਾਰੀ ਨਾਲ ਕੰਮ ਕਰਨ ਦੀ ਭਾਵਨਾ ਹੁੰਦੀ ਹੈ। ਇਹ ਸਾਡੇ ਦੇਸ਼ ਦਾ ਪ੍ਰਬੰਧ ਹੈ ਜੋ ਲੋਕਾਂ/ਮੁਲਾਜ਼ਮਾਂ ਨੂੰ ਭ੍ਰਿਸ਼ਟਾਚਾਰ ਵਾਲੇ ਪਾਸੇ ਖਿੱਚਦਾ ਹੈ।

ਐਫ.ਸੀ.ਆਈ. ਅਨਾਜ ਦੀ ਮੁੱਖ ਰੂਪ ਵਿਚ ਖਰੀਦ ਤੇ ਭੰਡਾਰਨ ਕਰਦੀ ਹੈ ਅਤੇ ਸੂਬਾ ਸਰਕਾਰ ਹੇਠਲੀਆਂ ਮਾਰਕਫੈੱਡ, ਪਨਸਪ, ਵੇਅਰਹਾਊਸ ਵਰਗੀਆਂ ਖਰੀਦ ਏਜੰਸੀਆਂ ਵੀ ਅਨਾਜ ਐਫ.ਸੀ.ਆਈ. ਨੂੰ ਦਿੰਦੀਆਂ ਹਨ। ਐਫ.ਸੀ.ਆਈ. ਅਨਾਜ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤਹਿਤ ਹੀ ਕਰਦੀ ਹੈ ਅਤੇ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ.) ਲਈ ਇਸ ਦੀ ਸਪਲਾਈ ਵੀ ਕਰਦੀ ਹੈ। ਪਹਿਲਾਂ ਅਨਾਜ ਖਰੀਦਣ ਤੋਂ ਲੈ ਕੇ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਐਫ.ਸੀ.ਆਈ. ਦੀ ਸੀ ਪਰ ਹੁਣ ਪਿਛਲੇ ਤਿੰਨ ਦਹਾਕਿਆਂ ਤੋਂ ਕੁਝ ਜ਼ਿੰਮੇਵਾਰੀਆਂ ਸੂਬਾ ਸਰਕਾਰਾਂ ਨੂੰ ਚੁੱਕਣੀਆਂ ਪੈਂਦੀਆਂ ਹਨ ਤੇ ਉਹਨਾਂ ਹੀ ਜ਼ਿੰਮੇਵਾਰੀਆਂ ਦਾ ਖਮਿਆਜ਼ਾ ਪੰਜਾਬ ਸਰਕਾਰ ਨੂੰ ਹਜ਼ਾਰ ਕਰੋੜ ਰੁਪਏ ਵਿਚ ਪਿਆ ਹੋਇਆ ਹੈ। ਐਫ.ਸੀ.ਆਈ. ਜੀਰੀ ਦੀ ਖਰੀਦ ਕਰ ਕੇ ਨਿੱਜੀ ਸ਼ੈਲਰਾਂ ਨੂੰ ਛਿੱਲ ਲਾਹੁਣ ਲਈ ਦਿੰਦੀ ਹੈ ਤਾਂ ਕਿ ਚੌਲ ਪ੍ਰਾਪਤ ਕੀਤੇ ਜਾ ਸਕਣ ਅਤੇ ਇਸ ਪ੍ਰਕਿਰਿਆ ਦੌਰਾਨ ਹੀ ਸਭ ਤੋਂ ਵੱਧ ਗੋਲ-ਮਾਲ ਚੱਲਦਾ ਹੈ।

ਸਭ ਤੋਂ ਅਹਿਮ ਸਵਾਲ ਇਹ ਹੈ ਕਿ ਇਹ ਸਭ ਕੁਝ ਪਿਛਲੇ ਕਈ ਦਹਾਕਿਆਂ ਤੋਂ ਬੇਰੋਕ ਟੋਕ ਚੱਲ ਰਿਹਾ ਹੈ। ਅਫਸਰਸ਼ਾਹੀ ਵੱਲੋਂ ਸ਼ੈਲਰ ਮਾਲਕਾਂ ਨਾਲ ਮਿਲੀਭੁਗਤ ਕਰ ਕੇ ਕੀਤੇ ਭ੍ਰਿਸ਼ਟਾਚਾਰ ਦੇ 'ਕਮਿਸ਼ਨ' ਦਾ ਇੱਕ ਹਿੱਸਾ ਰਾਜਨੀਤਕ ਲੀਡਰਾਂ ਤੱਕ ਵੀ ਪਹੁੰਚ ਰਿਹਾ ਹੈ ਪਰ ਹੁਣ ਜਾਂਚ ਏਜੰਸੀ ਵੱਲੋਂ ਇਸ ਸਭ ਦਾ ਕੋਠੇ ਚੜ੍ਹ-ਚੜ੍ਹ ਕੇ ਰੌਲਾ ਕਿਉਂ ਪਾਇਆ ਜਾ ਰਿਹਾ ਹੈ?



ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਭ੍ਰਿਸ਼ਟਾਚਾਰ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਤੇ ਕਿਸੇ ਵੀ ਕਿਸਮ ਦਾ ਭ੍ਰਿਸ਼ਟਾਚਾਰ ਕਿਸੇ ਵੀ ਰੂਪ ਵਿਚ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ ਹੈ। ਜੇ ਸਾਡੇ ਦੀ ਦੇਸ਼ ਦੀ ਕੋਈ ਜਾਂਚ ਏਜੰਸੀ ਭ੍ਰਿਸ਼ਟਾਚਾਰ ਖਿਲਾਫ ਕਾਰਵਾਈ ਕਰੇ ਤਾਂ ਉਸ ਦੀ ਹਮਾਇਤ ਵੀ ਕਰਨੀ ਬਣਦੀ ਹੈ ਬਸ਼ਰਤੇ ਉਹ ਕਾਰਵਾਈ ਹਕੀਕੀ ਰੂਪ ਵਿਚ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਵਾਲੀ ਹੋਵੇ ਲੇਕਿਨ ਇੱਥੇ ਮਸਲਾ ਬਿਮਾਰੀ ਦਾ ਇਲਾਜ ਕਰਨ ਦਾ ਘੱਟ ਲੱਗਦਾ ਹੈ ਤੇ ਬਿਮਾਰ-ਗੰਭੀਰ ਬਿਮਾਰ-ਅਤਿ ਬਿਮਾਰ ਦਾ ਰੌਲਾ ਪਾ ਕੇ ਬਿਮਾਰੀ ਖਤਮ ਕਰਨ ਦੀ ਥਾਂ ਬਿਮਾਰ ਨੂੰ ਹੀ ਖਤਮ ਕਰਨ ਦਾ ਜ਼ਿਆਦਾ ਜਾਪ ਰਿਹਾ ਹੈ।

ਲੋਕੀਂ ਹੱਡੀਂ ਹੰਢਾਇਆ ਹੈ ਕਿ ਸਰਕਾਰਾਂ ਨੇ ਪਹਿਲਾਂ ਸਾਡੀਆਂ ਸੜਕਾਂ 'ਤੇ ਪਏ ਟੋਏ ਪੂਰਨ ਲਈ ਸਮੇਂ ਸਿਰ 'ਪੈਚ ਵਰਕ' ਕਰਨ ਦੀ ਬਜਾਇ ਸੜਕਾਂ ਨੂੰ ਹੋਰ ਵੱਧ ਟੁੱਟਣ ਲਈ ਛੱਡਿਆ ਅਤੇ ਜਦ ਸੜਕਾਂ ਪੂਰੀ ਤਰ੍ਹਾਂ ਟੁੱਟ ਕੇ ਸੜਕ ਦਾ ਹਾਦਸਿਆਂ ਦਾ ਕਾਰਨ ਬਣ ਗਈਆਂ ਤਾਂ ਹੁਕਮਰਾਨਾ ਦੇ ਚੇਲਿਆਂ ਨੇ ਇਹ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਸੜਕਾਂ ਵਧੀਆਂ ਹੋਣ, ਸੜਕਾਂ 'ਤੇ ਚੱਲਣ ਦੇ ਪੈਸੇ ਦੇਣੇ ਨਹੀਂ ਚੁੱਭਦੇ। ਸਰਕਾਰ ਨੇ ਪੀ.ਡਬਲਿਊ.ਡੀ. ਵਿਭਾਗ ਰਾਹੀਂ ਖੁਦ ਟੁੱਟੀਆਂ ਸੜਕਾਂ ਬਣਾਉਣ ਦੀ ਬਜਾਇ ਬਹੁ-ਕੌਮੀ ਕੰਪਨੀਆਂ ਨੂੰ ਮੁਨਾਫਾ ਦੇਣ ਲਈ ਸੜਕਾਂ ਬਣਾਉਣ ਦੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪ ਦਿੱਤੀ ਤੇ ਉਹਨਾਂ ਨੇ ਲੋਕਾਂ 'ਤੇ ਟੋਲ ਪਲਾਜ਼ਿਆਂ ਦਾ ਭਾਰ ਪਾ ਦਿੱਤਾ।

ਸੀ.ਬੀ.ਆਈ. ਸਮੇਤ ਕੇਂਦਰੀ ਜਾਂਚ ਏਜੰਸੀਆਂ ਦੀਆਂ ਤਮਾਮ ਕਾਰਵਾਈਆਂ 'ਤੇ ਸਰਕਾਰ ਦਾ ਰਾਜਨੀਤਕ ਪ੍ਰਭਾਵ ਦੇਖਿਆ ਜਾ ਸਕਦਾ ਹੈ। ਸਰਕਾਰ ਦੀ ਮਨਸ਼ਾ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸੀ ਐਫ.ਸੀ.ਆਈ. ਨੂੰ ਚੰਗੀ ਖਰੀਦ ਏਜੰਸੀ ਵਜੋਂ ਵਿਕਸਿਤ ਕਰਨ ਦੀ ਘੱਟ ਜਾਪ ਰਹੀ ਹੈ ਬਲਕਿ ਇਸ ਨੂੰ ਬਦਨਾਮ ਕਰ ਕੇ ਇਸ ਤੋਂ ਪੈਰ ਪਿਛਾਂਹ ਕਰਨ ਦੀ ਜ਼ਿਆਦਾ ਜਾਪ ਰਹੀ ਹੈ। ਇਹ ਸਾਰਾ ਕੁਝ ਤਹਿਸ਼ੁਦਾ ਸਕਰਿਪਟ ਵਾਂਗ ਜਾਪ ਰਿਹਾ ਹੈ।

ਇਨ੍ਹਾਂ ਖਦਸ਼ਿਆਂ ਦੀ ਤੰਦ ਕੇਂਦਰ ਦੀ ਪਿਛਲੀ ਐਨ.ਡੀ.ਏ. ਸਰਕਾਰ ਦੀ ਬਣਾਈ 'ਸ਼ਾਂਤਾ ਕੁਮਾਰ ਕਮੇਟੀ' ਦੀਆਂ ਸਿਫਾਰਸ਼ਾਂ ਨਾਲ ਜੁੜਦੀ ਹੈ। ਦਰਅਸਲ 2014 ਵਿਚ ਐਨ.ਡੀ.ਏ. ਸਰਕਾਰ ਨੇ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਾਂਤਾ ਕੁਮਾਰ ਦੀ ਅਗਵਾਈ ਵਿਚ ਕਮੇਟੀ ਬਣਾਈ ਸੀ ਜਿਸ ਨੂੰ ਐਫ.ਸੀ.ਆਈ. ਦੇ ਪੁਨਰਗਠਨ ਸਬੰਧੀ ਸੁਝਾਅ ਦੇਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸ 6 ਮੈਂਬਰੀ ਕਮੇਟੀ ਦੇ ਜ਼ਿਆਦਾਤਰ ਸੁਝਾਅ ਐਫ.ਸੀ.ਆਈ. ਨੂੰ ਕਮਜ਼ੋਰ ਕਰਨ ਵਾਲੇ ਹੀ ਮਹਿਸੂਸ ਹੁੰਦੇ ਹਨ।

ਸ਼ਾਂਤਾ ਕੁਮਾਰ ਦੀ ਅਗਵਾਈ ਵਾਲੀ ਕਮੇਟੀ ਨੇ ਸੁਝਾਅ ਦਿੱਤਾ ਸੀ ਕਿ ਐਫ.ਸੀ.ਆਈ. ਨੂੰ ਪੰਜਾਬ, ਹਰਿਆਣਾ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਉੜੀਸਾ ਵਰਗੇ ਸੂਬਿਆਂ ਵਿਚ ਕਣਕ ਤੇ ਝੋਨੇ ਦੀ ਸਰਕਾਰੀ ਖਰੀਦ ਦੀ ਸਾਰੀ ਜ਼ਿੰਮੇਵਾਰੀ ਸੂਬਾ ਸਰਕਾਰਾਂ ਨੂੰ ਸੌਂਪ ਦੇਣੀ ਚਾਹੀਦੀ ਹੈ। ਇਸ ਕਮੇਟੀ ਦੀ ਰਿਪੋਰਟ ਨਾਲ ਇਹ ਤੱਥ ਜ਼ਰੂਰ ਸਾਹਮਣੇ ਆਇਆ ਕਿ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤਹਿਤ ਦੇਸ਼ ਦੇ ਸਿਰਫ 6 ਫੀਸਦ ਦੇ ਕਰੀਬ ਕਿਸਾਨ ਹੀ ਆਪਣੀ ਫਸਲ ਵੇਚ ਰਹੇ ਹਨ ਜਿਸ ਦਾ ਮਤਲਬ ਹੈ ਕਿ 94 ਫੀਸਦ ਦੇ ਕਰੀਬ ਕਿਸਾਨ ਆਪਣੀ ਫਸਲ ਐਮ.ਐਸ.ਪੀ. ਤੋਂ ਘੱਟ ਮੁੱਲ ਤਹਿਤ ਵੇਚ (ਸੁੱਟ) ਰਹੇ ਹਨ। ਕੇਂਦਰ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਐਫ.ਸੀ.ਆਈ. ਨੂੰ ਹੋਰ ਵੱਧ ਮਜ਼ਬੂਤ ਕਰਦਿਆਂ ਇਸ ਦਾ ਦਾਇਰਾ ਵਿਸ਼ਾਲ ਕਰਦੀ ਤਾਂ ਕਿ ਬਾਕੀ ਕਿਸਾਨ ਵੀ ਐਮ.ਐਸ.ਪੀ. ਤਹਿਤ ਫਸਲ ਵੇਚ ਸਕਣ ਪਰ ਲੱਗਦਾ ਹੈ ਕਿ ਸਰਕਾਰ ਇਸ ਏਜੰਸੀ ਨੂੰ ਹੀ ਨਾਲਾਇਕ ਸਿੱਧ ਕਰਦਿਆਂ 6 ਫੀਸਦ ਕਿਸਾਨਾਂ ਤੋਂ ਵੀ ਖਹਿੜਾ ਛੁਡਵਾਉਣ ਦੇ ਰਾਹ ਪੈ ਰਹੀ ਹੈ।

ਸ਼ਾਂਤਾ ਕੁਮਾਰ ਨੇ ਸਿਫਾਰਸ਼ ਕੀਤੀ ਸੀ ਕਿ ਲੋਕਾਂ ਨੂੰ ਮੁਫਤ ਅਨਾਜ ਦੇਣ ਦੀ ਬਜਾਇ ਨਕਦ ਪੈਸਾ ਸਿੱਧਾ ਉਸ ਦੇ ਖਾਤੇ ਵਿਚ ਜਾਏ ਅਤੇ ਉਹ ਉਸ ਪੈਸੇ ਨਾਲ ਖੁਦ ਅਨਾਜ ਖਰੀਦ ਲਏ। ਕਮੇਟੀ ਨੇ ਤੱਥ ਦਿੱਤੇ ਕਿ ਇਸ ਤਰ੍ਹਾਂ ਕਰਨ ਨਾਲ ਸਰਕਾਰ ਅਤੇ ਖਪਤਕਾਰ, ਦੋਹਾਂ ਨੂੰ ਫਾਇਦਾ ਹੋਵੇਗਾ, ਭਾਵ ਰਸਤੇ ਵਿਚ ਐਫ.ਸੀ.ਆਈ. ਨਹੀਂ ਆਵੇਗੀ। ਕਮੇਟੀ ਨੇ ਸਿਫਾਰਸ਼ ਕੀਤੀ ਸੀ ਕਿ ਸਰਕਾਰ ਸਿਰਫ ਬਫਰ ਸਟਾਕ ਲਈ ਅਨਾਜ ਦੀ ਖਰੀਦ ਕਰੇ ਅਤੇ ਬਾਕੀ ਅਨਾਜ ਦੇ ਵਪਾਰ ਨੂੰ ਮੁਕਤ ਕਰ ਦਿੱਤਾ ਜਾਵੇ।

ਨਵੇਂ ਖੇਤੀ ਕਾਨੂੰਨਾਂ ਖਿਲਾਫ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਨੇ ਕੇਂਦਰ ਸਰਕਾਰ ਨੂੰ ਸਿਰਫ ਖੇਤੀ ਕਾਨੂੰਨ ਵਾਪਸ ਲੈਣ ਲਈ ਹੀ ਮਜਬੂਰ ਨਹੀਂ ਕੀਤਾ ਬਲਕਿ ਸ਼ਾਂਤਾ ਕੁਮਾਰ ਕਮੇਟੀ ਦੀਆਂ ਤਜਵੀਜ਼ਾਂ ਸਿੱਧੇ ਰੂਪ ਵਿਚ ਲਾਗੂ ਕਰਨ ਦੀ ਪ੍ਰਕਿਰਿਆ ਤੋਂ ਵੀ ਪਿੱਛੇ ਧੱਕ ਦਿੱਤਾ ਹੈ ਜਿਸ ਕਾਰਨ ਹੁਣ ਸਰਕਾਰ ਹੋਰ ਤਰ੍ਹਾਂ ਦੇ ਹੱਥਕੰਡੇ ਅਪਣਾ ਸਕਦੀ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਦੇ ਲੱਗਭੱਗ 2880 ਕਰੋੜ ਰੁਪਏ ਜਾਰੀ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਐਫ.ਸੀ.ਆਈ. ਨਾਲ ਸਬੰਧਤ ਇਹ ਫੰਡ ਫਸਲਾਂ ਦੀ ਖਰੀਦ 'ਤੇ ਲੱਗਣ ਵਾਲਾ 3 ਫੀਸਦ ਟੈਕਸ ਹੈ ਜਿਸ ਨੂੰ ਹੁਣ ਕੇਂਦਰ ਸਰਕਾਰ ਬੋਝ ਸਮਝ ਰਹੀ ਹੈ। ਐਫ.ਸੀ.ਆਈ. ਹਰ ਸਾਲ ਲੱਗਭੱਗ 14 ਮਿਲੀਅਨ ਟਨ ਕਣਕ ਤੇ 16 ਮਿਲੀਅਨ ਟਨ ਝੋਨੇ ਖਰੀਦ ਕਰਦੀ ਹੈ ਤੇ ਇਸ ਖਰੀਦ 'ਤੇ ਉਸ ਨੂੰ ਸੈੱਸ ਦੇਣਾ ਪੈਂਦਾ ਹੈ।

ਸਥਿਤੀ ਇਸ ਤਰ੍ਹਾਂ ਨਜ਼ਰ ਆ ਰਹੀ ਹੈ ਕਿ ਕੇਂਦਰ ਸਰਕਾਰ ਐਫ.ਸੀ.ਆਈ. ਦੀਆਂ ਘਾਟਾਂ-ਖਾਮੀਆਂ ਦੂਰ ਕਰਨ ਵਾਲੇ ਰਸਤੇ ਤੁਰਨ ਦੀ ਜਗ੍ਹਾ ਉਸ ਅੰਦਰਲੇ ਭ੍ਰਿਸ਼ਟਾਚਾਰ ਨੂੰ ਮੀਡੀਆ ਵਿਚ ਉਜਾਗਰ ਕਰ ਕੇ ਉਸ ਖਿਲਾਫ ਬਿਰਤਾਂਤ ਸਿਰਜ ਰਹੀ ਹੈ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਸਰਕਾਰੀ ਸਰਪ੍ਰਸਤੀ ਤੋਂ ਬਗੈਰ ਭ੍ਰਿਸ਼ਟਾਚਾਰ ਚੱਲ ਨਹੀਂ ਸਕਦਾ। ਸਾਨੂੰ ਸਰਕਾਰ ਦੇ ਹੱਥਕੰਡੇ ਸਮਝਦਿਆਂ ਭ੍ਰਿਸ਼ਟਾਚਾਰ ਖਿਲਾਫ ਸੰਘਰਸ਼ ਦੇ ਨਾਲ-ਨਾਲ ਪਬਲਿਕ ਅਦਾਰੇ ਅਤੇ ਉਹਨਾਂ ਦੀ ਸਾਖ ਬਚਾਉਣ ਲਈ ਵੀ ਬਰਾਬਰ ਦੀ ਜੱਦੋਜਹਿਦ ਕਰਨੀ ਚਾਹੀਦੀ ਹੈ।

# ਆਦਿਵਾਸੀ, ਅਖੌਤੀ ਵਿਕਾਸ ਅਤੇ ਹਵਾਈ ਹਮਲੇ

ਕੇਂਦਰੀ ਗ੍ਰਹਿ ਮੰਤਰਾਲੇ ਦੇ ਆਦੇਸ਼ 'ਤੇ 11 ਜਨਵਰੀ ਨੂੰ ਬੀਜਾਪੁਰ-ਸੁਕਮਾ-ਤਿਲੰਗਾਨਾ ਦੇ ਸਰਹੱਦੀ ਖੇਤਰ ਵਿਚ ਵਿਸ਼ੇਸ਼ ਕਮਾਂਡੋ ਫੋਰਸ ਵੱਲੋਂ ਮਾਓਵਾਦੀ ਛਾਪਾਮਾਰਾਂ ਉੱਪਰ ਹਵਾਈ ਹਮਲੇ ਦੀ ਖ਼ਬਰ ਸੁਰਖ਼ੀਆਂ ਬਣੀ। ਛੱਤੀਸਗੜ੍ਹ-ਤਿਲੰਗਾਨਾ ਦਾ ਇਹ ਖੇਤਰ ਸੀ.ਪੀ.ਆਈ.(ਮਾਓਵਾਦੀ) ਦਾ ਵਿਸ਼ਾਲ ਆਦਿਵਾਸੀ ਆਧਾਰ ਵਾਲਾ ਗੜ੍ਹ ਹੈ ਜਿਸ ਨੂੰ ਖ਼ਤਮ ਕਰਨ ਲਈ ਕੇਂਦਰ ਅਤੇ ਰਾਜ ਸਰਕਾਰਾਂ ਦਾ ਡੇਢ ਦਹਾਕੇ ਤੋਂ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਉਨ੍ਹਾਂ ਦਾ ਇਕੋ-ਇਕ ਮਨੋਰਥ ਹਥਿਆਰਬੰਦ ਛਾਪਾਮਾਰਾਂ ਅਤੇ ਜੁਝਾਰੂ ਆਦਿਵਾਸੀਆਂ ਦਾ ਸਫ਼ਾਇਆ ਕਰ ਕੇ ਇਸ ਵਿਸ਼ਾਲ ਜੰਗਲੀ ਪੱਟੀ ਨੂੰ ਕਾਰਪੋਰੇਟ ਪ੍ਰੋਜੈਕਟਾਂ ਵਿਚ ਬਦਲਣਾ ਅਤੇ ਆਦਿਵਾਸੀਆਂ ਦੀਆਂ ਲਾਸ਼ਾਂ


**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਉੱਪਰ 'ਵਿਕਾਸ' ਉਸਾਰਨਾ ਹੈ। ਸਤੰਬਰ 2009 'ਚ ਮਨਮੋਹਨ ਸਿੰਘ-ਚਿਦੰਬਰਮ ਸਰਕਾਰ ਨੇ 'ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦਾ ਬਿਰਤਾਂਤ ਘੜਿਆ ਅਤੇ 9 ਰਾਜਾਂ ਦੇ 15 ਕਰੋੜ ਆਦਿਵਾਸੀਆਂ ਵਿਰੁੱਧ 'ਓਪਰੇਸ਼ਨ ਗ੍ਰੀਨ ਹੰਟ' ਵਿੱਢ ਦਿੱਤਾ ਗਿਆ। ਲੱਖਾਂ ਦੀ ਤਾਦਾਦ 'ਚ ਨੀਮ-ਫ਼ੌਜੀ ਤਾਕਤਾਂ ਛੱਤੀਸਗੜ੍ਹ, ਝਾਰਖੰਡ, ਪੱਛਮੀ ਬੰਗਾਲ, ਉੜੀਸਾ, ਤਿਲੰਗਾਨਾ ਅਤੇ ਹੋਰ ਰਾਜਾਂ ਦੇ 'ਰੈੱਡ ਕੌਰੀਡੋਰ' ਵਿਚ ਤਾਇਨਾਤ ਕਰ ਕੇ ਆਪਣੇ ਹੀ ਲੋਕਾਂ ਵਿਰੁੱਧ ਅਣਐਲਾਨੀ ਜੰਗ ਸ਼ੁਰੂ ਕਰ ਦਿੱਤੀ ਗਈ ਜਿਸ ਨੇ ਹਫ਼ਤਿਆਂ 'ਚ ਹੀ ਵਿਆਪਕ ਕਤਲੇਆਮ, ਸਮੂਹਿਕ ਬਲਾਤਕਾਰਾਂ, ਸਾੜ-ਫੂਕ, ਤਬਾਹੀ ਅਤੇ ਉਜਾੜੇ ਦਾ ਰੂਪ ਅਖ਼ਤਿਆਰ ਕਰ ਲਿਆ। 13 ਸਾਲ ਪਹਿਲਾਂ ਅਸਿੱਧੇ ਤੌਰ 'ਤੇ ਭਾਰਤੀ ਫ਼ੌਜ ਦੀ ਮਦਦ ਨਾਲ ਵਿੱਢਿਆ ਇਹ ਨੀਮ-ਫ਼ੌਜੀ ਹਮਲਾ ਨਾ ਸਿਰਫ਼ ਲਗਾਤਾਰ ਜਾਰੀ ਹੈ ਸਗੋਂ ਇਹ ਦਿਨੋ-ਦਿਨ ਵਧੇਰੇ ਤਬਾਹਕੁਨ ਅਤੇ ਖ਼ੂੰਖ਼ਾਰ ਬਣ ਰਿਹਾ ਹੈ। ਇਸੇ ਲਗਾਤਾਰਤਾ 'ਚ 11 ਜਨਵਰੀ ਨੂੰ ਐੱਨ.ਐੱਸ.ਜੀ. ਕਮਾਂਡੋ ਇਸਤੇਮਾਲ ਕੀਤੇ ਜੋ ਖ਼ਾਸ ਕਮਾਂਡੋ ਕਾਰਵਾਈਆਂ ਲਈ ਅਤਿ-ਆਧੁਨਿਕ ਹਥਿਆਰਾਂ ਨਾਲ ਲੈਸ ਵਿਸ਼ੇਸ਼ ਫੋਰਸ ਹੈ।

ਇਸ ਸਬੰਧੀ ਸੀ.ਆਰ.ਪੀ.ਐੱਫ. ਦੇ ਛੱਤੀਸਗੜ੍ਹ ਸੈਕਟਰ ਦੇ ਆਈ.ਜੀ. ਦਫ਼ਤਰ ਨੇ ਬਿਆਨ ਜਾਰੀ ਕੀਤਾ ਕਿ 'ਇਸ ਸਰਹੱਦੀ ਖੇਤਰ ਵਿਚ ਨਕਸਲੀਆਂ ਵਿਰੁੱਧ ਲਗਾਤਾਰ ਮੁਹਿੰਮ ਚੱਲ ਰਹੀ ਹੈ। ਇਸੇ ਤਹਿਤ 11 ਜਨਵਰੀ ਨੂੰ ਹੈਲੀਕਾਪਟਰ ਰਾਹੀਂ ਮੁਹਿੰਮ ਦੇ ਫਾਰਵਰਡ ਆਪਰੇਟਿੰਗ ਬੇਸ ਉੱਪਰ ਭੇਜੀ ਜਾ ਰਹੀ ਸੀ.ਆਰ.ਪੀ.ਐੱਫ. ਦੀ ਕੋਬਰਾ ਬਟਾਲੀਅਨ ਦੀ ਇਕ ਟੁਕੜੀ ਜਦੋਂ ਹੈਲੀਕਾਪਟਰ ਤੋਂ ਉੱਤਰ ਰਹੀ ਸੀ ਤਾਂ ਕੋਬਰਾ ਅਤੇ ਨਕਸਲੀਆਂ ਦਰਮਿਆਨ ਗੋਲੀਆਂ ਚੱਲੀਆਂ। ਨਕਸਲੀ ਭੱਜਣ ਲਈ ਮਜਬੂਰ ਹੋ ਗਏ। ਕੋਬਰਾ ਫੋਰਸ ਦੀ ਟੁਕੜੀ ਨੂੰ ਕੋਈ ਨੁਕਸਾਨ ਨਹੀਂ ਹੋਇਆ।' ਐਡੀਸ਼ਨਲ ਡੀ.ਜੀ. ਐਂਟੀ ਨਕਸਲ ਓਪਰੇਸ਼ਨਜ਼ ਸ੍ਰੀ ਵਿੱਜ ਸਪਸ਼ਟ ਕਹਿੰਦੇ ਹਨ ਕਿ ਭਾਰਤੀ ਹਵਾਈ ਫ਼ੌਜ ਦੇ ਗਰੁੜ ਕਮਾਂਡੋਜ਼ ਨੇ ਐੱਮ.ਆਈ.17 (ਹੈਲੀਕਾਪਟਰ) ਤੋਂ ਫਾਇਰਿੰਗ ਦਾ ਅਭਿਆਸ ਕੀਤਾ। ਅਸੀਂ ਸੌਖੇ ਸ਼ਿਕਾਰ ਨਹੀਂ ਬਣਨਾ। ਅਸੀਂ ਵੀ ਹਮਲਾ ਕਰ ਸਕਦੇ ਹਾਂ।

ਸੀ.ਪੀ.ਆਈ.(ਮਾਓਵਾਦੀ) ਦਾ ਇਸ ਘਟਨਾ ਬਾਰੇ ਪੱਖ ਪੂਰੀ ਤਰ੍ਹਾਂ ਵੱਖਰਾ ਹੈ। ਮਾਓਵਾਦੀ ਪਾਰਟੀ ਦੀ ਦੱਖਣੀ ਸਬ ਜ਼ੋਨਲ ਬਿਊਰੋ ਵੱਲੋਂ ਜਾਰੀ ਕੀਤੇ ਬਿਆਨ ਦਾ ਸਾਰ-ਤੱਤ ਇਹ ਹੈ ਕਿ ਕੇਂਦਰ ਸਰਕਾਰ ਦੇ ਨਿਰਦੇਸ਼ 'ਤੇ ਕੀਤੇ ਗਏ ਸੁਰੱਖਿਆ ਬਲਾਂ ਦੇ ਹਵਾਈ 'ਸਰਜੀਕਲ ਸਟਰਾਈਕ' ਓਪਰੇਸ਼ਨ ਨੂੰ ਪੀ.ਐੱਲ.ਜੀ.ਏ. (ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ) ਨੇ ਨਾਕਾਮ ਬਣਾ ਦਿੱਤਾ। ਇਸ ਹਮਲੇ ਵਿਚ ਹਵਾਈ ਫ਼ੌਜ ਅਤੇ ਐੱਨ.ਐੱਸ.ਜੀ. ਕਮਾਂਡੋਜ਼ ਇਸਤੇਮਾਲ ਕੀਤੇ ਗਏ। ਪੀ.ਐੱਲ.ਜੀ.ਏ. ਅਨੁਸਾਰ ਸੁਰੱਖਿਆ ਬਲਾਂ ਦੇ ਛੇ ਕਮਾਂਡੋ ਫੱਟੜ ਹੋਏ। ਬਿਆਨ ਅਨੁਸਾਰ 11 ਜਨਵਰੀ ਨੂੰ ਸਰਹੱਦੀ ਇਲਾਕੇ ਦੇ ਇਰਾਮ, ਮੇਟਾਗੁੜਾ ਅਤੇ ਬੋਟੇਤੋਂਗ ਪਿੰਡਾਂ ਦੇ ਖੇਤਾਂ-ਖਲਿਆਣਾਂ ਵਿਚ ਡਰੋਨਾਂ ਅਤੇ ਹੈਲੀਕਾਪਟਰ ਦੀ ਮੱਦਦ ਨਾਲ ਸੈਂਕੜੇ ਬੰਬ ਸੁੱਟੇ ਗਏ ਅਤੇ ਹੈਲੀਕਾਪਟਰ ਤੋਂ ਫਾਇਰਿੰਗ ਕੀਤੀ ਗਈ। ਹਵਾਈ ਬੰਬਾਰੀ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਚੱਲਦੀ ਰਹੀ। ਪੀ.ਐੱਲ.ਜੀ.ਏ. ਨੇ ਸੁਰੱਖਿਆ ਬਲਾਂ ਦੇ ਛੇ ਕਮਾਂਡੋ ਫੱਟੜ ਕਰ ਦਿੱਤੇ। ਇਸ ਦੌਰਾਨ ਛਾਪਾਮਾਰ ਫ਼ੌਜ ਦੀ ਮੈਂਬਰ ਪੋਟਾਮ ਹੁੰਗੀ ਮਾਰੀ ਗਈ। ਇਸ ਦੌਰਾਨ ਮੀਡੀਆ ਵਿਚ ਮਾਓਵਾਦੀ ਕੇਂਦਰੀ ਕਮੇਟੀ ਮੈਂਬਰ ਹਿੜਮਾ ਦੇ ਇਸ ਹਮਲੇ 'ਚ ਮਾਰੇ ਜਾਣ ਦੀਆਂ ਖ਼ਬਰਾਂ ਵੀ ਆਈਆਂ। ਕਿਹਾ ਜਾਂਦਾ ਹੈ ਕਿ ਹਿੜਮਾ ਇਸ ਖੇਤਰ ਦੀ ਮਾਓਵਾਦੀ ਬਟਾਲੀਅਨ ਨੰਬਰ 1 ਦਾ ਕਮਾਂਡਰ ਹੈ ਅਤੇ ਉਹ ਇਸ ਖੇਤਰ ਵਿਚ ਹੋਏ ਵੱਡੇ ਛਾਪਾਮਾਰ ਹਮਲਿਆਂ ਦਾ ਯੋਜਨਾਕਾਰ ਹੈ। ਇਨ੍ਹਾਂ ਕਿਆਸ-ਅਰਾਈਆਂ ਨੂੰ ਰੱਦ ਕਰਦਿਆਂ ਮਾਓਵਾਦੀ ਬਿਊਰੋ ਨੇ ਬਿਆਨ ਵਿਚ ਸਪਸ਼ਟ ਕੀਤਾ ਕਿ ਬਟਾਲੀਅਨ ਕਮਾਂਡਰ ਹਿੜਮਾ ਸੁਰੱਖਿਅਤ ਹੈ। ਲਿਹਾਜ਼ਾ ਇਹ ਅੰਦਾਜ਼ੇ ਬੇਬੁਨਿਆਦ ਨਜ਼ਰ ਆਉਂਦੇ ਹਨ ਕਿ ਇਹ ਖ਼ਾਸ ਹਵਾਈ ਹਮਲਾ ਮਾਓਵਾਦੀ ਕਮਾਂਡਰ ਹਿੜਮਾ ਨੂੰ ਮਾਰਨ ਲਈ ਕੀਤਾ ਗਿਆ ਹੋਵੇਗਾ। 13 ਨਵੰਬਰ 2021 ਨੂੰ ਮਹਾਰਾਸ਼ਟਰ ਪੁਲਿਸ ਵੱਲੋਂ ਘੇਰਾ ਪਾ ਕੇ ਚੋਟੀ ਦੇ ਮਾਓਵਾਦੀ ਆਗੂ ਮਿਲਿੰਦ ਤੇਲਤੁੰਬੜੇ ਸਮੇਤ 26 ਮਾਓਵਾਦੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਮਾਓਵਾਦੀ ਛਾਪਾਮਾਰਾਂ ਦੀ ਵੱਡੀ ਨਫ਼ਰੀ ਦੀ ਮੌਜੂਦਗੀ ਦੀ ਸੂਹ ਦੇ ਆਧਾਰ 'ਤੇ ਇਸ ਕਾਰਵਾਈ ਲਈ ਐੱਨ.ਐੱਸ.ਜੀ. ਭੇਜੇ ਗਏ ਹੋਣਗੇ।

ਛੱਤੀਸਗੜ੍ਹ ਵਿਚ ਹਵਾਈ ਹਮਲੇ ਦੀ ਖ਼ਬਰ ਪਹਿਲੀ ਵਾਰ ਨਹੀਂ ਆਈ ਹੈ। ਰਿਪੋਰਟਾਂ ਅਨੁਸਾਰ ਬਸਤਰ ਖੇਤਰ ਵਿਚ ਅਪਰੈਲ 2021 'ਚ ਵੀ ਹਵਾਈ ਬੰਬਾਰੀ ਕੀਤੀ ਗਈ ਸੀ। ਫਿਰ ਅਪਰੈਲ 2022 'ਚ ਦੂਜੀ ਵਾਰ ਹਵਾਈ ਹਮਲਾ ਕੀਤਾ ਗਿਆ। ਹੁਣ ਜਨਵਰੀ 2023 'ਚ ਇਹ ਤੀਜਾ ਹਵਾਈ ਹਮਲਾ ਹੈ। ਮਾਓਵਾਦੀ ਗੜ੍ਹ 'ਚ ਐੱਨ.ਐੱਸ.ਜੀ. ਕਮਾਂਡੋਜ਼ ਤਾਇਨਾਤ ਕਰਨ ਦੀ ਚਰਚਾ ਪਹਿਲਾਂ ਵੀ ਚੱਲਦੀ ਰਹੀ ਹੈ। ਸਭ ਤੋਂ ਪਹਿਲਾਂ 2005 'ਚ ਮਨਮੋਹਨ ਸਿੰਘ ਸਰਕਾਰ ਸਮੇਂ ਇਹ ਗੱਲ ਚੱਲੀ ਕਿ ਨਕਸਲੀ ਰਸੂਖ਼ ਵਾਲੇ ਖੇਤਰਾਂ 'ਚ ਐੱਨ.ਐੱਸ.ਜੀ. ਕਮਾਂਡੋਜ਼ ਭੇਜੇ ਜਾਣੇ ਚਾਹੀਦੇ ਹਨ। ਬਿਹਾਰ ਦੀ ਜਹਾਨਾਬਾਦ ਜੇਲ੍ਹ ਅਤੇ ਪੁਲਿਸ ਬੈਰਕਾਂ ਉੱਪਰ ਮਾਓਵਾਦੀ ਛਾਪਾਮਾਰ ਹਮਲੇ ਨਾਲ ਭਾਰਤੀ ਹੁਕਮਰਾਨ ਬੁਰੀ ਤਰ੍ਹਾਂ ਹਿੱਲ ਗਏ ਸਨ। ਉਦੋਂ ਤਤਕਾਲੀ 'ਅੰਦਰੂਨੀ ਸੁਰੱਖਿਆ ਵਿਸ਼ੇਸ਼ ਸਕੱਤਰ' ਆਸ਼ੀਸ਼ ਮਿਤਰਾ ਦੇ ਹਵਾਲੇ ਨਾਲ ਇਹ ਖ਼ਬਰਾਂ



ਆਈਆਂ ਸਨ ਕਿ ਪਹਿਲੀ ਵਾਰ ਐੱਨ.ਐੱਸ.ਜੀ. ਨੂੰ ਨਕਸਲੀ ਵਿਰੋਧੀ ਮੁਹਿੰਮ 'ਚ ਭੇਜਿਆ ਜਾ ਸਕਦਾ ਹੈ। ਮਿਤਰਾ ਐੱਨ.ਐੱਸ.ਜੀ. ਦਾ ਡਾਇਰੈਕਟਰ ਜਨਰਲ ਵੀ ਰਿਹਾ ਹੈ। ਛੱਤੀਸਗੜ੍ਹ ਦੇ ਡੀ.ਜੀ.ਪੀ. ਸ੍ਰੀ ਰਾਠੌਰ ਨੇ ਵੀ ਕਿਹਾ ਸੀ ਕਿ ਐੱਨ.ਐੱਸ.ਜੀ. ਦੇ ਆਉਣ ਨਾਲ ਨਕਸਲੀ ਹਿੰਸਾ ਦਾ ਮੁਕਾਬਲਾ ਕਰਨ 'ਚ ਮਦਦ ਮਿਲੇਗੀ। ਐੱਨ.ਐੱਸ.ਜੀ. ਕਮਾਂਡੋਜ਼ ਵੱਲੋਂ ਆਂਧਰਾ ਪ੍ਰਦੇਸ਼ ਦੇ ਨਕਸਲ ਵਿਰੋਧੀ ਖ਼ੂੰਖ਼ਾਰ ਕਮਾਂਡੋਜ਼ ਗਰੇਅ ਹਾਊਂਡਜ਼ ਨਾਲ ਮਿਲ ਕੇ ਸਿਖਲਾਈ ਲੈਣ ਦੀਆਂ ਰਿਪੋਰਟਾਂ ਵੀ ਹਨ। ਜੋ ਇਸ ਦਾ ਸੰਕੇਤ ਹਨ ਕਿ ਮਸਲੇ ਦੇ ਰਾਜਨੀਤਕ ਹੱਲ ਦੀ ਬਜਾਏ ਆਰ.ਐੱਸ.ਐੱਸ.-ਭਾਜਪਾ ਹਕੂਮਤ ਦਾ ਇੱਕੋਇਕ ਨਿਸ਼ਾਨਾ ਮਾਓਵਾਦੀ ਛਾਪਾਮਾਰਾਂ, ਖ਼ਾਸ ਕਰ ਕੇ ਉਨ੍ਹਾਂ ਦੀ ਲੀਡਰਸ਼ਿਪ ਨੂੰ ਜਿਸਮਾਨੀ ਤੌਰ 'ਤੇ ਖ਼ਤਮ ਕਰਨਾ ਹੈ। 7 ਜਨਵਰੀ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਛੱਤੀਸਗੜ੍ਹ ਦੇ ਕੋਰਬਾ ਸ਼ਹਿਰ ਵਿਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਹੁੱਬ ਕੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਬੰਦੂਕ ਦਾ ਜਵਾਬ ਬੰਦੂਕ ਨਾਲ ਦੇਣ ਵਾਲੀ ਸਰਕਾਰ ਹੈ। ਅਮਿਤ ਸ਼ਾਹ ਨੇ '2024 ਤੱਕ ਨਕਸਲ ਮੁਕਤ ਦੇਸ਼' ਬਣਾਉਣ ਦਾ ਦਾਅਵਾ ਵੀ ਕੀਤਾ। ਮਹਿਜ਼ ਚਾਰ ਦਿਨ ਬਾਅਦ ਹੀ ਆਦਿਵਾਸੀ ਪਿੰਡਾਂ ਉੱਪਰ ਹਵਾਈ ਬੰਬਾਰੀ ਦੀ ਖ਼ਬਰ ਆ ਗਈ।

ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਹੈ ਕਿ ਛੱਤੀਸਗੜ੍ਹ ਵਿਚਲੇ ਭਾਰਤੀ ਹਵਾਈ ਫ਼ੌਜ ਦੇ ਅਫ਼ਸਰਾਂ ਨੇ ਯੁੱਧਨੀਤੀ 'ਚ ਬਦਲਾਉ ਦੀ ਪੁਸ਼ਟੀ ਕੀਤੀ ਹੈ। ਹਵਾਈ ਫ਼ੌਜ ਕਈ ਸਾਲਾਂ ਤੋਂ ਬਸਤਰ ਖੇਤਰ ਵਿਚ ਹੈਲੀਕਾਪਟਰ ਚਲਾ ਰਹੀ ਹੈ। ਡਰੋਨਾਂ ਰਾਹੀਂ ਲਗਾਤਾਰ ਨਿਗਰਾਨੀ ਸੁਰਖ਼ੀਆਂ ਬਣਦੀ ਰਹੀ ਹੈ। ਆਪਣੇ ਟੀਚੇ ਨੂੰ ਅੰਜਾਮ ਦੇਣ ਲਈ ਫਾਸ਼ੀਵਾਦੀ ਹਕੂਮਤ ਦੀ ਟੇਕ ਇਨ੍ਹਾਂ ਤਰੀਕਿਆਂ ਉੱਪਰ ਵਧ ਰਹੀ ਹੈ।

ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਵਿਚ ਬਣਾਏ 'ਕਾਊਂਟਰ ਟੈਰਰਿਜ਼ਮ ਐਂਡ ਜੰਗਲ ਵਾਰਫੇਅਰ ਕਾਲਜ' ਵਿਚ ਸਿਖਲਾਈ ਲੈ ਰਹੇ ਐੱਨ.ਐੱਸ.ਜੀ. ਕਮਾਂਡੋਜ਼ ਦੀਆਂ ਤਸਵੀਰਾਂ ਚਾਰ ਸਾਲ ਪਹਿਲਾਂ ਵੀ ਵਾਇਰਲ ਹੋਈਆਂ ਸਨ। ਇਹ ਖ਼ਾਸ ਕਮਾਂਡੋਜ਼ ਸਿਖਲਾਈ ਕਾਲਜ 2005 'ਚ ਬਣਾਇਆ ਗਿਆ ਸੀ। ਇਸ ਬਾਬਤ ਉਦੋਂ ਇਹ ਵਿਵਾਦ ਵੀ ਉੱਠਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜੰਗਲ ਦੀ ਇਸ ਜ਼ਮੀਨ ਦਾ ਕਾਲਜ ਲਈ ਤਬਾਦਲਾ ਗ਼ੈਰ-ਕਾਨੂੰਨੀ ਤਰੀਕੇ ਨਾਲ ਕੀਤਾ ਗਿਆ ਹੈ। ਆਖ਼ਰਕਾਰ ਵਣ ਵਿਭਾਗ ਅਧਿਕਾਰੀਆਂ ਦੀ ਆਵਾਜ਼ ਦਬਾ ਦਿੱਤੀ ਗਈ। ਕਾਲਜ ਦਾ ਡਾਇਰੈਕਟਰ ਭਾਰਤੀ ਫ਼ੌਜ ਦੇ ਸਾਬਕਾ ਬ੍ਰਿਗੇਡੀਅਰ ਬਸੰਤ ਕੁਮਾਰ ਪੋਂਵਾਰ ਨੂੰ ਬਣਾਇਆ ਗਿਆ ਜੋ ਪਹਿਲਾਂ ਭਾਰਤੀ ਫ਼ੌਜ ਦੇ ਉੱਤਰ-ਪੂਰਬੀ ਰਾਜ ਮਿਜ਼ੋਰਮ ਵਿਚ ਵੈਰਾਂਗਤੇ ਵਿਖੇ ਬਣਾਏ ਗਏ 'ਕਾਊਂਟਰ ਇੰਸਰਜੰਸੀ ਐਂਡ ਜੰਗਲ ਵਾਰਫੇਅਰ ਸਕੂਲ' ਦਾ ਕਮਾਂਡੈਂਟ ਰਹਿ ਚੁੱਕਾ ਸੀ। ਕਾਂਕੇਰ ਕਾਲਜ ਬਾਰੇ ਪੋਂਵਾਰ ਨੇ ਕਿਹਾ ਸੀ ਕਿ 'ਯੇਹ ਤੋ ਕਮਾਂਡੋ ਕੀ ਫੈਕਟਰੀ ਹੈ', 'ਮੈਂ ਜਵਾਨੋਂ ਕੋ ਛਾਪਾਮਾਰ ਸੇ ਛਾਪਾਮਾਰ ਕੀ ਤਰ੍ਹਾਂ ਲੜਨਾ ਸਿਖਾਤਾ ਹੂੰ।' ਇਹ ਕਾਲਜ ਹਰ ਛੇ ਹਫ਼ਤਿਆਂ 'ਚ 400 ਸਿਪਾਹੀਆਂ ਨੂੰ ਸਿਖਲਾਈ ਦੇ ਕੇ 'ਲੜਾਕੇ' ਬਣਾਉਂਦਾ ਹੈ ਜਿਨ੍ਹਾਂ ਨੂੰ ਮਾਓਵਾਦੀ ਛਾਪਾਮਾਰਾਂ ਵਿਰੁੱਧ ਲੜਨ ਲਈ ਤਿਆਰ ਕੀਤਾ ਜਾ ਰਿਹਾ ਹੈ। ਇਕ ਦਹਾਕੇ 'ਚ ਇਸ ਕਾਲਜ ਵੱਲੋਂ ਪੁਲਿਸ, ਬੀ.ਐੱਸ.ਐੱਫ., ਸੀ.ਆਰ.ਪੀ.ਐੱਫ., ਸ਼ਸਤਰ ਸੀਮਾ ਬਲ ਤੇ ਸੈਂਟਰਲ ਇੰਡਸਟਰੀਅਲ ਸਕਿਊਰਿਟੀ ਫੋਰਸ ਵਗੈਰਾ ਦੇ 30000 ਹਜ਼ਾਰ ਤੋਂ ਵਧੇਰੇ ਔਰਤ ਅਤੇ ਮਰਦ ਸਿਪਾਹੀਆਂ ਨੂੰ ਸਿਖਲਾਈ ਦਿੱਤੇ ਜਾਣ ਦਾ ਅੰਦਾਜ਼ਾ ਹੈ।

ਰਾਜਨੀਤਕ ਵਿਸ਼ਲੇਸ਼ਣਕਾਰਾਂ ਨੇ ਉਦੋਂ ਹੀ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਧੁਰ ਜੰਗਲਾਂ ਅੰਦਰ ਵਿਸ਼ੇਸ਼ ਸਿਖਲਾਈ ਕਾਲਜ ਦੀ ਸਥਾਪਨਾ ਬਸਤਰ ਦੇ ਹੋਰ ਜ਼ਿਆਦਾ ਸੰਘਣੇ ਫ਼ੌਜੀਕਰਨ ਦਾ ਹਿੱਸਾ ਹੈ ਅਤੇ ਵਿਸ਼ੇਸ਼ ਸਿਖਲਾਈ ਯਾਫ਼ਤਾ ਕਮਾਂਡੋਜ਼ ਨੂੰ ਆਦਿਵਾਸੀਆਂ ਦੇ ਜੁਝਾਰੂ ਟਾਕਰੇ ਨੂੰ ਕੁਚਲਣ ਲਈ ਇਸਤੇਮਾਲ ਕੀਤਾ ਜਾਵੇਗਾ। ਹਵਾਈ ਬੰਬਾਰੀ ਦੀਆਂ ਰਿਪੋਰਟਾਂ ਤੋਂ ਇਹ ਖ਼ਦਸ਼ੇ ਸੱਚ ਹੁੰਦੇ ਜਾਪਦੇ ਹਨ। ਨਿਰਸੰਦੇਹ, ਮਾਓਵਾਦੀ ਲਹਿਰ ਆਪਣੇ 'ਜਨਤਾਨਾ ਸਰਕਾਰ' ਦੇ ਨਿਸ਼ਾਨੇ ਨੂੰ ਪ੍ਰਣਾਈ ਬੇਹੱਦ ਜਾਂਬਾਜ਼ ਇਨਕਲਾਬੀ ਛਾਪਾਮਾਰ ਤਾਕਤ ਹੈ ਜਿਸ ਦੇ ਮੈਂਬਰਾਂ ਨੇ ਸਭ ਕੁਝ ਤਿਆਗ ਕੇ ਅਤੇ ਦਹਾਕਿਆਂ ਤੱਕ ਆਦਿਵਾਸੀਆਂ 'ਚ ਕੰਮ ਕਰ ਕੇ ਉਨ੍ਹਾਂ ਦਾ ਵਿਸ਼ਵਾਸ ਜਿੱਤਿਆ ਹੈ। ਭਾਰਤੀ ਹੁਕਮਰਾਨ ਆਦਿਵਾਸੀਆਂ ਨੂੰ ਸਰਕਾਰੀ ਬੰਦੂਕਾਂ ਦੇ ਜ਼ੋਰ ਖ਼ਤਮ ਕਰਨ ਲਈ ਇਸ ਨੂੰ ਬਹਾਨੇ ਵਜੋਂ ਵਰਤ ਰਹੇ ਹਨ। ਜਦੋਂ ਭਾਰਤੀ ਹੁਕਮਰਾਨ ਜਮਾਤ ਨੇ 'ਵਿਕਾਸ' ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਲਈ ਦੇਸੀ-ਬਦੇਸ਼ੀ ਕਾਰਪੋਰੇਟ ਕੰਪਨੀਆਂ ਨਾਲ ਇਕਰਾਰਨਾਮੇ ਕਰ ਕੇ ਆਦਿਵਾਸੀਆਂ ਨੂੰ ਬੰਦੂਕ ਦੇ ਜ਼ੋਰ ਉਜਾੜਨ ਅਤੇ ਜ਼ਮੀਨਾਂ ਖੋਹਣ ਦੀ ਕੋਸ਼ਿਸ਼ ਕੀਤੀ ਤਾਂ ਆਪਣੇ ਜੰਗਲਾਂ-ਪਹਾੜਾਂ ਨੂੰ ਬਚਾਉਣ ਲਈ ਆਦਿਵਾਸੀ ਮਾਓਵਾਦੀ ਅਗਵਾਈ ਹੇਠ ਹੋਰ ਵੀ ਵਸੀਹ ਪੈਮਾਨੇ 'ਤੇ ਲਾਮਬੰਦ ਹੋਣੇ ਸ਼ੁਰੂ ਹੋ ਗਏ। ਕੇਂਦਰ ਅਤੇ ਰਾਜ ਸਰਕਾਰਾਂ ਨੇ ਉਜਾੜੇ ਦਾ ਵਿਰੋਧ ਕਰਨ ਵਾਲੇ ਹਰ ਆਦਿਵਾਸੀ ਨੂੰ 'ਮਾਓਵਾਦੀ' ਕਰਾਰ ਦੇ ਕੇ ਜੇਲ੍ਹਾਂ ਵਿਚ ਸੁੱਟਣਾ ਸ਼ੁਰੂ ਕਰ ਦਿੱਤਾ। ਭਾਰਤੀ ਹੁਕਮਰਾਨਾਂ ਕੋਲ ਐਸੀਆਂ ਲਹਿਰਾਂ ਨੂੰ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਰਾਰ ਦੇ ਕੇ ਫ਼ੌਜੀ ਤਾਕਤ ਨਾਲ ਕੁਚਲਣ ਤੋਂ ਸਿਵਾਏ ਹੋਰ ਕੋਈ 'ਹੱਲ' ਨਹੀਂ ਹੈ। ਉਨ੍ਹਾਂ ਕੋਲ ਹਰ ਗੱਲ ਦਾ ਜਵਾਬ ਕਾਲੇ ਕਾਨੂੰਨ, ਪੁਲਿਸ-ਨੀਮ ਫ਼ੌਜੀ-ਫ਼ੌਜੀ ਤਾਕਤਾਂ ਦੀਆਂ ਘੇਰੋ ਤੇ ਕੁਚਲੋ ਦੀਆਂ ਮੁਹਿੰਮਾਂ ਅਤੇ ਅੰਧਾਧੁੰਦ ਕਤਲੇਆਮ ਹੈ। ਜੇਲ੍ਹਾਂ ਆਪਣੇ ਸੰਵਿਧਾਨਕ ਹੱਕਾਂ ਲਈ ਲੜ ਰਹੇ ਆਦਿਵਾਸੀਆਂ ਅਤੇ ਉਨ੍ਹਾਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ ਜਮਹੂਰੀ ਸਿਆਸੀ ਕਾਰਕੁਨਾਂ ਨਾਲ ਤੁੰਨੀਆਂ ਪਈਆਂ ਹਨ।

ਐਨੇ ਭਿਆਨਕ ਜਬਰ, ਆਦਿਵਾਸੀ ਔਰਤਾਂ ਵਿਰੁੱਧ ਜਿਨਸੀ ਹਿੰਸਾ ਅਤੇ ਕਤਲੇਆਮ ਦੇ ਬਾਵਜੂਦ ਆਦਿਵਾਸੀ ਕਾਰਪੋਰੇਟ ਪ੍ਰੋਜੈਕਟਾਂ ਵਿਰੁੱਧ ਚਟਾਨ ਵਾਂਗ ਡਟੇ ਹੋਏ ਹਨ। ਉਨ੍ਹਾਂ ਦੀ ਪ੍ਰੇਰਨਾ ਅੰਗਰੇਜ਼ ਧਾੜਵੀ ਰਾਜ ਨਾਲ ਆਦਿਵਾਸੀ ਪੁਰਖਿਆਂ ਦੀ ਲਹੂ ਡੋਲ੍ਹਵੀਂ ਲੜਾਈ ਦੀ ਸਦੀਆਂ ਲੰਮੀ ਸ਼ਾਨਦਾਰ ਰਵਾਇਤ ਹੈ। ਡੇਢ ਦਹਾਕਾ ਲੰਮੇ ਆਦਿਵਾਸੀ ਟਾਕਰੇ ਨੇ ਜਨਵਰੀ 2019 'ਚ ਹਕੂਮਤ ਨੂੰ ਟਾਟਾ ਸਟੀਲ ਪਲਾਂਟ ਦਾ ਪ੍ਰੋਜੈਕਟ ਰੱਦ ਕਰਨ ਲਈ ਮਜਬੂਰ ਕਰ ਦਿੱਤਾ ਅਤੇ ਲੋਹਾਂਡੀਗੁੜਾ ਸਮੇਤ ਧੱਕੇ ਅਤੇ ਧੋਖੇ ਨਾਲ ਐਕਵਾਇਰ ਕੀਤੀ ਦਸ ਪਿੰਡਾਂ ਦੀ 1764 ਹੈਕਟੇਅਰ ਜ਼ਮੀਨ ਆਦਿਵਾਸੀਆਂ ਨੂੰ ਵਾਪਸ ਕਰਨੀ ਪਈ। ਪਰ ਹਕੂਮਤ ਫ਼ੌਜੀ ਤਾਕਤ ਦੇ ਜ਼ੋਰ ਜੰਗਲਾਂ-ਪਹਾੜਾਂ ਨੂੰ ਤਬਾਹ ਕਰ ਕੇ ਧੁਰ ਅੰਦਰ ਤੱਕ ਨੀਮ-ਫ਼ੌਜੀ ਕੈਂਪ ਬਣਾਉਣ ਤੋਂ ਪਿੱਛੇ ਨਹੀਂ ਹਟ ਰਹੀ ਅਤੇ ਸੜਕਾਂ ਵਿਛਾ ਕੇ ਰਾਜ ਦੀ ਅਥਾਰਟੀ ਥੋਪ ਰਹੀ ਹੈ। ਤਬਾਹੀ ਦੇ ਬੁਲਡੋਜ਼ਰ ਨੂੰ ਰੋਕਣ ਲਈ ਆਦਿਵਾਸੀ ਕਈ ਥਾਵਾਂ ਉੱਪਰ ਸਾਲਾਂ ਤੋਂ ਸਿਲਗੇਰ ਵਰਗੇ ਪੱਕੇ ਮੋਰਚੇ ਲਗਾਈ ਬੈਠੇ ਹਨ ਅਤੇ ਆਪਣੀ ਤਰਜ਼-ਜ਼ਿੰਦਗੀ ਦੀ ਰਾਖੀ ਲਈ ਲੜ ਰਹੇ ਹਨ। ਹਵਾਈ ਬੰਬਾਰੀ ਦਾ ਇਕ ਮਨੋਰਥ ਇਸ ਵਿਸ਼ਾਲ ਆਦਿਵਾਸੀ ਲਾਮਬੰਦੀ ਨੂੰ ਦਹਿਸ਼ਤਜ਼ਦਾ ਕਰ ਕੇ ਉਨ੍ਹਾਂ ਦਾ ਮਨੋਬਲ ਡੇਗਣਾ ਵੀ ਹੈ।

ਸਮੱਸਿਆ ਇਹ ਹੈ ਕਿ ਮੁਲਕ ਦੀ 'ਮੁੱਖਧਾਰਾ' ਵੱਲੋਂ ਆਦਿਵਾਸੀਆਂ ਦੀ ਨਸਲਕੁਸ਼ੀ ਵਿਰੁੱਧ ਟਾਵੇਂ-ਟਾਵੇਂ ਪ੍ਰਦਰਸ਼ਨਾਂ ਤੋਂ ਸਿਵਾਏ ਕੋਈ ਪ੍ਰਭਾਵਸ਼ਾਲੀ ਆਵਾਜ਼ ਨਹੀਂ ਉੱਠ ਰਹੀ। ਆਵਾਜ਼ ਉਠਾਉਣ ਵਾਲੇ ਰੋਸ਼ਨ-ਖ਼ਿਆਲ ਬੁੱਧੀਜੀਵੀਆਂ ਸਮੇਤ ਹੱਕਾਂ ਦੇ ਪਹਿਰੇਦਾਰ ਜੇਲ੍ਹਾਂ ਵਿਚ ਡੱਕੇ ਹੋਏ ਹਨ। ਆਪੋ-ਆਪਣੇ ਮਸਲਿਆਂ 'ਚ ਉਲਝੇ ਹੋਰ ਲੋਕ ਅੰਦੋਲਨ ਆਪਣੇ ਹੀ ਲੋਕਾਂ ਵਿਰੁੱਧ ਭਾਰਤੀ ਸਟੇਟ ਵੱਲੋਂ ਲੜੀ ਜਾ ਰਹੀ ਇਸ ਜੰਗ ਦੀ ਹਕੀਕਤ ਅਤੇ ਇਸ ਦੇ ਭਵਿੱਖੀ ਖ਼ਤਰਿਆਂ ਤੋਂ ਬੇਖ਼ਬਰ ਹਨ। ਇਸ ਬੇਖ਼ਬਰੀ ਦਾ ਆਖ਼ਰਕਾਰ ਭਾਰਤੀ ਅਵਾਮ ਨੂੰ ਵੱਡਾ ਮੁੱਲ ਚੁਕਾਉਣਾ ਪਵੇਗਾ।

# ਜ਼ਹਿਰੀਲੇ ਵਕਤ ਦੀ ਦਾਸਤਾਨ

**ਅਵਿਜੀਤ ਪਾਠਕ**

ਜਨਵਰੀ ਮਹੀਨੇ ਇਹ ਲੇਖ ਲਿਖਦਿਆਂ ਸਵਾਮੀ ਵਿਵੇਕਾਨੰਦ ਅਤੇ ਮੋਹਨਦਾਸ ਕਰਮਚੰਦ ਗਾਂਧੀ ਨੂੰ ਯਾਦ ਕਰ ਰਿਹਾ ਹਾਂ। ਵਿਵੇਕਾਨੰਦ ਦਾ ਜਨਮ 12 ਜਨਵਰੀ 1863 ਨੂੰ ਹੋਇਆ ਸੀ ਅਤੇ 30 ਜਨਵਰੀ 1948 ਦੇ ਦਿਨ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਸੀ। ਅਸੀਂ ਉਸ ਸਵਾਮੀ ਅਤੇ ਮਹਾਤਮਾ ਦੀਆਂ ਨਜ਼ਰਾਂ ਰਾਹੀਂ ਭਾਰਤੀ ਆਧੁਨਿਕਤਾ ਦੀ ਪਰਵਾਜ਼ ਦੀ ਟੋਹ ਲਾ ਸਕਦੇ ਹਾਂ? ਅੱਜ ਕੱਲ੍ਹ ਜਦੋਂ ਲੜਾਕੂ ਹਿੰਦੂ ਰਾਸ਼ਟਰਵਾਦ ਦਾ ਜਨੂਨ ਸਿਰ ਚੜ੍ਹ ਕੇ ਬੋਲ ਰਿਹਾ ਹੈ ਤਾਂ ਸ਼ਾਇਦ ਇਹ ਸਵਾਲ ਹੋਰ ਵੀ ਜ਼ਿਆਦਾ ਪ੍ਰਸੰਗਕ ਬਣ ਗਿਆ ਹੈ।

ਇਸ ਪ੍ਰਸੰਗ ਵਿਚ ਧਰਮ ਦੇ ਮੁਕਾਮ ਦੇ ਲਿਹਾਜ਼ ਤੋਂ ਭਾਰਤੀ ਆਧੁਨਿਕਤਾ ਦੇ ਉਸ ਬਹੁ-ਭਾਂਤੇ ਅਤੇ ਟਕਰਾਵੇਂ ਪ੍ਰਵਚਨ ਵਿਚ ਜੀਵਨ ਜਾਚ ਦੇ ਰੂਪ ਵਿਚ ਹਿੰਦੂਵਾਦ ਹਮੇਸ਼ਾ ਪ੍ਰਮੁੱਖ ਮੁੱਦਾ ਬਣਿਆ ਰਿਹਾ ਹੈ। ਵਿਵੇਕਾਨੰਦ ਅਤੇ ਗਾਂਧੀ ਨੇ ਆਪੋ-ਆਪਣੇ ਵਿਸ਼ੇਸ਼ ਢੰਗ-ਤਰੀਕਿਆਂ ਨਾਲ ਇਸ ਬਹਿਸ ਨੂੰ ਅਮੀਰੀ ਬਖ਼ਸ਼ੀ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਵਿਵੇਕਾਨੰਦ ਨੇ ਅਜਿਹੇ ਰਾਸ਼ਟਰ ਦੀ ਅਲਖ ਜਗਾਉਣ ਦੀ ਕੋਸ਼ਿਸ਼ ਕੀਤੀ ਸੀ ਜੋ ਆਪਣੇ ਅਡੰਬਰਾਂ ਅਤੇ ਤਅੱਸਬਾਂ ਸਹਿਤ, ਪੁਰਾਤਨ ਸੱਭਿਅਤਾ ਉਪਰ ਬਸਤੀਵਾਦੀ ਹਮਲੇ ਅਤੇ ਉਸ ਦੀ ਸੱਭਿਆਚਾਰਕ ਤੇ ਮਾਨਸਿਕ ਜ਼ਿੱਲਤ ਦੇ ਬੋਝ ਹੇਠ ਹਾਰਿਆ ਹੰਭਿਆ ਪਿਆ ਸੀ। ਉਨ੍ਹਾਂ ਅੰਤਰੰਗ ਅਧਿਆਤਮ ਦੇ ਜ਼ਰੀਏ ਇਸ ਦੇ ਮਨੋਬਲ ਨੂੰ ਮਜ਼ਬੂਤ ਬਣਾਉਣ, ਜੀਵਨ ਵਿਚ ਧਾਰਮਿਕਤਾ ਨੂੰ ਨਵੇਂ ਅਰਥ ਦੇਣ ਅਤੇ ਅਵਾਮ ਦਾ ਹੌਸਲਾ ਉਠਾਉਣਾ ਚਾਹਿਆ ਸੀ। 1893 ਵਿਚ ਸ਼ਿਕਾਗੋ (ਅਮਰੀਕਾ) ਵਿਚ ਵਿਸ਼ਵ ਧਰਮ ਸੰਸਦ ਵਿਚ ਦਿੱਤੀ ਆਪਣੀ ਮਸ਼ਹੂਰ ਤਕਰੀਰ ਤੋਂ ਲੈ ਕੇ 'ਵਿਹਾਰਕ ਵੇਦਾਂਤ' ਦੇ ਸੰਦੇਸ਼ ਨੂੰ ਪ੍ਰਚਾਰਨ ਦੀ ਉਨ੍ਹਾਂ ਦੇ ਮਿਸ਼ਨਰੀ ਜਨੂਨ ਤੱਕ, ਉਹ ਇਸ ਨਿਘਾਰ ਖਿਲਾਫ਼ ਲੜਾਈ ਲੜਨ ਅਤੇ ਅਧਿਆਤਮਕ ਤੌਰ 'ਤੇ ਉਨਤ ਆਤਮ-ਵਿਸ਼ਵਾਸੀ, ਕਰੁਣਾਮਈ ਅਤੇ ਸਿੱਖਿਅਤ ਤੇ ਲੋਕਾਂ ਦੀ ਸੇਵਾ ਭਾਵ ਨਾਲ ਲਬਰੇਜ਼ ਨਵੇਂ ਰਾਸ਼ਟਰ ਦੇ ਨਿਰਮਾਣ ਲਈ ਨੌਜਵਾਨਾਂ ਜਾਂ ਸੰਤਾਂ ਦੇ ਜਥਿਆਂ ਨੂੰ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਸੇ ਤਰ੍ਹਾਂ ਆਧੁਨਿਕਤਾ ਨਾਲ ਗਾਂਧੀ ਦਾ ਸਾਥ 'ਸੱਚ ਨਾਲ ਪ੍ਰਯੋਗ' ਨਾਲ ਮੁੱਢੋਂ ਜੁੜਿਆ ਹੋਇਆ ਸੀ।

ਆਧੁਨਿਕ ਭਾਰਤ ਦੀ ਚੇਤਨਾ ਵਿਚ ਵਿਵੇਕਾਨੰਦ ਅਤੇ ਗਾਂਧੀ, ਦੋਵਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਇਹ ਦੋਵੇਂ ਸਾਨੂੰ ਦਲੇਰੀ ਅਤੇ ਸਮਾਜਿਕ ਕਰਮਸ਼ੀਲਤਾ ਦੀ ਨਵੀਂ ਭਾਸ਼ਾ ਬਖ਼ਸ਼ਦੇ ਹਨ। ਜਿੱਥੇ ਵਿਵੇਕਾਨੰਦ ਵੇਦਾਂਤ ਦੇ ਮੁਕਤੀਦਾਤੇ ਪਹਿਲੂ ਦਾ ਜਸ਼ਨ ਮਨਾਉਂਦੇ ਹਨ ਅਤੇ ਇਸ ਨੂੰ ਸਮਾਜਿਕ ਕਲਿਆਣ ਦੇ ਆਧੁਨਿਕ ਸਿਧਾਂਤਾਂ ਨਾਲ ਮਿਲਾਉਂਦੇ ਹਨ, ਉੱਥੇ ਗਾਂਧੀ ਇਸ ਨੂੰ ਇਕ ਤਰ੍ਹਾਂ ਦੇ ਅਹਿੰਸਕ ਸਮਾਜਵਾਦ ਵੱਲ ਜਾਂਦੇ ਮਾਰਗ ਵਜੋਂ ਨਿਹਾਰਦੇ ਹਨ। ਇਹ ਜ਼ਰੂਰੀ ਨਹੀਂ ਕਿ ਹਰ ਕੋਈ ਆਧੁਨਿਕਤਾ ਅਤੇ ਹਿੰਦੂਵਾਦ ਪ੍ਰਤੀ ਵਿਵੇਕਾਨੰਦ ਜਾਂ ਗਾਂਧੀ ਦੀ ਸਮਝ ਨਾਲ ਸਹਿਮਤ ਹੋਵੇ; ਖੱਬੇ ਪੱਖੀਆਂ ਤੋਂ ਲੈ ਕੇ ਅੰਬੇਡਕਰਵਾਦੀਆਂ, ਤੇ ਇੱਥੋਂ ਤੱਕ ਨਹਿਰੂਵਾਦੀ ਆਧੁਨਿਕਤਾਵਾਦੀਆਂ ਤੱਕ ਬਹੁਤ ਸਾਰੀ ਸਾਰਥਕ ਨਿਰਖ ਪਰਖ ਹੈ ਜਿਸ ਨਾਲ ਜਿਸ ਨਾਲ ਸਾਨੂੰ ਰਾਬਤਾ ਬਣਾਉਣਾ ਪਵੇਗਾ।

ਸਾਨੂੰ ਹਿੰਦੂਤਵ ਦੇ ਸਮਕਾਲੀ ਪੈਰੋਕਾਰਾਂ ਦੀ ਚਿੰਤਾ ਕਰਨ ਦੀ ਲੋੜ ਹੈ ਜੋ ਲੜਾਕੂ ਹਿੰਦੂ ਰਾਸ਼ਟਰਵਾਦ ਦੀ ਉਸ ਵਿਚਾਰਧਾਰਾ ਨੂੰ ਪ੍ਰਚਾਰ ਰਹੇ ਹਨ ਜੋ ਫ਼ੌਜਵਾਦ, ਸਭਿਆਚਾਰਕ ਖ਼ੁਦਪ੍ਰਸਤੀ ਅਤੇ ਬੇਰੋਕ ਤਕਨੀਕੀ-ਆਰਥਿਕ ਨਵਉਦਾਰ ਵਿਕਾਸਵਾਦ ਨਾਲ ਇਕਸੁਰ ਹੈ ਤੇ ਨਾਲ ਹੀ ਇਹ ਚੁਸਤੀ ਨਾਲ ਵਿਵੇਕਾਨੰਦ ਤੇ ਗਾਂਧੀ ਦੇ ਪ੍ਰਵਚਨਾਂ ਦੀਆਂ ਸੁਰਾਂ ਵਜਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਉਹ ਵਿਵੇਕਾਨੰਦ ਨੂੰ ਆਦਰਸ਼ ਦੇ ਤੌਰ 'ਤੇ ਉਭਾਰ ਕੇ ਉਹ ਉਸ 'ਤੇ ਆਪਣਾ ਮਾਲਿਕਾਨਾ ਹੱਕ ਜਤਾਉਂਦੇ ਹਨ; ਤੇ ਆਪਣੇ ਹੀ ਹਿਸਾਬ ਨਾਲ ਅਜਿਹੀ ਵਿਆਖਿਆ ਦੌਰਾਨ ਹੀ ਪਿਆਰ ਤੇ ਸੇਵਾ ਸੰਭਾਲ ਦੀ ਵਿਵੇਕਾਨੰਦ ਦੀ ਅਸਲ ਭਾਵਨਾ ਗੁਆਚ ਜਾਂਦੀ ਹੈ। ਸਿਤਮ ਦੀ ਗੱਲ ਇਹ ਹੈ ਕਿ ਉਦਾਰਵਾਦੀ, ਖੱਬੇ ਪੱਖੀ ਵਿਚਾਰਵਾਨ ਆਪਣੀ 'ਪ੍ਰਬੁੱਧ ਤਰਕਸ਼ੀਲਤਾ' ਦੇ ਫ਼ਰੇਮ ਕਰ ਕੇ ਹਮੇਸ਼ਾ ਵਿਵੇਕਾਨੰਦ ਤੋਂ ਦੋ ਗਜ਼ ਦੀ ਦੂਰੀ ਬਣਾ ਕੇ ਰੱਖਦੇ ਹਨ ਤੇ ਇੰਝ ਇਹ ਵਿਆਖਿਆ ਹੋਣ ਦਿੰਦੇ ਹਨ। ਇਸ ਤਰ੍ਹਾਂ ਗਾਂਧੀ ਦੇ ਕੌਮਾਂਤਰੀ ਬ੍ਰਾਂਡ ਮੁੱਲ ਕਰ ਕੇ ਹਿੰਦੂ ਰਾਸ਼ਟਰਵਾਦੀ ਉਸ ਨੂੰ ਰੱਦੀ ਦੀ ਟੋਕਰੀ ਵਿਚ ਨਹੀਂ ਸੁੱਟ ਸਕਦੇ ਸਗੋਂ ਉਹ ਸਮੇਂ ਸਮੇਂ 'ਤੇ ਉਸ ਦੀ ਚਰਚਾ ਕਰਦੇ ਹਨ ਅਤੇ 2 ਅਕਤੂਬਰ ਜਾਂ 30 ਜਨਵਰੀ ਦੇ ਦਿਨ ਉਸ ਦੇ ਬੁੱਤ ਨੂੰ ਫੁੱਲਮਾਲਾ ਵੀ ਪਹਿਨਾਉਂਦੇ ਹਨ ਪਰ ਸਚਾਈ ਇਹ ਹੈ ਕਿ ਹਿੰਦੂ ਰਾਸ਼ਟਰਵਾਦੀਆਂ ਦੀ ਹਜੂਮੀ ਜ਼ਹਿਨੀਅਤ ਨੂੰ ਉਪਜਾਉਣ ਵਾਲੇ ਪ੍ਰਗਿਆ ਸਿੰਘ ਠਾਕੁਰ ਵਰਗੇ ਨਾਥੂਰਾਮ ਗੋਡਸੇ ਦੇ ਅਣਗਿਣਤ ਪੈਰੋਕਾਰ ਗਾਂਧੀ ਨੂੰ ਨਫ਼ਰਤ ਕਰਦੇ ਰਹਿਣਗੇ ਅਤੇ ਉਸ ਨੂੰ 'ਕਮਜ਼ੋਰ' ਜਾਂ 'ਮੁਸਲਿਮ ਪੱਖੀ' ਕਹਿੰਦੇ ਰਹਿਣਗੇ ਤੇ ਉਸ ਨੂੰ ਵੰਡ ਲਈ ਕਸੂਰਵਾਰ ਗਿਣਦੇ ਰਹਿਣਗੇ। ਕੀ ਅਜੇ ਵੀ ਕੋਈ ਕਸਰ ਹੈ ਕਿ ਅਸੀਂ ਜਾਗ ਜਾਈਏ ਅਤੇ ਵਿਵੇਕਾਨੰਦ ਅਤੇ ਗਾਂਧੀ ਵਰਗਿਆਂ ਨੂੰ ਮੁੜ ਲੱਭੀਏ, ਅਧਿਆਤਮਕ ਤੌਰ 'ਤੇ ਉਨਤ ਆਧੁਨਿਕਤਾ ਦੇ ਮਹੱਤਵ ਦਾ ਮੁੱਲ ਪਾਈਏ?

# ਪਰਵਾਸੀ ਜੀਵਨ ਦੇ ਰੰਗ-ਢੰਗ

## ਪੁਸਤਕ ਚਰਚਾ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਅੱਜ ਕੱਲ੍ਹ ਪਾਕਿਸਤਾਨ ਦਾ ਇਕ ਟੀਵੀ ਸੀਰੀਅਲ ਦੇਖ ਰਿਹਾ ਹਾਂ ਜਿਸ ਵਿਚ ਇਕ ਪਾਕਿਸਤਾਨੀ ਨੌਜਵਾਨ ਜੋੜਾ ਆਪਣੇ ਬੱਚਿਆਂ ਸਮੇਤ ਕੈਨੇਡਾ ਵਿਚ ਇੰਮੀਗਰੇਟ ਹੋਣਾ ਚਾਹੁੰਦਾ ਹੈ। ਪਰ ਉਹ ਆਪਣੇ ਮਾਪਿਆਂ ਨੂੰ ਨਹੀਂ ਦੱਸਦਾ ਕਿ ਮਾਪੇ ਨਾਰਾਜ਼ ਹੋਣਗੇ ਅਤੇ ਸਾਨੂੰ ਜਾਣ ਨਹੀਂ ਦੇਣਗੇ। ਜਦ ਮਾਪਿਆਂ ਨੂੰ ਬਾਹਰੋਂ ਇਸ ਬਾਰੇ ਪਤਾ ਲੱਗਦਾ ਹੈ ਤਾਂ ਦਾਦਾ ਅਤੇ ਦਾਦੀ ਬਹੁਤ ਨਿਰਾਸ਼, ਹਤਾਸ਼, ਨਿਤਾਣੇ ਅਤੇ ਨਿਮਾਣੇ ਜਹੇ ਮਹਿਸੂਸ ਕਰਦੇ ਨੇ। ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦਾ ਵਧੀਆ ਪਰਿਵਾਰ ਪਰਵਾਸ ਕਾਰਨ ਬਿਖਰ ਜਾਵੇ ਤਾਂ ਪੁੱਤਰ ਆਪਣੇ ਬਾਪ ਨੂੰ ਕਹਿੰਦਾ ਹੈ ਕਿ ਕੋਈ ਆਪਣੀ ਮਰਜ਼ੀ ਨਾਲ ਪਰਵਾਸ ਨਹੀਂ ਕਰਦਾ। ਇਹ ਵਕਤ ਦੀ ਮਜਬੂਰੀ ਹੁੰਦੀ ਹੈ। ਇਸ ਮਜਬੂਰੀ ਤਹਿਤ ਹੀ ਤੁਸੀਂ ਭਾਰਤ ਤੋਂ ਪਾਕਿਸਤਾਨ ਵਿਚ ਪਰਵਾਸ ਕੀਤਾ ਸੀ, ਜਿੱਥੇ ਤੁਸੀਂ ਮੁੜ ਕੇ ਜਾ ਹੀ ਨਹੀਂ ਸਕਦੇ ਅਤੇ ਨਾ ਹੀ ਉਨ੍ਹਾਂ ਥਾਵਾਂ ਤੇ ਗਰਾਵਾਂ ਨੂੰ ਮੁੜ ਕੇ ਨਤਮਸਤਕ ਹੋ ਸਕਦੇ ਹੋ। ਅਸੀਂ ਤਾਂ ਪਰਵਾਸ ਕਰ ਕੇ ਵੀ ਆਪਣੀ ਜਨਮ ਭੌਂ ਨੂੰ ਮਿਲਣ ਆ ਸਕਾਂਗੇ। ਕੀ ਅਸੀਂ ਚਾਅ ਨਾਲ ਪਰਵਾਸ ਕਰ ਰਹੇ ਹਾਂ? ਮੈਂ ਆਪਣੇ ਬੱਚਿਆਂ ਦੇ ਬਿਹਤਰ ਮਸਤਕਬਿਲ ਲਈ ਪਰਵਾਸ ਕਰ ਰਿਹਾ ਹਾਂ। ਤੁਸੀਂ ਦੇਖਦੇ ਨਹੀਂ ਸਕੂਲ ਜੇਲ੍ਹਾਂ ਬਣ ਚੁੱਕੇ ਨੇ। ਬੱਚਿਆਂ ਨੂੰ ਜਹਾਦੀਆਂ ਵਲੋਂ ਮਾਰਿਆ ਜਾ ਰਿਹਾ ਹੈ। ਕਦੇ ਉਨ੍ਹਾਂ ਨੂੰ ਫਿਰੌਤੀ ਲਈ ਅਗਵਾ ਕਰ ਲਿਆ ਜਾਂਦਾ ਹੈ। ਅਸੀਂ ਬੰਦੂਕਾਂ ਦੀ ਛਾਂ ਹੇਠ ਨਮਾਜ਼ ਪੜ੍ਹਦੇ ਹਾਂ। ਆਪਣੇ ਘਰ ਵਿਚ ਦੁੱਬਕੇ ਹੋਏ, ਗੇਟ 'ਤੇ ਬੈਠੇ ਪਹਿਰੇਦਾਰਾਂ ਦੇ ਰਹਿਮ 'ਤੇ ਸਾਹ ਪੂਰੇ ਕਰ ਰਹੇ ਹਾਂ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਬੱਚੇ ਵੀ ਇਸ ਘੁਟਨ ਭਰੀ ਜ਼ਿੰਦਗੀ ਵਿਚ ਸਾਹ ਲੈਣ।

ਤੇ ਮੈਂ ਸੋਚਣ ਲੱਗਾ ਕਿ ਸੱਚੀ ਗੱਲ ਵੀ ਇਹੀ ਆ ਕਿ ਕੋਈ ਵੀ ਆਪਣੀ ਮਰਜ਼ੀ ਨਾਲ ਪਰਵਾਸ ਨਹੀਂ ਕਰਦਾ। ਖਾਸ ਕਰਕੇ ਪੜ੍ਹਿਆ ਲਿਖਿਆ ਅਤੇ ਚੰਗੀ ਨੌਕਰੀ ਕਰਦਾ, ਅਫਸਰ ਜਾਂ ਵੱਡਾ ਬਿਜ਼ਨਸਮੈਨ। ਸਮਾਂ ਹਾਲਾਤ ਹੀ ਅਜੇਹੇ ਬਣਾ ਦਿੰਦਾ ਕਿ ਬੰਦੇ ਨੂੰ ਆਪਣੀ ਔਲਾਦ ਦੇ ਭਵਿੱਖ ਦੀ ਬਿਹਤਰੀ ਲਈ ਕੁਝ ਅਜੇਹੇ ਫੈਸਲੇ ਲੈਣੇ ਪੈਂਦੇ ਜਿਸ ਕਾਰਨ ਗੁਜ਼ਰ ਰਹੀ ਵਧੀਆ ਤੇ ਸੁਹਾਵਣੀ ਜ਼ਿੰਦਗੀ ਦੀ ਤੋਰ ਵਿਚ ਖ਼ਲਲ ਪੈ ਜਾਂਦਾ। ਸਾਰੀਆਂ ਸੁੱਖ-ਸਹੂਲਤਾਂ ਮਾਨਣ ਵਾਲਾ ਜਦ ਪਰਵਾਸ ਕਰਦਾ ਹੈ ਤਾਂ ਉਹ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਨਵੀਂ ਜੰਗ ਲੜਦਾ ਹੈ। ਇਹ ਜੰਗ ਉਸਦੀ ਤਾਕਤ, ਸਿਰੜ, ਹਿੰਮਤ ਅਤੇ ਠਰੰਮੇ ਦਾ ਇਮਤਿਹਾਨ ਹੁੰਦੀ ਹੈ। ਬਹੁਤ ਕੁਝ ਗਵਾਚ ਜਾਂਦਾ ਜਦ ਇਕ ਸਫ਼ਲ ਵਿਅਕਤੀ ਕਿਸੇ ਦੂਸਰੇ ਦੇਸ਼ ਵਿਚ ਪ੍ਰਵਾਸ ਕਰਦਾ ਹੈ। ਗਵਾਚਦਾ ਹੈ ਉਸਦਾ ਗਰਾਂ, ਮਾਪੇ, ਮਿੱਤਰ-ਮੰਡਲੀ, ਨਿੱਕੀਆਂ-ਵੱਡੀਆਂ ਸਾਂਝਾਂ ਤੇ ਮਿੱਟੀ ਦੀ ਮਹਿਕ ਅਤੇ ਇਸ ਗਵਾਚੇ ਨੂੰ ਲੱਭਣ ਲਈ ਉਹ ਅਕਸਰ ਹੀ ਵਤਨ ਨੂੰ ਗਾਹੇ-ਬਗਾਹੇ ਪਰਤਦਾ ਹੈ।

ਇਹ ਟੀਵੀ ਸੀਰੀਅਲ ਮੇਰੇ ਸਮੇਤ ਉਨ੍ਹਾਂ ਸਾਰਿਆਂ ਦੀ ਕਹਾਣੀ ਹੈ ਜਿਹੜੇ ਆਪਣੇ ਦੇਸ਼ ਦੇ ਸਿਸਟਮ ਤੋਂ ਤੰਗ ਹੋ, ਵਿਕਸਤ ਦੇਸ਼ਾਂ ਵਿਚ ਪ੍ਰਵਾਸ ਕਰ ਗਏ। ਜਿਨ੍ਹਾਂ ਨੂੰ ਆਪਣੀ ਵੱਸਦੀ ਦੁਨੀਆਂ ਨੂੰ ਉਜਾੜ ਕੇ, ਫਿਰ ਨਵੀਂ ਦੁਨੀਆਂ ਵਸਾਉਣ ਅਤੇ ਆਪਣੀ ਥਾਂ ਨਿਸ਼ਚਿਤ ਕਰਨ ਲਈ ਜੀਵਨ ਦੇ ਅੱਧਖੜ ਪੜਾਅ ਵਿਚ ਅੱਗ ਦੇ ਦਰਿਆ ਵਿਚੋਂ ਲੰਘਣਾ ਪਿਆ। ਇਕ ਪਰਵਾਸ ਹੁੰਦਾ ਹੈ ਚੜ੍ਹਦੀ ਜਵਾਨੀ ਵਿਚ ਜਦ ਤੁਸੀਂ ਜੀਵਨੀ ਜੱਦੋ-ਜਹਿਦ ਨੂੰ ਸ਼ੁਰੂ ਕਰਨਾ ਤੇ ਕੁਝ ਬਣਨਾ ਹੁੰਦਾ। ਉਸ ਸਮੇਂ ਤੁਹਾਡਾ ਜੋਸ਼ ਅਤੇ ਤਾਕਤ, ਤੁਹਾਡਾ ਸਭ ਤੋਂ ਵੱਡਾ ਹਥਿਆਰ। ਇਸ ਸਦਕਾ ਤੁਸੀਂ ਆਪਣੇ ਹਿੱਸੇ ਦਾ ਅਸਮਾਨ ਸਿਰਜਦੇ। ਜਾਂ ਜਿਹੜੇ ਘੱਟ-ਪੜ੍ਹੇ ਲਿਖੇ ਹੁੰਦੇ ਜਾਂ ਜਿਨ੍ਹਾਂ ਨੂੰ ਜਾਪਦਾ ਕਿ ਉਹ ਆਪਣੇ ਦੇਸ਼ ਵਿਚ ਕਾਮਯਾਬ ਨਹੀਂ ਹੋ ਸਕਦੇ, ਉਹ ਜਾਇਜ਼ ਜਾਂ ਨਾਜਾਇਜ਼ ਤਰੀਕੇ ਨਾਲ ਪਰਵਾਸ ਕਰ ਕੇ, ਆਪਣੀ ਨਵੀਂ ਦੁਨੀਆਂ ਸਿਰਜ ਲੈਂਦੇ। ਪਰ ਜਦ ਕੋਈ ਜਵਾਨੀ ਦੇ ਸੰਘਰਸ਼ ਨਾਲ ਸਿਰਜੀ ਸਥਾਪਤੀ ਨੂੰ ਨਕਾਰ ਕੇ, ਨਵੇਂ ਅਤੇ ਬਿਖੜੇ ਰਾਹੀਂ ਤੁਰਨ ਦਾ ਜੇਰਾ ਕਰਦਾ ਤਾਂ ਇਹ ਅਣਜਾਣੇ ਰਾਹਾਂ 'ਤੇ ਤੁਰ ਕੇ ਨਵੀਆਂ ਮੰਜ਼ਲਾਂ ਨੂੰ ਸਰ ਕਰਨ ਦਾ ਸਵਾਲ ਹੁੰਦਾ।

ਅਜੇਹਾ ਉਨ੍ਹਾਂ ਸਾਰਿਆਂ ਨਾਲ ਹੀ ਵਾਪਰਿਆ ਜਿਹੜੇ ਸੰਨ 2000 ਦੇ ਨੇੜੇ-ਤੇੜੇ ਨੰਬਰ ਸਿਸਟਮ 'ਤੇ ਕੈਨੇਡਾ ਆਏ ਜਾਂ 1990ਵਿਆਂ ਵਿਚ ਆਸਟਰੇਲੀਆ ਗਏ। ਜਦ ਮੈਂ ਇਹ ਸੀਰੀਅਲ ਦੇਖ ਰਿਹਾ ਸਾਂ ਤਾਂ ਮੇਰੀਆਂ ਅੱਖਾਂ ਥੀਂ ਉਹ ਸਭ ਕੁਝ ਗੁਜ਼ਰਿਆ ਜਿਸ ਵਿਚੋਂ ਮੈਂ ਤੇ ਮੇਰਾ ਪਰਿਵਾਰ ਲੰਘਿਆ ਜਦ ਅਸੀਂ 2003 ਵਿਚ ਕੈਨੇਡਾ ਦੀ ਇੰਮੀਗਰੇਸ਼ਨ ਲੈ ਕੇ ਕੈਨੇਡਾ ਪ੍ਰਵਾਸ ਕੀਤਾ।

ਕੁਝ ਸਮੇਂ ਰਿਸ਼ਤੇਦਾਰਾਂ ਦੇ ਘਰ ਵਿਚ ਰਹਿਣਾ ਅਤੇ ਇਕ ਬੋਲੋੜਾ ਬੋਝ ਬਣ ਕੇ ਰਹਿਣ ਦੀ ਭਾਵਨਾ ਤੁਹਾਡੀ ਮਾਨਸਿਕਤਾ ਨੂੰ ਬਹੁਤ ਹੰਘਾਲਦੀ ਹੈ। ਸਮਾਜ ਦਾ ਕੇਹਾ ਦਸਤੂਰ ਕਿ ਮਨੁੱਖ ਬੜੀ ਜਲਦੀ ਉਹ ਸਭ ਕੁਝ ਭੁੱਲ ਜਾਂਦਾ ਜੋ ਜ਼ਿੰਦਗੀ ਦੇ ਕਿਸੇ ਮੋੜ 'ਤੇ, ਕਿਸੇ ਨੇ ਉਸ ਲਈ ਕੀਤਾ ਹੁੰਦਾ। ਆਪਣਾ ਘਰ, ਕਾਰ ਅਤੇ ਹਰ ਪ੍ਰਕਾਰ ਦੀ ਸੁੱਖ-ਸਹੂਲਤ ਅਤੇ ਪ੍ਰੋਫੈਸਰੀ ਛੱਡ ਕੇ ਇਕ ਕਮਰੇ ਦੀ ਬੇਸਮੈਂਟ ਵਿਚ ਰਹਿਣਾ, ਤੁਹਾਨੂੰ ਬਹੁਤ ਕੁਝ ਸਿਖਾ ਦਿੰਦਾ ਕਿ ਕਿਵੇਂ ਬਦਲਦੇ ਹਾਲਾਤ ਵਿਚ ਬੰਦੇ ਦੀ ਪਰਖ਼ ਹੁੰਦੀ ਹੈ। ਬਰੈਂਪਟਨ ਵਿਚ ਮੇਰੀ ਹੀ ਵਿਦਿਆਥਣ ਦੀ ਇਕ ਕਮਰੇ ਦੀ ਬੇਸਮੈਂਟ। ਹੌਲੀ ਹੌਲੀ ਨਿੱਕੀ ਨਿੱਕੀ ਚੀਜ਼ ਇਕੱਠੀ ਕਰਨੀ। ਪਹਿਲੇ ਕੁਝ ਦਿਨ ਤਾਂ ਕਾਰਪਿਟ 'ਤੇ ਸੌਣਾ ਅਤੇ ਫਿਰ ਬੈੱਡ ਦਾ ਜੁਗਾੜ। ਅਣਜਾਣ ਰਾਹਾਂ ਵਿਚੋਂ ਆਪਣੇ ਰਾਹ ਤਲਾਸ਼ਣਾ। ਰੁਜ਼ਗਾਰ ਦੀ ਤਲਾਸ਼ ਵਿਚ ਏਜੰਸੀਆਂ ਦੇ ਗੇੜੇ ਭੁਲਾ ਦਿੰਦੇ ਨੇ ਸੁੱਖ-ਸਹੂਲਤਾਂ ਅਤੇ ਸਿਰਫ਼ ਯਾਦ ਰਹਿੰਦਾ ਏ ਮੁੱਢਲੀਆਂ ਲੋੜਾਂ ਦੀ ਪੂਰਤੀ। ਬਰਫ਼ੀਲੇ ਦਿਨਾਂ ਵਿਚ ਤੁਰ ਕੇ ਬੱਸ ਪਕੜਨੀ ਅਤੇ ਬਰਫ਼ਬਾਰੀ ਵਿਚ ਤੁਰ ਕੇ ਘਰ ਪਹੁੰਚਣਾ। ਬਲੈਕ ਆਈਸ ਦਾ ਸਿੱਤਮ ਵੀ ਸਹਿਣਾ। ਕਈ ਵਾਰ ਡਿੱਗਿਆ ਸਾਂ ਬਲੈਕ ਆਈਸ ਤੋਂ ਪਰ ਸ਼ੁਕਰ ਖੁਦਾ ਕਿ ਕੋਈ ਗੰਭੀਰ ਸੱਟ ਨਹੀਂ ਲੱਗੀ।

ਯਾਦ ਹੈ ਜਨਵਰੀ ਦੇ ਮਹੀਨੇ ਬਰਫ਼ਬਾਰੀ ਵਿਚ ਹੀ ਮੈਂ ਅਤੇ ਮੇਰੀ ਪਤਨੀ ਗਰੌਸਰੀ ਲੈਣ ਨੇੜਲੇ ਸਟੋਰ ਤੁਰ ਕੇ ਚਲੇ ਗਏ। ਜਾਂਦਿਆਂ ਤਾਂ ਹੱਥ ਜੈਕਟ ਦੀਆਂ ਜੇਬਾਂ ਵਿਚ ਪਾ ਲਏ। ਪਰ ਜਦ ਹੱਥਾਂ ਵਿਚ ਸਾਮਾਨ ਲੈ ਕੇ ਆ ਰਹੇ ਸਾਂ ਤਾਂ ਦਸਤਾਨਿਆਂ ਤੋਂ ਬਗੈਰ ਠੰਢ ਕਾਰਨ ਹੱਥ ਨੀਲੇ ਅਤੇ ਸੁੰਨ ਹੋਣੇ ਸ਼ੁਰੂ ਹੋ ਗਏ। ਪਤਨੀ ਨੇ ਤਾਂ ਰਾਹ ਵਿਚ ਹੀ ਗਰੌਸਰੀ ਵਾਲਾ ਬੈਗ ਸੁੱਟ ਦਿਤਾ ਅਤੇ ਪਰ ਮੈਂ ਸਾਮਾਨ ਸਣੇ ਬਹੁਤ ਮੁਸ਼ਕਲ ਨਾਲ ਘਰ ਪਹੁੰਚਿਆ। ਇਉਂ ਲੱਗਾ ਜਿਵੇਂ ਹੱਥਾਂ ਵਿਚ ਜਾਨ ਹੀ ਨਹੀਂ। ਹੱਥ ਸੇਕੇ ਤਾਂ ਬਹੁਤ ਚਿਰ ਬਾਅਦ ਹੱਥ ਨਾਰਮਲ ਹੋਏ। ਬਾਅਦ ਵਿਚ ਪਤਾ ਲੱਗਾ ਕਿ ਅਜੇਹੀਆਂ ਹਾਲਤਾਂ ਵਿਚ ਬੰਦਾ ਹੱਥਾਂ ਤੋਂ ਵੀ ਨਕਾਰਾ ਹੋ ਜਾਂਦਾ। ਚੰਗੀ ਕਿਸਮਤ ਨੂੰ ਮੈਂ ਪਰਵਾਸੀ ਅਖਬਾਰ ਵਿਚ ਕੰਮ ਕਰਨ ਲੱਗ ਪਿਆ ਅਤੇ ਪਤਨੀ ਚਾਕਲੇਟ ਦੀ ਕੰਪਨੀ ਵਿਚ ਕੰਮ ਕਰਨ ਲੱਗ ਪਈ। ਜ਼ਿੰਦਗੀ ਹੌਲੀ ਹੌਲੀ ਤੁਰਨ ਲੱਗੀ। ਪਰ ਮਨ ਦੀ ਕਿਸੇ ਨੁੱਕਰੇ ਬੀਤੀ ਜ਼ਿੰਦਗੀ ਅਤੇ ਮੌਜੂਦਾ ਜ਼ਿੰਦਗੀ ਵਿਚ ਜ਼ਮੀਂ-ਅਸਮਾਨ ਦਾ ਫਰਕ ਇਕ ਚੀਸ ਪੈਦਾ ਕਰਦਾ। ਪਰ ਇਸ ਚੀਸ 'ਚੋਂ ਉਭਰਨਾ ਹੀ ਦਰਅਸਲ ਕਿਸੇ ਵਿਅਕਤੀ ਦਾ ਸਭ ਤੋਂ ਵੱਡਾ ਗੁਣ ਅਤੇ ਗੰਭੀਰਤਾ ਹੁੰਦੀ। ਕੁਝ ਸਮੇਂ ਬਾਅਦ ਅਸੀਂ ਦੋ ਬੈੱਡ ਰੂਮ ਵਾਲੀ ਬੇਸਮੈਂਟ ਵਿਚ ਆ ਗਏ। ਇਸ ਘਰ ਦੀ ਮਾਲਕਣ ਸੀਮਾ ਨੇ ਸਾਨੂੰ ਕਦੇ ਅਹਿਸਾਸ ਹੀ ਨਹੀਂ ਹੋਣ ਦਿੱਤਾ ਕਿ ਅਸੀਂ ਬੇਸਮੈਂਟ ਵਿਚ ਰਹਿੰਦੇ ਕਿਰਾਏਦਾਰ ਹਾਂ। ਸੀਮਾ ਆਪਣਿਆਂ ਤੋਂ ਵੱਧ ਸਨੇਹ ਕਰਦੀ। ਇਸ ਸਨੇਹ ਦਾ ਹੀ ਪ੍ਰਤਾਪ ਹੈ ਕਿ ਹੁਣ ਤੀਕ ਵੀ ਉਸ ਪਰਿਵਾਰ ਨਾਲ ਨਿੱਜੀ ਸਬੰਧ ਹਨ। ਸੀਮਾ ਦਾ ਹੁਕਮ ਸੀ ਕਿ ਗਰੌਸਰੀ ਲੈਣ ਤੁਸੀਂ ਮੇਰੇ ਨਾਲ ਹੀ ਜਾਣਾ। ਕਿਸੇ ਦਫਤਰ ਜਾਣਾ ਹੋਵੇ, ਏਅਰਪੋਰਟ 'ਤੇ ਜਾਣਾ ਜਾਂ ਕਿਸੇ ਨੂੰ ਲਿਆਉਣਾ ਹੋਵੇ, ਕਿਸੇ ਨੂੰ ਕਹਿਣ ਦੀ ਲੋੜ ਨਹੀਂ, ਮੈਂ ਹਰਦਮ ਹਾਜ਼ਰ ਨਾਜ਼ਰ ਹਾਂ। ਸੱਚ ਵੀ ਇਹੀ ਸੀ ਕਿ ਉਸ ਨੂੰ ਪਤਾ ਹੁੰਦਾ ਸੀ ਕਿ ਹੁਣ ਸਾਨੂੰ ਕਿਸਦੀ ਲੋੜ ਹੈ ਅਤੇ ਇਸਦੀ ਪੂਰਤੀ ਕਰਨ, ਪਲੇਠਾ ਫਰਜ਼ ਸਮਝਦੀ।

ਸੰਨ 2008 ਵਿਚ ਸਾਡੇ ਪਰਿਵਾਰ ਨਾਲ ਬਹੁਤ ਵੱਡੀ ਟ੍ਰੈਜਡੀ ਵਾਪਰ ਗਈ ਤਾਂ ਮੇਰੀ ਪਤਨੀ ਕਾਫ਼ੀ ਗ਼ਮਗੀਨ ਅਤੇ ਉਦਾਸ ਰਹਿਣ ਲੱਗ ਪਈ। ਜਦ ਮੈਂ ਕੰਮ 'ਤੇ ਚਲੇ ਜਾਣਾ ਤਾਂ ਸੀਮਾ ਨੇ ਕਦੇ ਵੀ ਮੇਰੀ ਪਤਨੀ ਨੂੰ ਹੇਠਾਂ ਬੇਸਮੈਂਟ ਵਿਚ ਇਕੱਲੀ ਨਹੀਂ ਸੀ ਰਹਿਣ ਦਿੱਤਾ। ਸਦਾ ਉਪਰ ਸੱਦ ਲੈਣਾ ਅਤੇ ਖੁਸ਼ ਰੱਖਣ ਦੀ ਪੂਰੀ ਕੋਸ਼ਿਸ਼ ਕਰਨੀ। ਅਸੀਂ ਇਸ ਬੇਸਮੈਂਟ ਨੂੰ ਹੀ ਆਪਣਾ ਟਿਕਾਣਾ ਬਣਾਈ ਰੱਖਿਆ ਜਦ ਤੀਕ ਅਸੀਂ ਆਪਣਾ ਘਰ ਨਹੀਂ ਲੈ ਲਿਆ। ਕਿਧਰੇ ਵੀ ਰਹੀਏ ਮਨੁੱਖ ਲਈ ਆਪਣਾ ਘਰ ਸਭ ਤੋਂ ਜ਼ਰੂਰੀ ਹੁੰਦਾ। ਘਰ ਜਿੱਥੇ ਤੁਹਾਨੂੰ



ਪੂਰਨ ਆਜ਼ਾਦੀ ਹੋਵੇ, ਤੁਹਾਡੇ ਬੱਚਿਆਂ ਨੂੰ ਮਸਤੀ ਕਰਨ ਅਤੇ ਸ਼ੋਰ-ਓ-ਗੁਲ ਮਚਾਉਣ ਦਾ ਹੱਕ ਹੋਵੇ, ਉਹ ਕੰਧਾਂ 'ਤੇ ਲੀਕਾਂ ਵੀ ਮਾਰ ਸਕਣ ਅਤੇ ਕਦੇ ਕਦਾਈਂ ਖੇਡਦੇ ਖੇਡਦੇ ਕੁਝ ਭੰ-ਤੋੜ ਵੀ ਕਰ ਦੇਣ। ਮੇਰੇ ਲਈ ਇਕ ਘਰ ਉਹ ਸੀ ਜਿੱਥੇ ਮੈਂ ਜੰਮਿਆ ਅਤੇ ਸੁਪਨੇ ਲਏ। ਮਸਤਕ ਵਿਚ ਅੱਖਰ-ਜੋਤ ਜਗੀ ਅਤੇ ਸੁਪਨਿਆਂ ਨੂੰ ਪੂਰਾ ਕਰਨ ਲਈ ਪਿੰਡ ਤੋਂ ਉਡਾਣ ਭਰੀ। 'ਕੇਰਾਂ ਉਡਾਣ ਭਰ ਗਏ ਪਰਿੰਦੇ ਕਦ ਪਰਤਦੇ ਨੇ ਆਪਣੇ ਆਲ੍ਹਣਿਆਂ ਨੂੰ ਭਾਵੇਂ ਉਹ ਕਦੇ ਕਦਾਈਂ ਇਨ੍ਹਾਂ ਦੀ ਤੀਰਥ ਯਾਤਰਾ ਕਰਨ ਜ਼ਰੂਰ ਆਉਂਦੇ। ਦੂਸਰਾ ਘਰ ਕਪੂਰਥਲੇ ਬਣਾਇਆ, ਵੱਖ-ਵੱਖ ਪੜਾਂਵਾਂ 'ਚ। ਕਦੇ ਨੀਹਾਂ, ਕਦੇ ਭਰਤੀ, ਕਦੇ ਢਾਂਚਾ ਖੜਾ ਕੀਤਾ। ਫਿਰ ਪਲੱਸਤਰ ਕਰਵਾ ਅਤੇ ਬਾਹਰਲੇ ਦਰਵਾਜ਼ੇ ਲਗਵਾ ਕੇ ਵਸੇਬਾ ਕਰ ਲਿਆ। ਘਰ ਦੀਆਂ ਬਾਕੀ ਬਾਰੀਕੀਆਂ ਨੂੰ ਘਰ ਵਿਚ ਰਹਿ ਕੇ ਹੌਲੀ ਹੌਲੀ ਪੂਰਾ ਕੀਤਾ। ਦਸ ਬਾਰਾਂ ਸਾਲ ਇਸ ਘਰ ਦੀ ਰਹਿਬਰੀ ਵਿਚ ਕੱਟੇ ਅਤੇ ਫਿਰ ਕੈਨੇਡਾ ਪ੍ਰਵਾਸ ਕਰ ਗਏ।

ਕੈਨੇਡਾ ਵਿਚ ਆਪਣਾ ਘਰ ਹੋਣਾ, ਸਭ ਤੋਂ ਵੱਡੀ ਅਮੀਰੀ। ਸਾਰੇ ਪਰਵਾਸੀ ਸਭ ਤੋਂ ਪਹਿਲਾ ਘਰ ਲੈਣ ਲਈ ਉਦਮ ਕਰਦੇ। ਕੈਨੇਡਾ ਵਿਚ ਆਪਣਾ ਘਰ ਲੈਣ ਦਾ ਆਧਾਰ ਬਹੁਤ ਜ਼ਿਆਦਾ ਭਾਵਨਾਤਮਿਕ ਨਾਲ ਜੁੱੜਿਆ ਦ੍ਰਿਸ਼।

ਦਰਅਸਲ ਹਰ ਸੰਵੇਸਨਸ਼ੀਲ ਵਿਅਕਤੀ ਕਿਸੇ ਦ੍ਰਿਸ਼ ਵਿਚੋਂ ਕੀ ਪੜ੍ਹਦਾ, ਕਿਹੜੇ ਅਰਥ ਕੱਢਦਾ ਅਤੇ ਇਸਨੂੰ ਆਪਣੀ ਸੰਵੇਦਨਾ ਦਾ ਹਿੱਸਾ ਕਿਵੇਂ ਬਣਾਉਂਦਾ, ਉਸਦੀ ਮਾਨਸਿਕਤਾ 'ਤੇ ਨਿਰਭਰ। ਹੋਇਆ ਇੰਝ ਕਿ ਮੇਰੀ ਵੱਡੀ ਬੇਟੀ ਅਮਰੀਕਾ ਤੋਂ ਆਪਣੇ ਛੋਟੇ ਛੋਟੇ ਤਿੰਨ ਬੱਚਿਆਂ ਨਾਲ ਸਾਨੂੰ ਮਿਲਣ ਬਰੈਂਪਟਨ ਆਈ। ਜਦ ਮੈਂ ਘਰ ਆਇਆ ਤਾਂ ਬੱਚੇ ਬੇਸਮੈਂਟ ਦੀਆਂ ਪੌੜੀਆਂ 'ਤੇ ਸੁੰਘੜੇ ਜਹੇ ਬੈਠੇ ਸਨ ਅਤੇ ਉਨ੍ਹਾਂ ਦੇ ਚਿਹਰਿਆਂ ਤੋਂ ਉਹ ਖੇੜਾ ਮਨਫ਼ੀ ਸੀ ਜਿਹੜਾ ਅਕਸਰ ਹੀ ਛੋਟੇ ਬੱਚਿਆਂ ਦੇ ਚਿਹਰਿਆਂ 'ਤੇ ਨਾਨਕਾ ਘਰ ਵਿਚ ਡੱਲਕਦਾ ਹੈ। ਇਸ ਵਿਚੋਂ ਤੁਸੀਂ ਉਨ੍ਹਾਂ ਦੀ ਹਾਸੀ, ਨਿਰਛਲਤਾ, ਬੇਪ੍ਰਵਾਹੀ ਅਤੇ ਮਾਸੂਮਪੁਣੇ ਨੂੰ ਪੜ੍ਹ ਸਕਦੇ ਹੋ। ਮੈਨੂੰ ਇਉਂ ਜਾਪਿਆ ਜਿਵੇਂ ਉਹ ਨਾਨਕਾ ਘਰ ਆ ਕੇ ਦੁਖੀ ਮਹਿਸੂਸ ਕਰ ਰਹੇ ਹੋਣ। ਉਹ ਵੱਡੇ ਸਾਰੇ ਘਰ ਵਿਚ ਖੁੱਲ੍ਹੇ-ਡੁੱਲੇ ਮਾਹੌਲ ਵਿਚ ਰਹਿਣ ਦੇ ਆਦੀ ਜਿਥੇ ਉਹ ਮਨਮਰਜ਼ੀ ਨਾਲ ਸ਼ਰਾਰਤਾਂ ਕਰ ਸਕਦੇ ਤੇ ਖੇਡ ਸਕਦੇ। ਦੋ ਬੈੱਡ ਰੂਮ ਦੀ ਬੇਸਮੈਂਟ ਨੇ ਜਿਵੇਂ ਉਨ੍ਹਾਂ ਦੀ ਅਜ਼ਾਦੀ ਅਤੇ ਬਚਪਨੇ ਨੂੰ ਖੋਹ ਲਿਆ ਹੋਵੇ। ਇਸਨੂੰ ਦੇਖ ਕੇ ਅਸੀਂ ਮਨ ਵਿਚ ਫੈਸਲਾ ਕੀਤਾ ਕਿ ਹੁਣ ਹੋਰ ਦੇਰੀ ਤੋਂ ਬਗੈਰ ਆਪਣਾ ਘਰ ਲੈ ਲੈਣਾ ਹੈ। ਅਤੇ ਸੱਚੀਂ ਜਦ ਦੋ ਕੁ ਮਹੀਨੇ ਬਾਅਦ ਉਹ ਫਿਰ ਬਰੈਂਪਟਨ ਆਏ ਤਾਂ ਉਨ੍ਹਾਂ ਨੂੰ ਸਾਡੇ ਨਵੇਂ ਘਰ ਵਿਚ ਹਿੱੜਕ-ਝਿੱੜਕ ਤੋਂ ਬਗੈਰ ਖੌਰੂ ਪਾਉਣ ਦੀ ਪੂਰੀ ਖੁੱਲ੍ਹ ਸੀ। ਇਸ ਘਰ ਦੇ ਪਿਛਵਾੜੇ ਵਿਚ ਕਰੀਕ ਸੀ ਜੋ ਸਾਡੇ ਵਰਗਿਆਂ ਲਈ ਸੈਰ ਕਰਨ ਅਤੇ ਕੁਦਰਤ ਨਾਲ ਇਕਸੁਰ ਹੋਣ ਲਈ ਸਭ ਤੋਂ ਉਤਮ ਸਥਾਨ। ਕਰੀਕ ਵਿਚ ਇਕ ਨਿੱਕਾ ਜਿਹਾ ਨਾਲ਼ਾ ਵਗਦਾ ਸੀ ਜਿਸ ਵਿਚ ਅਕਸਰ ਹੀ ਬੱਤਖ਼ਾਂ ਤੈਰਦੀਆਂ ਰਹਿੰਦੀਆਂ। ਜਦ ਵੀ ਬੇਟੀ ਦੇ ਬੱਚੇ ਆਉਂਦੇ ਤਾਂ ਉਨ੍ਹਾਂ ਦਾ ਸਭ ਤੋਂ ਮਨ-ਪਸੰਦ ਥਾਂ ਅਤੇ ਵਕਤ ਬਿਤਾਉਣ ਲਈ ਕਰੀਕ ਵਿਚ ਜਾਣਾ ਤੈਅ ਹੁੰਦਾ। ਇਸ ਘਰ ਵਿਚ ਅਕਸਰ ਹੀ ਪੰਜਾਬ ਤੋਂ ਆਏ ਮਿੱਤਰ-ਪਿਆਰਿਆਂ ਦਾ ਆਉਣਾ-ਜਾਣਾ ਬਣਿਆ ਰਹਿੰਦਾ।

ਵਕਤ, ਜੀਵਨ ਨੂੰ ਰੂਹਦਾਰੀ ਨਾਲ ਰੰਗਣ ਲੱਗਾ। ਕੈਨੇਡਾ ਪਰਵਾਸ ਦੇ ਮੁੱਢਲੇ ਦਿਨਾਂ ਦੌਰਾਨ ਬੱਸ ਵਿਚ ਸਫ਼ਰ ਕਰਨ ਕਰਕੇ, ਸਫ਼ਰ ਕਰ ਰਹੀਆਂ ਸਵਾਰੀਆਂ ਦੀ ਮਾਨਸਿਕਤਾ ਨੂੰ ਪੜ੍ਹਨ ਅਤੇ ਸਮਝਣ ਦਾ ਬਹੁਤ ਵਾਰ ਮੌਕਾ ਮਿਲਿਆ। ਬੰਦਾ ਅੰਦਰੋਂ ਕਿੰਨਾ ਤਿੜਕਿਆ ਹੁੰਦਾ ਅਤੇ ਆਪਣੇ ਵਤਨ ਨੂੰ ਕਿਵੇਂ ਉਡ ਜਾਣਾ ਲੋਚਦਾ, ਇਸਦੀ ਸਿਖਰ ਸੀ ਰਾਤ ਨੂੰ ਅੱਠ ਵਜੇ ਬੱਸ ਵਿਚ ਚੜ੍ਹੇ ਪੰਜਾਬੀ ਦੀ ਤਰਾਸਦੀ। ਜਦ ਬੱਸ ਡਰਾਈਵਰ ਨੇ ਉਸਨੂੰ ਪੁੱਛਿਆ ਕਿ ਕਿੱਥੇ ਜਾਣਾ ਹੈ ਤਾਂ ਉਸਦਾ ਕਹਿਣਾ ਸੀ, "ਡਿੱਕਸੀ, ਡੇਰੀ, ਮੁੱਲਾਂਪੁਰ"। ਬੰਦਾ ਕਿਵੇਂ ਮੁੱਲਾਂਪੁਰ ਨੂੰ ਜਾਣਾ ਲੋਚਦਾ, ਇਹ ਗੋਰੇ ਡਰਾਈਵਰ ਲਈ ਸਮਝਣਾ ਬਹੁਤ ਮੁਸ਼ਕਲ। ਗੋਰਾ ਡਰਾਈਵਰ ਸਮਝਣ ਤੋਂ ਅਸਮਰੱਥ ਕਿ ਡਿੱਕਸੀ, ਡੇਰੀ ਮੁੱਲਾਂਪੁਰ ਕਿਹੜਾ ਸਟੇਸ਼ਨ ਹੈ? ਉਹ ਪੰਜਾਬੀ ਬੰਦਾ ਬਜ਼ਿੱਦ ਕਿ ਮੈਂ ਡਿੱਕਸੀ ਡੇਰੀ ਮੁੱਲਾਂਪੁਰ ਹੀ ਜਾਣਾ ਹੈ। ਬਹੁਤ ਸਾਰੀਆਂ ਅਜੇਹੀਆਂ ਘਟਨਾਵਾਂ ਤੁਹਾਨੂੰ ਆਪਣੀਆਂ ਹੀ ਹੱਡਬੀਤੀ ਲੱਗਦੀਆਂ। ਤੁਸੀਂ ਇਸ ਵਿਚੋਂ ਹੀ ਅਜੇਹੇ ਪਲਾਂ ਨੂੰ ਮੁੜ ਤੋਂ ਜਿਉਂਦੇ ਹੋ ਜਿਨ੍ਹਾਂ ਦਾ ਤੁਸੀਂ ਕਦੇ ਕਿਆਸ ਵੀ ਨਹੀਂ ਸੀ ਕੀਤਾ। ਬਰੈਂਪਟਨ ਵਿਚ ਮੈਂ ਪਹਿਲਾਂ 2006 ਤੋਂ 2008 ਤੀਕ ਹਫਤਾਵਰੀ ਪਰਵਾਸੀ ਅਖਬਾਰ ਵਿਚ ਕੰਮ ਕੀਤਾ ਅਤੇ ਫਿਰ 2010 ਤੋਂ 2014 ਤੀਕ ਰੋਜ਼ਾਨਾ ਕੈਨੇਡੀਆਨ ਪੰਜਾਬੀ ਪੋਸਟ ਵਿਚ ਕੰਮ ਕੀਤਾ। ਪੰਜਾਬੀ ਮੀਡੀਆ ਨੂੰ ਅੰਦਰੋਂ ਦੇਖਣਾ, ਇਸਦੀਆਂ ਬਾਰੀਕੀਆਂ ਨੂੰ ਸਮਝਣ ਅਤੇ ਇਨ੍ਹਾਂ ਦੀਆਂ ਪਰਤਾਂ ਵਿਚ ਕੀ ਕੁਝ ਛੁਪਿਆ ਹੋਇਆ ਹੈ? ਕੀ ਕੁਝ ਸਾਹਮਣੇ ਆਉਂਦਾ ਹੈ, ਤੁਹਾਨੂੰ ਇਸ ਵਿਚ ਵਿਚਰ ਕੇ ਹੀ ਸਮਝ ਆਉਂਦਾ। ਇਸਦਾ ਫਾਇਦਾ ਇਹ ਵੀ ਹੁੰਦਾ ਕਿ ਤੁਹਾਨੂੰ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ, ਗੁੰਝਲਦਾਰ ਮਨੋਬਿਰਤੀਆਂ, ਨਿੱਜੀ ਮੁਫ਼ਾਦ ਲਈ ਰਿਸ਼ਤਿਆਂ ਨੂੰ ਕਿਵੇਂ ਵਰਤਿਆ ਜਾਂਦਾ ਅਤੇ ਕੈਨੇਡਾ ਵਰਗੇ ਵਿਕਸਿਤ ਦੇਸ਼ ਵਿਚ ਆਪਣੀਆਂ ਮੂਲ-ਧਾਰਨਾਵਾਂ ਨੂੰ ਨਾਲ ਕਿਵੇਂ ਜੁੜੇ ਰਹਿੰਦੇ, ਬਾਰੇ ਪਤਾ ਲੱਗਦਾ ਹੈ। ਲੋੜ ਤਾਂ ਇਹ ਹੁੰਦੀ ਹੈ ਕਿ ਆਪਣੀਆਂ ਚੰਗੀਆਂ ਕਦਰਾਂ-ਕੀਮਤਾਂ ਨੂੰ ਸੰਭਾਲਦਿਆਂ, ਇਥੋਂ ਦੀਆਂ ਚੰਗੇਰੀਆਂ ਗੱਲਾਂ ਨੂੰ ਜੀਵਨ-ਜਾਚ ਦਾ ਹਿੱਸਾ ਬਣਾਈਏ। ਪਰ ਇੰਜ ਨਹੀਂ ਹੁੰਦਾ। ਬਰੈਂਪਟਨ ਵਿਚ ਮੀਡੀਆ ਵਿਚ ਰਹਿੰਦਿਆਂ ਇਹ ਵੀ ਪਤਾ ਲੱਗਾ ਕਿ ਮੀਡੀਆ ਵਾਲੇ ਕਿਹੋ ਜਿਹੀਆਂ ਚਾਲਾਂ ਨਾਲ ਇਕ ਦੂਜੇ ਨੂੰ ਠਿੱਬੀ ਲਾ ਕੇ ਅੱਗੇ ਵਧਣ ਦਾ ਜ਼ੋਰ ਲਾਉਂਦੇ। ਬੜਾ ਹੈਰਾਨ ਹੋਇਆ ਜਦ ਸਮਾਜ ਦੇ ਇਕ ਜ਼ਿੰਮੇਵਾਰ ਵਿਅਕਤੀ ਨੇ ਮੈਨੂੰ ਪੁੱਛਿਆ ਕਿ ਕੀ ਤੁਹਾਨੂੰ ਅਖਬਾਰ ਵਾਲੇ ਤਨਖਾਹ ਵੀ ਦਿੰਦੇ ਜਾਂ ਮੁਫ਼ਤ ਵਿਚ ਹੀ ਕੰਮ ਕਰਵਾਈ ਜਾਂਦੇ। ਇਸ ਪ੍ਰਸ਼ਨ ਨੇ ਬਹੁਤ ਸਾਰੇ ਤੌਖ਼ਲੇ ਮਨ ਵਿਚ ਪੈਦਾ ਕਰ ਦਿੱਤੇ ਕਿ ਕਿਵੇਂ ਲੋਕ-ਧਾਰਨਾ ਵਿਚ ਗਲਤ-ਫਹਿਮੀਆਂ ਪੈਦਾ ਹੁੰਦੀਆਂ? ਪਰ ਇਹ ਬਹੁਤ ਜਲਦੀ ਦੂਰ ਹੋ ਜਾਂਦੀਆਂ ਜਦ ਕੁਝ ਚੰਗੇਰਾ ਵਾਪਰਦਾ ਹੈ ਅਤੇ ਇਸਦਾ ਵਧੀਆ ਪੱਖ ਸਭ ਦੇ ਸਾਹਮਣੇ ਉਜਾਗਰ ਹੁੰਦਾ ਹੈ।

ਬਰੈਂਪਟਨ ਵਿਚ ਰਹਿੰਦਿਆਂ ਅਕਸਰ ਹੀ ਰਾਜਨੀਤਕ ਖੇਤਰ ਵਿਚ ਵਿਚਰ ਰਹੇ ਪੰਜਾਬੀਆਂ ਸਮੇਤ ਬਹੁਤ ਸਾਰੇ ਕੱਦਾਵਰ ਵਿਅਕਤੀਆਂ ਨੂੰ ਮਿਲਣ ਦਾ ਮੌਕਾ ਮਿਲਿਆ। ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਨਿੱਜੀ ਰੂਪ ਵਿਚ ਮਿਲਣ ਦਾ ਮੌਕਾ ਵੀ ਮਿਲਿਆ ਜਦ ਉਹ ਲਿਬਰਲ ਪਾਰਟੀ ਦੇ ਲੀਡਰ ਦੀ ਦੌੜ ਵਿਚ ਸ਼ਾਮਲ ਸਨ। ਸ. ਗੁਰਬਖ਼ਸ਼ ਸਿੰਘ ਮੱਲ੍ਹੀ ਸਾਬਕਾ ਐਮ ਪੀ ਅਤੇ ਜਸਟਿਨ ਟਰੂਡੋ ਨਾਲ ਲੰਚ ਕੀਤਾ ਅਤੇ ਬਹੁਤ ਸਾਰੀਆਂ ਗੱਲਾਂ ਹੋਈਆਂ। ਜਸਟਿਨ ਟਰੂਡੋ ਦਾ ਨਜ਼ਰੀਆ ਅਤੇ ਵੱਖ-ਵੱਖ ਮੁੱਦਿਆਂ ਬਾਰੇ ਸਪੱਸ਼ਟ ਅਤੇ ਸਾਰਥਿਕ ਪਹੁੰਚ, ਕਮਾਲ ਦੀ ਪ੍ਰਤਿਭਾ ਅਤੇ ਲੀਡਰ ਬਣ ਕੇ ਕੈਨੇਡਾ ਦੇ ਰਾਜਨੀਤਕ ਨਕਸ਼ੇ 'ਤੇ ਉਭਰਨ ਦਾ ਸੰਕੇਤ ਸਨ। ਸੱਚੀਂ ਉਹ ਲੀਡਰ ਵੀ ਬਣਿਆ ਅਤੇ ਦੋ ਵਾਰ ਪ੍ਰਧਾਨ ਮੰਤਰੀ ਵੀ। ਨਵਦੀਪ ਬੈਂਸ ਕਮਾਲ ਦੀ ਤੀਖਣ ਬੁੱਧੀ ਵਾਲਾ ਅਤੇ ਰਾਜਸੀ ਖੇਤਰ ਵਿਚ ਚਮਕਣ ਵਾਲਾ ਨੌਜ਼ਵਾਨ ਹੈ ਜਿਸ ਨਾਲ ਮੇਰੀ ਸਾਂਝ ਹਾਲੇ ਤੀਕ ਵੀ ਬਰਕਰਾਰ ਹੈ।

ਸਭਿਆਚਾਰਕ ਅਤੇ ਸਾਹਿਤਕ ਖੇਤਰ ਵਿਚ ਪੰਜਾਬੀ ਬੋਲੀ ਦੀ ਨਿੱਠ ਕੇ ਸੇਵਾ ਕਰਨ ਅਤੇ ਨਾਮਣਾ ਖੱਟਣ ਵਾਲੇ ਇਕਬਾਲ ਮਾਹਲ ਨਾਲ ਬਹੁਤ ਪਿਆਰੀ ਸਾਂਝ ਹੈ। ਦਰਅਸਲ ਬਰੈਂਪਟਨ ਵਿਚ ਬਹੁਤ ਸਾਰੀਆਂ ਪਿਆਰੀਆਂ ਸਾਂਝਾਂ ਹਨ। ਤਾਂ ਹੀ ਵਾਰ ਵਾਰ ਬਰੈਂਪਟਨ ਜਾਣਾ ਅਤੇ ਮਿੱਤਰ-ਪਿਆਰਿਆਂ ਨੂੰ ਮਿਲਣਾ ਚੰਗਾ ਲੱਗਦਾ ਹੈ। ਮੇਰੇ ਜਮਾਤੀ ਮਰਹੂਮ ਸ. ਜਸਜੀਤ ਸਿੰਘ ਭੁੱਲਰ ਦੀ ਕਹੀ ਗੱਲ ਚੇਤੇ ਆਉਂਦੀ ਹੈ ਕਿ ਗੁਰਬਖ਼ਸ਼ ਅਸੀਂ ਇੰਨੇ ਸਾਲਾਂ ਵਿਚ ਉਹ ਕੁਝ ਨਹੀਂ ਕਮਾ ਸਕੇ ਜੋ ਤੂੰ ਕੁਝ ਹੀ ਸਾਲਾਂ ਵਿਚ ਪ੍ਰਾਪਤ ਕਰ ਲਿਆ ਹੈ।

ਅਕਸਰ ਪੰਛੀ ਅਤੇ ਪ੍ਰਦੇਸੀ ਕਿਤੇ ਵੀ ਥਿਰ ਨਹੀਂ ਬੈਠ ਸਕਦੇ ਕਿਉਂਕਿ ਉਨ੍ਹਾਂ ਦੇ ਪਰਾਂ ਵਿਚ ਉਡਾਣ ਹੁੰਦੀ। ਉਹ ਅਕਸਰ ਹੀ ਨਵੀਂ ਪ੍ਰਵਾਜ਼ ਭਰਨ ਅਤੇ ਵੱਖਰੇ ਅੰਦਾਜ਼ ਵਿਚ ਜ਼ਿੰਦਗੀ ਨੂੰ ਮੁਖਾਤਬ ਹੋਣ ਲਈ ਨਵੇਂ ਅੰਬਰ ਦੀ ਤਲਾਸ਼ ਵਿਚ ਹੀ ਰਹਿੰਦੇ ਹਨ। ਇਹ ਹੀ ਜ਼ਿੰਦਗੀ ਦੀ ਨਿਰੰਤਰਤਾ ਦਾ ਰਾਜ਼ ਅਤੇ ਇਸ ਨਾਲ ਹੁੰਦਾ ਹੈ ਨਵੀਆਂ ਸੰਭਾਵਨਾਵਾਂ ਤੇ ਸੁਪਨਿਆਂ ਦਾ ਆਗਾਜ਼। ਕੁਝ ਸਾਲ ਬਰੈਂਪਟਨ ਵਿਚ ਰਹਿਣ ਤੋਂ ਬਾਅਦ ਨਵੇਂ ਘਰ, ਅੰਬਰ ਅਤੇ ਧਰਾਤਲ ਦੀ ਤਲਾਸ਼ ਵਿਚ, ਪਿਆਰੀਆਂ ਯਾਦਾਂ, ਨਿੱਘੀਆਂ ਦੋਸਤੀਆਂ ਅਤੇ ਜਿਊਣ-ਜੋਗੀਆਂ ਸਾਂਝਾਂ ਪੱਲੇ ਵਿਚ ਬੰਨ੍ਹ ਅਮਰੀਕਾ ਨੂੰ ਚਾਲੇ ਪਾ ਦਿੱਤੇ।

# ਕੌਲਿਜੀਅਮ-ਕਮਿਸ਼ਨ ਵਿਵਾਦ

## ਸੱਤਾਧਾਰੀ ਧਿਰ ਕੌਲਿਜੀਅਮ ਸਿਸਟਮ ਦੇ ਪਿੱਛੇ ਹੱਥ ਧੋ ਕੇ ਕਿਉਂ ਪਈ ਹੈ?

ਇਸ ਸਵਾਲੀਆ ਸਿਰਲੇਖ ਦਾ ਟਕੇ ਵਰਗਾ ਜਵਾਬ ਬੁੱਧਵਾਰ ਨੂੰ ਭਾਰਤ ਦੇ ਉਪ-ਰਾਸ਼ਟਰਪਤੀ ਜਗਦੀਪ ਧਨਖੜ, ਜੋ ਰਾਜ ਸਭਾ ਦੇ ਚੇਅਰਮੈਨ ਵੀ ਹਨ, ਦੇ ਜੈਪੁਰ ਵਾਲੇ ਨਿਆਂ-ਪਾਲਿਕਾ ਵਿਰੁੱਧ ਤੈਸ਼-ਭਰੇ ਭਾਸ਼ਣ ਵਿਚੋਂ ਮਿਲ ਸਕਦਾ ਹੈ।

83ਵੇਂ ਅਖਿਲ ਭਾਰਤੀ ਪਰੀਜ਼ਾਈਡਿੰਗ ਅਧਿਕਾਰੀਆਂ ਦੇ ਸੰਮੇਲਨ ਦੇ ਉਦਘਾਟਨੀ ਸੰਬੋਧਨ 'ਚ ਧਨਖੜ ਨੇ ਨਿਆਂ-ਪਾਲਿਕਾ ਦੀ ਕੌਲਿਜੀਅਮ ਦੇ ਮਾਮਲੇ ਬਾਰੇ ਆਲੋਚਨਾ ਹੀ ਨਹੀਂ ਕੀਤੀ ਸਗੋਂ ਉਸ ਨੂੰ ਇਕ ਕਿਸਮ ਦੀ ਸ਼ਰ੍ਹੇਆਮ ਚੁਣੌਤੀ ਦਿੱਤੀ। ਸੰਸਦ ਦੀ ਸਰਬਉੱਚਤਾ, ਕੌਮੀ ਨਿਆਇਕ ਨਿਯੁਕਤੀ ਕਮਿਸ਼ਨ (ਐਨਜੇਏਸੀ) ਕਾਨੂੰਨ- 2014 ਨੂੰ ਸਿਖਰਲੀ ਅਦਾਲਤ ਵਲੋਂ 2015 'ਚ ਰੱਦ ਕੀਤੇ ਜਾਣ ਦੀ ਨਿਖੇਧੀ, 1973 ਦੇ ਪ੍ਰਸਿੱਧ ਕੇਸ਼ਵਾਨੰਦ ਭਾਰਤੀ ਕੇਸ ਵਿਚਲੇ ਨਿਆਇਕ ਫੈਸਲੇ ਨਾਲ ਅਸਹਿਮਤੀ, ਨਿਆਂਇਕ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ : 8766-55055**

ਮੰਚਾਂ 'ਤੇ ਏਕਾਅਧਿਕਾਰ ਤੇ ਸਰਬਜਨਕ ਦਿਖਾਵੇ ਅਤੇ ਇਕ ਵਲੋਂ ਦੂਸਰੇ ਉਪਰ ਹਾਵੀ ਹੋਣ ਦੀ ਬਿਰਤੀ ਦੀ ਨਿਖੇਧੀ ਕਰਦਿਆਂ ਧਨਖੜ ਨੇ ਕਿਹਾ ਕਿ 'ਅਸੀਂ ਸ਼ੁਤਰਮੁਰਗ ਵਾਲਾ ਰਵੱਈਆ ਨਹੀਂ ਰੱਖ ਸਕਦੇ'।

ਬਹੁਤ ਹੀ ਤਿੱਖੇ ਅਤੇ ਗੁਸੈਲੇ ਸੁਰ ਵਿਚ ਧਨਖੜ, ਜੋ ਕੌਲਿਜੀਅਮ ਵਿਰੁੱਧ ਰਾਜ ਸਭਾ ਵਿਚ ਆਪਣੇ ਪਲੇਠੇ ਭਾਸ਼ਨ ਵਿਚ ਵੀ ਬੋਲ ਚੁੱਕੇ ਹਨ, ਨੇ ਕਿਹਾ, 'ਨਿਆਇਕ ਮੰਚਾਂ ਉਪਰ ਬੈਠੀਆਂ ਹਸਤੀਆਂ ਨੂੰ ਮਨਮਰਜ਼ੀ ਨਹੀਂ ਕਰਨੀ ਚਾਹੀਦੀ। ਇਹ ਸੰਸਥਾਵਾਂ ਆਪਣੀ ਹੱਦ ਵਿਚ ਰਹਿਣ। ਸੰਸਦ ਦੇ ਬਣਾਏ ਕਾਨੂੰਨ ਨੂੰ ਕਿਸੇ ਹੋਰ ਸੰਸਥਾ ਵਲੋਂ ਰੱਦ ਕਰਨਾ ਗੈਰ-ਜਮਹੂਰੀ ਹੈ'। ਉਨ੍ਹਾਂ ਕੇਸ਼ਵਾਨੰਦ ਭਾਰਤੀ ਕੇਸ ਦੇ ਫੈਸਲੇ ਉਪਰ ਵੀ ਸਵਾਲ ਕੀਤਾ। ਉਨ੍ਹਾਂ ਕਿਹਾ, 'ਅਜਿਹਾ ਕਰਕੇ ਗਲਤ ਪਿਰਤ ਪਾਈ ਗਈ ਹੈ। ਸੁਪਰੀਮ ਕੋਰਟ ਦਾ ਫੈਸਲਾ ਕਿ ਸੰਸਦ ਸੰਵਿਧਾਨ ਵਿਚ ਸੋਧ ਤਾਂ ਕਰ ਸਕਦੀ ਹੈ ਪਰ ਇਸ ਦੇ ਬੁਨਿਆਦੀ ਢਾਂਚੇ ਨੂੰ ਨਹੀਂ ਬਦਲ ਸਕਦੀ, ਨਾਲ ਮੈਂ ਸਹਿਮਤ ਨਹੀਂ ਹਾਂ'।

ਉਨ੍ਹਾਂ ਸੰਸਦ ਦੀ ਕਾਰਜ ਪ੍ਰਣਾਲੀ ਵਿਚ ਨਿਆਂ-ਪਾਲਿਕਾ ਦੀ ਦਖਲ-ਅੰਦਾਜ਼ੀ ਵਿਰੁੱਧ ਕਿਹਾ, 'ਅਸੀਂ ਕਾਰਜ-ਪਾਲਿਕਾ ਜਾਂ ਨਿਆਂ-ਪਾਲਿਕਾ ਨੂੰ ਸੰਸਦ ਦੀ ਪ੍ਰਭੁਸੱਤਾ ਨੂੰ ਖਤਮ ਕਰਨ, ਇਸ ਨੂੰ ਖੋਰਾ ਲਾਉਣ ਜਾਂ ਇਸ ਬਾਰੇ ਕੋਈ ਸਮਝੌਤਾ ਕਰਨ ਦੀ ਇਜਾਜ਼ਤ ਨਹੀਂ ਦੇ ਸਕਦੇ'।

ਕੌਲਿਜੀਅਮ ਬਨਾਮ ਕਮਿਸ਼ਨ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, 'ਜੇ ਕੋਈ ਸੰਸਥਾ ਸੰਸਦ ਵਲੋਂ ਬਣਾਏ ਗਏ ਕਾਨੂੰਨ ਨੂੰ ਰੱਦ ਕਰਦੀ ਹੈ ਤਾਂ ਇਹ ਲੋਕਤੰਤਰ ਲਈ ਠੀਕ ਨਹੀਂ ਹੈ ਅਤੇ ਫਿਰ ਇਹ ਕਹਿਣਾ ਮੁਸ਼ਕਿਲ ਹੋਵੇਗਾ ਕਿ ਅਸੀਂ ਇਕ ਜਮਹੂਰੀ ਮੁਲਕ ਹਾਂ। ਅਜਿਹਾ ਸ਼ਾਇਦ ਵਿਸ਼ਵ ਦੇ ਲੋਕਤੰਤਰਿਕ ਇਤਿਹਾਸ ਵਿਚ ਕਦੇ ਨਹੀਂ ਹੋਇਆ ਹੋਵੇਗਾ'।

ਧਨਖੜ ਇਸ ਗੱਲੋਂ ਖਫ਼ਾ ਲੱਗ ਰਹੇ ਸਨ ਕਿ ਸਿਖਰਲੀ ਅਦਾਲਤ ਦੇ ਇਕ ਬੈਂਚ ਨੇ ਅਟਾਰਨੀ ਜਨਰਲ ਨੂੰ ਕਿਹਾ ਸੀ ਕਿ ਉਹ ਸੰਵਿਧਾਨਕ ਅਧਿਕਾਰੀਆਂ ਨੂੰ ਇਹ ਸੁਨੇਹਾ ਦੇਣ ਕਿ ਉਹ ਕੌਲੇਜੀਅਮ ਸਿਸਟਮ ਬਾਰੇ ਬਿਆਨ ਨਾ ਦੇਣ। ਇਹ ਨਸੀਹਤ ਧਨਖੜ ਦੇ ਰਾਜ ਸਭਾ ਵਿਚਲੇ ਪਲੇਠੇ ਭਾਸ਼ਨ ਵਿਚ ਕੌਲੇਜੀਅਮ ਵਿਰੁੱਧ ਕੀਤੀਆਂ ਗਈਆਂ ਟਿੱਪਣੀਆਂ ਦੇ ਪ੍ਰਸੰਗ ਵਿਚ ਦਿੱਤੀ ਗਈ ਸੀ।

ਧਨਖੜ ਨੇ ਕਿਹਾ, 'ਮੈਂ ਅਟਾਰਨੀ ਜਨਰਲ ਨਾਲ ਇਸ ਨੁਕਤੇ 'ਤੇ ਵਿਚਾਰ ਕਰਨੋਂ ਇਨਕਾਰ ਕਰ ਦਿੱਤਾ। ਮੈਂ ਵਿਧਾਨ ਪਾਲਿਕਾ ਦੀਆਂ ਤਾਕਤਾਂ ਘਟਾਉਣ ਵਾਲੀ ਧਿਰ 'ਚ ਸ਼ਾਮਲ ਨਹੀਂ ਹੋ ਸਕਦਾ'।

ਲੋਕ ਸਭਾ ਦੇ ਸਪੀਕਰ ਓਮ ਬਿਰਲਾ ਵੀ ਪਿੱਛੇ ਨਹੀਂ ਰਹੇ। ਉਨ੍ਹਾਂ ਕਿਹਾ," ਨਿਆਂ-ਪਾਲਿਕਾ ਨੂੰ ਸੰਵਿਧਾਨ 'ਚ ਤਾਕਤਾਂ ਦੀ ਕੀਤੀ ਵੰਡ ਦੇ ਸਿਧਾਂਤ ਅਨੁਸਾਰ ਚੱਲਣਾ ਚਾਹੀਦਾ ਹੈ। ਸਾਡੇ ਦੇਸ਼ ਦੇ ਵਿਧਾਨਕਾਰਾਂ ਨੇ ਹਮੇਸ਼ਾਂ ਹੀ ਨਿਆਂ ਪਾਲਿਕਾ ਦੀ ਤਾਕਤ ਦੀ ਇੱਜ਼ਤ ਕੀਤੀ ਹੈ। ਨਿਆਂ ਪਾਲਿਕਾ ਤੋਂ ਵੀ ਉਮੀਦ ਕੀਤੀ ਜਾਂਦੀ ਹੈ ਕਿ ਉਹ ਸੰਵਿਧਾਨ ਅਨੁਸਾਰ ਵੰਡੀਆਂ ਗਈਆਂ ਤਾਕਤਾਂ ਦੇ ਸਿਧਾਂਤ 'ਤੇ ਚੱਲੇ'।

ਬਿਰਲਾ ਦੀ ਟਿੱਪਣੀ ਵਾਜਬ ਅਤੇ ਸੰਜਮੀ ਹੈ ਪਰ ਧਨਖੜ ਦਾ ਬਿਆਨ ਧੜੱਲੇ ਨਾਲ ਨਿਆਂ ਪਾਲਿਕਾ ਨੂੰ ਚੁਣੌਤੀ ਦੇਣ ਵਾਲਾ ਹੈ। ਇਸ ਨਾਲ ਇਕ ਬਹੁਤ ਹੀ ਗੰਭੀਰ ਸੰਵਿਧਾਨਕ ਸੰਕਟ ਖੜ੍ਹ ਜਾਏਗਾ। ਵਿਧਾਨ ਪਾਲਿਕਾ/ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਵਿਚਲਾ ਟਕਰਾਅ ਪ੍ਰਚੰਡ ਰੂਪ ਲੈ ਜਾਏਗਾ। ਇਹ ਭਾਸ਼ਨ ਨਿਆਂ ਪਾਲਿਕਾ ਨੂੰ ਡਰਾਉਣ-ਧਮਕਾਉਣ ਬਰਾਬਰ ਹੈ। ਇਸ ਨਾਲ ਲੋਕਾਂ ਵਿਚ ਨਿਆਂ ਪਾਲਿਕਾ ਦੀ ਪ੍ਰਮੁੱਖਤਾ ਅਤੇ ਆਜ਼ਾਦ ਹੈਸੀਅਤ ਬਾਰੇ ਸਵਾਲ ਉਤਪੰਨ ਹੋਣਗੇ। ਬੋਲਣ ਦਾ ਇਹ ਅੰਦਾਜ਼ ਐਡੇ ਵੱਡੇ ਸੰਵਿਧਾਨਕ ਅਹੁਦੇ ਉਪਰ ਸੁਸ਼ੋਭਿਤ ਸ਼ਖਸੀਅਤ ਨੂੰ ਸ਼ੋਭਾ ਨਹੀਂ ਦਿੰਦਾ।



ਕੌਲੇਜੀਅਮ-ਕਮਿਸ਼ਨ ਕਾਟੋ-ਕਲੇਸ਼ ਕੋਈ ਨਵਾਂ ਨਹੀਂ ਹੈ। ਇਹ ਵਿਵਾਦ ਹੁਣ ਜ਼ਰਾ ਵਧੇਰੇ ਭਖਿਆ ਹੈ।

ਆਉ ਜ਼ਰਾ ਪਿੱਛਲ-ਝਾਤ ਮਾਰੀਏ। 11 ਜਨਵਰੀ, 2023 ਤੋਂ ਸਾਲ 2016 ਦੇ ਅਗਸਤ ਮਹੀਨੇ 'ਚ ਚੱਲੀਏ। ਸਿਖਰਲੀ ਅਦਾਲਤ ਦੇ ਤਤਕਾਲੀਨ ਚੀਫ਼ ਜਸਟਿਸ ਟੀ.ਐਸ. ਠਾਕੁਰ ਨੇ ਉਦੋਂ ਸ਼ਾਇਰ ਮੁਹੰਮਦ ਸੌਦਾ ਦਾ ਇਕ ਸ਼ੇਅਰ ਕਿਹਾ ਸੀ, ਜੋ ਇਸ ਤਰ੍ਹਾਂ ਹੈ-

"ਗੁਲ ਫੇਕੇ ਹੈਂ ਔਰੋਂ ਕੀ ਤਰਫ ਬਲਕਿ ਸਮਰ ਭੀ,
ਐ ਖਾਨਾ-ਬਰ ਅੰਦਾਜ਼-ਏ-ਚਮਨ ਕੁਛ ਤੋ ਇਧਰ ਭੀ"।

ਇਸ ਦਾ ਮੋਟਾ ਜਿਹਾ ਅਰਥ ਇਹ ਹੈ ਕਿ ਦਿਲਦਾਰ ਮਾਲੀ ਵੱਲੋਂ ਦੂਸਰਿਆਂ ਵੱਲ ਤਾਂ ਸਿਰਫ ਫੁੱਲ ਹੀ ਨਹੀਂ ਸਗੋਂ ਫਲ ਵੀ ਧੜਾਧੜ ਸੁੱਟੇ ਜਾ ਰਹੇ ਹਨ। ਐ ਦੋਨਾਂ ਹੱਥਾਂ ਨਾਲ ਫੁੱਲ-ਫਲ ਲੁਟਾਉਣ ਵਾਲੇ ਖੁੱਲ੍ਹਦਿਲੇ ਮਾਲੀ, ਕੁਝ ਸਾਡੇ ਵੱਲ ਵੀ ਸੁੱਟ ਦੇ।

ਬੜੇ ਹੀ ਭਾਵੁਕ ਹੁੰਦਿਆਂ ਜਸਟਿਸ ਠਾਕੁਰ ਨੇ ਨਮ ਅੱਖਾਂ ਨਾਲ ਇਹ ਸ਼ੇਅਰ ਕਿਹਾ ਸੀ।

ਉਹ ਇਸ ਗੱਲੋਂ ਦੁਖੀ ਸਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਦਿਹਾੜੇ (15 ਅਗਸਤ) ਵੇਲੇ ਦੇਸ਼ ਨੂੰ ਸੰਬੋਧਨ ਕਰਦਿਆਂ ਹੋਰ ਤਾਂ ਸਭ ਮਸਲਿਆਂ ਦੀ ਚਰਚਾ ਕੀਤੀ ਪਰ ਉਨ੍ਹਾਂ ਨੇ ਕੌਲਿਜੀਅਮ ਦੁਆਰਾ ਜੱਜਾਂ ਦੀ ਨਿਯੁਕਤੀ ਦੀ ਸਿਫਾਰਸ਼ ਬਾਰੇ ਕੁਝ ਨਹੀਂ ਕਿਹਾ ਸੀ।

ਇਸ ਉਪਰੰਤ ਜਸਟਿਸ ਠਾਕੁਰ ਨੂੰ ਸੋਸ਼ਲ ਮੀਡੀਆ ਉਪਰ ਰੱਜ ਕੇ ਟਰੋਲ ਕੀਤਾ ਗਿਆ, ਅਪਸ਼ਬਦ ਕਹੇ ਗਏ, ਇਥੋਂ ਤਕ ਕਿ ਗਾਲੀ-ਗਲੋਚ ਵੀ ਹੋਇਆ।

ਇਹ ਕੌਲਿਜੀਅਮ-ਕਮਿਸ਼ਨ ਦੀ ਕੰਟਰੋਵਰਸੀ ਕੀ ਹੈ? ਕੌਲਿਜੀਅਮ ਆਖਿਰ ਕਿਸ ਬਲਾ ਦਾ ਨਾਮ ਹੈ ਜਿਸ ਉਪਰ ਐਨਾ ਬਵਾਲ ਮਚਿਐ?

ਇਹ ਸਰਬ-ਉੱਚ ਅਦਾਲਤ ਦੇ ਚੀਫ ਜਸਟਿਸ ਦੀ ਅਗਵਾਈ ਵਿਚ ਚਾਰ ਹੋਰ ਸੀਨੀਅਰ ਜੱਜਾਂ ਉਪਰ ਆਧਾਰਤ ਇਕ ਜੁਡੀਸ਼ੀਅਲ ਪੈਨਲ ਹੈ ਜੋ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਜੱਜਾਂ ਦੀਆਂ ਨਿਯੁਕਤੀਆਂ ਅਤੇ ਹਾਈ ਕੋਰਟਾਂ ਦੇ ਜੱਜਾਂ ਦੀਆਂ ਬਦਲੀਆਂ ਦੀ ਸਿਫਾਰਸ਼ ਕਰਦਾ ਹੈ। ਇਹ ਨਾਵਾਂ ਦੀ ਸੂਚੀ ਸਰਕਾਰ ਨੂੰ ਭੇਜਦੈ। ਸਰਕਾਰ ਵਲੋਂ ਪ੍ਰਵਾਨਗੀ ਉਪਰੰਤ ਇਹ ਨਾਮ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜੇ ਜਾਂਦੇ ਹਨ। ਸਰਕਾਰ ਚਾਹੇ ਤਾਂ ਸਿਫਾਰਸ਼ ਕੀਤੇ ਨਾਵਾਂ ਦੀ ਸੂਚੀ ਵਾਪਸ ਵੀ ਭੇਜ ਸਕਦੀ ਹੈ ਪਰ ਜੇ ਪੈਨਲ ਦੁਬਾਰਾ ਉਹੀ ਨਾਮ ਭੇਜਦਾ ਹੈ ਤਾਂ ਸਰਕਾਰ ਨੂੰ ਅਮਲ ਕਰਨਾ ਪੈਂਦਾ ਹੈ। ਪੈਨਲ ਵੀ ਫੈਸਲਾ ਲੈਣ ਵੇਲੇ ਜੇ ਦੋ ਮੈਂਬਰ-ਜੱਜ ਸੂਚੀ ਨਾਲ ਸਹਿਮਤ ਨਾ ਹੋਣ ਤਾਂ ਉਹ ਨਾਮ ਨਹੀਂ ਭੇਜਦਾ।

ਸੰਵਿਧਾਨ ਦੇ ਅਨੁਛੇਦ 124 ਅਨੁਸਾਰ ਸੁਪਰੀਮ ਕੋਰਟ ਮੌਲਿਕ ਅਧਿਕਾਰਾਂ ਦੀ ਰੱਖਿਅਕ ਹੈ। (ਡਾ.) ਜਸਟਿਸ ਦੁਰਗਾ ਦਾਸ ਬਾਸੂ ਦੀ ਪੁਸਤਕ 'ਭਾਰਤ ਦੇ ਸੰਵਿਧਾਨ ਦੀ ਭੂਮਿਕਾ' (ਇੰਟਰੋਡਕਸ਼ਨ ਟੂ ਦਿ ਕੌਂਸਟੀਟਿਊਸ਼ਨ ਆਫ ਇੰਡੀਆ) ਵਿਚ ਇਸ ਬਾਰੇ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਇਸ ਅਨੁਛੇਦ ਤਹਿਤ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਕਰਦੈ। ਰਾਸ਼ਟਰਪਤੀ ਇਸ ਸਬੰਧੀ ਹੋਰਨਾਂ ਨਾਲ ਵੀ ਸਲਾਹ ਮਸ਼ਵਰਾ ਕਰ ਸਕਦੈ ਅਤੇ ਆਪਣੇ ਮੰਤਰੀਆਂ ਦੀ ਸਲਾਹ ਵੀ ਲੈ ਸਕਦੈ। ਚੀਫ ਜਸਟਿਸ ਦੀ ਨਿਯੁਕਤੀ ਸਮੇਂ ਰਾਸ਼ਟਰਪਤੀ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਉਨ੍ਹਾਂ ਜੱਜਾਂ ਦੀ ਸਲਾਹ ਲੈ ਸਕਦੈ ਜਿਨ੍ਹਾਂ ਨੂੰ ਉਹ ਇਸ ਸਬੰਧੀ ਠੀਕ ਸਮਝਦੈ। ਸਿਖਰਲੀ ਅਦਾਲਤ ਦੇ ਦੂਸਰੇ ਜੱਜਾਂ ਦੀ ਨਿਯੁਕਤੀ ਸਮੇਂ ਉਪਰੋਕਤ ਸਲਾਹਾਂ ਵਾਲਿਆਂ ਤੋਂ ਬਿਨਾਂ ਰਾਸ਼ਟਰਪਤੀ ਨੂੰ ਅਨੁਛੇਦ 124(1) ਤਹਿਤ ਚੀਫ ਜਸਟਿਸ ਦੀ ਸਲਾਹ ਲੈਣਾ ਲਾਜ਼ਮੀ ਹੈ।

ਦੇਸ਼ ਦਾ ਸੰਵਿਧਾਨ 1950 ਨੂੰ ਲਾਗੂ ਹੋਇਆ। ਉਦੋਂ ਤੋਂ ਲੈ ਕੇ 1973 ਤਕ ਇਹ ਸਿਸਟਮ ਚੱਲਦਾ ਰਿਹਾ। ਭਾਵ ਸਰਕਾਰ ਦੀ ਨਿਆਂ-ਪਾਲਿਕਾ ਵਿਚ ਵੀ ਚਾਂਦੀ ਰਹੀ, ਕਿਉਂਕਿ ਰਾਸ਼ਟਰਪਤੀ ਸੱਤਾਧਾਰੀ ਪਾਰਟੀ ਦਾ ਹੀ ਬੰਦਾ ਹੁੰਦੈ ਅਤੇ ਸਰਕਾਰ ਦੇ ਕਹੇ ਹੀ ਚੱਲਦੈ। ਪਰ 1973 ਵਿਚ ਸਹਿਮਤੀ ਦਾ ਸਿਸਟਮ ਟੁੱਟ ਗਿਆ ਕਿਉਂਕਿ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 3 ਜੱਜਾਂ ਨਾਲੋਂ ਜੂਨੀਅਰ ਜੱਜ ਜਸਟਿਸ ਏ.ਐਨ.ਰੇਅ ਨੂੰ ਚੀਫ ਜਸਟਿਸ ਬਣਾ ਦਿੱਤਾ। 1977 'ਚ ਫੇਰ ਦੋ ਜੱਜਾਂ ਨਾਲੋਂ ਜੂਨੀਅਰ ਜੱਜ ਮਿਰਜ਼ਾ ਹਮੀਦਉਲਾ ਬੇਗ ਨੂੰ ਸਿਖਰਲੀ ਅਦਾਲਤ ਦਾ ਚੀਫ ਜਸਟਿਸ ਬਣਾ ਦਿੱਤਾ ਗਿਆ।

ਪ੍ਰਬਮਤਾ (ਸਿਨਿਔਰਟੀ) ਨੂੰ ਨਜ਼ਰਅੰਦਾਜ਼ ਕੀਤੇ ਜਾਣ ਦੇ ਮਾਮਲੇ ਤੋਂ ਨਿਆਂ ਪਾਲਿਕਾ ਅਤੇ ਕਾਰਜ ਪਾਲਿਕਾ ਵਿਚ ਟਕਰਾਅ ਸ਼ੁਰੂ ਹੋ ਗਿਆ। ਨਿਆਂ ਪਾਲਿਕਾ ਦੀ ਆਜ਼ਾਦੀ ਨੂੰ ਢਾਹ ਲਾਉਣ ਵਾਲੀਆਂ ਇਨ੍ਹਾਂ ਗੱਲਾਂ ਨੇ ਹੀ ਕੌਲਿਜੀਅਮ ਸਿਸਟਮ ਦਾ ਬੀਜ ਬੀਜਿਆ।

ਬਾਅਦ ਵਿਚ ਵੱਖ ਵੱਖ ਰਿਟ ਪਟੀਸ਼ਨਾਂ ਉਪਰ ਆਪਣੇ ਫੈਸਲਿਆਂ ਵਿਚ ਸਿਖਰਲੀ ਅਦਾਲਤ ਨੇ ਕਿਹਾ ਕਿ ਅਨੁਛੇਦ 124 ਵਿਚਲੇ ਸ਼ਬਦ 'ਸਲਾਹ'(ਕੰਸਲਟੇਸ਼ਨ) ਦਾ ਅਰਥ ਸਹਿਮਤੀ (ਕਾਨਸੈਂਟ) ਨਹੀਂ ਹੈ। ਇਕ ਹੋਰ ਪਟੀਸ਼ਨ ਵਿਚ ਕੋਰਟ ਨੇ ਇਸ ਦੇ ਉਲਟ ਫੈਸਲੇ 'ਚ ਕਿਹਾ ਕਿ 'ਸਲਾਹ' ਦਾ ਅਰਥ ਸਹਿਮਤੀ ਹੈ, ਭਾਵ ਰਾਸ਼ਟਰਪਤੀ ਨੂੰ ਚੀਫ ਜਸਟਿਸ ਦੀ ਸਿਫਾਰਸ਼ ਨਾਲ ਸਹਿਮਤ ਹੋਣਾ ਜ਼ਰੂਰੀ ਹੈ।

1998 ਵਿਚ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਨੂੰ ਅਨੁਛੇਦ 124 ਅਤੇ ਕੁਝ ਹੋਰ ਧਾਰਾਵਾਂ ਵਿਚ ਦਰਜ ਸ਼ਬਦ 'ਸਲਾਹ' ਦਾ ਅਰਥ ਸਪੱਸ਼ਟ ਕਰਨ ਲਈ ਕਿਹਾ। ਕੋਰਟ ਨੇ ਜਵਾਬ ਦਿੱਤਾ ਕਿ 'ਸਲਾਹ' ਦੀ ਪ੍ਰਕਿਰਿਆ ਵਿਚ ਸਿਰਫ ਚੀਫ ਜਸਟਿਸ ਹੀ ਨਹੀਂ ਹੋਵੇਗਾ ਸਗੋਂ ਹੋਰ ਚਾਰ ਸਭ ਤੋਂ ਸੀਨੀਅਰ ਜੱਜ ਵੀ ਸ਼ਾਮਲ ਹੋਣਗੇ। ਜੇ ਕੋਈ ਦੋ ਜੱਜ ਕਿਸੇ ਤਜਵੀਜ਼ ਦਾ ਵਿਰੋਧ ਕਰਨਗੇ ਤਾਂ ਚੀਫ ਜਸਟਿਸ ਸਰਕਾਰ ਕੋਲ ਉਸ ਤਜਵੀਜ਼ ਦੀ ਸਿਫਾਰਸ਼ ਨਹੀਂ ਕਰੇਗਾ। ਨਾਲ ਹੀ ਸਿਖਰਲੀ ਅਦਾਲਤ ਅਤੇ ਹਾਈ ਕੋਰਟਾਂ ਦੇ ਜੱਜਾਂ ਦੀ ਨਿਯੁਕਤੀ ਅਤੇ ਹਾਈ ਕੋਰਟਾਂ ਦੇ ਜੱਜਾਂ ਦੀ ਬਦਲੀ ਸਬੰਧੀ ਦਿਸ਼ਾ ਨਿਰਦੇਸ਼ ਨਿਰਧਾਰਤ ਕਰ ਦਿੱਤੇ। ਇਨ੍ਹਾਂ ਸਮੁੱਚੇ ਦਿਸ਼ਾ ਨਿਰਦੇਸ਼ਾਂ ਨੂੰ ਹੀ ਕੌਲਿਜੀਅਮ ਸਿਸਟਮ ਕਿਹਾ ਜਾਂਦੈ। ਆਜ਼ਾਦ ਹਸਤੀ ਵਾਲੀ ਸਰਬ ਉੱਚ ਅਦਾਲਤ ਦੇ ਦਿਸ਼ਾ ਨਿਰਦੇਸ਼ਾਂ ਨੂੰ ਕਾਨੂੰਨ ਦੀ ਹੈਸੀਅਤ ਹਾਸਲ ਹੈ।

ਸਰਕਾਰ ਨੇ ਕੌਲਿਜੀਅਮ ਸਿਸਟਮ ਖਤਮ ਕਰਨ, ਸਿਆਸੀ ਸ੍ਰੇਸ਼ਟਤਾ ਅਤੇ ਮਨ-ਮਰਜ਼ੀ ਦੇ ਜੱਜ ਨਿਯੁਕਤ ਕਰਨ ਦੇ ਮਨਸ਼ੇ ਨਾਲ ਸੰਸਦ ਵਿਚ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ ਕਾਨੂੰਨ-2014 ਪਾਸ ਕਰ ਮਾਰਿਆ। 31 ਦਸੰਬਰ 2014 ਨੂੰ ਇਨ੍ਹਾਂ ਉਪਰ ਰਾਸ਼ਟਰਪਤੀ ਦੇ ਦਸਤਖਤ ਹੋ ਗਏ ਅਤੇ 13 ਅਪਰੈਲ 2015 ਨੂੰ ਇਹ ਐਕਟ ਲਾਗੂ ਹੋ ਗਿਆ।

ਇਸ ਤਹਿਤ ਚੀਫ ਜਸਟਿਸ ਦੀ ਚੇਅਰਮੈਨੀ ਵਾਲੇ 6-ਮੈਂਬਰੀ ਪੈਨਲ ਵਿਚ ਸਿਖਰਲੀ ਅਦਾਲਤ ਦੇ ਦੋ ਸੀਨੀਅਰ ਜੱਜ, ਕਾਨੂੰਨ ਮੰਤਰੀ ਅਤੇ 'ਦੋ ਨਾਮਵਰ ਸ਼ਖਸੀਅਤਾਂ' ਹੋਣੀਆਂ ਸਨ। ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ 'ਤੇ ਆਧਾਰਤ ਪੈਨਲ ਨੇ ਇਨ੍ਹਾਂ 'ਦੋ ਨਾਮਵਰ ਸ਼ਖਸੀਅਤਾਂ' ਨੂੰ 3 ਸਾਲ ਲਈ ਨਾਮਜ਼ਦ ਕਰਨਾ ਸੀ। ਮਕਸਦ ਇਹੀ ਸੀ ਕਿ ਇਸ ਤਰਾਂ ਸਰਕਾਰ ਕਾਨੂੰਨ ਮੰਤਰੀ ਅਤੇ ਦੋ ਨਾਮਵਰ ਸ਼ਖਸੀਅਤਾਂ ਰਾਹੀਂ ਸਾਰੀ ਪ੍ਰਕਿਰਿਆ ਉਪਰ ਕਾਬਜ਼ ਹੋ ਜਾਏਗੀ ਅਤੇ ਬਾਕੀ ਸੰਵਿਧਾਨਕ ਸੰਸਥਾਵਾਂ ਵਾਂਗ ਨਿਆਂਪਾਲਿਕਾ ਨੂੰ ਵੀ ਆਪਣੀ ਬਾਂਦੀ ਬਣਾ ਲਵੇਗੀ।

1993 ਵਿਚ ਇਸ ਸਰਕਾਰੀ ਐਕਟ ਵਿਰੁੱਧ 'ਸੁਪਰੀਮ ਕੋਰਟ ਐਡਵੋਕੇਟਸ ਆਨ ਰਿਕਾਰਡ ਐਸੋਸੀਏਸ਼ਨ' ਨੇ ਇਕ ਰਿਟ ਪਟੀਸ਼ਨ ਪਾ ਦਿੱਤੀ। ਕੋਰਟ ਨੇ ਕਮਿਸ਼ਨ ਵਾਲੇ ਐਕਟ ਨੂੰ 4:1 ਦੇ ਬਹੁਮਤ ਵਾਲੇ ਫੈਸਲੇ ਤਹਿਤ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਰੱਦ ਕਰ ਦਿੱਤਾ। ਬੈਂਚ ਨੇ ਕਿਹਾ ਕਿ ਜੱਜਾਂ ਦੀ ਨਿਯੁਕਤੀ ਵਿਚ ਕਾਰਜਪਾਲਿਕਾ ਦਾ ਦਖਲ ਨਿਆਂਪਾਲਿਕਾ ਦੀ ਪ੍ਰਮੁੱਖਤਾ ਨੂੰ ਢਾਹ ਲਾਉਂਦਾ ਹੈ ਅਤੇ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਦਰਮਿਆਨ ਤਾਕਤਾਂ ਦੇ ਵੰਡ ਦੇ ਸਿਧਾਂਤ ਦੀ ਉਲੰਘਣਾ ਕਰਦਾ ਹੈ, ਇਹ ਸਿਧਾਂਤ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹੈ।

ਇਸ ਤੋਂ ਪਹਿਲਾਂ ਵੀ 1973 ਦੇ ਮਸ਼ਹੂਰ 'ਕੇਸ਼ਵਾਨੰਦ ਭਾਰਤੀ ਐਂਡ ਅਦਰਜ਼ ਬਨਾਮ ਸਟੇਟ ਆਫ ਕੇਰਲ ਐਂਡ ਅਦਰਜ਼' ਕੇਸ ਵਿਚ ਸਿਖਰਲੀ ਅਦਾਲਤ ਦਾ 13-ਮੈਂਬਰੀ ਸੰਵਿਧਾਨਕ ਬੈਂਚ 7:6 ਦੇ ਬਹੁਮਤ ਵਾਲਾ ਫੈਸਲਾ ਸੁਣਾ ਚੁੱਕਾ ਸੀ ਕਿ ਸੰਸਦ ਕੋਲ ਸੰਵਿਧਾਨ ਦੇ ਬੁਨਿਆਦੀ ਢਾਂਚੇ ਨੂੰ ਬਦਲਣ ਦੀ ਤਾਕਤ ਨਹੀਂ ਹੈ। ਅਨੁਛੇਦ 368 ਸੰਸਦ ਨੂੰ ਸੰਵਿਧਾਨ ਵਿਚ ਸੋਧ ਕਰਨ ਦੀ ਆਗਿਆ ਦਿੰਦਾ ਹੈ। ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਅਨੁਸਾਰ ਸ਼ਾਸਨ ਪ੍ਰਣਾਲੀ ਦੇ 3 ਅੰਗਾਂ ਦਰਮਿਆਨ ਤਾਕਤਾਂ ਦੀ ਵੰਡ ਵੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹੈ। ਬੁਨਿਆਦੀ ਢਾਂਚੇ ਨੂੰ ਬਦਲਣ ਦਾ ਮਤਲਬ ਹੋਵੇਗਾ ਸੰਵਿਧਾਨ ਨੂੰ ਦੁਬਾਰਾ ਲਿਖਣਾ।

ਭਲਾ ਕੌਲਿਜੀਅਮ ਸਿਸਟਮ ਸਾਡੀ ਸੱਚੀ ਸਰਕਾਰ ਨੂੰ ਚੁੱਭਦਾ ਕਿਉਂ ਹੈ? ਅਖੇ ਜੱਜਾਂ ਦੁਆਰਾ ਜੱਜਾਂ ਦੀ ਨਿਯੁਕਤੀ ਕਿਵੇਂ ਹੋ ਸਕਦੀ ਹੈ? ਹੋਰ ਮਹਿਕਮਿਆਂ ਵਿਚ ਜਦ ਐਦਾਂ ਨਹੀਂ ਹੁੰਦਾ ਤਾਂ ਨਿਆਂ ਪਾਲਿਕਾ 'ਚ ਕਿਉਂ? ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਘਾਟ ਦੇ ਦੋਸ਼ ਲਾਏ ਜਾ ਰਹੇ ਹਨ। ਚਹੇਤਿਆਂ ਨੂੰ ਭਰਤੀ ਕਰਨ ਦੇ ਇਲਜ਼ਾਮ ਲਾਏ ਜਾ ਰਹੇ ਹਨ। ਸਰਕਾਰ ਦੀ ਅਸਲੋਂ ਹੀ ਅਣਦੇਖੀ ਹੋ ਰਹੀ ਹੈ ਤੇ ਉਹ ਵੀ ਸੱਚੀ ਸਰਕਾਰ ਦੀ। ਜਾਣੀ ਸਾਡੀ ਉੱਕਾ ਈ ਨਹੀਂ ਚਲਦੀ। ਅਸੀਂ ਆਪਣੇ ਚਹੇਤੇ/ਜੀ-ਹਜ਼ੂਰੀਏ ਨਹੀਂ ਭਰਤੀ ਕਰ ਸਕਦੇ। ਭਰਤੀਆਂ/ ਤਰੱਕੀਆਂ/ ਬਦਲੀਆਂ ਦੀ 'ਇੰਡਸਟਰੀ' 'ਤੇ ਕਾਬਜ਼ ਨਹੀਂ ਹੋ ਸਕਦੇ। ਇਸ ਲਈ ਨਿਆਂ-ਪਾਲਿਕਾ ਦੀ ਆਜ਼ਾਦੀ ਵਿਧਾਨ-ਪਾਲਿਕਾ ਅਤੇ ਕਾਰਜ-ਪਾਲਿਕਾ ਨੂੰ ਰੜਕਦੀ ਹੈ।

ਪਹਿਲਾਂ ਤਾਂ ਸਰਕਾਰ ਕੌਲਿਜੀਅਮ ਦੀਆਂ ਸਿਫਾਰਸ਼ਾਂ ਵਾਲੀਆਂ ਫਾਈਲਾਂ ਦੱਬੀ ਰੱਖਦੀ ਸੀ ਪਰ ਕੋਈ ਬਿਆਨਬਾਜ਼ੀ ਨਹੀਂ ਸੀ ਹੁੰਦੀ। ਫਿਰ ਸਾਡੇ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜੀਜੂ ਜੀ ਬੋਲਣ ਲੱਗ ਪਏ, 'ਚੱਕੀ ਹੋਈ ਲੰਬੜਾਂ ਦੀ ਥਾਣੇਦਾਰ ਦੇ ਬਰਾਬਰ ਬੋਲੇ' ਵਾਂਗ! ਰਿਜੀਜੂ ਨੂੰ ਤਾਂ ਕੌਲਿਜੀਅਮ ਸਿਸਟਮ ਇਕ ਅੱਖ ਵੀ ਨਹੀਂ ਭਾਉਂਦਾ। ਉਸ ਦਾ ਵਸ ਚੱਲੇ ਤਾਂ ਉਹ ਅੱਖ ਦੇ ਫੋਰ ਵਿਚ ਇਸ ਦਾ ਫਾਤਿਆ ਪੜ੍ਹ ਦੇਵੇ। ਉਸ ਅਨੁਸਾਰ ਇਹ ਸਿਸਟਮ ਪਾਰਦਰਸ਼ੀ ਨਹੀਂ ਹੈ ਅਤੇ ਇਸ ਵਿਚ ਹੋਰ ਵੀ ਕਈ ਖਾਮੀਆਂ ਹਨ। ਉਸ ਨੇ ਇਸ ਨੂੰ ਭਾਰਤੀ ਸੰਵਿਧਾਨ ਲਈ ਇਕ ਓਪਰੀ ('ਏਲੀਅਨ') ਸ਼ੈਅ ਕਰਾਰ ਦਿੱਤਾ ਹੈ ਅਤੇ ਨਾਲ ਹੀ ਕੋਰਟ ਨੂੰ ਚੇਤੇ ਕਰਵਾਇਆ ਕਿ 1991 ਤੋਂ ਪਹਿਲਾਂ ਸਰਕਾਰ ਹੀ ਜੱਜਾਂ ਦੀ ਨਿਯੁਕਤੀ ਕਰਦੀ ਸੀ। ਸਾਡੇ ਉਪ-ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਧਨਖੜ ਨੇ ਆਪਣੇ ਪਲੇਠੇ ਭਾਸ਼ਨ ਵਿਚ ਕੌਲਿਜੀਅਮ ਸਿਸਟਮ ਵਿਰੁੱਧ ਆਪਣੀ ਭੜਾਸ ਕੱਢਦਿਆਂ ਨਿਯੁਕਤੀ ਕਮਿਸ਼ਨ ਨੂੰ ਰੱਦ ਕਰਨ ਨੂੰ 'ਸੰਸਦ ਦੀ ਪ੍ਰਭੁਸੱਤਾ' ਨੂੰ ਇਕ ਵੱਡੀ ਸੱਟ ਮਾਰਨਾ ਗਰਦਾਨਿਆ ਅਤੇ ਉਨ੍ਹਾਂ ਸਰਕਾਰ ਦੇ ਤਿੰਨਾਂ ਅੰਗਾਂ ਨੂੰ 'ਲਕਸ਼ਮਣ ਰੇਖਾ' ਦਾ ਸਨਮਾਨ ਕਰਨ ਦੀ ਸਲਾਹ ਦਿੱਤੀ।

ਪਰ ਬੁੱਧਵਾਰ ਨੂੰ ਉਹ ਖੁਦ ਹੀ 'ਲਕਸ਼ਮਣ ਰੇਖਾ' ਦਾ ਖਿਆਲ ਰਖਣਾ ਭੁੱਲ ਗਏ। ਸੁਪਰੀਮ ਕੋਰਟ ਕਈ ਵਾਰ ਇਸ ਗੱਲ ਉਪਰ ਆਪਣੀ ਤੀਬਰ ਵੇਦਨਾ ਪ੍ਰਗਟ ਕਰ ਚੁੱਕੀ ਹੈ ਕਿ ਸਰਕਾਰ ਕੌਲਿਜੀਅਮ ਦੀਆਂ ਸਿਫਾਰਸ਼ਾਂ ਉਪਰ ਪਥੱਲਾ ਮਾਰ ਕੇ ਬੈਠੀ ਰਹਿੰਦੀ ਹੈ। ਜਸਟਿਸ ਸੰਜੇ ਕਿਸ਼ਨ

(ਬਾਕੀ ਸਫਾ 20 'ਤੇ)

# ਮਸੀਹੀਅਤ ਅਤੇ ਥਿਆਲੋਜੀ: ਧਰਮ ਅਧਿਐਨ ਦੇ ਸਿੱਖ ਪ੍ਰਸੰਗ ਵਿਚ ਮਾਡਲ ਪੁਸਤਕ

**ਪੁਸਤਕ ਚਰਚਾ**



**ਪ੍ਰੋ. ਬਲਕਾਰ ਸਿੰਘ**
**ਫੋਨ: 93163-01328**
**ਚੇਅਰਪਰਸਨ**
**ਵਰਲਡ ਪੰਜਾਬੀ ਸੈਂਟਰ ਪਟਿਆਲਾ**

ਅਕਾਦਮਿਕਤਾ ਵਿਚ ਪੁਸਤਕ ਸਭਿਆਚਾਰ ਦੀ ਬਹੁਤ ਅਹਿਮੀਅਤ ਹੈ ਅਤੇ ਇਸ ਪ੍ਰਥਾਏ ਡਾ. ਹਰਦੇਵ ਸਿੰਘ ਦੀ ਪੁਸਤਕ (ਮਸੀਹੀਅਤ ਅਤੇ ਥਿਆਲੋਜੀ, ਸਿੱਖ ਐਜੂਕੇਸ਼ਨ ਯੂ.ਕੇ, 2021) ਨੂੰ ਮੈਂ ਧਰਮ ਅਧਿਐਨ ਦੇ ਸਿੱਖ ਪ੍ਰਸੰਗ ਵਿਚ ਇਕ ਮਾਡਲ ਵਾਂਗ ਵੇਖ ਰਿਹਾ ਹਾਂ। ਧਰਮ ਅਧਿਐਨ ਵਿਚ ਜਿੰਨਾ ਸਬੰਧਤ ਧਰਮ ਅਹਿਮ ਹੁੰਦਾ ਹੈ, ਓਨਾ ਹੀ ਅੰਤਰ-ਧਰਮ ਅਧਿਐਨ ਜਾਂ ਤੁਲਨਾਤਮਕ-ਧਰਮ ਅਧਿਐਨ ਵੀ ਅਹਿਮ ਹੁੰਦਾ ਹੈ। ਇਸ ਵਿਧੀ ਅਧੀਨ ਇੰਟਰਫੇਥ ਕਾਨਫਰੰਸਾਂ ਜਾਂ ਸਰਬ-ਧਰਮ ਸੰਮੇਲਨ ਹੁੰਦੇ ਆ ਰਹੇ ਹਨ। ਇਸ ਵਿਚ ਸਿੱਖ ਧਰਮ ਇਸ ਲਈ ਪਛੜਦਾ ਰਿਹਾ ਹੈ ਕਿਉਂਕਿ ਸਿੱਖ ਭਾਈਚਾਰੇ ਦਾ ਪੁਸਤਕ ਸਭਿਆਚਾਰ ਬਹੁਤ ਕਮਜ਼ੋਰ ਸੀ ਅਤੇ ਹੈ। ਮਿਸਾਲ ਵਜੋਂ ਸਿੱਖ ਧਰਮ ਦੇ ਇਤਿਹਾਸ ਵਿਚ ਪ੍ਰਗਟਾਵਿਆਂ ਨੂੰ ਨਾ ਦੇਸ਼ ਅਤੇ ਨਾ ਵਿਦੇਸ਼ ਵਿਚ ਉਹ ਮਾਨਤਾ ਮਿਲੀ ਹੈ, ਜਿਹੜੀ ਅਕਾਦਮਿਕ ਪ੍ਰਸੰਗ ਵਿਚ ਮਿਲਣੀ ਚਾਹੀਦੀ ਹੈ। 9 ਜਨਵਰੀ, 2023 ਦੀ ਇੰਡੀਅਨ ਐਕਸਪ੍ਰੈੱਸ ਵਿਚ ਸਥਾਪਤ ਇਤਿਹਾਸਕਾਰ ਵਿਲੀਅਮ ਦਲਰਿੰਪਲ (Willium Dalrymple) ਦੀ ਵਿਸਥਾਰਤ ਇੰਟਰਵਿਊ ਵਿਚ ਕਲੋਨੀਅਲ ਹਕੂਮਤ ਵੇਲੇ ਮਰਹੱਟਿਆਂ ਦਾ ਜ਼ਿਕਰ ਤਾਂ ਹੈ, ਪਰ ਸਿੱਖਾਂ ਦਾ ਕੋਈ ਹਵਾਲਾ/ਜ਼ਿਕਰ ਤੱਕ ਨਹੀਂ ਹੈ। ਇਸ ਪੁਸਤਕ 'ਮਸੀਹੀਅਤ ਅਤੇ ਥਿਆਲੋਜੀ' ਨੂੰ ਉਭਰਦੇ ਸਿੱਖ ਅਕਾਦਮੀਸ਼ਨ ਵੱਲੋਂ ਪੁਸਤਕ ਸਭਿਆਚਾਰ ਦੇ ਪ੍ਰਸੰਗ ਵਿਚ ਚੁੱਕੇ ਗਏ ਸੁਜੱਗ-ਕਦਮ ਵਜੋਂ ਲੈਣਾ ਚਾਹੀਦਾ ਹੈ।


ਵਿਉਂਤੇ ਗਏ ਪ੍ਰਾਜੈਕਟ ਗੁਰ-ਦਰਸ਼ਨ ਦੀ ਤ੍ਰੈ-ਲੜੀ ਵਿਚ ਇਹ ਪੁਸਤਕ ਭਾਗ ਪਹਿਲਾ ਹੈ। ਬਾਕੀ ਦੋ ਵੈਦਿਕ ਦਰਸ਼ਨ (ਦੂਜਾ) ਅਤੇ ਗੁਰ ਦਰਸ਼ਨ (ਤੀਜਾ) ਹੋਣਗੀਆਂ। ਸਿੱਖ ਐਜੂਕੇਸ਼ਨ ਕੌਂਸਲ, ਯੂ.ਕੇ ਦੇ ਅਵਤਾਰ ਸਿੰਘ ਦੇ ਸ਼ਬਦਾਂ (ਮੁਖਬੰਧ) ਵਿਚ- 'ਇਹ ਪੁਸਤਕ ਬੌਧਿਕ ਖੇਤਰ ਵਿਚ ਧਰਮਾਂ ਬਾਰੇ ਹੋ ਰਹੀ ਖੋਜ ਦੇ ਇਤਿਹਾਸ ਨੂੰ ਸਮਝਣ ਅਤੇ ਫਿਰ ਉਸ ਇਤਿਹਾਸਕ ਪਰਪੇਖ ਵਿਚ ਸਿੱਖ ਧਰਮ ਦੀਆਂ ਰੂਹਾਨੀ ਕਦਰਾਂ-ਕੀਮਤਾਂ ਨੂੰ ਸਮਝਣ ਦੇ ਮਨਸ਼ੇ ਨਾਲ ਪੇਸ਼ ਕੀਤੀ ਜਾ ਰਹੀ ਹੈ। ਇਸ ਲੜੀ ਵਿਚ ਪ੍ਰਕਾਸ਼ਿਤ ਹੋਣ ਵਾਲੀਆਂ ਤਿੰਨ ਪੁਸਤਕਾਂ 'ਮਸੀਹੀਅਤ ਅਤੇ ਥਿਆਲੋਜੀ', 'ਵੈਦਿਕ ਸ਼ਾਸ਼ਤਰ' ਅਤੇ 'ਗੁਰ ਦਰਸ਼ਨ' ਦੀ ਲੜੀ ਵਿਚੋਂ ਇਹ ਪਹਿਲੀ ਪੁਸਤਕ ਹੈ। ਇਸ ਪੁਸਤਕ ਨੂੰ ਲੈ ਕੇ ਜਿਹੋ-ਜਿਹਾ ਸੰਵਾਦ ਸਿੱਖ ਅਕਾਦਮਿਕਤਾ ਵਿਚ ਛਿੜਨਾ ਚਾਹੀਦਾ ਸੀ, ਉਹ ਨਾ ਛਿੜਨ ਕਰਕੇ ਅੱਖੋਂ-ਪਰੋਖੇ ਹੋਇਆ ਹੈ। ਮੰਤਵ ਇਸ ਪੁਸਤਕ ਵਿਚ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਸੋਵੀਅਤ ਯੂਨੀਅਨ ਅੰਦਰ ਮਸੀਹੀਆਂ ਉਪਰ ਹੁੰਦੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਲਿਖਿਆ (ਭੂਮਿਕਾ ਪੰਨਾ 2) ਕਿ 'ਵਿਸ਼ਵਾਸ਼ ਦੇ ਸੁੱਚਮ ਨੂੰ ਸਿਆਸੀ ਵਧੀਕੀਆਂ ਝੂਠਾ ਨਹੀਂ ਕਰ ਸਕਦੀਆਂ। ਮਸੀਹੀ ਥਿਆਲੋਜੀ ਨੂੰ ਮਘਦੀ ਚਿਣਗ ਵਾਂਗ ਸੰਭਾਲਣ ਦੀਆਂ ਮਿਸਾਲਾਂ ਬਹੁਤ ਮਿਲ ਜਾਂਦੀਆਂ ਹਨ'। ਧਰਮ ਦਾ ਇਹ ਪੱਖ ਸਾਰਿਆਂ ਧਰਮਾਂ ਵਿਚ ਨਿਹਿਤ ਹੁੰਦਾ ਹੈ ਅਤੇ ਇਸ ਨੂੰ ਉਜਾਗਰ ਕਰਨ ਦੀ ਅਕਾਦਮਿਕਤਾ ਨੂੰ ਹੀ ਥਿਆਲੋਜੀ ਕਿਹਾ ਗਿਆ ਹੈ।

ਪੜ੍ਹਦਿਆਂ-ਪੜ੍ਹਾਉਂਦਿਆਂ ਮੇਰੀ ਸਮਝ ਇਹ ਬਣ ਗਈ ਹੈ ਕਿ ਧਰਮ ਦੇ ਦੋ ਪੱਖ ਸਾਰਿਆਂ ਲਈ (HCF) ਅਤੇ ਆਪਣਿਆਂ ਲਈ (LCF) ਹਰ ਧਰਮ ਵਿਚ ਹੁੰਦੇ ਹਨ। ਇਹ ਸਿਧਾਂਤ ਅਤੇ ਰਹਿਤ ਵਾਂਗ ਹਰੇਕ ਧਰਮ ਵਿਚ ਇਕੱਠੇ ਨਿਭਦੇ ਆ ਰਹੇ ਹਨ। ਏਸੇ ਨੂੰ ਸਿੱਖ ਧਰਮ ਵਿਚ ਗ੍ਰੰਥ ਅਤੇ ਪੰਥ ਦੇ ਦੋ ਕੰਢਿਆਂ ਵਾਂਗ ਸੰਭਾਲਿਆ ਹੋਇਆ ਹੈ। ਗ੍ਰੰਥ, ਗੁਰੂ ਕਿਰਤ ਹੀ ਹੋ ਸਕਦਾ ਹੈ ਅਤੇ ਰਹਿਤ ਨੇ ਪੰਥਕ ਕਿਰਤ ਹੀ ਰਹਿਣਾ ਹੁੰਦਾ ਹੈ। ਗ੍ਰੰਥ, ਜਿਵੇਂ ਅੱਖਰ ਦੇ ਵਾਧੇ-ਘਾਟੇ ਦੀ ਵੀ ਆਗਿਆ ਨਹੀਂ ਦੇਂਦਾ, ਉਸ ਤਰ੍ਹਾਂ ਰਹਿਤ ਬਾਰੇ ਨਹੀਂ ਕਿਹਾ ਜਾ ਸਕਦਾ। ਪ੍ਰੋ. ਪੂਰਨ ਸਿੰਘ ਨੇ ਸ਼ਬਦ-ਗੁਰੂ ਦੇ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਸ ਤਰ੍ਹਾਂ ਕਿਹਾ ਹੋਇਆ ਹੈ:

ਸ਼ਬਦ 'ਬ੍ਰਹਮ' ਪ੍ਰਕਾਸ਼ ਦਾ ਰਿਹਾ ਸੀ ਰੂਪ ਧਾਰ
ਤੇ ਪ੍ਰਕਾਸ਼ 'ਸ਼ਬਦ' ਵਿਚ ਢਲ ਰਿਹਾ ਸੀ।
ਇਥੇ ਸੂਰਤ, ਮਤ ਤੇ ਬੁਧ ਦੀ ਹੋ ਰਹੀ ਸੀ ਘਾੜਤ ਬਹੁਤ ਅਨੂਪ
ਅਨੰਤ ਨੂੰ ਸਿਰਜਿਆ ਜਾ ਰਿਹਾ ਸੀ ਤ੍ਰਾਸ਼ ਵਿਚ ਨਵ-ਸੁੰਦਰ ਆਕਾਰ। (ਗੁਰਸਿੱਖੀ ਦਾ ਸਿੱਖਣਾ, ਪੰਨਾ 37, 2014)

ਇਸ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਅਧਿਆਤਮ ਦੀ ਅਗਵਾਈ ਵਿਚ ਜੀਵਿਆ ਜਾ ਰਿਹਾ ਵਰਤਾਰਾ ਹੀ ਥਿਆਲੋਜੀ ਕਹਾਉਂਦਾ ਹੈ। ਮੋਢੀ ਸਿੱਖ ਥਿਆਲੋਜੀਅਨ ਭਾਈ ਗੁਰਦਾਸ ਅਤੇ ਆਧੁਨਿਕ ਸਿੱਖ ਥਿਆਲੋਜੀਅਨ ਪ੍ਰੋ. ਪੂਰਨ ਸਿੰਘ ਨੂੰ ਲੈ ਕੇ ਸਿੱਖ ਥਿਆਲੋਜੀ ਬਾਰੇ ਕੰਮ ਅਜੇ ਹੋਣਾ ਹੈ। ਸਿੱਖ ਥਿਆਲੋਜੀ ਵਿਚ ਵਿਹਾਰੀ-ਵਿਸ਼ਵਾਸ ਹੀ ਮੁੱਦਾ ਹੈ ਅਤੇ ਮੁੱਦਾ ਹੀ ਵਿਹਾਰੀ-ਵਿਸ਼ਵਾਸ ਹੁੰਦਾ ਹੈ। ਵੀਚਾਰ ਅਧੀਨ ਪੁਸਤਕ ਰਾਹੀਂ ਇਹ ਸਾਹਮਣੇ ਆ ਗਿਆ ਹੈ ਕਿ ਇਸ (ਥਿਆਲੋਜੀ) ਵਾਸਤੇ ਜਿਹੋ-ਜਿਹੀ ਪਹਿਲ ਈਸਾਈ ਧਰਮ ਦੇ ਹਵਾਲੇ ਨਾਲ ਹੁੰਦੀ ਆ ਰਹੀ ਹੈ, ਉਸ ਤਰ੍ਹਾਂ ਸੁਤੰਤਰ ਰੂਪ ਵਿਚ ਕੋਈ ਹੋਰ ਧਰਮ ਨਹੀਂ ਕਰ ਸਕਿਆ। ਈਸਾਈ ਥਿਆਲੋਜੀ ਦੇ ਹਵਾਲੇ ਨਾਲ ਹੀ ਹੋਰਨਾਂ ਧਰਮਾਂ ਦੀਆਂ ਥਿਆਲੋਜੀਜ਼ ਸਾਹਮਣੇ ਆਉਂਦੀਆਂ ਰਹੀਆਂ ਹਨ ਅਤੇ ਆਉਂਦੀਆਂ ਰਹਿਣੀਆਂ ਹਨ। ਸੰਸਾਰ ਨੂੰ ਲੋੜੀਂਦੀ ਥਿਆਲਾਜੀਕਲ ਸਾਂਝ ਨੂੰ ਲੈ ਕੇ ਹੀ ਸਰਬ-ਧਰਮ ਸੰਮੇਲਨਾਂ ਰਾਹੀਂ ਸੰਵਾਦ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਂਦੀਆਂ ਰਹੀਆਂ ਹਨ। ਥਿਆਲੋਜੀ ਦਾ ਸ੍ਰੋਤ ਆਧਾਰ ਸਬੰਧਤ ਧਰਮ ਦਾ ਧਰਮ ਗ੍ਰੰਥ ਹੀ ਰਿਹਾ ਹੈ ਅਤੇ ਰਹਿਣਾ ਵੀ ਹੈ। ਇਸ ਕਰਕੇ ਜਿਸ ਤਰ੍ਹਾਂ ਦੀਆਂ ਸੰਭਾਵਨਾਵਾਂ ਸਾਂਝੀ ਅਧਿਆਤਮਕਤਾ ਦੀਆਂ ਸੰਭਵ ਹੋ ਸਕਦੀਆਂ ਹਨ, ਉਹੋ ਜਿਹੀਆਂ ਸੰਭਾਵਨਾਵਾਂ ਸਾਂਝੀ ਥਿਆਲੋਜੀ ਦੀਆਂ ਨਹੀਂ ਹੋ ਸਕਦੀਆਂ। ਇਸ ਪਾਸੇ ਇਸ ਪੁਸਤਕ ਨੂੰ ਇਕ ਕਦਮ ਵਜੋਂ ਲਏ ਜਾਣ ਦੀ ਲੋੜ ਹੈ। ਇਸ ਨੂੰ ਨਾਲ ਲੈ ਕੇ ਤੁਰਾਂਗੇ ਤਾਂ ਸਮਝ ਸਕਾਂਗੇ ਕਿ ਬਹੁਤ ਸਾਰੀਆਂ ਅਧਿਆਤਮਕ ਸਾਂਝਾਂ ਦੇ ਬਾਵਜੂਦ ਹਰ ਧਰਮ ਦਾ ਸੰਸਥਾਪਕ ਇਕੋ ਜਿਹਾ ਨਹੀਂ ਹੁੰਦਾ। ਇਸ ਕਰਕੇ ਥਿਅਲਾਜੀਕਲ ਪ੍ਰਸੰਗ ਵਿਚ ਅਵਤਾਰ (ਹਿੰਦੂ ਧਰਮ), ਪੈਗੰਬਰ (ਈਸਾਈ ਧਰਮ ਅਤੇ ਇਸਲਾਮ ਧਰਮ) ਅਤੇ ਗੁਰੂ (ਸਿੱਖ ਧਰਮ) ਵਿਚ ਫਰਕ ਸਮਝਣਾ ਪਵੇਗਾ। ਇਸ ਫਰਕ ਨੂੰ ਸਮਝਣ ਲੱਗਿਆਂ ਸਬੰਧਤ ਧਰਮ ਦੇ ਗ੍ਰੰਥ ਦੇ ਨਾਲ-ਨਾਲ ਹਵਾਲੇ ਵਿਚਲੇ ਧਰਮ ਦੇ ਇਰਦ-ਗਿਰਦ ਵਹਿੰਦੇ ਸਭਿਆਚਾਰ ਅਤੇ ਪਰੰਪਰਾਵਾਂ ਨੂੰ ਵੀ ਧਿਆਨ ਵਿਚ ਰੱਖਣਾ ਪਵੇਗਾ। ਇਸ ਨਾਲ ਜੁੜੀਆਂ ਹੋਈਆਂ ਅਨੁਭਵੀ ਅਭਿਵਿਅਕਤੀਆਂ ਨੂੰ ਲੈ ਕੇ ਸਬੰਧਤ ਧਰਮ ਦੇ ਜਗਿਆਸੂਆਂ ਦੇ ਵਿਹਾਰਕ ਜੀਵਨ ਦੇ ਨਿਰਦੇਸ਼ਨ ਦੀ ਅਕਾਦਮਿਕਤਾ ਹੁੰਦੀ ਹੈ ਥਿਆਲੋਜੀ। ਇਸ ਪੁਸਤਕ ਨੂੰ ਧਿਆਨ ਵਿਚ ਰੱਖ ਕੇ ਤੁਰਨ ਲੱਗਿਆਂ ਇਹ ਧਿਆਨ ਵਿਚ ਰੱਖਣਾ ਪਵੇਗਾ ਕਿ ਅਧਿਆਤਮਕ ਪ੍ਰਸੰਗ ਵਿਚ ਅਵਤਾਰ-ਦੇਹੀ, ਪੈਗੰਬਰੀ-ਦੇਹੀ ਅਤੇ ਗੁਰੂ-ਦੇਹੀ ਦੀ ਕੀ ਭੂਮਿਕਾ ਰਹੀ ਹੈ, ਸਬੰਧਤ ਧਰਮ ਦੀ ਥਿਆਲੋਜੀ ਵਾਸਤੇ ਅਹਿਮ ਪੱਖ ਹੋਵੇਗਾ? ਇਸ ਨਾਲ ਏਹੋ-ਜਿਹੇ ਫਰਕ ਸਾਹਮਣੇ ਆਉਣ ਲੱਗ ਪੈਣਗੇ ਕਿ ਜਿਵੇਂ ਮਸੀਹੀ ਥਿਆਲੋਜੀ ਵਿਚੋਂ ਪੈਗੰਬਰੀ ਦੇਹੀ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ, ਓਹੋ-ਜਿਹਾ ਕੋਈ ਬੰਧਨ ਸਿੱਖ ਧਰਮ ਦੀ ਥਿਆਲੋਜੀ ਨੂੰ ਨਹੀਂ ਹੈ। ਇਸ ਨਾਲ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦੇਹੀ ਹਵਾਲਿਆਂ ਤੋਂ ਮੁਕਤ ਅਧਿਆਤਮਕਤਾ ਨਾਲ ਜੁੜੀ ਹੋਈ ਥਿਆਲੋਜੀ ਦੇ ਸਿੱਖ ਥਿਆਲੋਜੀ ਵਿਚੋਂ ਦੇਹੀ ਦਖਲ ਨਾਲ ਜੁੜੀ ਹੋਈ ਵਿਹਾਰਕਤਾ ਨੂੰ ਮਨਫੀ ਰਹਿਣਾ ਚਾਹੀਦਾ ਹੈ। 'ਗੁਰਮੁਖ' ਰਾਹੀਂ ਅਜਿਹਾ ਮਾਡਲ ਸਾਹਮਣੇ ਲਿਆਂਦਾ ਗਿਆ ਹੈ। ਇਸ ਕੋਸ਼ਿਸ਼ ਦਾ ਕੇਂਦਰੀ ਸਰੋਕਾਰ ਪਛਾਣ ਦੀ ਥਾਂ ਨੈਤਿਕਤਾ ਹੋ ਜਾਵੇਗੀ। ਇਸ ਦਾ ਵਿਸਥਾਰ ਬੇਸ਼ੱਕ ਇਸ ਪ੍ਰਾਜੈਕਟ ਦੇ ਤੀਜੇ ਹਿੱਸੇ ਗੁਰ-ਦਰਸ਼ਨ ਵਿਚ ਹੀ ਹੋ ਸਕੇਗਾ ਅਤੇ ਇੱਥੇ ਕੀਤਾ ਜਾ ਰਿਹਾ ਇਸ਼ਾਰਾ ਇਹ ਦੱਸਣ ਵਾਸਤੇ ਕੀਤਾ ਜਾ ਰਿਹਾ ਹੈ ਕਿ ਸਿੱਖ ਥਿਆਲੋਜੀ ਦੇ ਪ੍ਰਗਟਾਵੇ ਸਿੱਖ ਸਾਹਿਤ ਵਿਚ ਹੋ ਚੁੱਕੇ ਹਨ ਪਰ ਉਨ੍ਹਾਂ ਨੂੰ ਸਾਂਭ ਕੇ ਸਾਰਿਆਂ ਦੇ ਸਾਹਮਣੇ ਨਹੀਂ ਲਿਆਂਦਾ ਜਾ ਸਕਿਆ। ਇਸ ਦੇ ਥਿਆਲਾਜੀਕਲ ਪ੍ਰਸੰਗ ਨੂੰ ਧਰਮ ਅਤੇ ਸਭਿਆਚਾਰ ਦੇ ਰਲਵੇਂ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਧਾਰਮਿਕ ਮਾਨਸਿਕਤਾ ਨੂੰ ਸਮਝਣ ਵਿਚ ਸਹਾਇਕ ਹੋਣ ਵਾਲੀਆਂ ਧਾਰਮਿਕ ਰਸਮਾਂ, ਰੀਤਾਂ ਅਤੇ ਰਹਿਤ, ਅਸਲ ਵਿਚ ਥਿਆਲੋਜੀ ਦਾ ਹਿੱਸਾ ਹੀ ਹੁੰਦੀਆਂ ਹਨ। ਈਸਾਈ-ਅਕਾਦਮਿਕਤਾ ਵਿਚ ਇਸ ਬਾਰੇ ਬਹੁਤ ਕੰਮ ਹੋ ਚੁੱਕਾ ਹੈ ਅਤੇ ਉਹ ਇਸ ਵਿਸ਼ੇ ਦੀ ਉਤਰ-ਆਧੁਨਿਕਤਾ ਸਥਾਪਤ ਕਰਨ ਵਿਚ ਵੀ ਸਫਲ ਹੋ ਗਏ ਹਨ। ਇਹ ਗੱਲ ਪੁਸਤਕ "The Cambridge Companion to Postmodern Theology, Edited by Kevin J. Vanhoozer, Cambridge University Press 2003" ਦੇ ਆਧਾਰ 'ਤੇ ਕਹੀ ਜਾ ਰਹੀ ਹੈ।






*ਲੇਖਕ ਹਰਦੇਵ ਸਿੰਘ ਅਤੇ ਕਿਤਾਬ 'ਮਸੀਹੀਅਤ ਅਤੇ ਥਿਆਲੋਜੀ' ਦਾ ਮੁਖੜਾ*

ਵਿਚਾਰ ਅਧੀਨ ਪੁਸਤਕ 'ਮਸੀਹੀਅਤ ਅਤੇ ਥਿਆਲੋਜੀ' ਵਿਚ ਇਸ ਦੀਆਂ ਬਹੁਤ ਸਾਰੀਆਂ ਪਰਤਾਂ ਹਵਾਲਿਆਂ ਸਮੇਤ ਸਾਹਮਣੇ ਆ ਗਈਆਂ ਹਨ। ਪੁਸਤਕ ਵਿਚਲੇ ਹਵਾਲਿਆਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਮਸੀਹੀ ਥਿਆਲੋਜੀ ਹਰ ਧਰਮ ਦੀ ਥਿਆਲੋਜੀ ਸਥਾਪਤ ਕਰਨ ਲਈ ਅਕਾਦਮਿਕ ਮਾਡਲ ਹੋ ਗਈ ਹੈ ਪਰ ਇਸ ਦਾ ਲਾਹਾ ਸਿੱਖ ਅਕਾਦਮਿਕਤਾ ਵਿਚ ਬਹੁਤਾ ਉਸ ਤਰ੍ਹਾਂ ਨਹੀਂ ਲਿਆ ਗਿਆ, ਜਿਵੇਂ ਬਾਕੀ ਧਰਮਾਂ ਨੇ ਇਸ ਸੁਰ ਵਿਚ ਲਿਆ ਹੋਇਆ ਹੈ। ਨਤੀਜਨ ਥਿਆਲੋਜੀ ਨੂੰ ਸਿਰਫ਼ ਰਹਿਤ-ਮਰਯਾਦਾ ਤੱਕ ਹੀ ਸੀਮਿਤ ਕਰ ਲਿਆ ਗਿਆ ਹੈ। ਸਿੱਖ ਧਰਮ ਇਸ ਪੱਖੋਂ ਸਾਰਿਆਂ ਨਾਲੋਂ ਪਛੜਿਆ ਹੋਇਆ ਹੈ। ਇਹ ਮਸਲਾ ਉਸ ਵੇਲੇ ਹੋਰ ਵੀ ਗੰਭੀਰ ਲੱਗਣ ਲੱਗ ਪੈਂਦਾ ਹੈ ਜਦੋਂ ਅਸੀਂ ਇਹ ਵੇਖਦੇ ਹਾਂ ਕਿ ਪੀ-ਐਚ.ਡੀ ਦੀ ਤਰਜ਼ 'ਤੇ ਟੀ-ਐਚ.ਡੀ ਵੱਲ ਧਰਮ ਦੀ ਅਕਾਦਮਿਕਤਾ ਤੁਰ ਪਈ ਹੈ, ਪਰ ਅਸੀਂ ਅਜੇ ਸਿੱਖ-ਅਕਾਦਮਿਕਤਾ ਵੀ ਇਸ ਤਰ੍ਹਾਂ ਸਥਾਪਤ ਨਹੀਂ ਕਰ ਸਕੇ। ਇਹ ਨਹੀਂ ਭੁੱਲਣਾ ਚਾਹੀਦਾ ਕਿ ਧਰਮ ਦੀ ਅਕਾਦਮਿਕਤਾ ਸਥਾਪਤ ਕੀਤੇ ਬਿਨਾਂ ਧਰਮ ਦਾ ਆਲਮੀ-ਪ੍ਰਸੰਗ ਸਥਾਪਤ ਨਹੀਂ ਕੀਤਾ ਜਾ ਸਕਦਾ? ਡਾ. ਹਰਦੇਵ ਸਿੰਘ ਨੇ ਹਵਾਲੇ ਵਿਚਲੀ ਪੁਸਤਕ ਰਾਹੀਂ ਸਾਹਮਣੇ ਲੈ ਆਂਦਾ ਹੈ ਕਿ ਇਸ ਵੇਲੇ ਕਿਸੇ ਵੀ ਧਰਮ ਦੀ ਥਿਆਲੋਜੀ ਸਥਾਪਤ ਕਰਨਾ, ਸਬੰਧਤ ਧਰਮ ਦੀ ਅਕਾਦਮਿਕਤਾ ਸਥਾਪਤ ਕਰਨ ਵੱਲ ਮੁੱਢਲਾ ਕਦਮ ਸਮਝਣਾ ਚਾਹੀਦਾ ਹੈ। ਮਿਸਾਲ ਦੇ ਤੌਰ 'ਤੇ ਕਿਸੇ ਵੀ ਧਰਮ ਗ੍ਰੰਥ ਵਿਚ ਪਹਿਲੀ ਨਜ਼ਰੇ ਵੇਖਣ ਨੂੰ ਲੱਗਦੇ ਇਤਿਹਾਸਕ ਹਵਾਲਿਆਂ ਦੀ ਅਕਾਦਮਿਕਤਾ, ਇਤਿਹਾਸਕ-ਬਿੰਬ ਵਜੋਂ ਹੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ। ਜਿਵੇਂ ਬਾਣੀ-ਨੈਰੇਟਿਵ ਸਥਾਪਤ ਕਰਨ ਲਈ ਸਾਈਨ, ਸਿੰਬਲ ਅਤੇ ਸਟੋਰੀ ਦੀ ਵਰਤੋਂ ਕੀਤੀ ਗਈ ਹੈ, ਉਸ ਤਰ੍ਹਾਂ ਦੀਆਂ ਪੈੜਾਂ ਹਰ ਧਰਮ ਨਾਲ ਸਬੰਧਤ ਅਕਾਦਮਿਕਤਾ ਵਿਚੋਂ ਮਿਲ ਜਾਂਦੀਆਂ ਹਨ। ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ 23ਵੀਂ ਸਦੀ ਦੀ ਲੋੜ ਧਾਰਮਿਕ ਹੱਦ-ਬੰਦੀਆਂ ਤੋਂ ਬਾਹਰ ਨਿਕਲ ਕੇ ਧਰਮ ਨੂੰ ਸਿਰ ਜੋੜਨ ਵੱਲ ਲੈ ਕੇ ਤੁਰ ਚੁੱਕੀ ਹੈ। ਇਸ ਸੋਚ ਨੂੰ ਅਧਾਰਮਿਕ ਗਰਦਾਨਣ ਵਾਲਿਆਂ ਨੇ ਕੱਟੜਪੰਥੀ-ਕਿਲੇਬੰਦੀ ਦੀਆਂ ਸੰਭਾਵਨਾਵਾਂ ਪੈਦਾ ਕਰਨ ਵਿਚ ਸਹਾਇਤਾ ਕੀਤੀ ਹੈ। ਖੁੱਲ੍ਹੇ ਮਨ ਨਾਲ ਸੋਚੀਏ ਤਾਂ ਝੱਟ ਸਮਝ ਆ ਜਾਂਦਾ ਹੈ ਕਿ ਸੰਸਥਾਈ-ਪ੍ਰਭੂ ਅਤੇ ਸਮਾਜਿਕ-ਪ੍ਰਭੂ ਵਿਚ ਫਰਕ ਵੇਖਣ ਵਾਲੇ ਨੂੰ ਨਜ਼ਰ ਆ ਹੀ ਜਾਂਦਾ ਹੈ ਕਿ ਇਸ ਵੇਲੇ ਮਸਲਾ ਤੁਲਨਾਤਮਕ-ਅਧਿਐਨ ਤੱਕ ਪਹੁੰਚਣ ਕਰਕੇ ਮਸੀਹੀ ਥਿਆਲੋਜੀ 'ਤੇ ਸਵਾਲ ਹੋਣ ਲੱਗ ਪਿਆ ਹੈ ਕਿ ਵਿਸ਼ਵਾਸ-ਕੇਂਦਰਤ ਹੋਣ ਕਰਕੇ ਸੰਬਾਦੀ ਸਥਿਤੀਆਂ ਵਿਚ ਮਸੀਹੀ ਥਿਆਲੋਜੀ ਨੂੰ ਕਟਹਿਰੇ ਵਿਚ ਖਲੋਣਾ ਪੈ ਜਾਂਦਾ ਰਿਹਾ ਹੈ। ਲੇਖਕ ਨੇ ਇਸ ਬਾਰੇ ਡੇਵਿਡ.ਐਫ. ਫੋਰਡ ਦੇ ਹਵਾਲੇ ਨਾਲ ਨਤੀਜਾ ਇਹ ਕੱਢਿਆ ਹੈ ਕਿ 'ਥਿਆਲੋਜੀ ਅਤੇ ਧਰਮ ਵਿਚਾਲੇ ਦਵੈਤ ਪੈਦਾ ਕਰਨ ਦੀ ਥਾਂ ਦੋਹਾਂ ਦੀਆਂ ਮੁਢਲੀਆਂ ਜ਼ਿੰਮੇਵਾਰੀਆਂ ਦੀ ਨਿਸ਼ਾਨਦੇਹੀ ਰਾਹੀਂ ਉਨ੍ਹਾਂ ਦੇ ਵੱਖ-ਵੱਖ ਢਾਂਚਿਆਂ ਨੂੰ ਨਿਖੇੜਨਾ ਵਧੇਰੇ ਤਸੱਲੀਬਖਸ਼ ਕਾਰਜ ਹੁੰਦਾ ਹੈ' (ਪੰਨਾ 49)। ਪੁਸਤਕ ਨੂੰ ਪੜ੍ਹਦਿਆਂ ਇਹ ਪਤਾ ਲੱਗ ਜਾਂਦਾ ਹੈ ਕਿ ਮਸੀਹੀ ਥਿਆਲੋਜੀ ਵਿਚ ਬਹੁਤ ਕੁਝ ਨਵਾਂ ਜੁੜਦਾ ਗਿਆ ਹੈ ਅਤੇ ਇਹੀ ਵਿਕਾਸ ਮਾਨਵੀ ਸਰੋਕਾਰਾਂ ਤੱਕ ਪਹੁੰਚ ਗਿਆ ਹੈ। ਇਸ ਵੇਲੇ ਦੀ ਲੋੜ, ਮਾਨਵੀ ਸਰੋਕਾਰਾਂ ਦੇ ਪ੍ਰਸੰਗ ਵਿਚ ਸੰਭਵ ਟਕਰਾਵਾਂ ਦਾ ਸਹਿਜ ਸਥਾਪਨ ਕੀਤੇ ਜਾਣ ਦੀ ਹੈ। ਇਸ ਰਾਹ ਤੁਰਾਂਗੇ ਤਾਂ ਇਕ ਦੂਜੇ ਨਾਲ ਟਕਰਾਵਾਂ ਦੀ ਥਾਂ ਇਕ ਦੂਜੇ ਦੀ ਪੂਰਕਤਾ ਹੋ ਸਕਣ ਦੀਆਂ ਸੰਭਾਵਨਾਵਾਂ ਨੂੰ ਸਾਹਮਣੇ ਲਿਆ ਸਕਾਂਗੇ।

ਹਵਾਲਿਆਂ ਨਾਲ ਗੁੰਨ੍ਹੀ ਹੋਈ ਇਸ ਪੁਸਤਕ ਨੂੰ ਨਾਲ ਲੈ ਕੇ ਸਿੱਖ ਥਿਆਲੋਜੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰਾਂਗੇ ਤਾਂ ਲੋੜ ਇਹ ਸੋਚਣ ਦੀ ਪਵੇਗੀ ਕਿ ਦੁਨੀਆਂ, ਪਿੰਡ ਬਣ ਰਹੀ ਹੈ ਤਾਂ ਕੌਮੀਅਤਾਂ ਨਾਲੋਂ ਵੱਧ ਲੋੜ ਆਲਮੀ-ਭਾਈਚਾਰਾ (community of Akal) ਉਸਾਰੇ ਜਾਣ ਦੀ ਹੋ ਗਈ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਇਸ ਸੰਭਾਵਤ-ਭਾਈਚਾਰੇ ਵਾਸਤੇ ਇਹ ਸੋਚ ਕੇ ਥਿਆਲੋਜੀ ਸਥਾਪਤ ਕਰਾਂਗੇ ਕਿ ਧਰਮ ਬਿਨਾਂ ਕਿਸੇ ਵੀ ਸਮਾਜ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਪੱਛਮ ਨੇ ਆਪਣੇ ਢੰਗ ਨਾਲ ਇਸ ਪ੍ਰਥਾਏ ਅੰਤਰ-ਦ੍ਰਿਸ਼ਟੀਆਂ ਤਾਂ ਉਸਾਰ ਲਈਆਂ ਹਨ, ਪਰ ਉਨ੍ਹਾਂ ਵਾਸਤੇ ਲੋੜੀਂਦੀ ਧਰਾਤਲ ਦੀ ਨਿਸ਼ਾਨਦੇਹੀ ਨਹੀਂ ਹੋ ਸਕੀ ਜਾਂ ਕਰਨੀ ਮੁਸ਼ਕਲ ਹੋਈ ਪਈ ਹੈ। ਇਹ ਘਾਟ ਸਿੱਖ ਧਰਮ-ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਪੂਰੀ ਕੀਤੀ ਜਾ ਸਕਦੀ ਹੈ ਪਰ ਇਸ ਵਾਸਤੇ ਧਰਮਾਂ ਦੇ ਤੁਲਨਾਤਮਿਕ-ਅਧਿਐਨ ਵਿਚ ਸਿੱਖ ਧਰਮ ਨੂੰ ਲੋੜੀਂਦੀ-ਸਪੇਸ ਦੇਣੀ ਪਵੇਗੀ? ਇਸ ਨਾਲ ਉਤਰ-ਆਧੁਨਿਕ ਯੁੱਗ ਨੂੰ ਲੋੜੀਂਦੀ ਸਿਰਜੋੜਵੀਂ-ਧਰਮੀ-ਪਹੁੰਚ ਸਥਾਪਤ ਹੋ ਸਕੇਗੀ। ਇਸ ਆਧਾਰ 'ਤੇ ਹੀ ਇਹ ਕਹਿ ਸਕਦੇ ਹਾਂ ਕਿ ਧਰਮਾਂ ਵਿਚਕਾਰ ਅਮਨ ਸਥਾਪਤ ਕੀਤੇ ਬਿਨਾਂ ਆਲਮੀ-ਅਮਨ ਸੰਭਵ ਹੀ ਨਹੀਂ ਹੋ ਸਕਦਾ।

ਨਵੀਂ ਪੀੜ੍ਹੀ ਵਿਗਿਆਨ ਦੀ ਪੀੜ੍ਹੀ ਹੈ ਅਤੇ ਇਸ ਪੀੜ੍ਹੀ ਦੀ ਮਾਨਸਿਕਤਾ ਨਾਲ ਵਿਗਿਆਨਿਕ-ਸੁਰ ਵਿਚ ਹੀ ਨਿਪਟਿਆ ਜਾ ਸਕਦਾ ਹੈ। ਇਸ ਵਾਸਤੇ ਕੋਸ਼ਿਸ਼ਾਂ ਅਕਲ ਦੇ ਪੱਖੋਂ ਤਾਂ ਹੋ ਚੁੱਕੀਆਂ ਹਨ ਅਤੇ ਹਰਮੀਨਿਊਟੀਕਲ-ਥਿਆਲੋਜੀ ਵਰਗੀਆਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਵੀ ਹਨ। ਲੋੜ ਇਨ੍ਹਾਂ ਅੰਤਰ-ਦ੍ਰਿਸ਼ਟੀਆਂ ਨੂੰ ਧਰਮ ਦੀ ਅਕਾਦਮਿਕਤਾ ਵਾਸਤੇ ਵਰਤੇ ਜਾਣ ਦੀ ਹੈ। ਧਰਮ ਵਿਚ 'ਹੈ ਅਤੇ ਹੋਣਾ ਚਾਹੀਦਾ' (is & ought) ਜਾਂ 'ਕਰਨਾ ਅਤੇ ਨਹੀਂ ਕਰਨਾ' (do's & don'ts) ਦੀਆਂ ਸੂਚੀਆਂ ਬਣਦੀਆਂ ਆਈਆਂ ਹਨ। ਧਰਮ ਨੂੰ ਨਿਆਸਰਿਆਂ ਦਾ ਆਸਰਾ ਕਹਿਣ ਵਾਲੀ ਈਸਾਈਅਤ ਨੇ ਵੀ ਇਹ ਕਹਿ ਦਿੱਤਾ ਹੈ ਕਿ ਜੇ ਇੱਥੇ ਆਉਣਾ ਹੈ ਤਾਂ ਸਭ ਕੁਝ ਛੱਡ ਕੇ ਆਉਣਾ ਪਵੇਗਾ (Abandon hope all ye who enter here). ਏਸੇ ਭਾਵਨਾ ਨੂੰ ਗੁਰੂ ਸਾਹਿਬ ਨੇ ਇਸ ਤਰ੍ਹਾਂ ਕਿਹਾ ਹੋਇਆ ਹੈ ਕਿ ਧਰਮ ਪਿਆਰ ਦੀ ਖੇਡ ਹੈ ਅਤੇ ਇੱਥੇ ਉਹੀ ਆਉਣ, ਜਿਹੜੇ ਇਸ ਪਿਆਰ ਦੀ ਖੇਡ ਨੂੰ ਖੇਡਣਾ ਚਾਹੁੰਦੇ ਹਨ ਭਾਵ ਇਸ ਖੇਡ ਦੇ ਸੁੱਚਮ ਨਾਲ ਨਿਭ ਸਕਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

ਪਰ ਇਸ ਵੇਲੇ ਦੀ ਲੋੜ ਇਹ ਸਮਝੇ ਅਤੇ ਸਮਝਾਏ ਜਾਣ ਦੀ ਹੈ ਕਿ ਮਾਇਆ-ਭੋਗ ਤਿਆਗਣੇ, ਨਾ ਤਿਆਗਣੇ ਅਤੇ ਚਾਹੁਣ 'ਤੇ ਵੀ ਨਾ ਤਿਆਗ ਸਕਣੇ ਹੈ ਅਤੇ ਹੋਣਾ ਚਾਹੀਦਾ ਵਜੋਂ ਛੇਤੀ ਅਤੇ ਸੌਖਿਆਂ ਸਮਝ ਆ ਜਾਂਦੇ ਹਨ। ਇਸ ਦਾ ਇਕ ਪੱਖ ਇਹ ਰਿਹਾ ਹੈ ਕਿ ਸਭ ਕੁਝ ਛੱਡ ਕੇ ਆਓ। ਇਸ ਨਾਲ ਪੈਦਾ ਹੋਣ ਵਾਲੇ ਉਲਾਰ ਤੋਂ ਬਚਣ ਦਾ ਰਾਹ ਸਿੱਖੀ ਨੇ ਇਨ੍ਹਾਂ ਤੋਂ ਭੱਜਣ ਦੀ ਥਾਂ 'ਤੇ ਇਨ੍ਹਾਂ ਨੂੰ ਨਾਲ ਲੈ ਕੇ ਤੁਰਨ ਦਾ ਸਹਿਜ ਸਥਾਪਨ ਕਰ ਕੇ ਕੀਤਾ ਹੋਇਆ ਹੈ:

ਹਉ ਗੋਸਾਈ ਕਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥

ਇਸ ਪੁਸਤਕ ਦੇ ਸਾਰੇ ਅਧਿਆਇ ਕਿਸੇ ਨੇ ਕਿਸੇ ਰੂਪ ਵਿਚ 'ਮਸੀਹੀਅਤ ਅਤੇ ਥਿਆਲੋਜੀ' ਨਾਲ ਜੁੜੀ ਹੋਈ ਸਿਧਾਂਤਕੀ-ਨੁਮਾ ਵਿਸ਼ਵਾਸ ਦੇ ਸਾਈਨਾਪਸਿਜ਼ ਹਨ ਅਤੇ ਏਸੇ ਦੇ ਵਿਸਥਾਰ ਨੂੰ ਪ੍ਰਾਪਤ ਸੋਮਿਆਂ ਰਾਹੀਂ ਪੁਸ਼ਟ ਕਰ ਕੇ ਨਿਕਲ ਸਕਦੇ ਨਤੀਜੇ ਸਾਹਮਣੇ ਲੈ ਆਂਦੇ ਹਨ।

*(ਬਾਕੀ ਅਗਲੇ ਸਫੇ 'ਤੇ)*

# ਟੌਲ ਪਲਾਜ਼ੇ - ਆਮ ਲੋਕਾਂ ਤੋਂ ਵਾਧੂ ਟੈਕਸ ਵਸੂਲਣ ਦਾ ਜ਼ਰੀਆ

ਭਾਰਤ ਵਿਚ ਸਰਕਾਰ ਦੇ 2020 ਦੇ ਅੰਕੜਿਆਂ ਮੁਤਾਬਕ 566 ਟੌਲ ਪਲਾਜ਼ੇ ਸਨ, ਜਿਨ੍ਹਾਂ ਦੀ ਸ਼ੁਰੂਆਤ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲ਼ੇ ਕੀਤੀ ਗਈ ਸੀ। ਪ੍ਰਧਾਨ ਮੰਤਰੀ ਮੋਦੀ ਦੇ ਪ੍ਰਮੁੱਖ ਸਕੱਤਰ, ਨ੍ਰਿਪੇਂਦਰ ਮਿਸ਼ਰਾ ਨੇ 3 ਸਾਲ ਪਹਿਲਾਂ, 'ਸੜਕੀ ਆਵਾਜਾਈ ਅਤੇ ਸ਼ਾਹਰਾਹ ਮੰਤਰਾਲੇ' ਨੂੰ ਲਿਖੀ ਇਕ ਚਿੱਠੀ ਵਿਚ 'ਭਾਰਤ ਦੇ ਕੌਮੀ ਸ਼ਾਹਰਾਹ ਮਹਿਕਮੇ' ਨੂੰ ਇਹ

**ਡਾ. ਅਮਨ**
**ਫੋਨ: 99918-54101**

ਸਲਾਹ ਦਿੱਤੀ ਸੀ ਕਿ ਉਹ ਖ਼ੁਦ ਸੜਕਾਂ ਬਣਾਉਣਾ ਬੰਦ ਕਰ ਦੇਵੇ ਅਤੇ ਨਿੱਜੀ ਖੇਤਰ ਦੀਆਂ ਕੰਪਨੀਆਂ ਨੂੰ ਸੜਕਾਂ ਬਣਾਉਣ ਅਤੇ ਮੁਕੰਮਲ ਹੋਏ ਪ੍ਰੋਜੈਕਟਾਂ ਨੂੰ ਸੰਭਾਲਣ ਲਈ ਹੱਲਾਸ਼ੇਰੀ ਦੇਣੀ ਸ਼ੁਰੂ ਕਰ ਦੇਵੇ। ਅਸਲ ਵਿਚ ਇਹ ਨਿੱਜੀਕਰਨ ਦੀਆਂ ਨੀਤੀਆਂ ਦਾ ਹੀ ਹਿੱਸਾ ਹੈ, ਜਿਸ ਤਹਿਤ ਕੇਂਦਰ ਸਰਕਾਰ ਲਗਾਤਾਰ ਸੜਕ ਉਸਾਰੀ ਵਿਚ ਨਿੱਜੀ ਨਿਵੇਸ਼ ਨੂੰ ਹੁਲਾਰਾ ਦੇਣ ਲਈ ਜ਼ੋਰ ਲਾ ਰਹੀ ਹੈ। ਇਸ ਤਹਿਤ ਹੀ ਸਰਕਾਰ ਵੱਲੋਂ ਉਸਾਰੋ-ਚਲਾਓ-ਤਬਾਦਲੇ ਦੀਆਂ ਸਕੀਮਾਂ ਜਾਰੀ ਹਨ। ਇਸ ਵਿਚ ਨਿਵੇਸ਼ ਕਰਨ ਵਾਲ਼ੀਆਂ ਨਿੱਜੀ ਕੰਪਨੀਆਂ ਨੂੰ ਟੌਲ ਮਾਲੀਆ ਉਗਰਾਹੁਣ ਸਮੇਤ ਹੋਰ ਕਈ ਤਰ੍ਹਾਂ ਦੀਆਂ ਰਿਆਇਤਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਭਾਰਤ ਦੇ ਕੌਮੀ ਸ਼ਾਹਰਾਹ ਮਹਿਕਮੇ ਨੇ 2022 ਦੀ ਬੀਤੀ ਤੀਜੀ ਤਿਮਾਹੀ ਦੌਰਾਨ ਹੀ ਜਨਤਕ-ਨਿੱਜੀ ਭਾਈਵਾਲੀ ਤਹਿਤ ਉਸਾਰੋ-ਚਲਾਓ-ਤਬਾਦਲੇ ਦੇ ਮਾਡਲ ਦੀ ਵਰਤੋਂ ਕਰਦੇ ਹੋਏ ਨਿੱਜੀ ਕੰਪਨੀਆਂ ਨੂੰ ਘੱਟੋ-ਘੱਟ ਦੋ ਸ਼ਾਹਰਾਹ ਨਵਿਆਉਣ ਦੇ ਕੰਮਾਂ ਦੀ ਪੇਸ਼ਕਸ ਕਰਨ ਦੀ ਵਿਉਂਤ ਬਣਾਈ ਸੀ। ਇਸ ਤਰ੍ਹਾਂ ਸੜਕਾਂ ਨਿੱਜੀ ਕੰਪਨੀਆਂ ਹਵਾਲੇ ਕਰ ਕੇ ਉਨ੍ਹਾਂ ਨੂੰ ਟੌਲ ਦੀ ਮਨਮਾਨੀ ਵਸੂਲੀ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਜਾ ਰਹੀ ਹੈ।

ਅੰਕੜਿਆਂ ਮੁਤਾਬਕ ਇਨ੍ਹਾਂ ਕੰਪਨੀਆਂ ਵੱਲੋਂ 2018-19 ਵਿਚ ਟੌਲ ਪਲਾਜ਼ਿਆਂ ਤੋਂ 22,000 ਕਰੋੜ ਦੀ ਕਮਾਈ ਕੀਤੀ ਗਈ, 2019-20 ਵਿਚ ਇਹ ਰਕਮ ਵਧ ਕੇ 26,851 ਕਰੋੜ ਹੋ ਗਈ ਅਤੇ 2020-21 ਵਿਚ 34,535 ਕਰੋੜ ਨੂੰ ਪਹੁੰਚ ਗਈ। ਪਿੱਛੇ ਜਿਹੇ ਹੀ ਨਿਤਿਨ ਗਡਕਰੀ ਵੱਲੋਂ ਇਹ ਬਿਆਨ ਦਿੱਤਾ ਗਿਆ ਕਿ ਭਾਰਤ ਵਿਚ ਮੌਜੂਦਾ ਸਾਲਾਨਾ ਟੌਲ ਆਮਦਨ 40,000 ਕਰੋੜ ਰੁਪਏ ਹੈ ਅਤੇ 2024 ਦੇ ਅਖੀਰ ਤੱਕ ਇਹ 1.4 ਲੱਖ ਕਰੋੜ ਹੋ ਜਾਵੇਗੀ। ਇਕੱਲੇ ਪੰਜਾਬ ਵਿਚ ਟੌਲ ਪਲਾਜ਼ਿਆਂ ਤੋਂ ਰੋਜ਼ਾਨਾ ਲਗਭਗ 7-8 ਕਰੋੜ ਤੋਂ ਵੱਧ ਰੁਪਇਆ ਇਕੱਠਾ ਹੁੰਦਾ ਹੈ। ਸਰਕਾਰ, ਨਿੱਜੀ ਕੰਪਨੀਆਂ ਤੇ ਪ੍ਰਸ਼ਾਸਨ ਦੀ ਮਿਲ਼ੀਭੁਗਤ ਨਾਲ਼ ਟੌਲ ਪਲਾਜ਼ਿਆਂ ਰਾਹੀਂ ਲੋਕਾਂ ਦੀ ਲੁੱਟ ਦਾ ਇਹ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ। ਕੰਪਨੀਆਂ ਫਾਸਟ ਟੈਗ ਦੇ ਨਾਮ 'ਤੇ ਲੋਕਾਂ ਕੋਲ਼ੋਂ ਦੂਹਰਾ ਟੈਕਸ ਵਸੂਲਦੀਆਂ ਹਨ। ਕਾਨੂੰਨੀ ਤੌਰ 'ਤੇ ਟੌਲ ਜਿਸ ਜ਼ਿਲ੍ਹੇ ਵਿਚ ਹੋਵੇ ਉਸ ਜ਼ਿਲ੍ਹੇ ਵਿਚ ਆਉਂਦੇ ਵਾਹਨਾਂ ਨੂੰ 50% ਛੋਟ ਦੇਣੀ ਲਾਜ਼ਮੀ ਹੈ। ਪਰ ਪੰਜਾਬ ਵਿਚ ਇਹ ਟੌਲ ਸ਼ਰ੍ਹੇਆਮ ਲੁੱਟ ਮਚਾ ਰਹੇ ਹਨ ਅਤੇ ਇਨ੍ਹਾਂ ਦੀ ਗਿਣਤੀ ਵੀ ਚੋਖੀ ਹੈ। ਚੰਡੀਗੜ੍ਹ ਤੋਂ ਖਨੌਰੀ ਜਾਣ ਵੇਲ਼ੇ ਚਾਰ ਟੌਲ ਪਲਾਜ਼ੇ ਆਉਂਦੇ ਹਨ। ਚੰਡੀਗੜ੍ਹ ਤੋਂ ਬਠਿੰਡਾ ਜਾਣ ਵੇਲ਼ੇ ਪੰਜ ਟੌਲ ਆਉਂਦੇ ਹਨ। ਚੰਡੀਗੜ੍ਹ ਤੋਂ ਜਲੰਧਰ ਜਾਣ ਵੇਲ਼ੇ ਤਿੰਨ ਟੌਲ ਆਉਂਦੇ ਹਨ। ਪੰਜਾਬ ਵਿਚ 'ਭਾਰਤ ਦੇ ਕੌਮੀ ਸ਼ਾਹਰਾਹ ਮਹਿਕਮੇ' ਦੇ ਅਧੀਨ 25 ਟੌਲ ਪਲਾਜ਼ੇ ਹਨ। ਇਨ੍ਹਾਂ ਵਿਚੋਂ ਕੁੱਝ ਟੌਲ ਉਸਾਰੋ-ਚਲਾਓ-ਤਬਾਦਲੇ ਅਧੀਨ ਵੀ ਹਨ ਜੋ ਨਿੱਜੀ ਕੰਪਨੀਆਂ ਵੱਲੋਂ ਚਲਾਏ ਜਾ ਰਹੇ ਹਨ। 'ਰੋਹਨ ਰਾਜਦੀਪ ਟੌਲਵੇਅ ਲਿਮਿਟਡ' ਦੇ 6 ਟੌਲ ਪਲਾਜ਼ੇ ਹਨ ਜੋ ਬਲਾਚੌਰ-ਹੁਸ਼ਿਆਰਪੁਰ-ਦਸੂਹਾ ਰੋਡ, ਪਟਿਆਲਾ-ਸਮਾਣਾ-ਪਾਤੜਾਂ ਰੋਡ, ਕੀਰਤਪੁਰ ਸਾਹਿਬ-ਆਨੰਦਪੁਰ ਸਾਹਿਬ-ਊਨਾ ਰੋਡ, ਦਾਖਾ-ਬਰਨਾਲਾ-ਰਾਏਕੋਟ ਰੋਡ, ਮੋਰਿੰਡਾ-ਕੁਰਾਲੀ-ਸਿਸਵਾਂ ਰੋਡ ਅਤੇ ਜਗਰਾਓਂ-ਨਕੋਦਰ ਰੋਡ ਉੱਤੇ ਕਾਬਜ਼ ਹਨ। ਅਟਲਾਂਟਾ ਰੋਪੜ ਚਮਕੌਰ ਸਾਹਿਬ-ਨੀਲੋਂ ਦੋਰਾਹਾ ਰੋਡ 'ਤੇ 'ਟੌਲਵੇਅ ਪ੍ਰਾਈਵੇਟ ਲਿਮਟਿਡ' ਕਾਬਜ਼ ਹੈ।

ਟੌਲ ਪਲਾਜ਼ਿਆਂ ਬਹਾਨੇ ਲੋਕਾਂ ਵੱਲੋਂ ਖਰੀਦੇ ਵਾਹਨਾਂ ਉੱਤੇ ਸਰਕਾਰਾਂ ਦੋਹਰਾ ਟੈਕਸ ਲਾਉਂਦੀਆਂ ਹਨ। ਕੋਈ ਵਾਹਨ ਖ਼ਰੀਦਣ ਉੱਤੇ ਸਰਕਾਰ ਵੱਲੋਂ ਵਾਹਨ ਦੀ ਰਜਿਸਟ੍ਰੇਸ਼ਨ ਵੇਲ਼ੇ ਹੀ ਇਸਨੂੰ ਖਰੀਦਣ ਵਾਲ਼ੇ ਕੋਲ਼ੋਂ ਰੋਡ ਟੈਕਸ ਵਸੂਲ ਕਰ ਲਿਆ ਜਾਂਦਾ ਹੈ। ਇਸ ਤਰ੍ਹਾਂ ਜਦ ਵਾਹਨ ਦੇ ਸੜਕ ਉੱਤੇ ਆਉਣ ਤੋਂ ਪਹਿਲਾਂ ਹੀ ਉਸਦਾ ਰੋਡ ਟੈਕਸ ਭਰ ਦਿੱਤਾ ਜਾਂਦਾ ਹੈ ਤਾਂ ਫਿਰ ਟੌਲ ਬਹਾਨੇ ਦੂਹਰਾ ਟੈਕਸ ਲੈਣ ਦਾ ਕੋਈ ਆਧਾਰ ਹੀ ਨਹੀਂ ਰਹਿ ਜਾਂਦਾ। ਪਰ ਸਰਕਾਰ ਇਸ ਤਰ੍ਹਾਂ ਕਰ ਕੇ ਲੋਕਾਂ ਉੱਤੇ ਦੂਹਰਾ ਟੈਕਸ ਲਾਉਂਦੀ ਹੈ। ਜੇ ਕਿਸੇ ਸਾਧਨ ਉੱਤੇ ਫਾਸਟ ਟੈਗ ਨਹੀਂ ਲੱਗਾ ਤਾਂ ਉਸ ਕੋਲ਼ੋਂ ਤਾਂ ਟੌਲ ਕੰਪਨੀਆਂ ਵੱਲੋਂ ਹੋਰ ਵੀ ਜ਼ਿਆਦਾ, ਇੱਕ ਤਰ੍ਹਾਂ ਨਾਲ਼ ਤੀਹਰਾ ਟੈਕਸ ਵਸੂਲ ਕਰ ਲਿਆ ਜਾਂਦਾ ਹੈ।

ਇਸ ਤਰ੍ਹਾਂ ਇਸ ਖੇਤਰ ਦੀਆਂ ਨਿੱਜੀ ਕੰਪਨੀਆਂ ਕਰੋੜਾਂ ਦਾ ਮੁਨਾਫਾ ਕੁੱਟਦੀਆਂ ਹਨ। ਪਹਿਲੀ ਗੱਲ ਤਾਂ ਇਹ ਕਿ ਸੜਕਾਂ ਲੋਕਾਂ ਦੀ ਸਾਂਝੀ ਮਲਕੀਅਤ ਹੁੰਦੀਆਂ ਹਨ ਅਤੇ ਲੋਕਾਂ ਲਈ ਸੜਕਾਂ ਦੇ ਨਿਰਮਾਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ। ਇੱਕ ਗੱਲ ਹੋਰ ਜੋ ਧਿਆਨ ਦੇਣ ਯੋਗ ਹੈ ਕਿ ਮੁਨਾਫ਼ੇ ਖਾਤਰ ਮੰਡੀ ਲਈ ਪੈਦਾ ਕੀਤੇ ਗਏ ਭਾਰੀ ਮਾਲ ਦੀ ਇਕ ਥਾਂ ਤੋਂ ਦੂਜੇ ਥਾਂ ਢੋਆ ਢੁਆਈ ਕਰਨ ਲਈ, ਆਪਣੇ ਕਾਰੋਬਾਰ ਦੀ ਗਤੀ ਨੂੰ ਤੇਜ਼ ਕਰਨ ਲਈ ਬਿਹਤਰ ਅਤੇ ਮਜ਼ਬੂਤ ਸੜਕਾਂ ਦੀ ਆਮ ਲੋਕਾਂ ਨਾਲ਼ੋਂ ਕਿਤੇ ਵੱਧ ਲੋੜ ਸਰਮਾਏਦਾਰਾਂ, ਵੱਡੇ ਕਾਰੋਬਾਰੀਆਂ ਨੂੰ ਹੁੰਦੀ ਹੈ। ਆਵਾਜਾਈ ਲਈ ਬਿਹਤਰ ਸੜਕਾਂ ਦੇ ਇਸੇ ਜੰਜਾਲ ਸਦਕਾ ਹੀ ਉਨ੍ਹਾਂ ਦਾ ਮਾਲ ਦੇਸ਼ ਦੇ ਕੋਨੇ-ਕੋਨੇ ਤੱਕ ਤੇਜ਼ੀ ਨਾਲ਼ ਪਹੁੰਚ ਪਾਉਂਦਾ ਹੈ। ਪਰ ਆਮ ਲੋਕਾਂ ਉੱਤੇ ਭਾਰੀ ਸੜਕੀ ਕਰ ਬੇਲੋੜੇ ਹੀ ਲਾ ਦਿੱਤੇ ਜਾਂਦੇ ਹਨ। ਜਦਕਿ ਨਿੱਕੀ ਜਿਹੀ ਸੂਈ ਤੋਂ ਲੈ ਕੇ ਲੋਕਾਂ ਵੱਲੋਂ ਖਰੀਦੀ ਜਾਣ ਵਾਲ਼ੀ ਹਰ ਲੋੜੀਂਦੀ ਸ਼ੈਅ ਉੱਤੇ ਸਰਕਾਰ ਲੋਕਾਂ ਕੋਲ਼ੋਂ ਕਰ ਲੈਂਦੀ ਹੈ ਜਿਸ ਵੱਟੇ ਸੜਕੀ ਆਵਾਜਾਈ ਦੀ ਮੁਫਤ ਸਹੂਲਤ ਹਾਸਲ ਕਰਨਾ ਲੋਕਾਂ ਦਾ ਹੱਕ ਬਣਦਾ ਹੈ।

ਪਰ ਇੱਥੇ ਤਾਂ ਸਰਕਾਰੀ ਸ਼ਹਿ 'ਤੇ ਸਗੋਂ ਗੈਰ ਕਾਨੂੰਨੀ ਤਰੀਕੇ ਨਾਲ਼ ਟੌਲ ਪਲਾਜ਼ੇ ਚਲਾਏ ਜਾ ਰਹੇ ਹਨ। ਟੌਲ ਕੰਪਨੀਆਂ ਗੈਰ ਮਿਆਰੀ ਸੜਕਾਂ ਬਣਾ ਕੇ ਹੀ ਬੁੱਤਾ ਸਾਰ ਲੈਂਦੀਆਂ ਹਨ, ਬਹੁਤੀ ਵਾਰ ਤਾਂ ਸੜਕਾਂ, ਪੁਲ ਆਦਿ ਦਾ ਕੰਮ ਪੂਰਾ ਹੀ ਨਹੀਂ ਕਰਦੀਆਂ ਅਤੇ ਕੰਮ ਮੁਕੰਮਲ ਹੋਣ ਤੋਂ ਪਹਿਲਾਂ ਹੀ ਕੰਪਨੀਆਂ ਟੌਲ ਵਸੂਲਣ ਲੱਗ ਜਾਂਦੀਆਂ ਹਨ। ਜਲੰਧਰ ਤੋਂ ਪਾਣੀਪਤ ਤੱਕ ਜੋ ਟੌਲ ਸੜਕ ਤਿਆਰ ਕੀਤੀ ਜਾਣੀ ਸੀ ਉਸ ਦਾ ਠੇਕਾ ਸਰਕਾਰ ਨੇ ਮਈ 2008 ਵਿਚ ਇੱਕ ਨਿੱਜੀ ਕੰਪਨੀ ਨੂੰ ਦਿੱਤਾ ਸੀ। ਮਈ 2009 ਤੋਂ ਇਸਨੂੰ ਬਣਾਉਣ ਦਾ ਕੰਮ ਸ਼ੁਰੂ ਹੋਇਆ ਜਿਸਨੂੰ ਨਵੰਬਰ 2011 ਤੱਕ ਮੁਕੰਮਲ ਕੀਤਾ ਜਾਣਾ ਸੀ ਅਤੇ ਕੰਪਨੀ ਇਸ ਤੋਂ ਬਾਅਦ ਹੀ ਟੌਲ ਟੈਕਸ ਦੀ ਵਸੂਲੀ ਕਰ ਸਕਦੀ ਸੀ। ਪਰ ਹਾਲਾਤ ਇਹ ਹਨ ਕਿ 2-3 ਸਾਲ ਤਾਂ ਕੀ ਪੂਰਾ ਦਹਾਕਾ ਲੰਘ ਗਿਆ ਪਰ ਕੰਪਨੀ ਨੇ ਸੜਕ ਦਾ ਕੰਮ ਮੁਕੰਮਲ ਨਹੀਂ ਕੀਤਾ ਪਰ ਇਸ ਪੂਰੇ ਦਹਾਕੇ ਦੌਰਾਨ ਸੜਕ ਤੋਂ ਲੰਘਣ ਵਾਲ਼ਿਆਂ ਤੋਂ ਕੰਪਨੀ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ਼ ਟੌਲ ਟੈਕਸ ਉਗਰਾਹਿਆ ਜਾਂਦਾ ਰਿਹਾ। ਇਸ ਸੜਕ ਉੱਤੇ ਪੈਂਦੇ ਲਾਡੋਵਾਲ ਟੌਲ ਪਲਾਜ਼ੇ 'ਤੇ ਹਰ ਸਾਲ 40 ਤੋਂ 50 ਲੱਖ ਰੁਪਏ ਇਕੱਠੇ ਹੁੰਦੇ ਰਹੇ। ਇਕੱਲੇ ਇਸੇ ਟੌਲ ਤੋਂ 10 ਸਾਲਾਂ ਵਿਚ ਤਕਰੀਬਨ 1400 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ। ਕੰਪਨੀ ਨੂੰ ਚੰਗੀ ਕਮਾਈ ਕਰਵਾ ਕੇ ਅਖੀਰ ਇਸ ਅਧੂਰੇ ਪ੍ਰੋਜੈਕਟ ਨੂੰ ਭਾਰਤ ਦੇ ਕੌਮੀ ਸ਼ਾਹਰਾਹ ਮਹਿਕਮੇ ਨੇ ਕੰਪਨੀ ਤੋਂ ਵਾਪਸ ਲੈ ਲਿਆ। ਨਿੱਜੀ ਕੰਪਨੀ ਨੂੰ ਬਿਨਾਂ ਖਰਚ ਕੀਤੇ ਕਰੋੜਾਂ ਦਾ ਮੁਨਾਫਾ ਦੇਣ ਤੋਂ ਬਾਅਦ ਸਰਕਾਰ ਕਹਿੰਦੀ ਹੈ ਕਿ ਟੌਲ ਸੜਕ ਦੀ ਮੁਰੰਮਤ ਉੱਤੇ ਅਜੇ 600 ਕਰੋੜ ਦਾ ਖਰਚਾ ਆਵੇਗਾ। ਇਸੇ ਤਰ੍ਹਾਂ ਪਾਣੀਪਤ-ਅੰਮ੍ਰਿਤਸਰ ਹਾਈਵੇਅ 'ਤੇ 'ਸੋਮਾ ਆਈਸੋਲਕਸ' ਨਾਮੀ ਨਿੱਜੀ ਟੌਲ ਕੰਪਨੀ ਵੱਲੋਂ 2009 ਤੋਂ 2012 ਦਰਮਿਆਨ ਪ੍ਰੋਜੈਕਟ ਪੂਰਾ ਕੀਤੇ ਬਿਨਾਂ ਹੀ ਗੈਰ-ਕਾਨੂੰਨੀ ਢੰਗ ਨਾਲ਼ ਟੌਲ ਫੀਸ ਵਸੂਲੀ ਗਈ ਅਤੇ ਚੰਗੀ ਕਮਾਈ ਕੀਤੀ ਗਈ।

ਲੋਕਾਂ ਵਿਚ ਇਨ੍ਹਾਂ ਟੌਲ ਪਲਾਜ਼ਿਆਂ ਖ਼ਿਲਾਫ਼ ਗੁੱਸਾ ਖੇਤੀ ਕਾਨੂੰਨਾਂ ਵਿਰੁੱਧ ਚੱਲੇ ਘੋਲ਼ ਦੌਰਾਨ ਉੱਭਰ ਕੇ ਸਾਹਮਣੇ ਆਇਆ ਜਦ ਦੇਸ਼ ਵਿਚ ਕਈ ਥਾਈਂ ਅਤੇ ਖਾਸ ਤੌਰ 'ਤੇ ਪੰਜਾਬ ਅਤੇ ਹਰਿਆਣੇ ਦੇ ਟੌਲ ਪਲਾਜ਼ੇ ਲੋਕਾਂ ਵੱਲੋਂ ਮੁਕੰਮਲ ਤੌਰ 'ਤੇ ਮੁਫਤ ਕਰਵਾ ਦਿੱਤੇ ਗਏ ਸਨ। ਬੀਤੇ ਕੁਝ ਹਫਤਿਆਂ ਤੋਂ ਪੰਜਾਬ ਦੇ 11 ਜ਼ਿਲ੍ਹਿਆਂ ਵਿਚ 18 ਟੌਲ ਪਲਾਜ਼ੇ ਲੋਕਾਂ ਨੇ ਮੁਫਤ ਕਰਵਾਏ ਹੋਏ ਹਨ, ਜੋ ਕਿ ਸ਼ਲਾਘਾਯੋਗ ਅਤੇ ਹੱਕੀ ਉਪਰਾਲਾ ਹੈ। ਪਰ ਸਰਕਾਰਾਂ ਦਾ ਰਵੱਈਆ ਵੇਖੋ, ਟੌਲ ਮੁਲਾਜ਼ਮਾਂ ਨੂੰ ਹੱਕੀ ਸੰਘਰਸ਼ ਕਰਨ ਵਾਲ਼ੇ ਲੋਕਾਂ ਖ਼ਿਲਾਫ਼ ਇਹ ਕਹਿ ਕੇ ਭੜਕਾਇਆ ਜਾਂਦਾ ਹੈ ਕਿ ਇਹ ਟੌਲ ਬੰਦ ਕਰਵਾ ਕੇ ਤੁਹਾਡਾ ਰੁਜ਼ਗਾਰ ਖੋਹ ਰਹੇ ਹਨ ਪਰ ਜਦ ਗਡਕਰੀ ਵਰਗੇ ਟੌਲ ਪਲਾਜ਼ਿਆਂ ਨੂੰ ਖਤਮ ਕਰ ਕੇ ਸਿੱਧਾ ਬੈਂਕ ਖਾਤਿਆਂ ਵਿਚੋਂ ਹੀ ਟੌਲ ਕੱਟਣ ਦੀਆਂ ਸਕੀਮਾਂ ਲਿਆ ਰਹੇ ਹਨ ਤਾਂ ਉਦੋਂ ਇਨ੍ਹਾਂ ਦੀ ਰੁਜ਼ਗਾਰ ਦੀ ਫਿਕਰ ਕਿੱਧਰ ਰਫੂ-ਚੱਕਰ ਹੋ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਸੰਸਦ ਵਿਚ ਕਿਹਾ ਸੀ ਕਿ ਸਰਕਾਰ ਦੇਸ਼ 'ਚ ਟੌਲ ਪਲਾਜ਼ਿਆਂ ਨੂੰ ਬਦਲਣ ਲਈ ਨਵੀਂ ਤਕਨੀਕ ਉੱਤੇ ਵਿਚਾਰ ਕਰ ਰਹੀ ਹੈ। 'ਭੂਗੋਲਕਿ ਸਥਿਤੀ ਸਿਸਟਮ' ਆਧਾਰਤ ਟੌਲ ਸਿਸਟਮ ਲਿਆਂਦਾ ਜਾਵੇਗਾ ਜਿਸ ਵਿਚ ਇੱਕ ਉਪਗ੍ਰਹਿ ਟੌਲ ਸਿਸਟਮ ਵਾਹਨ ਵਿਚ ਲੱਗਾ ਹੋਵੇਗਾ ਅਤੇ ਟੌਲ ਸਿੱਧੇ ਡਰਾਈਵਰ ਦੇ ਬੈਂਕ ਖਾਤੇ ਵਿਚੋਂ ਕੱਟਿਆ ਜਾਵੇਗਾ ਜਾਂ ਫਿਰ ਨੰਬਰ ਪਲੇਟਾਂ ਰਾਹੀਂ ਟੌਲ ਕੱਟਣ ਦੀਆਂ ਤਿਆਰੀਆਂ ਹਨ। ਏਨਾ ਜ਼ਰੂਰ ਹੈ ਕਿ ਫੋਕੀ ਵਾਹ-ਵਾਹੀ ਖੱਟਣ ਲਈ ਭਗਵੰਤ ਮਾਨ ਵਰਗੇ ਮਿਆਦ ਪੂਰੀ ਕਰ ਚੁੱਕੇ ਟੌਲ ਪਲਾਜ਼ਿਆਂ ਨੂੰ ਬੰਦ ਕਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੇ ਹਾਸੋਹੀਣੇ ਯਤਨ ਜ਼ਰੂਰ ਕਰਦੇ ਰਹਿੰਦੇ ਹਨ।

ਪਰ ਅਸਲੀਅਤ ਤਾਂ ਇਹ ਹੈ ਕਿ ਭਾਵੇਂ ਪੰਜਾਬ ਦੀ ਆਮ ਆਦਮੀ ਪਾਰਟੀ ਹੋਵੇ ਤੇ ਭਾਵੇਂ ਕੇਂਦਰ ਦੀ ਭਾਜਪਾ ਜਾਂ ਕੋਈ ਹੋਰ ਸਰਮਾਏਦਾਰਾ ਪਾਰਟੀ, ਨਿੱਜੀਕਰਨ ਦੀਆਂ ਨੀਤੀਆਂ ਉੱਤੇ ਇਹ ਸਾਰੀਆਂ ਇੱਕਸੁਰ ਹਨ। ਭਾਜਪਾ ਨੇ ਤਾਂ 5 ਸਾਲਾਂ ਵਿਚ ਸੜਕਾਂ ਨੂੰ ਵੇਚ ਕੇ ਇਸ ਤੋਂ 1 ਲੱਖ ਕਰੋੜ ਰੁਪਏ ਕਮਾਈ ਦਾ ਟੀਚਾ ਰੱਖਿਆ ਹੈ। ਲੋਕਾਂ ਪ੍ਰਤੀ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਕੇ ਇਹ ਸਾਰੀਆਂ ਨੰਗੇ ਚਿੱਟੇ ਰੂਪ ਵਿਚ ਹਾਕਮਾਂ ਦੀ ਬੁੱਕਲ ਵਿਚ ਜਾ ਬੈਠਦੀਆਂ ਹਨ। ਇਸ ਕਰਕੇ ਇਨ੍ਹਾਂ ਤੋਂ ਲੋਕਾਂ ਦੇ ਭਲੇ ਦੀ ਕੋਈ ਆਸ ਕਰਨਾ ਆਪਣੇ ਆਪ ਨਾਲ਼ ਧੋਖਾ ਕਰਨਾ ਹੋਵੇਗਾ। ਸੜਕਾਂ ਦੇ ਨਿੱਜੀਕਰਨ ਦੀਆਂ ਇਨ੍ਹਾਂ ਨੀਤੀਆਂ ਖ਼ਿਲਾਫ ਇੱਕਜੁੱਟ ਸੰਘਰਸ਼ ਜੁਟਾਉਣ ਦੀ ਲੋੜ ਹੈ।

# ਮਸੀਹੀਅਤ ਅਤੇ ਥਿਆਲੋਜੀ: ਧਰਮ ਅਧਿਐਨ ਦੇ ਸਿੱਖ ਪ੍ਰਸੰਗ ਵਿਚ ਮਾਡਲ ਪੁਸਤਕ

*(ਪਿਛਲੇ ਸਫੇ ਦਾ ਬਾਕੀ)*

ਅਖੀਰਲੇ ਅਧਿਆਇ ਛੇਵਾਂ ਰਾਹੀਂ ਮਸੀਹੀਅਤ ਨਾਲ ਜੁੜੇ ਹਰ ਰੰਗ ਦੇ ਸਰੋਕਾਰਾਂ ਦੇ ਹਵਾਲੇ ਨਾਲ ਇਹ ਸੱਚ ਸਾਹਮਣੇ ਲੈ ਆਂਦਾ ਹੈ ਕਿ ਧਰਮ ਨੇ ਸਮਾਜਿਕਤਾ ਅਤੇ ਅਕਾਦਮਿਕਤਾ ਨੂੰ ਨਾਲ ਲੈ ਕੇ ਤੁਰਨਾ ਹੁੰਦਾ ਹੈ। ਕਿਸੇ ਵੀ ਧਰਮ ਨੂੰ ਸਬੰਧਤ ਧਰਮ ਦੀ ਅਕਾਦਮਿਕਤਾ ਬਹੁਤੀ ਵਾਰ ਰਾਸ ਨਹੀਂ ਆਉਂਦੀ ਕਿਉਂਕਿ ਧਰਮ ਵਾਸਤੇ ਬੰਧਨ-ਮੁਕਤ ਹੋਣਾ ਮੁਸ਼ਕਲ ਹੈ ਅਤੇ ਅਕਾਦਮਿਕਤਾ ਵਾਸਤੇ ਬੰਧਨ-ਯੁਕਤ ਹੋਣਾ ਮੁਸ਼ਕਲ ਹੈ। ਦੋਹਾਂ ਵਿਚਕਾਰ ਜੇ ਸਹਿਜ-ਸਥਾਪਨ ਨਾ ਹੋਵੇ ਤਾਂ ਅਕਾਦਮਿਕਤਾ, ਵਿਸ਼ਵਾਸੀ ਪਰੰਪਰਾਵਾਂ ਤੋਂ ਆਤੰਕਤ (hegemony of classicism) ਹੋ ਕੇ ਧਰਮ ਵੱਲ ਪਿੱਠ ਕਰ ਲੈਂਦੀ ਹੈ। ਏਸੇ ਕਰਕੇ ਸਿੱਖ ਧਰਮ ਵਿਚ ਭਾਈ ਕਾਨ੍ਹ ਸਿੰਘ ਨਾਭਾ ਵਰਗੇ ਅਕਾਦਮੀਸ਼ਨ ਪੈਦਾ ਨਹੀਂ ਹੋ ਰਹੇ? ਧਰਮ ਦੀ ਅਕਾਦਮਿਕਤਾ ਵਿਚ ਧਰਮ ਅਤੇ ਅਕਾਦਮਿਕਤਾ ਦਾ ਸਹਿਜ-ਸਥਾਪਨ ਹੋਣਾ ਚਾਹੀਦਾ ਹੈ। ਇਸ ਸਹਿਜ-ਸਥਾਪਨ ਵਿਚੋਂ ਪੈਦਾ ਹੋਣ ਵਾਲੀ ਥਿਆਲੋਜੀ ਨਾਲ ਇਹ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ ਕਿ ਧਰਮ ਤਾਂ ਮਾਰਗ ਹੈ, ਮੰਜ਼ਲ ਨਹੀਂ ਹੈ। ਇਸ ਮਾਰਗ 'ਤੇ ਨਾ ਤੁਰੀਏ ਤਾਂ ਇਸ ਮਾਰਗ ਦਾ ਲਾਹਾ ਨਹੀਂ ਲਿਆ ਜਾ ਸਕਦਾ। ਇਸੇ ਕਰਕੇ ਧਰਮ ਨੂੰ ਧਾਰਨ ਕਰਨਾ ਹੁੰਦਾ ਹੈ। ਧਰਮ ਨੂੰ ਜਨਮ ਤੋਂ ਮੰਨ ਲੈਣ ਨਾਲ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਧਰਮ ਨੂੰ ਇਕ ਪਾਸੇ ਸਭਿਆਚਾਰ ਨਾਲ ਰਲਗੱਡ ਕਰ ਦੇਂਦੀਆਂ ਹਨ ਅਤੇ ਦੂਜੇ ਪਾਸੇ ਧਰਮ ਨੂੰ ਅਧਿਆਤਮਿਕਤਾ ਨਾਲੋਂ ਵਿਛੋੜਨ ਵਾਲੇ ਪਾਸੇ ਲੈ ਤੁਰਦੀਆਂ ਹਨ। ਸੱਚ ਤਾਂ ਇਹ ਹੈ ਕਿ ਬੰਦਾ ਸਭਿਆਚਾਰ ਵਿਚ ਪੈਦਾ ਹੁੰਦਾ ਹੈ ਅਤੇ ਧਰਮ ਨੂੰ ਪੈਦਾ ਹੋਣ ਤੋਂ ਬਾਅਦ ਧਾਰਨ ਕਰਦਾ ਹੈ। ਸਭਿਆਚਾਰ, ਇਕ ਵਹਿੰਦਾ ਦਰਿਆ ਹੈ ਅਤੇ ਇਸ ਵਿਚ ਉਹ ਸਾਰਾ ਕੁਝ ਸ਼ਾਮਲ ਹੁੰਦਾ ਹੈ, ਜਿਹੜਾ ਕਿਸੇ ਵੀ ਸਭਿਆਚਾਰਕ-ਭਾਈਚਾਰੇ ਦੀ ਪਰੰਪਰਾ ਅਤੇ ਸਮਕਾਲ ਨਾਲ ਜੁੜਿਆ ਹੋਇਆ ਹੁੰਦਾ ਹੈ। ਜਿਹੜੀ ਭੂਮਿਕਾ ਸਭਿਆਚਾਰ ਦੀ ਸਮਾਜ ਵਾਸਤੇ ਹੈ, ਕੁਝ ਉਸੇ ਤਰ੍ਹਾਂ ਦੀ ਭੂਮਿਕਾ ਧਰਮ ਵਿਚ ਥਿਆਲੋਜੀ ਦੀ ਹੁੰਦੀ ਹੈ। ਇਸੇ ਕਰਕੇ ਸਭ ਤੋਂ ਪਹਿਲਾਂ ਇਹ ਵੇਖੇ ਅਤੇ ਪਰਖੇ ਜਾਣ ਦੀ ਲੋੜ ਹੈ ਕਿ ਬੰਦੇ ਦੇ ਵਿਹਾਰ ਨੂੰ ਸੇਧਤ ਕਰਨ ਵਿਚ ਉਸ ਦੇ ਕੰਮ ਕਰਨ ਦੇ (ਹਾਲਾਤ, ਰਹਿਣ ਸਹਿਣ ਦੀਆਂ ਸਥਿਤੀਆਂ ਅਤੇ ਧਰਮ ਵਿਚੋਂ ਕਿਹੜਾ ਕਿਹੋ ਜਿਹੀ ਭੂਮਿਕਾ ਨਿਭਾ ਰਿਹਾ ਹੈ? ਇਸ ਆਧਾਰ 'ਤੇ ਸਿਹਤਮੰਦ ਅਤੇ ਬਿਮਾਰ ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਸੱਚ ਦੀ ਭਾਲ (discovering truth) ਅਤੇ ਪ੍ਰਭੂ ਦੀਆਂ ਗੱਲਾਂ (talking about God) ਵਿਚ ਬਹੁਤ ਫਰਕ ਹੈ। ਪਹਿਲੀ ਜਗਿਆਸਾ ਹੈ ਅਤੇ ਦੂਜਾ ਭੁੱਸ ਹੈ। ਭੁੱਸ ਨੇ ਹੀ ਹੌਲੀ-ਹੌਲੀ ਠਰਕ ਬਣ ਜਾਣਾ ਹੁੰਦਾ ਹੈ। ਇਹ ਧਰਮ ਦੇ ਵਿਸ਼ਵਾਸੀਆਂ ਨੂੰ ਆਦੀ (addicted) ਬਣਾਉਣ ਵਲ ਲੈ ਤੁਰਦਾ ਹੈ। ਇਸ ਨਾਲ ਧਾਰਮਿਕ ਸੁਰ ਵਿਚ ਸਫਲਤਾ ਸਹਿਤ ਨਿਭਣ ਨੂੰ ਥਿਆਲੋਜੀਕਲ ਸਰੋਕਾਰ ਸਮਝਿਆ ਜਾ ਸਕਦਾ ਹੈ। ਇਹੀ ਸਾਰਿਆਂ ਧਰਮਾਂ ਵਿਚ ਸਾਂਝਾ ਤੱਤ ਰਹਿੰਦਾ ਹੈ।

# 'ਮਸੀਹੀਅਤ ਅਤੇ ਥਿਆਲੋਜੀ' ਪੁਸਤਕ ਉੱਤੇ ਵਿਚਾਰ ਚਰਚਾ

**ਪਟਿਆਲਾ:** ਸਿੱਖ ਐਜੂਕੇਸ਼ਨ ਕੌਂਸਲ ਯੂ ਕੇ ਵੱਲੋਂ ਪ੍ਰਕਾਸ਼ਿਤ ਡਾ. ਹਰਦੇਵ ਸਿੰਘ ਦੀ ਰਚਨਾ 'ਮਸੀਹੀਅਤ ਅਤੇ ਥਿਆਲੋਜੀ' ਉੱਪਰ ਆਨ-ਲਾਈਨ ਅਤੇ ਆਫ-ਲਾਈਨ ਦੋਵਾਂ ਮਾਧਿਅਮਾਂ ਰਾਹੀਂ ਅੰਤਰਰਾਸ਼ਟਰੀ ਵਿਚਾਰ ਗੋਸ਼ਟੀ ਕਰਵਾਈ ਗਈ। ਪੰਜਾਬ ਵਿਚ ਇਹ ਸਮਾਗਮ ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਯੂ ਕੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਲੈਸਟਰ ਵਿਖੇ ਕਰਵਾਇਆ ਗਿਆ। ਦੋਹਾਂ ਥਾਵਾਂ 'ਤੇ ਵਿਦਵਾਨਾਂ ਨੇ ਗੂਗਲ ਮੀਟ ਰਾਹੀਂ ਵਿਚਾਰ ਸਾਂਝੇ ਕੀਤੇ ਅਤੇ ਵੱਡੀ ਗਿਣਤੀ ਵਿਚ ਦੇਸ਼-ਵਿਦੇਸ਼ ਦੇ ਵਿਦਵਾਨਾਂ ਅਤੇ ਖੋਜੀਆਂ ਨੇ ਆਨਲਾਈਨ ਹੀ ਇਸ ਵਿਚਾਰ-ਗੋਸ਼ਟੀ ਵਿਚ ਸ਼ਮੂਲੀਅਤ ਕੀਤੀ।

ਸਮਾਗਮ ਦੇ ਮੁੱਖ ਮਹਿਮਾਨ ਪ੍ਰੋਫੈਸਰ ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਨੇ ਡਾ. ਹਰਦੇਵ ਸਿੰਘ ਅਤੇ ਸਿੱਖ ਐਜੂਕੇਸ਼ਨ ਕੌਂਸਲ ਨੂੰ ਇਸ ਮੁਲਵਾਨ ਰਚਨਾ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਆਖਿਆ ਕਿ ਅੱਜ ਦਾ ਵਿਸ਼ਵ ਬਹੁ ਵਿਸ਼ਵਾਸੀ ਅਤੇ ਬਹੁਸਭਿਆਚਾਰਕ ਹੈ ਜਿਸ ਵਿਚ ਇਕ ਦੂਜੇ ਨੂੰ ਜਾਨਣ ਦੀ ਲੋੜ ਹੈ। ਸਮਾਗਮ ਦੀ ਸ਼ੁਰੂਆਤ ਡਾ. ਹਰਦੇਵ ਸਿੰਘ ਵੱਲੋਂ ਪੁਸਤਕ ਬਾਰੇ ਉਦਘਾਟਨੀ ਸ਼ਬਦਾਂ ਰਾਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ ਪੁਸਤਕ ਗੁਰਦਰਸ਼ਨ ਪੁਸਤਕ ਲੜੀ ਦਾ ਪਹਿਲਾ ਭਾਗ ਹੈ ਜਿਸ ਦੇ ਅੰਤਰਗਤ ਗੁਰਮਤਿ ਦੇ ਨਾਲ-ਨਾਲ ਵਿਸ਼ਵ ਧਰਮ ਦੇ ਥਿਆਲੋਜੀ, ਧਰਮ-ਸ਼ਾਸਤਰ ਸੰਬੰਧੀ ਸਿਧਾਂਤਾਂ ਦਾ ਅਧਿਐਨ ਕੀਤਾ ਜਾਣਾ ਹੈ।

ਹਰਵਿੰਦਰ ਸਿੰਘ, ਸਿੱਖ ਐਜੂਕੇਸ਼ਨ ਕੌਂਸਲ, ਯੂਕੇ ਵੱਲੋਂ ਪਤਵੰਤਿਆਂ ਅਤੇ ਵਿਦਵਾਨ ਖੋਜੀਆਂ ਨੂੰ ਜੀ ਆਇਆਂ ਆਖਿਆ ਗਿਆ। ਵਿਚਾਰ ਗੋਸ਼ਟੀ ਦੇ ਮੁੱਖ ਬੁਲਾਰੇ ਪ੍ਰੋਫੈਸਰ ਬਲਕਾਰ ਸਿੰਘ ਚੇਅਰਪਰਸਨ ਵਰਲਡ ਪੰਜਾਬੀ ਸੈਂਟਰ ਨੇ ਆਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ, ਵੱਖ ਵੱਖ ਸੰਪਰਦਾਵਾਂ ਦੇ ਵਿਦਵਾਨਾਂ ਨਾਲ ਰਚਾਇਆ ਸੰਵਾਦ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਦੇ ਸੱਚੇ ਵਾਰਸ ਬਣਨ ਲਈ ਸਿੱਖ ਅਕਾਦਮਿਕਤਾ ਦਾ ਵਿਸ਼ਵ ਧਰਮ ਅਧਿਐਨ ਦੇ ਖੇਤਰ ਵਿੱਚ ਕਦਮ ਰੱਖਣਾ ਮੁਬਾਰਕ ਯੋਗ ਹੈ। ਤਕਨੀਕੀ ਸੈਸ਼ਨ ਦੌਰਾਨ ਡਾ. ਸਿਕੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਡਾ. ਬਲਦੇਵ ਸਿੰਘ ਕੰਦੋਲਾ, ਪੰਜਾਬੀ ਵਿਕਾਸ ਮੰਚ ਯੂ ਕੇ ਅਤੇ ਅਵਤਾਰ ਸਿੰਘ ਯੂ ਕੇ ਆਦਿ ਨੇ ਪੁਸਤਕ ਸੰਬੰਧੀ ਪੜਚੋਲਵੇਂ ਖੋਜ ਪਰਚੇ ਪੇਸ਼ ਕੀਤੇ।




***ਵਰਲਡ ਪੰਜਾਬੀ ਸੈਂਟਰ ਪਟਿਆਲਾ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਲੈਸਟਰ, ਵਿਖੇ ਜੁੜੇ ਵਿਦਵਾਨ ਸੱਜਣ।***

ਇਸ ਤੋਂ ਇਲਾਵਾ ਪ੍ਰੋਫੈਸਰ ਕੇਹਰ ਸਿੰਘ ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਪ੍ਰੋਫੈਸਰ ਮਨਜੀਤ ਸਿੰਘ, ਪ੍ਰੋਫੈਸਰ ਹਰੀ ਸਿੰਘ, ਪ੍ਰਿੰਸੀਪਲ ਜਸਬੀਰ ਕੌਰ, ਗੁਰਮਤਿ ਕਾਲਜ ਪਟਿਆਲਾ, ਡਾ. ਸਤਿੰਦਰ ਸਿੰਘ ਰੰਧਾਵਾ ਡਿਪਟੀ ਡਾਇਰੈਕਟਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਬਹਾਦਰਗੜ੍ਹ ਸਾਹਿਬ, ਡਾ. ਅਸਪ੍ਰੀਤ ਕੌਰ, ਗੁਰਮਤਿ ਕਾਲਜ ਪਟਿਆਲਾ, ਡਾ. ਅਜੈਪਾਲ ਸਿੰਘ, ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਡਾ. ਗੁਰਸਿਮਰਨ ਕੌਰ, ਗੁਰੂ ਹਰਿਕ੍ਰਿਸ਼ਨ ਖਾਲਸਾ ਕਾਲਜ, ਪੰਜੋਖਰਾ ਸਾਹਿਬ, ਸੁਖਵਿੰਦਰ ਸਿੰਘ ਰਟੌਲ ਅਤੇ ਜਗਦੀਪ ਸਿੰਘ ਹਾਜ਼ਰ ਸਨ। ਸਮਾਗਮ ਦੇ ਅਖੀਰ ਵਿਚ ਸਿੱਖ ਐਜੂਕੇਸ਼ਨਲ ਕੌਸਲ ਵੱਲੋਂ ਡਾ. ਪਰਗਟ ਸਿੰਘ ਯੂ ਕੇ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੌਂਸਲ ਵੱਲੋਂ ਅਜੇਹੀ ਖੋਜ ਅਤੇ ਪ੍ਰਕਾਸ਼ਨਾ ਦੇ ਉਪਰਾਲੇ ਅੱਗੇ ਵੀ ਜਾਰੀ ਰਹਿਣਗੇ।

# ਸੁਫਨਾ ਅਤੇ ਸੁੱਖ ਸੁਨੇਹਾ

## ਕਲਾ ਪਰਿਕਰਮਾ

ਦਵਿੰਦਰ ਦਮਨ
ਫੋਨ: +91-98551-09660

ਮੈਂ ਸਾਰੇ ਧਰਤੀ ਵਾਸੀਆਂ ਨੂੰ ਸਾਲ 2023 ਨਵੇਂ ਵਰ੍ਹੇ ਦੀ ਮੁਬਾਰਕ ਦਿੰਦਾ ਹਾਂ ਅਤੇ ਇਕ ਸੁਨੇਹਾ ਵੀ।

ਉਦਾਂ ਤਾਂ ਹਰ ਬੀਤ ਗਿਆ ਪਲ ਪਿਛਲਾ ਵਰ੍ਹਾ ਹੋ ਜਾਂਦਾ ਹੈ ਅਤੇ ਹਰ ਅਗਲਾ ਪਲ ਨਵਾਂ ਵਰ੍ਹਾ ਬਣ ਜਾਂਦਾ ਹੈ ਪਰ ਅਸੀਂ ਜਨਵਰੀ ਦੇ ਪਹਿਲੇ ਦਿਨ ਨੂੰ ਹੀ ਨਵੇਂ ਸਾਲ ਦੀ ਸ਼ੁਰੂਆਤ ਮੰਨ ਲਿਆ ਹੈ। ਮੈਂ ਆਪਣੀ ਜ਼ਿੰਦਗੀ ਦੇ 79 ਸਾਲ ਹੰਢਾ ਕੇ 3 ਜਨਵਰੀ ਨੂੰ 80ਵੇਂ ਸਾਲ ਵਿਚ ਕਦਮ ਰੱਖਿਆ ਹੈ। ਇਸ ਮੌਕੇ ਮੈਂ ਆਪਣਾ ਇਕ ਸੁਫ਼ਨਾ ਹਰ ਧਰਤੀ ਵਾਸੀ ਨਾਲ ਸਾਂਝਾ ਕਰਨਾ ਚਾਹਾਂਗਾ।

ਇਹ ਸੁਫ਼ਨਾ ਮੈਂ ਸਭ ਤੋਂ ਪਹਿਲਾਂ 1965 ਵਿਚ ਲਿਆ ਸੀ। ਇਹ ਸੁਫ਼ਨਾ ਭਾਰਤ ਅਤੇ ਪਾਕਿਸਤਾਨ ਦੇ ਯੁੱਧ ਦੀ ਉਪਜ ਸੀ ਅਤੇ ਉਸ ਸਮੇਂ ਮੈਂ ਆਪਣੇ ਪਲੇਠੇ ਨਾਟਕ 'ਧਰਤੀ ਮਾਂ ਹੈ' (ਨਵਾਂ ਨਾਂ 'ਕਾਲਾ ਲਹੂ') ਰਾਹੀਂ ਆਪਣੇ ਇਸ ਸੁਫ਼ਨੇ ਨੂੰ ਆਪਣੇ ਦੇਸ਼ਵਾਸੀਆਂ ਨਾਲ ਸਾਂਝਾ ਕਰਨ ਦਾ ਹਰ ਸੰਭਵ ਯਤਨ ਵੀ ਕੀਤਾ ਸੀ। ਅੱਜ 58 ਵਰ੍ਹੇ ਬੀਤ ਜਾਣ ਉਪਰੰਤ ਵੀ ਇਹ ਸੁਫ਼ਨਾ ਮੇਰੇ ਅੰਦਰ ਜਿਉਂ ਦਾ ਤਿਉਂ ਮੌਜੂਦ ਹੈ। ਮੇਰੇ ਅੰਦਰ ਇਹ ਸੁਫ਼ਨਾ ਪ੍ਰਫੁੱਲਤ ਬਿਰਖ਼ ਦਾ ਰੂਪ ਧਾਰਨ ਕਰ ਚੁੱਕਾ ਹੈ ਜੋ ਮੇਰੇ ਅੰਦਰ ਧਰਤੀ 'ਤੇ ਪਿਆਰ ਅਤੇ ਸ਼ਾਂਤੀ ਦੀ ਬਹਾਲੀ ਲਈ ਤੜਪ ਪੈਦਾ ਕਰਦਾ ਰਹਿੰਦਾ ਹੈ। ਹਰ ਧਰਮ ਪਿਆਰ ਅਤੇ ਸ਼ਾਂਤੀ ਦੀ ਪ੍ਰੇਰਨਾ ਦਿੰਦਾ ਹੈ। ਸਮੁੱਚੀ ਮਾਨਵਤਾ ਦੀ ਭਲਾਈ ਦੀ ਗੱਲ ਕਰਦਾ ਹੈ ਪਰ ਪਿਆਰ ਅਤੇ ਸ਼ਾਂਤੀ ਕਿੱਥੇ ਹੈ? ਅਸਲ ਵਿਚ ਹਰ ਧਰਮ ਆਪਣੇ ਯੁੱਗ ਦੀ ਸੋਚ ਦੀ ਉਪਜ ਹੈ। ਸਮਾਂ ਪਾ ਕੇ ਇਹ ਸੋਚ ਧੁੰਦਲੀ ਪੈ ਜਾਂਦੀ ਹੈ ਤਾਂ ਕੁਝ ਚਲਾਕ ਅਤੇ ਖ਼ੁਦਗ਼ਰਜ਼ ਲੋਕਾਂ ਦੇ ਹੱਥਾਂ ਵਿਚ ਧਰਮ ਦੇ ਰੂਪ ਵਿਚ ਪਰਿਵਰਤਤ ਹੋ ਜਾਂਦੀ ਹੈ ਜੋ ਇਸ ਨੂੰ ਆਪਣੇ ਹਿਤਾਂ ਲਈ ਕਥਿਤ ਧਾਰਮਿਕ ਆਗੂਆਂ ਰਾਹੀਂ ਇਸ ਦੀ ਵਰਤੋਂ ਕਰਦੇ ਹਨ। ਇਹ ਚਲਾਕ ਤੇ ਖ਼ੁਦਗਰਜ਼ ਸ਼੍ਰੇਣੀ ਧਰਮ ਦਾ ਕਵਚ ਪਾ ਕੇ ਮਾਨਵਤਾ ਨੂੰ ਵੰਡਦੀ ਤੇ ਲੜਾਉਂਦੀ ਹੈ। ਦੇਸ਼ਾਂ ਦੇ ਇਲਾਕਿਆਂ ਦੇ ਟੋਟੇ ਕਰਦੀ ਹੈ। ਜੇ ਬੀਤੇ 'ਤੇ ਨਜ਼ਰ ਮਾਰੀਏ ਤਾਂ ਵੇਖਾਂਗੇ ਕਿ ਧਰਮ ਦੇ ਨਾਂ 'ਤੇ ਜਿੰਨਾ ਲਹੂ ਮਨੁੱਖ ਦਾ ਡੁੱਲ੍ਹਿਆ ਹੈ ਓਨਾ ਤਾਂ ਦੋ ਆਲਮੀ ਜੰਗਾਂ ਵਿਚ ਵੀ ਨਹੀਂ ਡੁੱਲ੍ਹਿਆ।

ਅਸੀਂ ਯੁੱਧਾਂ ਤੋਂ ਕੁਝ ਸਬਕ ਸਿੱਖੇ ਹਾਂ ਪਰ ਧਾਰਮਿਕ ਲੜਾਈਆਂ ਨੇ ਸਾਡੇ ਅੰਦਰ ਹੋਰ ਕੱਟੜਤਾ ਅਤੇ ਜ਼ਹਿਰ ਭਰੀ ਹੈ। ਪਹਿਲੀ ਆਲਮੀ ਜੰਗ ਤੋਂ ਬਾਅਦ ਅਮਨ ਕਾਇਮ ਰੱਖਣ ਲਈ ਦਾ ਗਠਨ ਕੀਤਾ ਗਿਆ। ਦੂਜੀ ਆਲਮੀ ਜੰਗ ਤੋਂ ਬਾਅਦ ਅਮਨ ਦੀ ਬਹਾਲੀ ਲਈ ਯੂ.ਐੱਨ.ਓ. ਹੋਂਦ ਵਿਚ ਲਿਆਂਦੀ। ਸਮੁੱਚੇ ਤੌਰ 'ਤੇ ਮਨੁੱਖਤਾ ਅਮਨ ਚਾਹੁੰਦੀ ਹੈ ਪਰ ਯੁੱਧ ਦੇ ਬੱਦਲ ਅਜੇ ਵੀ ਛਾਏ ਹੋਏ ਹਨ।


ਰੰਗਕਰਮੀ ਦਵਿੰਦਰ ਦਮਨ ਆਪਣੀ ਪਤਨੀ ਜਸਵੰਤ ਦਮਨ ਨਾਲ।


ਮਨੁੱਖ ਬਹੁਤ ਤਰੱਕੀ ਕਰ ਰਿਹਾ ਹੈ। ਵਿਗਿਆਨ ਰਾਹੀਂ ਇਸ ਨੇ ਬਹੁਤ ਸੁਖ-ਸਾਧਨ ਜੁਟਾਏ ਹਨ ਪਰ ਉਸ ਤੋਂ ਬਹੁਤੇ ਮਾਰੂ ਹਥਿਆਰ ਬਣਾਏ ਹਨ। ਅਜੇ ਰੁਕਿਆ ਨਹੀਂ। ਦਿਨੋ-ਦਿਨ ਵੱਧ ਤੋਂ ਵੱਧ ਤਬਾਹੀ ਬਾਰੇ ਸੋਚ ਰਿਹਾ ਹੈ। ਹਰ ਦੇਸ਼ ਆਪਣੀ ਸੁਰੱਖਿਆ ਦੀ ਆੜ ਥੱਲੇ ਫ਼ੌਜਾਂ ਅਤੇ ਮਾਰੂ ਹਥਿਆਰਾਂ ਉਪਰ ਅਰਬਾਂ-ਖਰਬਾਂ ਰੁਪਏ ਖਰਚ ਕਰ ਰਿਹਾ ਹੈ। ਦੂਜੇ ਪਾਸੇ ਹਰ ਦੇਸ਼ ਅੰਦਰ ਥੋੜ੍ਹੇ ਬਹੁਤੇ ਫ਼ਰਕ ਨਾਲ ਗ਼ਰੀਬੀ, ਭੁੱਖਮਰੀ ਅਤੇ ਬਿਮਾਰੀਆਂ ਨਾਲ ਲੋਕ ਤੜਫ ਰਹੇ ਹਨ। ਵੇਸਵਾਗਿਰੀ ਜ਼ੋਰਾਂ 'ਤੇ ਹੈ। ਕਿੰਨੇ ਹੀ ਲੋਕਾਂ ਦੇ ਸਿਰ 'ਤੇ ਛੱਤ ਨਹੀਂ ਹੈ। ਹੋਰ ਤਾਂ ਹੋਰ ਹਜ਼ਾਰਾਂ ਹੀ ਲੋਕਾਂ ਕੋਲ ਆਪਣਾ ਦੇਸ਼ ਤਕ ਨਹੀਂ ਹੈ। ਜਦੋਂਕਿ ਇਹ ਧਰਤੀ ਕਿਸੇ ਇਕ ਦੀ ਨਹੀਂ, ਸਭ ਦੀ ਸਾਂਝੀ ਹੈ। ਇਸ ਸਭ ਕੁਝ ਲਈ ਕੌਣ ਜ਼ਿੰਮੇਵਾਰ ਹੈ? ਵੱਡਾ ਖ਼ਤਰਾ ਕਿਸ ਤੋਂ ਹੈ? ਇਹ ਕਦੋਂ ਤੀਕ ਚਲਦਾ ਰਹੇਗਾ?


***ਸੁਫ਼ਨਿਆਂ ਵਿਚ ਬਹੁਤ ਸ਼ਕਤੀ ਹੁੰਦੀ ਹੈ। ਸੁਫ਼ਨੇ ਹੌਲੀ ਹੌਲੀ ਸਾਡੀ ਸੋਚ ਦਾ ਹਿੱਸਾ ਬਣ ਜਾਂਦੇ ਹਨ, ਫਿਰ ਸੋਚ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਕਿਰਿਆਸ਼ੀਲ ਹੁੰਦੀ ਹੈ ਤੇ ਅੰਤ ਸੁਫ਼ਨਿਆਂ ਨੂੰ ਸਾਕਾਰ ਕਰਨ ਵਿਚ ਸਫ਼ਲ ਹੋ ਜਾਂਦੀ ਹੈ। ਅੱਜ ਤਕ ਦਾ ਸਾਰਾ ਵਿਕਾਸ ਮਨੁੱਖ ਦੇ ਸੁਪਨਿਆਂ ਦਾ ਸਾਕਾਰਾਤਮਿਕ ਸਰੂਪ ਹੈ। ਇਨ੍ਹਾਂ ਸੁਫ਼ਨਿਆਂ ਨੇ ਹੀ ਮਨੁੱਖ ਨੂੰ ਚੰਦ, ਹੋਰਨਾਂ ਧਰਤੀਆਂ ਅਤੇ ਸਿਤਾਰਿਆਂ ਤੀਕ ਪੁੱਜਣ ਦੀ ਪ੍ਰੇਰਨਾ ਦਿੱਤੀ ਹੈ। ਸੋ ਆਓ, ਇਕੱਠੇ ਹੋ ਕੇ ਹੰਭਲਾ ਮਾਰੀਏ।***

ਅੱਜ ਜ਼ਰੂਰਤ ਹੈ ਕਿ ਧਰਮ, ਰੰਗ, ਨਸਲ ਅਤੇ ਜਾਤ-ਪਾਤ ਨੂੰ ਇਕ ਪਾਸੇ ਰੱਖ ਕੇ ਸਾਰੀ ਮਾਨਵਤਾ ਨੂੰ ਇਕਜੁੱਟ ਕੀਤਾ ਜਾਵੇ। ਸਾਰੇ ਵਿਸ਼ਵ ਨੂੰ ਵਿਸ਼ਵ ਪਿੰਡ ਵਿਚ ਬਦਲਿਆ ਜਾਵੇ। ਅਮੀਰ ਅਤੇ ਤਾਕਤਵਰ ਦੇਸ਼ ਆਪਣੇ ਵਪਾਰਕ ਲਾਭ ਲਈ ਤਾਂ ਵਿਸ਼ਵੀਕਰਨ ਦੀ ਹਾਮੀ ਭਰਦੇ ਹਨ ਪਰ ਸਮੁੱਚੀ ਮਾਨਵਤਾ ਦੀ ਸੁਖ-ਸ਼ਾਂਤੀ ਲਈ ਵਿਸ਼ਵੀਕਰਨ ਤੋਂ ਮੂੰਹ ਮੋੜਦੇ ਹਨ। ਵਿਸ਼ਵ ਪਿੰਡ ਦੀ ਰਚਨਾ ਸੰਭਵ ਹੈ, ਅਸੰਭਵ ਨਹੀਂ। ਜੇਕਰ ਭਾਰਤ, ਅਮਰੀਕਾ ਅਤੇ ਕਈ ਹੋਰ ਦੇਸ਼ਾਂ ਵਿਚ ਵੀ ਵੱਖ-ਵੱਖ ਨਸਲਾਂ, ਵੱਖ-ਵੱਖ ਧਰਮਾਂ ਅਤੇ ਵੱਖੋ-ਵੱਖਰੀਆਂ ਬੋਲੀਆਂ ਬੋਲਣ ਵਾਲੇ ਲੋਕ ਵੱਖ-ਵੱਖ ਇਲਾਕਿਆਂ ਵਿਚ ਰਹਿੰਦੇ ਹੋਏ ਇਕ ਦੇਸ਼ ਵਿਚ ਇਕੱਠੇ ਰਹਿ ਸਕਦੇ ਹਨ ਤਾਂ ਸਾਰਾ ਵਿਸ਼ਵ ਇਕ ਦੇਸ਼, ਇਕ ਪਿੰਡ ਕਿਉਂ ਨਹੀਂ ਬਣ ਸਕਦਾ? ਭਾਵੇਂ ਇਸ ਵਿਚਾਰ ਨੂੰ ਮੇਰੇ ਵਰਗੇ ਸਨਕੀਆਂ ਦਾ ਇਕ ਆਦਰਸ਼ਵਾਦੀ ਸੁਫ਼ਨਾ ਹੀ ਸਮਝ ਲਿਆ ਜਾਵੇ ਪਰ ਇਹ ਸੁਫ਼ਨਾ ਸਾਕਾਰ ਹੋ ਸਕਦਾ ਹੈ। ਅੱਜ ਇਸ ਸੁਫ਼ਨੇ ਨੂੰ ਸਾਕਾਰ ਕਰਨ ਦੀ ਅਤਿਅੰਤ ਲੋੜ ਹੈ।

ਮੰਨਿਆ ਕਿ ਮੁੱਠੀ ਭਰ ਲਾਲਚੀ ਅਤੇ ਖ਼ੁਦਗ਼ਰਜ਼ ਲੋਕਾਂ ਦੀ ਇਕ ਸ਼੍ਰੇਣੀ ਇਸ ਸੁਫ਼ਨੇ ਦਾ ਡਟ ਕੇ ਵਿਰੋਧ ਕਰੇਗੀ ਪਰ ਫਿਰ ਕੀ ਹੋਇਆ? ਵਿਰੋਧ ਤੋਂ ਡਰਨ ਦੀ ਲੋੜ ਨਹੀਂ। ਵਿਰੋਧ ਵਿਚੋਂ ਹੀ ਵਿਕਾਸ ਪੈਦਾ ਹੁੰਦਾ ਹੈ। ਹੁਣ ਤਕ ਦਾ ਸਾਰਾ ਵਿਕਾਸ ਵਿਰੋਧ ਦਾ ਹੀ ਸਿੱਟਾ ਹੈ। ਇਸ ਸੁਫ਼ਨੇ ਦੀ ਪੂਰਤੀ ਲਈ ਬਹੁਤ ਯਤਨਾਂ ਦੀ ਲੋੜ ਹੈ। ਧਰਤੀ ਦੇ ਹਰ ਵਾਸੀ ਨੂੰ ਇਸ ਸੁਫ਼ਨੇ ਪ੍ਰਤੀ ਸੁਚੇਤ ਕਰਨਾ ਪਵੇਗਾ। ਸਵਾਲ ਪੈਦਾ ਹੁੰਦਾ ਹੈ ਕਿ ਕੌਣ ਸੁਚੇਤ ਕਰੇਗਾ? ਸ਼ੁਰੂ ਵਿਚ ਇਹ ਕੰਮ ਵਿਗਿਆਨੀਆਂ, ਚਿੰਤਕਾਂ, ਬੁੱਧੀਜੀਵੀਆਂ ਅਤੇ ਸਭ ਤੋਂ ਵਧ ਕੇ ਲੇਖਕਾਂ, ਰੰਗਕਰਮੀਆਂ ਅਤੇ ਕਲਾਕਾਰਾਂ ਦਾ ਕਰਨਾ ਬਣਦਾ ਹੈ। ਉਹ ਹੀ ਲੋਕਾਂ ਦੇ ਮਨ ਅੰਦਰ ਇਸ ਸੁਫ਼ਨੇ ਦਾ ਬੀਜ ਬੀਜ ਸਕਦੇ ਹਨ। ਉਸ ਤੋਂ ਬਾਅਦ ਸਮਾਜ ਸੇਵੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਲੋਕਾਂ ਦੀ ਆਵਾਜ਼ ਨੂੰ ਸੰਗਠਤ ਰੂਪ ਵਿਚ ਆਪੋ ਆਪਣੀਆਂ ਸਰਕਾਰਾਂ ਕੋਲ ਪਹੁੰਚਾਉਣ ਵਾਲੇ ਪਾਸੇ ਨਾ ਸਿਰਫ਼ ਪ੍ਰੇਰਨ ਸਗੋਂ ਸੁਪਨੇ ਨੂੰ ਸਾਕਾਰ ਕਰਨ ਲਈ ਜ਼ੋਰਦਾਰ ਸੰਘਰਸ਼ ਵੀ ਕਰਨ।

ਸੁਫ਼ਨਿਆਂ ਵਿਚ ਬਹੁਤ ਸ਼ਕਤੀ ਹੁੰਦੀ ਹੈ। ਸੁਫ਼ਨੇ ਹੌਲੀ ਹੌਲੀ ਸਾਡੀ ਸੋਚ ਦਾ ਹਿੱਸਾ ਬਣ ਜਾਂਦੇ ਹਨ, ਫਿਰ ਸੋਚ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਕਿਰਿਆਸ਼ੀਲ ਹੁੰਦੀ ਹੈ ਤੇ ਅੰਤ ਸੁਫ਼ਨਿਆਂ ਨੂੰ ਸਾਕਾਰ ਕਰਨ ਵਿਚ ਸਫ਼ਲ ਹੋ ਜਾਂਦੀ ਹੈ। ਅੱਜ ਤਕ ਦਾ ਸਾਰਾ ਵਿਕਾਸ ਮਨੁੱਖ ਦੇ ਸੁਪਨਿਆਂ ਦਾ ਸਾਕਾਰਾਤਮਿਕ ਸਰੂਪ ਹੈ। ਇਨ੍ਹਾਂ ਸੁਫ਼ਨਿਆਂ ਨੇ ਹੀ ਮਨੁੱਖ ਨੂੰ ਚੰਦ, ਹੋਰਨਾਂ ਧਰਤੀਆਂ ਅਤੇ ਸਿਤਾਰਿਆਂ ਤੀਕ ਪੁੱਜਣ ਦੀ ਪ੍ਰੇਰਨਾ ਦਿੱਤੀ ਹੈ। ਸੋ ਆਓ, ਇਕੱਠੇ ਹੋ ਕੇ ਹੰਭਲਾ ਮਾਰੀਏ। ਆਮੀਨ!








ਰੰਗਕਰਮੀ ਦਵਿੰਦਰ ਦਮਨ ਦੀਆਂ ਕਿਤਾਬਾਂ ਦੇ ਮੁਖੜੇ ਅਤੇ (ਐਨ ਸੱਜੇ) ਉਨ੍ਹਾਂ ਬਾਰੇ ਸੰਪਾਦਤ ਕਿਤਾਬ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਜਨਵਰੀ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-570



**ਦੇਵੇ ਲੱਖ ਅਸੀਸਾਂ ਸੱਸੜੀ ਦੇਖੋ, ਜਦੋਂ ਬਹੂ ਨੇ ਹੱਥ ਪੈਰੀਂ ਲਾਇਆ,**
**ਪੁੱਤੀਂ ਖੇਲ੍ਹੇ ਨੀਂ ਦੁੱਧੀਂ ਨ੍ਹਾਵੇਂ ਧੀਏ, ਆਖ ਹੱਥ ਸਿਰ 'ਤੇ ਟਿਕਾਇਆ।**
**ਸਦਾ ਸੁਹਾਗਣ ਰਹਿ ਨੀਂ ਧੀਏ, ਸਾਡਾ ਵਿਹੜਾ ਆ ਰੁਸ਼ਨਾਇਆ,**
**ਪੀੜ੍ਹੀ, ਚੌਂਕਾ, ਚੁੱਲ੍ਹਾ ਸਾਂਭ ਲੈ ਧੀਏ, ਤੇਰਾ ਘਰ ਹੈ ਨਹੀਂ ਪਰਾਇਆ।**

## ਕੈਪਸ਼ਨ ਮੁਕਾਬਲਾ-568



ਤਾਨਾਸ਼ਾਹਾਂ ਹੈ ਨੂੜਿਆ,
ਘੁੱਗੀ ਵਾਂਗਰ ਇਨਸਾਨ,
ਮੂੰਹੋਂ ਚੁੱਪ ਨ ਤੜਫੜਾਏ,
ਅੱਜ ਲੋਕਤੰਤਰ ਸਮਾਨ।
ਲਾਰਿਆਂ ਨਾਲ ਸਾਰਦੇ,
ਗੱਲਾਂ ਨਾਲ ਭਰਮਾਉਣ,
ਸਿਆਸਤ ਦੀ ਚਾਲ ਹੈ,
ਜਨਤਾ ਨੂੰ ਫੰਧੇ ਪਾਉਣ।
***-ਸੇਵਾ ਸਿੰਘ ਨੂਰਪੁਰੀ***

---

ਨੂੜ ਲਏ ਨੇ ਖੰਭ ਤੇ ਪੌਂਚ੍ਹੇ
ਗਲ਼ ਤੇਰੇ ਵਿਚ ਪਾਈ ਫਾਹੀ।
ਬੇਵਸ ਤੈਨੂੰ ਕਰ ਦਿੱਤਾ ਹੈ
ਜ਼ਾਲਮਾਂ ਨੇ ਹੈ ਸ਼ਰਮ ਹੀ ਲਾਹੀ।
ਅਮਨ ਇਨ੍ਹਾਂ ਨੂੰ ਪੋਂਹਦਾ ਨਾਹੀਂ
ਦਿੰਦਾ ਹੈ ਇਤਿਹਾਸ ਗਵਾਹੀ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ : +91 98783-37222***

---

ਅਮਨ ਦੀ ਰਟ ਹਰ ਕੋਈ ਲਾਉਂਦਾ,
ਜਾਲ 'ਚ ਫਸਾ ਕੇ ਰੱਖਣ ਦੀ,
ਲੁਕਵੀਂ ਇੱਛਾ ਹਰ ਕੋਈ ਰੱਖੇ।
ਅਮਨ ਚਾਹੁਣ ਵਾਲਿਆਂ ਦੇ ਹੱਕ 'ਚ,
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ,
ਜ਼ੁਲਮ ਕਰਨ ਵਾਲਿਆਂ ਦੇ ਛੁਡਾਏ ਛੱਕੇ।
ਅੱਜ ਵੀ ਵਰਤਾਰਾ ਉਹੀ ਚੱਲੇ,
ਗੁਰੂ ਗ੍ਰੰਥ ਸਾਹਿਬ ਦੀ ਓਟ,
ਮਜ਼ਲੂਮਾਂ ਦੀ ਲਾਜ ਰੱਖੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਰਾਜ ਕਰਦੀਆਂ ਸਰਕਾਰਾਂ ਦਾ ਖਾਸਾ
ਘੱਟ ਗਿਣਤੀਆਂ ਨੂੰ ਦਬਾਉਣਾ।
ਉਕਸਾਉਣਾ, ਫਿਰਕੂ ਦੰਗੇ ਲਾ ਤੀਲ੍ਹੀ
ਦੇ ਤਸੀਹੇ ਬੁੱਧੀਜੀਵੀਆਂ ਦੀ
ਆਵਾਜ਼ ਬੰਦ ਕਰਨ ਲਈ
ਮੰਗਦਾ ਜੋ ਹੱਕ,
ਨੂੜ ਦਿੱਤਾ ਸ਼ਾਂਤੀ ਦੀ ਨਿਸ਼ਾਨੀ
ਪਰਿੰਦਾ ਚੁੱਪ ਚਾਪ ਘੁੱਗੀ ਵਾਂਗ
ਅਮਨ ਦਾ ਪ੍ਰਤੀਕ ਸ਼ਾਂਤ ਰਹਿਣਾ ਚਾਹੁੰਦਾ
ਪੰਛੀ ਵੰਸ਼ ਵੀ
ਨਾ ਕੋਈ ਗੁਲੇਲਾਂ ਸੇਧੇ
ਉਨ੍ਹਾਂ ਦੇ ਬੱਚਿਆਂ ਨੂੰ
ਜ਼ਬਾਨ ਤਾਂ ਘੁੱਗੀ ਹੀ
ਫੰਗ ਵੀ ਨੂੜ ਨੂੜ
ਉਡਣ ਤੋਂ ਆਰੀ ਕਰ ਦਿੱਤੇ
ਪੁੱਛੋ ਉਸ ਇਨਸਾਨ ਤੋਂ
ਮੰਗਦੇ ਜੋ ਇਨਸਾਫ਼
ਪਰ ਧੱਕੇ ਜਾਂਦੇ ਹਵਾਲਾਤਾਂ 'ਚ।
***-ਦਰਸ਼ਨ ਪਾਲ ਦੋਸਾਂਝ।***

# ਸਨਾਤਨੀ ਹਿੰਦੂ ਮਤਿ ਦੀ ਆਤਮਿਕ ਆਜ਼ਾਦੀ ਦਾ ਅਗਲਾ ਪੜਾਅ ਗੁਰਮਤਿ

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ :

ਜਪਿ ਮਨ ਸਿਰੀ ਰਾਮੁ॥ ਰਾਮ ਰਮਤ ਰਾਮੁ॥ ਸਤਿ ਸਤਿ ਰਾਮੁ॥

ਬੋਲਹੁ ਭਈਆ ਸਦ ਰਾਮ ਰਾਮੁ ਰਾਮੁ ਰਵਿ ਰਹਿਆ ਸਰਬਗੇ॥ ੧॥ ਰਹਾਉ॥

ਰਾਮੁ ਆਪੇ ਆਪਿ ਆਪੇ ਸਭੁ ਕਰਤਾ ਰਾਮੁ ਆਪੇ ਆਪਿ ਆਪਿ ਸਭਤੁ ਜਗੇ॥

ਜਿਸੁ ਆਪਿ ਕ੍ਰਿਪਾ ਕਰੇ ਮੇਰਾ ਰਾਮ ਰਾਮ ਰਾਮ ਰਾਇ ਸੋ ਜਨੁ ਰਾਮ ਨਾਮ ਲਿਵ ਲਾਗੇ॥

ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ ਜੋ ਭਗਤ ਜਨਾਂ ਕੀ ਪਤਿ ਰਾਖੈ ਵਿਚਿ ਕਲਿਜੁਗ ਅਗੇ॥

ਜਨ ਨਾਨਕ ਕਾ ਅੰਗੁ ਕੀਆ ਮੇਰੈ ਰਾਮ ਰਾਇ ਦੁਸਮਨ ਦੂਖ ਗਏ ਸਭਿ ਭਗੇ॥ (1202)



ਹੇ ਮੇਰੇ ਮਨ! ਸ੍ਰੀ ਰਾਮ ਦਾ ਜਾਪ ਕਰ। ਰਾਮ! ਕਿਹੜਾ ਰਾਮ? ਰਮਤ ਰਾਮ, ਜਿਹੜਾ ਅਸੀਮ ਅਤੇ ਸਦੀਵੀ ਬ੍ਰਹਿਮੰਡ (ਬ੍ਰਹਮ) ਦੇ ਕਣ-ਕਣ ਵਿਚ ਰਮਿਆ ਹੋਇਆ ਹੈ। ਜਿਹੜਾ ਰਾਮ ਸਤਿ ਸਤਿ ਭਾਵ ਸਦੀਵੀ ਸਚ ਹੈ। ਉਸ ਰਾਮ ਦਾ ਜਾਪ

**ਗੁਰਬਚਨ ਸਿੰਘ**
**ਫੋਨ: +91-98156-98451**

ਕਰ। ਅਗਲੀ ਰਹਾਉ ਦੀ ਪੰਕਤੀ ਵਿਚ ਗੁਰੂ ਸਾਹਿਬ ਆਪਣੀ ਇਸ ਧਾਰਨਾ ਨੂੰ ਫਿਰ ਦੁਹਰਾਉਂਦੇ ਹਨ। ਬੋਲੋ ਭਰਾਵੋ! ਰਾਮ ਰਾਮ ਰਾਮ, ਜਿਹੜਾ ਰਾਮ ਸਭ ਥਾਂ ਰਮਿਆ ਹੋਇਆ ਹੈ। ਇਹ ਰਮਿਆ ਹੋਇਆ ਰਾਮ ਹੀ ਸਭ ਕੁਝ ਹੈ। ਇਹੀ ਰਮਤ ਰਾਮ ਕਰਤਾ ਦੇ ਰੂਪ ਵਿਚ ਸਿਰਜਣਹਾਰ ਹੈ। ਇਸੇ ਰਾਮ ਦਾ ਸਾਰੇ ਜਗਤ ਵਿਚ ਪਸਾਰਾ ਹੈ। ਮੇਰਾ ਇਹ ਰਮਤ ਰਾਮ ਜਿਸ ਕਿਸੇ ਜਨ ਉਤੇ ਆਪਣੀ ਮੇਹਰ ਕਰਦਾ ਹੈ, ਉਸ ਜਨ ਦੀ ਰਾਮ ਰਾਇ ਭਾਵ ਇਸ ਰਾਜਾ ਰਾਮ ਵਿਚ ਲਿਵ ਲਗ ਜਾਂਦੀ ਹੈ। ਫਿਰ ਗੁਰੂ ਸਾਹਿਬ 'ਹਰਿ ਸੰਤਹੁ' ਭਾਵ ਆਪਣੇ ਚਾਰ-ਚੁਫੇਰੇ ਫੈਲੇ ਹਰਿ ਜੀਉ ਦੀ ਹੋਂਦ ਨੂੰ ਮੰਨਣ ਵਾਲੇ ਸੰਤਾਂ ਨੂੰ ਮੁਖਾਤਿਬ ਹੋ ਕੇ ਬਚਨ ਕਰਦੇ ਹਨ ਕਿ ਇਸ ਰਾਮ ਨਾਮ ਦੀ ਵਡਿਆਈ ਇਹ ਹੈ ਕਿ ਇਹ ਰਾਮ ਨਾਮ ਕਲਯੁਗ ਵਿਚ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ। ਜਨ ਨਾਨਕ ਨੇ ਜਦੋਂ ਦੀ ਇਸ ਰਾਜਾ ਰਾਮ ਨਾਲ ਸਾਂਝ ਪਾਈ ਹੈ, ਉਦੋਂ ਦੇ ਉਸ ਦੇ ਸਾਰੇ ਦੁਖ ਦੂਰ ਹੋ ਗਏ ਹਨ।

ਰਮਤ ਰਾਮੁ ਸਭ ਰਹਿਓ ਸਮਾਇ॥ (865)

ਰਾਮ ਰਮਤ ਸੰਤਨ ਸੁਖੁ ਮਾਨਾ (743)

ਰਾਮ ਰਮਤ ਹਰਿ ਹਰਿ ਸੁਖੁ ਪਾਇਆ। (1348)

ਰਮਤ ਰਾਮ ਘਟ ਘਟ ਆਧਾਰ। (897)

ਗੁਰੂ ਗ੍ਰੰਥ ਸਾਹਿਬ ਵਿਚ ਜਿਹੜੇ ਰਾਮ ਦਾ ਵਾਰ ਵਾਰ ਜ਼ਿਕਰ ਕੀਤਾ ਗਿਆ ਹੈ ਅਤੇ ਕੁਝ ਬ੍ਰਾਹਮਣੀ ਵਿਦਵਾਨ ਜਿਸਦਾ ਹਵਾਲਾ ਅਕਸਰ ਦੇਂਦੇ ਹਨ, ਉਹ ਰਾਮ ਇਸ ਬ੍ਰਹਿਮੰਡ ਦੇ ਕਣ-ਕਣ ਵਿਚ ਰਮਿਆ ਹੋਇਆ ਰਾਮ ਹੈ।

ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਪਸਰੇ ਅਸੀਮ ਤੇ ਸਦੀਵੀ ਬ੍ਰਹਿਮੰਡੀ ਆਕਾਰ ਤੇ ਇਸ ਦੇ ਪ੍ਰਗਟ ਰੂਪ ਕੁਦਰਤ ਦੇ ਕਣ ਕਣ ਵਿਚ ਰਮਿਆ ਹੋਇਆ ਰਾਮ ਹੀ ਸਿਰਜਣਹਾਰ ਕਰਤਾ ਹੈ। ਨਾਨਕ ਸਚੁ ਦਾਤਾਰੁ ਸਿਨਾਖਤ ਕੁਦਰਤੀ॥ (ਪੰਨਾ 141)

ਗੁਰੂ ਗ੍ਰੰਥ ਸਾਹਿਬ ਵਿਚ ਰਮਤ ਰਾਮ ਤੇ ਦਸ਼ਰਥ ਪੁੱਤਰ ਰਾਮ ਚੰਦਰ ਵਿਚਕਾਰ ਵੀ ਬੜਾ ਸਪੱਸ਼ਟ ਨਿਖੇੜਾ ਕੀਤਾ ਗਿਆ ਹੈ :

ਰੋਵੈ ਰਾਮੁ ਨਿਕਾਲਾ ਭਇਆ॥

ਸੀਤਾ ਲਖਮਣੁ ਵਿਛੁੜਿ ਗਇਆ॥ (954)

ਗੁਰੂ ਨਾਨਕ ਸਾਹਿਬ ਦੀਆਂ ਜਨਮ-ਸਾਖੀਆਂ ਵਿਚ ਦਰਜ ਹੈ : ਤਬ ਏਕ ਦਿਨਿ ਗੁਰੂ ਬਾਬਾ ਨਾਨਕ ਜੀ ਪੰਜਾਬ ਕੀ ਧਰਤੀ ਨਗਰਿ ਕਰਤਾਰ ਪੁਰਿ ਬੈਠਾ ਥਾ। ਤਬ ਬਾਬੇ ਨਾਨਕ ਜੀ ਕਉ ਮਾਤਾ ਜੀ ਅਰੁ ਪਿਤਾ ਕਹਿਆ ਜਿ, ''ਬੇਟਾ ਏਹ ਤੂ ਜਿ ਹੋਰਤ ਕਿਤੇ ਸੁਤਿ ਪਰਮੇਸੁਰ ਕਉ ਅਰਾਧਤਾ ਹੈ, ਜਿ ਏਹ ਗਲ ਕਿਛੁ ਨਾਹੀ। ਤੂ ਤਿਉ ਪਰਮੇਸੁਰ ਕਉ ਅਰਾਧਿ, ਜਿਉ ਏਹ ਬੈਸਨਉ ਅਰਾਧਦੇ ਹੈਨਿ। ਏਹ ਮਹਾ ਕਠਨ ਜੁਗਤਿ ਰਹਦੇ ਹੈਨਿ ਅਰ ਨੇਮ ਬਰਤ ਮਹਾ ਸੰਜਮ ਵਿਚਿ ਰਹਦੇ ਹੈਨਿ। ਏਹ ਭਲੇ ਧਰਮ ਦੇ ਮਾਰਗ ਵਿਚਿ ਰਹਦੇ ਹੈਨਿ। ਕੁੰਗੂ ਦੀਆ ਅਰੁ ਅਗਰ ਚੰਦਨ ਕੀਆ ਬਾਸਨਾ ਮਹਿ ਰਹਤੇ ਹੈਨਿ ਅਰ ਤੀਰਥ ਕਰਤੇ ਹੈਨਿ। ਏਹਿ ਆਪੁਨੇ ਘਰ ਕੀ ਭੀ ਕਿਰਤਿ ਕਰਤੇ ਹੈਂ। ਦੇਖਾ ਓਇ ਕਿਛੁ ਘਟਿ ਗਏ ਹੈਨਿ? ਜਿ ਏਤੁ ਮਤਿ ਕਰਿ ਕਰਿ ਅਰਾਧਤੇ ਹੈਨਿ। ਬੇਟਾ ਤੂ ਏਹ ਮਤਿ ਛਡਿ। ਨਾ ਤੂ ਟਿਕਾ ਕਰਹ ਨਾ ਧੋਤੀ ਨਾ ਚਉਕਾ। ਬੇਟਾ ਨਾ ਏਹੁ ਬੈਸਨੋ ਕਾ ਮਾਰਗ। ਨ ਸੰਸਾਰੀਆ ਕਾ ਮਾਰਗ। ਨਾ ਅਉਧੂਤਾਂ ਕਾ ਮਾਰਗ। ਨਾ ਜੋਗੀਆ ਕਾ ਮਾਰਗ। ਨਾ ਸੰਨਿਆਸੀਆ ਕਾ ਏਹੁ ਮਾਰਗ। ਬੇਟਾ ਕਿਛੁ ਓਨਾ ਦੀ ਮਤਿ ਬੁਰੀ ਹੈ? ਜਿ ਏਉ ਅਰਾਧਤੇ ਹੈਂ। ਏਹ ਜੁ ਤੁਸਾਡੀ ਮਤਿ ਹੈ, ਸੁ ਕਿਆ ਹੈ? ਜਿ ਤੁਸੀਂ ਸਮਝਦੇ ਹਹੁ ਸਾ ਅਸਾਨੋ ਭੀ ਦਿਖਾਇ ਸਮਝਾਇ ਦੇਹਿ, ਜਿ ਮਤਿ ਤੁਸੀਂ ਸਮਝੀ ਹੈ।''

ਤਬ ਗੁਰੂ ਬਾਬਾ ਨਾਨਕੁ ਤਿਤੁ ਪ੍ਰਸਥਾਇ ਬਾਨੀ ਬੋਲਿ ਉਠਿਆ :

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ॥

ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥

ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ॥

ਬਾਬਾ ਹੋਰ ਮਤਿ ਹੋਰ ਹੋਰ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥ ਰਹਾਉ॥ (17)

ਅਰਥਾਤ (ਪਿਤਾ ਜੀ) ਸਾਡਾ ਆਪਣਾ ਇਹ ਸਰੀਰ ਕੇਸਰ ਦੀ ਨਿਆਈਂ ਹੈ। ਸਰੀਰ ਵਿਚਲੀ ਸਾਡੀ ਆਪਣੀ ਜ਼ੁਬਾਨ ਹੀਰੇ ਦੀ ਨਿਆਈਂ ਹੈ। ਸਾਡੇ ਇਸ ਸਰੀਰ ਵਿਚੋਂ ਸਾਹ ਦਾ ਚੱਲਣਾ ਅਗਰ ਦੀਆਂ ਸੁਗੰਧੀਆਂ ਬਿਖੇਰਣ ਵਾਂਗ ਹੈ। ਅਠਾਹਠ ਤੀਰਥਾਂ ਦੀ ਯਾਤਰਾ ਟਿੱਕੇ ਵਾਂਗ ਸਾਡੇ ਚਿਹਰੇ ਉਤੇ ਭਾਹ ਮਾਰ ਰਹੀ ਹੈ। ਸਾਡੇ ਸਿਰ ਦੇ ਅੰਦਰ ਮਤਿ ਭਾਵ ਸਿਆਣਪ ਖਿੜ ਰਹੀ ਹੈ। ਇਸ ਸਿਆਣਪ ਨਾਲ ਗੁਣਾਂ ਦੇ ਖਜ਼ਾਨੇ ਸਿਰਜਣਹਾਰ ਦੇ ਗੁਣ ਗਾਉਣੇ ਹੀ ਰੱਬ ਦਾ ਧਿਆਨ ਧਰਨਾ ਹੈ। ਬਾਬਾ! ਭਾਵ ਹੇ ਸਿਆਣੇ ਦਾਨੇ ਮਨੁੱਖ! ਇਸ ਤੋਂ ਬਿਨਾਂ ਹੋਰ ਸਾਰੇ ਮਤਿ ਝੂਠੇ ਹਨ। ਝੂਠ ਨੂੰ ਭਾਵੇਂ ਸੌ ਵੇਰ ਧਿਆਈ ਜਾਈਏ ਪਰ ਉਸ ਨੇ ਝੂਠ ਹੀ ਰਹਿਣਾ ਹੈ।

ਗੁਰੂ ਨਾਨਕ ਸਾਹਿਬ ਨੇ ਸਨਾਤਨੀ ਮਤਿ ਨਾਲੋਂ ਆਪਣੇ ਨਵੇਂ ਆਤਮਿਕ ਸੱਚ ਦੇ ਆਧਾਰ ਉਤੇ ਨਿਖੇੜਾ ਕੀਤਾ ਹੈ ਕਿ ਬੰਦੇ ਨੂੰ ਮਿਲਿਆ ਉਸ ਦਾ ਆਪਣਾ ਸਰੀਰ ਹੀ ਸਿਰਜਣਹਾਰ ਦੀ ਹੋਈ ਮਿਹਰ ਹੈ। ਇਸ ਸਰੀਰ ਨੂੰ ਸੰਭਾਲਣਾ ਤੇ ਤੰਦਰੁਸਤ ਰੱਖਣਾ ਹੀ ਮਨੁੱਖ ਦੀ ਹੋਣੀ ਹੈ। 'ਰੱਬ' ਤੇ ਧਰਮ ਦੇ ਨਾਂ ਉਤੇ ਕੀਤੇ ਜਾ ਰਹੇ ਬਾਕੀ ਦੇ ਹੋਰ ਸਾਰੇ ਆਡੰਬਰ ਤੇ ਕਰਮ-ਕਾਂਡ ਝੂਠੇ ਤੇ ਫਜ਼ੂਲ ਹਨ।

ਤਿਨਿ ਕਰਤੈ ਇਕੁ ਖੇਲੁ ਰਚਾਇਆ॥

ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ॥ (117)

ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ॥ (754)

ਸਿਰਜਣਹਾਰ ਕਰਤਾ ਨੇ ਇਕ ਐਸੀ ਖੇਡ ਰਚੀ ਹੈ ਕਿ ਕਾਇਆ ਦੇ ਅੰਦਰ ਹੀ ਸਭ ਕੁਝ ਪਾ ਦਿੱਤਾ ਹੈ। ਜਿਹੜਾ ਮਨੁੱਖ ਆਪਣੀ ਚੇਤਨਾ ਦਾ ਮੂੰਹ ਗੁਰੂ ਵੱਲ ਕਰ ਕੇ ਭਾਵ ਗੁਰੂ ਦੀ ਆਖੀ ਮੰਨ ਕੇ ਆਪਣੀ ਕਾਇਆ ਨੂੰ ਖੋਜਣ ਦਾ ਯਤਨ ਕਰਦਾ ਹੈ, ਉਹ ਖੁਦ ਦਾ ਭੇਦ ਪਾ ਲੈਂਦਾ ਹੈ। ਬਾਕੀ ਹੋਰ ਸਾਰਾ ਕੁਝ ਫਜ਼ੂਲ ਹੈ। ਇਉਂ ਗੁਰਮਤਿ ਹਰੇਕ ਕਿਸਮ ਦੇ ਬ੍ਰਾਹਮਣਵਾਦੀ ਕਰਮਕਾਂਡ, ਭੇਖ, ਵਿਖਾਵੇ, ਪਾਖੰਡ ਤੇ ਮਨੂੰਵਾਦੀ ਧਾਰਨਾਵਾਂ ਤੇ ਅਵਤਾਰਵਾਦ ਦਾ ਬੜੇ ਸਪੱਸ਼ਟ ਰੂਪ ਵਿਚ ਖੰਡਨ ਕਰਦੀ ਹੈ।

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥

ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥

ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥ ਰਹਾਉ॥

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥ (695)

ਰਹਾਉ ਦੀ ਪੰਗਤੀ ਵਿਚ ਇਸ ਸਮੁੱਚੇ ਸਬਦ ਦਾ ਤਤਸਾਰ ਦਰਜ ਹੈ। ਉਸ ਸੱਚੇ ਰੱਬ ਦੀ ਦੁਹਾਈ ਕਿ ਇਸ ਬ੍ਰਹਿਮੰਡ ਵਿਚ ਕੁਝ ਵੀ ਆਉਂਦਾ ਜਾਂਦਾ ਨਹੀਂ। ਸਭ ਕੁਝ ਉਵੇਂ ਹੀ ਰਹਿੰਦਾ ਹੈ। ਇਸ ਧਰਤੀ ਉਤੇ ਮਨੁੱਖ ਦਾ ਜੰਮਣਾ-ਮਰਣਾ, ਆਉਣਾ-ਜਾਣਾ, ਇਸ ਬ੍ਰਹਿਮੰਡੀ ਵਰਤਾਰੇ ਦਾ ਹੀ ਇਕ ਅੰਗ ਹੈ। ਇਸ ਵਰਤਾਰੇ ਨਾਲ ਇਸ ਬ੍ਰਹਿਮੰਡ ਦਾ ਕੁਝ ਵੀ ਘਟਦਾ-ਵਧਦਾ ਨਹੀਂ। ਭਗਤ ਪੀਪਾ ਜੀ ਦੇ ਬਚਨ ਹਨ ਕਿ ਮੇਰੇ ਲਈ ਮੇਰਾ ਸਰੀਰ ਹੀ ਦੇਵਤਾ ਹੈ। ਮੇਰਾ ਸਰੀਰ ਹੀ ਮੇਰਾ ਮੰਦਰ ਹੈ। ਮੇਰਾ ਸਰੀਰ ਹੀ ਮੇਰਾ ਜੋਗੀ ਹੈ ਤੇ ਤੀਰਥ ਅਸਥਾਨ ਦੀ ਯਾਤਰਾ ਦਾ ਅਨੁਭਵ ਵੀ ਮੈਂ ਆਪਣੇ ਸਰੀਰ ਦੇ ਅੰਦਰੋਂ ਹੀ ਕਰਦਾ ਹਾਂ। ਕਿਸੇ ਮੰਦਰ ਵਿਚ ਜਾ ਕੇ ਕਿਸੇ ਮੂਰਤੀ ਦੀ ਪੂਜਾ ਕਰਨ ਦੀ ਥਾਂ ਮੇਰੇ ਲਈ ਮੇਰਾ ਸਰੀਰ ਹੀ ਮੇਰਾ ਪੂਜਾ ਅਸਥਾਨ ਹੈ। ਕਿਸੇ ਦੇਵੀ ਦੇਵਤੇ ਅੱਗੇ ਫੁੱਲ ਚੜ੍ਹਾਉਣੇ ਜਾਂ ਧੂਫ ਅਗਰਬਤੀ ਕਰਨ ਦੀ ਥਾਂ, ਮੇਰੇ ਲਈ ਮੇਰੀ ਕਾਇਆ ਦੀ ਖੋਜ ਅਹਿਮ ਹੈ। ਇਸ ਕਾਇਆ ਨੂੰ ਖੋਜਦੇ-ਖੋਜਦੇ ਹੀ ਮੈਂ ਨੌ ਨਿਧੀਆਂ ਪਾ ਲਈਆਂ ਹਨ ਅਤੇ ਮੈਨੂੰ ਪਤਾ ਲੱਗਾ ਹੈ ਕਿ ਜੋ ਕੁਝ ਇਸ ਬ੍ਰਹਿਮੰਡ ਵਿਚ ਮੌਜੂਦ ਹੈ, ਓਹੀ ਕੁਝ ਮੇਰੇ ਪਿੰਡੇ ਵਿਚ ਮੌਜੂਦ ਹੈ। ਜਿਹੜਾ ਇਸ ਦੀ ਖੋਜ ਕਰਦਾ ਹੈ, ਉਹ ਇਸ ਭੇਦ ਨੂੰ ਪਾ ਲੈਂਦਾ ਹੈ। ਭਗਤ ਪੀਪਾ ਜੀ ਬੜੇ ਸਤਿਕਾਰ ਨਾਲ ਦੱਸਦੇ ਹਨ ਕਿ ਸਤਿਗੁਰੂ ਦੇ ਦਿੱਤੇ ਆਤਮਿਕ ਗਿਆਨ ਨਾਲ ਹੀ ਇਸ ਪਰਮ ਤੱਤ ਦੀ ਸੋਝੀ ਭਾਵ ਅਨੁਭਵ ਬੋਧ ਹੁੰਦਾ ਹੈ। ਅਰਥਾਤ ਮਨੁੱਖੀ ਸੋਚ ਦੇ ਅੰਦਰ ਬਣ-ਟੁੱਟ ਰਿਹਾ ਸਾਰਾ ਕੁਝ ਮਨੁੱਖੀ ਸਰੀਰ ਦੇ ਅੰਦਰਲਾ ਅਨੁਭਵ ਹੀ ਹੈ। ਮਨ ਅੰਤਰਿ ਬੋਲੈ ਸਭੁ ਕੋਈ॥ (329)

ਖੁਦ ਦਾ ਭੇਤ ਪਾਉਣ ਦਾ ਮਤਲਬ ਆਪਣੇ ਮਨ ਨੂੰ ਜਾਗਰਿਤ ਕਰਨਾ ਹੈ। ਜਾਗਰਿਤ ਮਨ ਹੀ ਆਪਣੇ ਸਰੀਰ ਦੀਆਂ ਸੀਮਤ ਲੋੜਾਂ ਦੀ ਸੁਚੇਤ ਪਛਾਣ ਕਰ ਸਕਦਾ ਹੈ। ਸਿਰਫ ਇਉਂ ਕਰ ਕੇ ਹੀ ਆਪਣੀ ਹਉਮੈ (ਆਪਣੀ ਗੈਰ-ਕੁਦਰਤੀ ਝੂਠੀ ਹੋਂਦ) ਤੇ ਤ੍ਰਿਸਨਾ (ਕਲਪਿਤ ਇਛਾਵਾਂ) ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਮੌਜੂਦਾ ਸੰਸਾਰ ਨੂੰ ਚੰਬੜੇ ਸਾਰੇ ਦੁੱਖਾਂ ਦਾ ਕਾਰਨ ਇਹੀ ਦੋ ਮਨੋਰੋਗ ਹਨ।

ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ॥ (907)

ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ॥ ਇਸੁ ਮਟੁਕੀ ਮਹਿ ਸਬਦੁ ਸੰਜੋਈ॥ (478)

ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥ (61)

ਮਨੁੱਖ ਦਾ ਆਪਣਾ ਸਰੀਰੀ ਮਨ ਹੀ ਸਰੀਰ ਦਾ ਰਾਜਾ ਹੈ। ਸਰੀਰ ਦਾ ਸੁਲਤਾਨ ਹੈ। ਤਨ ਨੂੰ ਮਟਕੀ ਬਣਾ ਕੇ ਇਸ ਵਿਚ ਮਨ ਦੀ ਮਧਾਣੀ ਪਾਈ ਹੋਈ ਹੈ, ਜਿਸ ਨੂੰ ਸਬਦ (ਗੁਰਮਤਿ) ਦੀ ਜਾਗ ਲੱਗੀ ਹੋਈ ਹੈ। ਸਰੀਰ ਉਤੇ ਮਨੁੱਖੀ ਮਨ ਦਾ ਹੁਕਮ ਚੱਲਦਾ ਹੈ। ਮਨੁੱਖੀ ਮਨ ਸਰੀਰ ਨੂੰ ਚਲਾਉਂਦਾ ਹੈ। ਯਕੀਨਨ ਇਸ ਦਾ ਗਿਆਨ ਗੁਰੂ ਕੋਲੋਂ ਮਿਲਦਾ ਹੈ।

ਸਾਰਾ ਆਤਮਿਕ ਗਿਆਨ ਮਨੁੱਖ ਦੇ ਆਪਣੇ ਸਰੀਰੀ ਮਨ ਰਾਹੀਂ ਵਿਹਾਰ ਵਿਚ ਢਲਦਾ ਹੈ। ਆਤਮਿਕ ਗਿਆਨ ਤੇ ਮਨੁੱਖੀ ਮਨ ਦਾ ਹੋਇਆ ਇਹ ਆਪਸੀ ਅਨੁਭਵੀ ਸੁਮੇਲ ਹੀ ਮਨੁੱਖ ਨੂੰ ਕ੍ਰਿਸ਼ਮੇ ਕਰਨ ਦੇ ਯੋਗ ਬਣਾਉਂਦਾ ਹੈ। ਆਪਣੇ ਤੋਂ ਪਹਿਲੇ ਪ੍ਰਗਟ ਹੋਏ ਆਤਮਿਕ ਗਿਆਨ (ਗੁਰਮਤਿ) ਤੇ ਮਨੁੱਖ ਦੇ ਆਪਣੇ ਸਰੀਰੀ ਮਨ ਦੀ ਇਹ ਸਾਂਝ ਹੀ ਇਕ ਅਜਿਹੀ ਕਰਾਮਾਤੀ ਸ਼ਕਤੀ ਹੈ, ਜਿਸ ਨੇ ਮਨੁੱਖੀ ਇਤਿਹਾਸ ਵਿਚਲੇ ਮਹਾਨ ਤੇ ਅਹਿਮ ਮੋੜਾਂ ਨੂੰ ਜਨਮ ਦਿੱਤਾ ਹੈ। ਮਨੁੱਖੀ ਸਮਾਜ ਨੂੰ ਬਦਲਣ ਵਿਚ ਅਹਿਮ ਰੋਲ ਨਿਭਾਉਣ ਵਾਲੇ ਸਾਰੇ ਧਾਰਮਿਕ ਪੈਗੰਬਰ ਤੇ ਮਹਾਨ ਹਸਤੀਆਂ ਇਸੇ ਕਰਾਮਾਤੀ ਸ਼ਕਤੀ ਦੀ ਉਪਜ ਹਨ।

ਭਗਵਤ ਗੀਤਾ ਦੇ 6ਵੇਂ ਅਧਿਆਇ ਵਿਚ ਸ੍ਰੀ ਕ੍ਰਿਸ਼ਨ ਜੀ ਮਹਾਂਬਲੀ ਅਰਜਨ ਨੂੰ ਉਪਦੇਸ਼ ਦੇਂਦੇ ਹਨ ਕਿ ''ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨ ਦੀ ਮਦਦ ਨਾਲ ਆਪਣਾ ਭਲਾ ਕਰੇ ਅਤੇ ਆਪਣੇ ਆਪ ਨੂੰ ਸਦਾਚਾਰ ਤੋਂ ਥੱਲੇ ਨਾ ਡਿੱਗਣ ਦੇਵੇ। ਇਹ ਮਨ ਜੀਵ ਦਾ ਮਿੱਤਰ ਵੀ ਹੈ ਅਤੇ ਦੁਸ਼ਮਣ ਵੀ। ਜਿਸ ਨੇ ਮਨ ਨੂੰ ਜਿੱਤ ਲਿਆ ਹੈ, ਉਸ ਲਈ ਮਨ ਸਭਨਾਂ ਤੋਂ ਉੱਤਮ ਮਿੱਤਰ ਹੈ ਪਰ ਜਿਹੜਾ ਅਜਿਹਾ ਨਹੀਂ ਕਰ ਸਕਿਆ, ਉਸ ਲਈ ਮਨ ਸਭ ਤੋਂ ਵੱਡਾ ਦੁਸ਼ਮਣ ਬਣਿਆ ਰਹੇਗਾ। ਜਿਸ ਨੇ ਮਨ ਨੂੰ ਜਿੱਤ ਲਿਆ ਹੈ, ਉਸ ਨੇ ਪਹਿਲੋਂ ਹੀ ਪਰਮਾਤਮਾ ਨੂੰ ਪਾ ਲਿਆ ਹੈ। ਕਿਉਂਕਿ ਉਸ ਨੇ ਮਨ ਦੀ ਸ਼ਾਂਤੀ ਪ੍ਰਾਪਤ ਕਰ ਲਈ ਹੈ।''

ਗੁਰਮਤਿ ਗੀਤਾ ਦੇ ਇਸ ਉਪਦੇਸ਼ ਦੀ ਪੁਸ਼ਟੀ ਕਰਦੀ ਹੈ :

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ॥

ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥ (1330)

ਭਾਵ ਮਨ ਹੀ ਕਿਸੇ ਮਨੁੱਖ ਨੂੰ ਜੋਗੀ ਜਾਂ ਭੋਗੀ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਮਨ ਹੀ ਕਿਸੇ ਮਨੁੱਖ ਕੋਲੋਂ ਮੂਰਖਾਂ ਅਤੇ ਮਹਾਂਮੂਰਖਾਂ ਵਾਲੀਆਂ ਹਰਕਤਾਂ ਕਰਵਾਉਂਦਾ ਹੈ। ਮਨ ਹੀ ਉਹ ਸ਼ਕਤੀ ਹੈ, ਜਿਹੜੀ ਕਿਸੇ ਮਨੁੱਖ ਨੂੰ ਦਾਤਾ ਭਾਵ ਕੋਲੋਂ ਕੁਝ ਦੇਣ ਵਾਲਾ ਸੰਤੋਖੀ ਅਤੇ ਕਿਸੇ ਨੂੰ ਮੰਗਤਾ ਭਾਵ ਹਰ ਵੇਲੇ ਮੰਗਣ ਵਾਲਾ ਤਬੀ ਲੋਭੀ ਤੇ ਕਮੀਨਾ ਬਣਾਉਂਦੀ ਹੈ। ਮਨੁੱਖ ਦਾ ਆਪਣਾ ਸਰੀਰੀ ਮਨ ਹੀ ਸ਼੍ਰੋਮਣੀ ਗੁਰੂ ਅਤੇ ਕਰਤਾਰੀ ਸ਼ਕਤੀ ਹੈ। ਮਨ ਸਾਧੇ ਸਿਧਿ ਹੋਇ॥ (ਪੰਨਾ 342) ਮਨਿ ਜੀਤੈ ਜਗੁ ਜੀਤੁ॥ (ਪੰਨਾ 6)

ਆਪਣੇ ਮਨ ਨੂੰ ਸਾਧਣ (ਸਵੈ-ਕਾਬੂ ਵਿਚ ਕਰਨ) ਵਾਲਾ ਮਨੁੱਖ ਹੀ ਸਿੱਧ ਹੈ। ਆਪਣੇ ਮਨ ਨੂੰ ਜਿੱਤਣ ਭਾਵ ਸਵੈ-ਜ਼ਬਤ ਵਿਚ ਰੱਖਣ ਵਾਲਾ ਮਨੁੱਖ ਹੀ ਸਾਰੇ ਸੰਸਾਰ ਨੂੰ ਜਿੱਤਣ ਦਾ ਅਹਿਸਾਸ ਕਰ ਸਕਦਾ ਹੈ। ਅਜਿਹਾ ਮਨੁੱਖ ਹੀ ਆਪਣੀਆਂ ਸਰੀਰੀ ਇੰਦ੍ਰੀਆਂ ਦਾ ਮਾਲਕ ਬਣ ਕੇ ਅਤੇ ਆਪਣੇ ਇੰਦ੍ਰਿਆਵੀ ਜਜ਼ਬਿਆਂ ਨੂੰ ਵਿਕਸਿਤ ਕਰ ਕੇ ਆਪਣੀ ਜ਼ਿੰਦਗੀ ਦਾ ਭਰਪੂਰ ਅਨੰਦ ਮਾਣ ਸਕਦਾ ਹੈ।

ਭਗਵਤ ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਮਹਾਂਬਲੀ ਅਰਜਨ ਨੂੰ ਉਪਦੇਸ਼ ਦੇਂਦੇ ਹਨ, ਕਿ ''ਜਿਵੇਂ ਪਾਣੀ ਵਿਚ ਤੈਰਦੀ ਕਿਸ਼ਤੀ ਨੂੰ ਤੇਜ਼ ਹਵਾ ਦੂਰ ਵਹਾ ਕੇ ਲੈ ਜਾਂਦੀ ਹੈ, ਉਵੇਂ ਹੀ ਹਰਕਤਸ਼ੀਲ ਇੰਦ੍ਰੀਆਂ ਵਿਚੋਂ ਕੋਈ ਇਕ ਜਿਸ ਨਾਲ ਮਨ ਲਗਾਤਾਰ ਹਰਕਤਸ਼ੀਲ ਰਹਿੰਦਾ ਹੈ, ਮਨੁੱਖ ਦੀ ਬੁੱਧੀ ਨੂੰ ਧੂਹ ਕੇ ਲੈ ਜਾਂਦੀ ਹੈ। ਇਸ ਲਈ ਹੇ ਮਹਾਬਲੀ! ਜਿਸ ਮਨੁੱਖ ਦੀਆਂ ਇੰਦ੍ਰੀਆਂ ਆਪਣੇ ਵਿਸ਼ਿਆਂ ਤੋਂ ਨਿਰਲੇਪ ਹੋ ਕੇ ਉਸ ਦੇ ਕਾਬੂ ਵਿਚ ਹਨ, ਉਸਦੀ ਬੁੱਧੀ ਯਕੀਨੀ ਤੌਰ ਉਤੇ ਸਥਿਰ ਹੈ। ਜਿਹੜਾ ਮਨੁੱਖ ਸਮੁੰਦਰ ਵਿਚ ਲਗਾਤਾਰ ਪ੍ਰਵੇਸ਼ ਕਰਦੀਆਂ ਨਦੀਆਂ ਵਾਂਗ ਇਛਾਵਾਂ ਦੇ ਲਗਾਤਾਰ ਵਹਾਅ ਨਾਲ ਵਿਚਲਿਤ ਨਹੀਂ ਹੁੰਦਾ ਤੇ ਹਮੇਸ਼ਾਂ ਸਥਿਰ ਰਹਿੰਦਾ ਹੈ, ਉਹ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ ਪਰ ਉਹ ਨਹੀਂ ਜਿਹੜਾ ਅਜਿਹੀਆਂ ਇਛਾਵਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਿਸ ਮਨੁੱਖ ਨੇ ਇੰਦ੍ਰੀਆਂ ਦੀ ਤ੍ਰਿਪਤੀ ਦੀਆਂ ਸਾਰੀਆਂ ਇੱਛਾਵਾਂ ਦਾ ਤਿਆਗ ਕਰ ਦਿੱਤਾ ਹੈ, ਜਿਹੜਾ ਇੱਛਾਵਾਂ ਤੋਂ ਰਹਿਤ ਹੈ ਤੇ ਜਿਸ ਨੇ ਮਾਲਕੀ ਦੀ ਸਾਰੀ ਇੱਛਾ ਤਿਆਗ ਦਿੱਤੀ ਹੈ ਤੇ ਝੂਠੀ ਹਉਮੈ ਤੋਂ ਰਹਿਤ ਹੈ, ਉਹ ਮਨੁੱਖ ਅਸਲੀ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ।''

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥

ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥

ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥

ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥ (650)

ਗੁਰੂ ਸਾਹਿਬ ਦੇ ਬਚਨ ਹਨ ਕਿ ਪੜ੍ਹਨਾ ਤੇ ਪੜ੍ਹ ਕੇ ਉਸ ਨੂੰ ਸਮਝਣ ਦਾ ਯਤਨ ਕਰਨਾ ਆਮ ਸੰਸਾਰੀ ਕਾਰ ਵਿਹਾਰ ਹੈ। ਪਰ ਇਸ ਦੇ ਬਾਵਜੂਦ ਬੰਦੇ ਦੇ ਮਨ ਵਿਚ ਤ੍ਰਿਸਨਾ ਅਤੇ ਵਿਕਾਰ ਖਤਮ ਨਹੀਂ ਹੁੰਦੇ। ਜਿੰਨਾ ਚਿਰ ਬੰਦਾ ਆਪਣੀ ਹਉਮੈ ਤਥਾ ਆਪਣੀ ਗੈਰ-ਕੁਦਰਤੀ ਝੂਠੀ ਹੋਂਦ ਦੇ ਭਰਮ ਵਿਚ ਜਿਉਂਦਾ ਹੈ ਅਤੇ ਆਪਣੀ ਕੁਦਰਤੀ ਸਰੀਰੀ ਹੋਂਦ ਤੋਂ ਅਣਜਾਣ ਆਪਣੇ ਸਰੀਰ ਦੀਆਂ ਸੀਮਤ ਲੋੜਾਂ ਦੀ ਸੁਚੇਤ ਪਛਾਣ ਨਹੀਂ ਕਰਦਾ ਅਤੇ ਉਨ੍ਹਾਂ ਦੀ ਪੂਰਤੀ ਲਈ ਯਤਨ ਕਰਨ ਦੀ ਬਜਾਇ ਬੇਲੋੜੀਆਂ ਇੱਛਾਵਾਂ ਦੀ ਪੂਰਤੀ ਲਈ ਫਜ਼ੂਲ ਦੀ ਨੱਠ-ਭੱਜ ਕਰਦਾ ਰਹਿੰਦਾ ਹੈ, ਓਨਾ ਚਿਰ ਉਹ ਖੁਆਰ ਹੁੰਦਾ ਰਹਿੰਦਾ ਹੈ। ਗੁਰੂ ਸਾਹਿਬ ਦੇ ਬਚਨ ਹਨ ਕਿ ਸਿਰਫ ਓਹੀ ਮਨੁੱਖ ਪੜ੍ਹਿਆ ਹੈ ਜਿਹੜਾ ਸ਼ਬਦ ਦੀਆਂ ਸ਼ਬਦਾਂ ਰਾਹੀਂ ਪ੍ਰਗਟ ਹੁੰਦੇ ਗਿਆਨ ਉਤੇ ਵਿਚਾਰ ਕਰ ਕੇ ਸਿਆਣਾ ਬਣਦਾ ਹੈ ਅਤੇ ਆਪਣਾ ਅੰਦਰਲੇ ਭਾਵ ਆਪਣੇ ਆਤਮ ਦੀ ਖੋਜ ਕਰ ਕੇ ਆਪਣੀ ਮੁਕਤੀ ਦੇ ਦੁਆਰ ਮਨ ਨੂੰ ਖੋਜ ਲੈਂਦਾ ਹੈ।

ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਬਾਅਦ ਸਰਬ-ਵਿਆਪੀ ਪ੍ਰਗਟ ਹੋਇਆ ਸੱਚ ਇਹ ਹੈ ਕਿ ਮਨੁੱਖ ਦਾ ਸਰੀਰ ਹੀ ਉਸ ਦੀ ਅਸਲੀ ਰਾਸ ਪੂੰਜੀ ਹੈ। ਇਸ ਸਰੀਰ ਵਿਚ ਸੁਭਾਇਮਾਨ ਮਨੁੱਖ ਦਾ ਆਪਣਾ ਅਨੁਭਵੀ ਮਨ ਸਰੀਰ ਦਾ ਰਾਜਾ ਭਾਵ ਉਸ ਨੂੰ ਹਰਕਤਸ਼ੀਲ ਰੱਖਣ ਵਾਲਾ ਹੈ। ਇਸ ਮਨ ਨੂੰ ਸਵੈ-ਜ਼ਬਤ ਵਿਚ ਰੱਖਣ ਲਈ ਮਨੁੱਖ ਦੀ ਚੇਤਨਾ ਜੇ ਆਪਣੀ ਲਿਵ ਗੁਰਮਤਿ ਗਿਆਨ ਨਾਲ ਜੋੜ ਲਵੇ ਤਾਂ ਉਹ ਸਹਿਜ ਸੁਖੀ ਜ਼ਿੰਦਗੀ ਬਤੀਤ ਕਰ ਸਕਦਾ ਹੈ। ਬਾਕੀ ਦਾ ਸਾਰਾ ਧਾਰਮਿਕ ਆਡੰਬਰ ਤੇ ਕਰਮਕਾਂਡ ਫਜ਼ੂਲ ਹੈ। ਮਨੁੱਖ ਦਾ ਆਪਣਾ ਚੇਤੰਨ ਮਨ ਹੀ ਹਉਮੈ ਰਾਹੀਂ ਬਣੀ ਆਪਣੀ ਝੂਠੀ ਹੋਂਦ ਤੇ ਬੇਲੋੜੀਆਂ ਇੱਛਾਵਾਂ (ਤ੍ਰਿਸਨਾ) ਤੋਂ ਛੁਟਕਾਰਾ ਪਾ ਕੇ ਸਹਿਜ ਜ਼ਿੰਦਗੀ ਜੀਅ ਸਕਦਾ ਹੈ।

# ਪਿਤਾ-ਪੁਰਖੀ

## ਹਿੰਦੀ ਮਿੰਨੀ ਕਹਾਣੀ

ਬਾਜ਼ਾਰ ਤੋਂ ਕਿਤਾਬਾਂ ਦਾ ਬੰਡਲ ਲਿਆਂਦਾ। ਉਹਨੂੰ ਬੈਠਕ ਵਿਚ ਰੱਖ ਕੇ ਜਿਉਂ ਹੀ ਆਰਾਮ ਕਰਨ ਲਈ ਉਹ ਕੁਰਸੀ 'ਤੇ ਬੈਠਾ, ਪਤਨੀ ਨੇ ਉਹਦੀਆਂ ਅੱਡੀਆਂ ਵੱਲ ਵੇਖ ਕੇ ਹੈਰਾਨੀ ਨਾਲ ਕਿਹਾ, 'ਕਿੰਨੀ ਵਾਰੀ ਤੁਹਾਡੀਆਂ ਅੱਡੀਆਂ ਨੂੰ ਕਰੀਮ ਲਈ ਹੈ, ਪਰ ਇਹ ਫਿਰ ਵੀ ਫਟੀਆਂ ਹੀ ਰਹਿੰਦੀਆਂ ਹਨ। ਦਰਦ ਨਹੀਂ ਹੁੰਦਾ ਤੁਹਾਨੂੰ?'

* ਮੂਲ : ਸੁਰੇਸ਼ ਸੌਰਭ
* ਅਨੁ : ਪ੍ਰੋ. ਨਵ ਸੰਗੀਤ ਸਿੰਘ

'ਹੁੰਦਾ ਹੈ। ਪਰ ਕੀ ਕਰਾਂ?'

'ਇਸੇ ਲਈ ਕਹਿੰਦੀ ਹਾਂ ਕਿ ਹਮੇਸ਼ਾ ਬੂਟ ਪਾ ਕੇ ਰੱਖਿਆ ਕਰੋ। ਪਰ ਤੁਸੀਂ ਮੇਰੀ ਸੁਣਦੇ ਕਿੱਥੇ ਹੋ? ਜਦੋਂ ਵੇਖੋ, ਚੱਪਲਾਂ ਹੀ ਪਹਿਨ ਕੇ ਚੱਲ ਪੈਂਦੇ ਹੋ' - ਪਤਨੀ ਖਿਝ ਕੇ ਬੋਲੀ। 'ਅਸਲ ਵਿਚ ਮੇਰੇ ਪਿਤਾ ਜੀ ਇਕ ਗਰੀਬ ਮਜ਼ਦੂਰ ਸਨ। ਬੜੀ ਮੁਸ਼ਕਲ ਨਾਲ ਉਹ ਸਿਰਫ ਚੱਪਲਾਂ ਹੀ ਖਰੀਦ ਸਕਦੇ ਸਨ। ਇਸ ਲਈ ਉਹ ਹਰ ਮੌਸਮ ਵਿਚ ਆਪਣੀਆਂ ਪੁਰਾਣੀਆਂ ਚੱਪਲਾਂ ਹੀ ਪਹਿਨੀ ਰੱਖਦੇ ਸਨ।'

'ਉਹ ਤਾਂ ਠੀਕ ਹੈ। ਪਰ ਤੁਸੀਂ ਤਾਂ ਗਰੀਬ ਨਹੀਂ ਹੋ। ਤੁਸੀਂ ਤਾਂ ਸਰਕਾਰੀ ਅਧਿਆਪਕ ਹੋ!' ਪਤਨੀ ਨੇ ਮੂੰਹ ਫੇਰ ਕੇ ਕਿਹਾ।

'ਤੈਨੂੰ ਤਾਂ ਪਤਾ ਹੀ ਹੈ, ਮੈਂ ਕਦੇ-ਕਦੇ ਬੂਟ ਵੀ ਪਹਿਨ ਲੈਂਦਾ ਹਾਂ। ਪਰ ਇਹ ਅੱਡੀਆਂ ਫਟਣੀਆਂ ਬੰਦ ਨਹੀਂ ਹੁੰਦੀਆਂ। ਲੱਗਦਾ ਹੈ, ਇਹ ਦਰਦ ਮੈਨੂੰ ਵਿਰਸੇ ਵਿਚ ਹੀ ਮਿਲਿਆ ਹੈ। ਇਹ ਦਰਦ ਮਹਿਸੂਸ ਕਰਦੇ ਹੋਏ, ਗਰੀਬਾਂ-ਮਜ਼ਦੂਰਾਂ ਦੇ ਦਰਦ ਨੂੰ ਮਹਿਸੂਸ ਕਰਦਾ ਰਹਾਂ- ਸ਼ਾਇਦ ਇਸੇ ਲਈ ਇਹ ਦਰਦ ਨਹੀਂ ਜਾਂਦਾ, ਸ਼ਾਇਦ ਇਸੇ ਲਈ ਮੇਰੀਆਂ ਇਹ ਅੱਡੀਆਂ ਹਮੇਸ਼ਾ ਫਟੀਆਂ ਰਹਿੰਦੀਆਂ ਹਨ। ਸ਼ਾਇਦ ਪਰਮਾਤਮਾ ਦੀ ਇਹੋ ਮਰਜ਼ੀ ਹੈ।'

ਹੁਣ ਪਤਨੀ ਪਤੀ ਦੇ ਨੇੜੇ ਆ ਗਈ। ਪਤੀ ਦੀਆਂ ਅੱਖਾਂ ਵਿੱਚ ਝਾਕਣ ਲੱਗੀ, ਜਿੱਥੇ ਕੋਈ ਨਮੀ ਤੈਰ ਰਹੀ ਸੀ। ਹੁਣ ਉਹ ਨਮੀ ਹੌਲੀ-ਹੌਲੀ ਪਤਨੀ ਦੀਆਂ ਅੱਖਾਂ ਵਿਚ ਵੀ ਤੈਰਨ ਲੱਗ ਪਈ ਸੀ।

# ਮੁੱਕੇਬਾਜ਼ੀ ਦਾ ਮਹਾਨ ਘੁਲਾਟੀਆ ਮੁਹੰਮਦ ਅਲੀ

## ਵਿਸ਼ਵ ਦੇ ਮਹਾਨ ਖਿਡਾਰੀ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਮੁਹੰਮਦ ਅਲੀ ਬਾਰੇ ਲਿਖਣਾ ਲਫਜ਼ਾਂ ਨਾਲ ਘੁਲ਼ਣਾ ਹੈ। ਮੁੱਕੇਬਾਜ਼ੀ ਦੇ ਨਾਲ ਲਫਜ਼ਾਂ ਦੀ ਲੀਲ੍ਹਾ ਵਿਖਾਉਣੀ। ਉਹ ਵੀਹ ਵਰ੍ਹੇ ਵਿਸ਼ਵ ਦਾ ਸਭ ਤੋਂ ਤਕੜਾ ਮੁੱਕੇਬਾਜ਼ ਮੰਨਿਆ ਜਾਂਦਾ ਰਿਹਾ। ਕਿੰਗ ਮਾਰਟਨ ਲੂਥਰ ਨੇ ਉਸ ਨੂੰ ਕਾਲੇ ਲੋਕਾਂ ਦਾ ਮਹਾਨ ਘੁਲਾਟੀਆ ਕਹਿ ਕੇ ਵਡਿਆਇਆ ਸੀ। ਉਹਦੇ ਇਕ-ਇਕ ਭੇੜ ਦਾ ਮੁੱਲ ਕਰੋੜਾਂ ਰੁਪਈਆਂ ਤਕ ਪੈਂਦਾ ਰਿਹਾ। ਉਹਦੇ ਬਾਰੇ ਸੈਂਕੜੇ ਕਲਮਾਂ ਨੇ ਲੱਖਾਂ ਲਫ਼ਜ਼ ਲਿਖੇ ਅਤੇ ਅਖ਼ਬਾਰਾਂ 'ਚ ਮੁਹੰਮਦ ਅਲੀ ਦੇ ਨਾਂ ਦੀਆਂ ਹਜ਼ਾਰਾਂ ਸੁਰਖ਼ੀਆਂ ਲੱਗੀਆਂ। ਜਦੋਂ ਉਹਦਾ ਮੁੱਕੇਬਾਜ਼ੀ ਦਾ ਮੁਕਾਬਲਾ ਹੁੰਦਾ ਤਾਂ ਦੁਨੀਆ ਦੀਆਂ ਅਰਬਾਂ ਅੱਖਾਂ ਟੀਵੀ 'ਤੇ ਉਹਦੇ ਮੁੱਕਿਆਂ ਦੇ ਜਲਵੇ ਵੇਖਦੀਆਂ। ਬੌਕਸਿੰਗ ਦਾ ਉਹ ਬਾਦਸ਼ਾਹ ਹੀ ਨਹੀਂ, ਸ਼ਹਿਨਸ਼ਾਹ ਸੀ।

ਉਂਜ ਵੀ ਉਹ ਅਲੋਕਾਰ ਵਿਅਕਤੀ ਸੀ। ਉਸ ਨੇ ਧਰਮ ਬਦਲਿਆ, ਕੋਚ ਬਦਲੇ, ਨਾਂ ਬਦਲਿਆ, ਸ਼ੌਕ ਬਦਲੇ, ਇਥੋਂ ਤਕ ਕਿ ਪਤਨੀਆਂ ਬਦਲ ਕੇ ਚਾਰ ਵਿਆਹ ਕਰਵਾਏ। ਉਹ ਵਰ੍ਹਿਆਂ-ਬੱਧੀ ਮੁੱਕੇਬਾਜ਼ੀ ਦੇ ਅਖਾੜਿਆਂ ਦਾ ਸ਼ਿੰਗਾਰ ਰਿਹਾ। ਉਹਦੀ ਕਮਾਈ ਕਰੋੜਾਂ ਡਾਲਰਾਂ ਤਕ ਅੱਪੜੀ। ਉਹਨੇ ਵਿਸ਼ਵ ਪੱਧਰ ਦੇ ਦਰਜਨਾਂ ਭੇੜ ਭਿੜੇ, ਤਿੰਨ ਵਾਰ ਮੁੱਕੇਬਾਜ਼ੀ ਦਾ ਵਿਸ਼ਵ ਵਿਜੇਤਾ ਹੋਣ ਦਾ ਖ਼ਿਤਾਬ ਜਿੱਤਿਆ, ਤਿੰਨ ਪਤਨੀਆਂ ਨੂੰ ਤਲਾਕ ਦਿੱਤੇ ਤੇ ਨੌਂ ਬੱਚਿਆਂ ਦਾ ਬਾਪ ਬਣਿਆ। ਉਹਦੀ ਧੀ ਲੈਲਾ ਨੇ ਮੁੱਕੇਬਾਜ਼ੀ ਵਿਚ ਵਿਸ਼ਵ ਪੱਧਰ 'ਤੇ ਨਾਮਣਾ ਖੱਟਿਆ। ਚੁਤਾਲੀ ਸਾਲਾਂ ਦੀ ਉਮਰ ਵਿਚ ਉਹਨੇ ਅਠਾਈ ਸਾਲਾਂ ਦੀ ਯੋਲੰਡਾ ਨਾਲ ਚੌਥਾ ਵਿਆਹ ਕਰਵਾਇਆ। ਆਖ਼ਰ ਉਹ ਪਾਰਕਿਨਸਨ ਦੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ 74 ਸਾਲ ਦੀ ਉਮਰ ਵਿਚ ਅੱਲ੍ਹਾ ਨੂੰ ਪਿਆਰਾ ਹੋ ਗਿਆ।

ਮਰਨ ਤੋਂ ਪਹਿਲਾਂ ਖ਼ਬਰਾਂ ਨਿਕਲੀਆਂ ਸਨ ਕਿ ਮੁਹੰਮਦ ਅਲੀ ਨੂੰ ਕੋਈ ਗੁੱਝੀ ਬਿਮਾਰੀ ਵਿਚੇ ਵਿਚ ਖਾ ਰਹੀ ਹੈ। ਉਹਦੇ ਹੱਥ ਕੰਬਦੇ ਸਨ ਤੇ ਆਵਾਜ਼ ਥਥਲਾਉਂਦੀ ਸੀ। ਲੋਕਾਂ ਸਮਝਿਆ ਸ਼ਾਇਦ ਸਿਰ 'ਚ ਖਾਧੇ ਸੈਂਕੜੇ ਹਜ਼ਾਰਾਂ ਮੁੱਕਿਆਂ ਦਾ ਕੋਈ ਵਿਗਾੜ ਹੋਵੇ। ਡਾਕਟਰਾਂ ਨੇ ਉਹਦੀ ਬਿਮਾਰੀ ਦਾ ਨਾਂ ਪਾਰਕਿਨਸਨ ਸਾਈਨਡਰੋਮ ਦੱਸਿਆ ਸੀ। ਪਰ ਡਾ. ਰਾਜਕੋ ਮੈਡਨੀਕਾ ਨੇ ਬਿਮਾਰੀ ਲੱਭੀ ਕਿ ਕਿਸੇ ਜ਼ਹਿਰੀਲੀ ਦਵਾਈ ਦਾ ਲਹੂ 'ਚ ਰਚਿਆ ਭੈੜਾ ਪ੍ਰਭਾਵ ਸੀ। ਫਿਰ ਉਸ ਦੇ ਲਹੂ ਦੀ ਸਫਾਈ ਕੀਤੀ ਜਾਣ ਲੱਗੀ ਜਿਸ ਉਤੇ ਪੰਜ ਛੇ ਘੰਟਿਆਂ ਦਾ ਵਕਤ ਲੱਗਣ ਲੱਗਾ। ਆਖ਼ਰ ਹੋਣੀ ਲੈ ਬੈਠੀ।

ਮੁਹੰਮਦ ਅਲੀ ਦਾ ਮੁੱਢਲਾ ਨਾਂ ਕੈਸੀਅਸ ਕਲੇਅ ਸੀ। ਉਹਦਾ ਜਨਮ ਅਮਰੀਕਾ ਵਿਚ ਲੂਈਸਵਿਲੇ ਦੇ ਹਸਪਤਾਲ 'ਚ 17 ਜਨਵਰੀ 1942 ਨੂੰ ਸ਼ਾਮ ਦੇ 6.35 ਵਜੇ ਹੋਇਆ ਸੀ। ਉਹ ਮਾਪਿਆਂ ਦਾ ਪਹਿਲਾ ਬੱਚਾ ਸੀ। ਤਿੰਨ ਸਾਲ ਦੀ ਉਮਰ ਵਿਚ ਉਹ ਪੰਜਾਂ ਸਾਲਾਂ ਦਾ ਲੱਗਦਾ ਸੀ ਜਿਸ ਕਰਕੇ ਮਾਂ ਨੂੰ ਬੱਸ ਚੜ੍ਹਨ ਲਈ ਉਹਦੀ ਟਿਕਟ ਲੈਣੀ ਪੈਂਦੀ ਸੀ। ਉਹ ਤਿੰਨਾਂ ਚਹੁੰ ਬੱਚਿਆਂ ਜਿੰਨੀ ਖੁਰਾਕ ਖਾ ਜਾਂਦਾ ਸੀ। ਇਕ ਵਾਰ ਗੋਦੀ ਵਿਚ ਦੁੱਧ ਚੁੰਘਦੇ ਨੇ ਮਾਂ ਦੇ ਅਜਿਹਾ ਘਸੁੰਨ ਮਾਰਿਆ ਕਿ ਉਹਦਾ ਦੰਦ ਹਿਲਾ ਦਿੱਤਾ ਜੋ ਬਾਅਦ ਵਿਚ ਕਢਾਉਣਾ ਪਿਆ। ਗੀ-ਗੀ ਉਹਦੇ ਪਹਿਲੇ ਬੋਲ ਸਨ ਜਿਨ੍ਹਾਂ ਦੇ ਅਰਥ ਬਾਅਦ ਵਿਚ ਕਿਸੇ ਨੇ 'ਗੋਲਡਨ ਗਲੱਵਜ਼' ਕੱਢੇ ਤੇ ਕਿਸੇ ਨੇ 'ਗਿਫਟ ਆਫ਼ ਗਾਡ'।

ਉਹ ਬਾਰਾਂ ਸਾਲਾਂ ਦਾ ਸੀ ਜਦੋਂ ਉਹਦਾ ਸਾਈਕਲ ਚੋਰੀ ਹੋ ਗਿਆ। ਪੁਲਿਸ ਕੋਲ ਰਿਪੋਰਟ ਦਰਜ ਕਰਾਉਣ ਗਿਆ ਤਾਂ ਉਥੇ ਬੌਕਸਿੰਗ ਦਾ ਇਕ ਕੋਚ ਮਿਲ ਗਿਆ। ਉਸ ਨੇ ਕੈਸੀਅਸ ਕਲੇਅ ਨੂੰ ਕਿਹਾ, "ਜੇ ਤੂੰ ਮੁੱਕੇਬਾਜ਼ੀ ਸਿੱਖ ਲਵੇਂ ਤਾਂ ਤੇਰੇ ਘਸੁੰਨਾਂ ਤੋਂ ਡਰਦਾ ਕੋਈ ਵੀ ਬੰਦਾ ਤੇਰੇ ਸਮਾਨ ਦੀ ਚੋਰੀ ਨਹੀਂ ਕਰ ਸਕੇਗਾ।" ਉਹ ਉਹਤੋਂ ਮੁੱਕੇਬਾਜ਼ੀ ਸਿੱਖਣ ਲੱਗ ਪਿਆ।

ਉਹ ਦਰਮਿਆਨਾ ਵਿਦਿਆਰਥੀ ਸੀ ਪਰ ਕਿਹਾ ਕਰਦਾ ਸੀ: ਮੈਂ ਮਹਾਨ ਬਣਾਂਗਾ! ਚੜ੍ਹਦੀ ਉਮਰੇ ਉਹ ਆਪਣਾ ਨਾਂ ਰੇਡੀਓ ਤੋਂ ਸੁਣਨਾ ਚਾਹੁੰਦਾ ਸੀ। ਛਪਿਆ ਵੇਖਣਾ ਚਾਹੁੰਦਾ ਸੀ, ਉਘੜਵਾਂ ਤੇ ਲਿਸ਼ਕਵਾਂ: ਕੈਸੀਅਸ ਕਲੇਅ। ਰੋਮ ਦੀਆਂ ਓਲੰਪਿਕ ਖੇਡਾਂ-1960 ਦੇ ਟਰਾਇਲਾਂ ਲਈ ਉਹਨੂੰ ਸਾਨਫਰਾਂਸਿਸਕੋ ਸੱਦਿਆ ਗਿਆ। ਉਹ ਹਵਾਈ ਜਹਾਜ਼ 'ਤੇ ਚੜ੍ਹਨੋਂ ਡਰਦਾ ਸੀ। ਉਹਦੇ ਕੋਚ ਜੋਅ ਮਾਰਟਿਨ ਨੇ ਉਹਨੂੰ ਜਹਾਜ਼ 'ਤੇ ਚੜ੍ਹਨ ਲਈ ਮਸੀਂ ਮਨਾਇਆ। ਸਾਨਫਰਾਂਸਿਸਕੋ ਵਿਚ ਉਹ ਟਰਾਇਲਾਂ 'ਚ ਸਫਲ ਰਿਹਾ ਤਾਂ ਉਸ ਨੇ ਮੁੜਵੀਂ ਹਵਾਈ ਟਿਕਟ ਹਵਾ 'ਚ ਚਲਾ ਮਾਰੀ ਤੇ ਰੇਲ ਗੱਡੀ ਉਤੇ ਚੜ੍ਹ ਕੇ ਲੂਈਸਵਿਲੇ ਮੁੜਿਆ। ਸਤਾਰਾਂ ਸਾਲ ਦੀ ਉਮਰ 'ਚ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਉਸ ਨੇ ਸੋਨੇ ਦਾ ਤਮਗ਼ਾ ਜਿੱਤਿਆ ਤਾਂ ਉਹਦੀ ਧੰਨ-ਧੰਨ ਹੋ ਗਈ। ਯੂਰਪ ਦੀਆਂ ਗੋਰੀਆਂ ਨੇ ਸਾਂਵਲੇ ਚੈਂਪੀਅਨ ਦੇ ਚੁੰਮਣ ਲਏ ਤੇ ਉਹਦਾ ਨਾਂ ਮੁੱਕੇਬਾਜ਼ੀ ਦੇ ਚੜ੍ਹਦੇ ਸੂਰਜ ਵਜੋਂ ਰੌਸ਼ਨ ਹੋ ਗਿਆ।

ਮੁਹੰਮਦ ਅਲੀ ਦੇ ਪੈਰਾਂ ਵਿਚ ਤੇਜ਼ੀ ਸੀ ਤੇ ਮੁੱਕੇ ਵਿਚ ਵਦਾਨ ਦੀ ਸੱਟ। ਉਹ ਤਿਤਲੀ ਵਾਂਗ ਮੰਡਰਾਉਂਦਾ ਤੇ ਮੱਖੀ ਵਾਂਗ ਡੰਗ ਮਾਰਦਾ ਸੀ। ਉਹ ਬੜਬੋਲਾ ਵੀ ਬਹੁਤ ਸੀ ਜਿਸ ਕਰਕੇ ਉਸ ਨੂੰ ਲੂਈਸਵਿਲੇ ਦਾ 'ਲਿੱਪ' ਕਿਹਾ ਜਾਂਦਾ ਸੀ। ਉਹਦਾ ਪਹਿਲਾ ਪ੍ਰੋਫੈਸ਼ਨਲ ਮੁਕਾਬਲਾ ਇੰਗਲੈਂਡ ਦੇ ਹੈਨਰੀ ਕੂਪਰ ਨਾਲ ਹੋਇਆ। ਕੂਪਰ ਨੂੰ ਹਰਾ ਕੇ ਉਹ ਵਿਸ਼ਵ ਚੈਂਪੀਅਨ ਸੋਨੀ ਲਿਸਟਨ ਨਾਲ ਲੜਨ ਲਈ ਚੈਲੰਜ ਕਰਨ ਲੱਗਾ। ਸੋਨੀ ਲਿਸਟਨ ਪੱਚੀ ਭੈਣ ਭਾਈਆਂ 'ਚ ਸਭ ਤੋਂ ਛੋਟਾ ਸੀ ਜਿਵੇਂ ਉਡਣ ਪਰੀ ਵਿਲਮਾ ਰੁਡੋਲਫ ਉੱਨੀ ਭੈਣ ਭਰਾਵਾਂ 'ਚ ਸਭ ਤੋਂ ਨਿੱਕੀ ਸੀ। ਬਚਪਨ ਵਿਚ ਉਸ ਨੂੰ ਪੋਲੀਓ ਹੋ ਗਿਆ ਸੀ। ਹੈਰਾਨੀ ਹੁੰਦੀ ਹੈ ਕਿ ਏਡੇ ਵੱਡੇ ਟੱਬਰਾਂ ਵਿਚ ਇਹ ਬੱਚੇ ਕਿਵੇਂ ਪਲਦੇ ਰਹੇ ਤੇ ਵਰਲਡ ਚੈਂਪੀਅਨ ਬਣਦੇ ਰਹੇ!


ਸੋਨੀ ਲਿਸਟਨ ਨਿੱਕਾ ਹੁੰਦਾ ਈ ਮਾੜ ਧਾੜ ਕਰਨ ਲੱਗ ਪਿਆ ਸੀ ਜਿਸ ਕਰਕੇ ਜੇਲ੍ਹ ਚਲਾ ਗਿਆ ਸੀ। ਜੇਲ੍ਹ ਵਿਚ ਹੀ ਉਸ ਨੇ ਮੁੱਕੇਬਾਜ਼ੀ ਸਿੱਖੀ। 25 ਫਰਵਰੀ 1964 ਨੂੰ ਕੈਸੀਅਸ ਕਲੇਅ ਨੇ ਸੋਨੀ ਲਿਸਟਨ ਨੂੰ ਹਰਾ ਕੇ ਵਿਸ਼ਵ ਗੁਰਜ ਜਿੱਤੀ ਤੇ ਮਹਾਨ ਮੁੱਕੇਬਾਜ਼ ਅਖਵਾਇਆ। ਉਸ ਤੋਂ ਦੋ ਹਫ਼ਤੇ ਪਿੱਛੋਂ ਉਹ ਇਸਲਾਮ ਦੇ ਪ੍ਰਭਾਵ ਹੇਠ ਆ ਗਿਆ ਤੇ ਮੁਸਲਮਾਨ ਸਜ ਗਿਆ। ਉਸ ਦਾ ਇਸਲਾਮੀ ਨਾਂ ਮੁਹੰਮਦ ਅਲੀ ਰੱਖਿਆ ਗਿਆ। ਇਸਲਾਮ ਜਗਤ ਨੇ ਫਿਰ ਉਸ ਦਾ ਪੁੱਜ ਕੇ ਪ੍ਰਚਾਰ ਕੀਤਾ। ਮਿਸਰ ਦੇ ਰਾਸ਼ਟਰਪਤੀ ਨਾਸਰ ਵਰਗੇ ਕੈਰੋ ਦੇ ਹਵਾਈ ਅੱਡੇ ਉਤੇ ਉਹਦੀ ਉਡੀਕ ਕਰਦੇ ਰਹੇ। ਮੁਸਲਿਮ ਜਗਤ ਹੁੱਬ ਕੇ ਕਹਿੰਦਾ: ਅਲੀ ਸਾਡਾ ਹੈ!

ਮੁਸਲਮਾਨ ਬਣ ਕੇ ਮੁਹੰਮਦ ਅਲੀ ਨੇ ਸੋਂਜੀ ਨਾਲ ਸ਼ਾਦੀ ਕਰ ਲਈ। ਸੋਂਜੀ ਨੂੰ ਮੁਸਲਿਮ ਪਰਦੇਦਾਰੀ ਪਸੰਦ ਨਹੀਂ ਸੀ। ਉਹ ਲੰਡੇ ਕੱਪੜਿਆਂ 'ਚ ਅੱਧਨੰਗੀ ਵਿਚਰਦੀ ਅਤੇ ਨੱਚਣ ਗਾਉਣ ਵਿਚ ਦਿਲਚਸਪੀ ਰੱਖਦੀ ਸੀ। ਕੁਝ ਮਹੀਨਿਆਂ ਪਿੱਛੋਂ ਹੀ ਉਨ੍ਹਾਂ ਦਾ ਤਲਾਕ ਹੋ ਗਿਆ। ਮੁਹੰਮਦ ਅਲੀ ਨੇ ਅਦਾਲਤ ਵਿਚ ਕਿਹਾ, "ਜੱਜ ਸਾਹਬ, ਇਹਦੇ ਕੱਪੜੇ ਵੇਖੋ। ਇਹ ਮੇਰੇ ਮਜ਼ਹਬ ਦੇ ਮੁਤਾਬਿਕ ਨਹੀਂ। ਮੇਰਾ ਇਹਤੋਂ ਖਹਿੜਾ ਛੁਡਾਓ।"

ਜੱਜ ਨੇ ਤਲਾਕ ਮਨਜ਼ੂਰ ਕਰ ਦਿੱਤਾ ਤੇ ਸੋਂਜੀ ਲਈ ਦਸ ਸਾਲ ਤਕ ਦਾ ਖਰਚਾ ਬੰਨ੍ਹ ਦਿੱਤਾ। ਸੋਂਜੀ ਨੇ ਆਪਣੀਆਂ ਸਹੇਲੀਆਂ ਨੂੰ ਕਿਹਾ, "ਅਲੀ ਅੰਤ ਵੇਲੇ ਯਾਦ ਕਰੇਗਾ ਕਿ ਉਹਦਾ ਸਭ ਤੋਂ ਤਕੜਾ ਮੁਕਾਬਲਾ ਉਹਦੀ ਪਹਿਲੀ ਪਤਨੀ ਨਾਲ ਸੀ। ਉਹਨੂੰ ਹੋਰ ਕੋਈ ਢਾਹ ਸਕੇ ਜਾਂ ਨਾ ਪਰ ਮੈਂ ਉਸ ਨੂੰ ਢਾਹ ਲਿਐ। ਉਹ ਵੀ ਕੀ ਯਾਦ ਰੱਖੇਗਾ ਕਿ ਕਿਸੇ ਨਾਲ ਵਾਹ ਪਿਆ ਸੀ।" ਖਰਚਾ ਬੰਨ੍ਹਵਾ ਕੇ ਉਹ ਕਲੱਬ ਵਿਚ ਚਲੀ ਗਈ ਤੇ ਮਨਚਾਹੇ ਮੁੰਡਿਆਂ ਨਾਲ ਨੱਚਣ ਗਾਉਣ ਲੱਗੀ।

ਉਧਰ ਵੀਅਤਨਾਮ ਦੀ ਜੰਗ ਛਿੜੀ ਹੋਈ ਸੀ। ਅਮਰੀਕਾ ਦੇ ਕਾਨੂੰਨ ਅਨੁਸਾਰ ਮੁਹੰਮਦ ਅਲੀ ਨੂੰ ਵੀ ਕੁਝ ਸਮੇਂ ਲਈ ਜੰਗ 'ਚ ਭੇਜਣ ਦਾ ਹੁਕਮ ਹੋਇਆ ਤਾਂ ਉਹਨੇ ਜੰਗ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ, "ਮੈਂ ਬੰਦੂਕ ਨਹੀਂ ਫੜਨੀ।" ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਨੇ ਉਹਦੀ ਨਾਬਰੀ ਦੀ ਹਮਾਇਤ ਕੀਤੀ। ਕਈਆਂ ਨੇ ਉਹਨੂੰ ਕਾਨੂੰਨ ਤੋੜਨ ਵਾਲਾ ਵੀ ਕਿਹਾ। ਉਹਦੇ ਵਿਰੁੱਧ ਮੁਕੱਦਮਾ ਚੱਲਿਆ ਅਤੇ ਅਦਾਲਤ ਨੇ ਉਸ ਨੂੰ ਪੰਜ ਸਾਲ ਦੀ ਕੈਦ ਸੁਣਾਈ ਤੇ ਦਸ ਹਜ਼ਾਰ ਡਾਲਰ ਜੁਰਮਾਨਾ ਕੀਤਾ। ਇਸ ਸਜ਼ਾ ਨੇ ਸਿਖਰ ਦੀ ਜੁਆਨੀ ਵਿਚ ਅਲੀ ਨੂੰ ਪੰਜ ਸਾਲ ਬੌਕਸਿੰਗ ਦੇ ਰਿੰਗ ਤੋਂ ਪਾਸੇ ਰੱਖਿਆ।

ਉਹ ਰਿਹਾਅ ਹੋਇਆ ਤਾਂ ਉਸ ਨੇ ਫਿਰ ਮੁੱਕੇਬਾਜ਼ੀ ਸ਼ੁਰੂ ਕਰ ਲਈ। ਉਸ ਨੇ ਆਲਮੀ ਚੈਂਪੀਅਨ ਜੋਅ ਫਰੇਜ਼ੀਅਰ ਨੂੰ ਹਰਾ ਕੇ ਦੁਬਾਰਾ ਵਿਸ਼ਵ ਤਾਜ ਜਿੱਤਿਆ। ਤੀਜੀ ਵਾਰ ਉਹਨੇ ਜਾਰਜ ਫੋਰਮੈਨ ਨੂੰ ਹਰਾ ਕੇ ਵਿਸ਼ਵ ਗੁਰਜ ਜਿੱਤੀ। ਉਦੋਂ ਤਕ ਉਹੀ ਇਕੋ ਇਕ ਮੁੱਕੇਬਾਜ਼ ਸੀ ਜਿਸ ਨੇ ਤਿੰਨ ਵਾਰ ਮੁੱਕੇਬਾਜ਼ੀ ਦੀ ਵਿਸ਼ਵ ਚੈਂਪੀਅਨਸ਼ਿਪ ਜਿੱਤੀ। ਵਿਸ਼ੇਸ਼ ਗੱਲ ਇਹ ਸੀ ਕਿ ਉਹ ਤਿੰਨੇ ਵਾਰ ਵਿਸ਼ਵ ਗੁਰਜ ਖੁਹਾਉਣ ਪਿੱਛੋਂ ਜਿੱਤਦਾ ਰਿਹਾ ਸੀ। ਆਖ਼ਰ ਲਿਓਨ ਸਪਿੰਕਸ ਨੇ ਜੂਨ 1977 ਵਿਚ ਉਹਨੂੰ ਹਰਾ ਕੇ ਮੁੱਕੇਬਾਜ਼ੀ ਤੋਂ ਰਿਟਾਇਰ ਹੋਣ ਲਈ ਮਜਬੂਰ ਕੀਤਾ।



ਮੁਹੰਮਦ ਅਲੀ ਨੇ ਮੁੱਕੇਬਾਜ਼ੀ ਦੇ ਨਾਲ-ਨਾਲ ਮਾੜੀ ਮੋਟੀ ਸ਼ਾਇਰੀ ਵੀ ਕੀਤੀ ਤੇ ਇਸਲਾਮ ਬਾਰੇ ਲੈਕਚਰ ਵੀ ਕੀਤੇ। 1980 ਵਿਚ ਮਾਸਕੋ ਦੀਆਂ ਓਲੰਪਿਕ ਖੇਡਾਂ ਦੇ ਬਾਈਕਾਟ ਲਈ ਅਮਰੀਕਾ ਸਰਕਾਰ ਨੇ ਉਹਨੂੰ ਆਪਣਾ ਬੁਲਾਰਾ ਬਣਾ ਕੇ ਅਫਰੀਕਾ ਦੇ ਮੁਸਲਮਾਨੀ ਮੁਲਕਾਂ ਵਿਚ ਭੇਜਿਆ ਪਰ ਉਹ ਆਪਣੇ ਮਿਸ਼ਨ ਵਿਚ ਫੇਲ੍ਹ ਹੋਇਆ। ਉਹ ਇਸਲਾਮ ਦੇ ਪ੍ਰਚਾਰ ਲਈ ਪੜ੍ਹਨ ਸਮੱਗਰੀ ਉਤੇ ਆਪਣੇ ਦਸਤਖ਼ਤ ਕਰ ਕੇ ਲੋਕਾਂ 'ਚ ਵੰਡਦਾ ਰਿਹਾ। ਉਸ ਨੇ ਆਪਣੇ ਚਾਹੁਣ ਵਾਲਿਆਂ ਵਿਚ ਇਸਲਾਮੀ ਨਿਸ਼ਾਨੀਆਂ ਵੀ ਵੰਡੀਆਂ। ਉਹ ਆਪਣੇ ਗੋਲ ਭਰਵੇਂ ਚਿਹਰੇ, ਗੰਭੀਰ ਮੁਦਰਾ ਤੇ ਧੀਮੀ ਆਵਾਜ਼ ਵਿਚ ਅੱਲ੍ਹਾ ਨੂੰ ਯਾਦ ਕਰਦਾ ਰਿਹਾ।

ਸਰਗਰਮ ਮੁੱਕੇਬਾਜ਼ੀ ਤੋਂ ਰਿਟਾਇਰ ਹੋਣ ਪਿੱਛੋਂ ਉਸ ਨੂੰ ਇਕ ਵਾਰ ਮੁੜ ਮੁੱਕੇਬਾਜ਼ੀ ਦਾ ਫਤੂਰ ਕੁੱਦ ਪਿਆ ਸੀ। ਉਸ ਨੇ ਮਸ਼ਹੂਰ ਮੁੱਕੇਬਾਜ਼ ਲੈਰੀ ਹੋਮਜ਼ ਨੂੰ ਲਲਕਾਰਿਆ। 2 ਅਕਤੂਬਰ 1980 ਦੀ ਰਾਤ ਨੂੰ ਵਿਸ਼ਵ ਚੈਂਪੀਅਨ ਲੈਰੀ ਹੋਮਜ਼ ਨੇ ਮੁਹੰਮਦ ਅਲੀ ਉਤੇ ਮੁੱਕਿਆਂ ਦੀ ਉਹ ਬੁਛਾੜ ਕੀਤੀ ਕਿ ਅਲੀ ਦੇ ਆਉਸਾਨ ਮਾਰੇ ਗਏ ਤੇ ਤੌਰ ਉੱਡੇ ਰਹੇ। ਕੇਵਲ ਸੱਤਵੇਂ ਗੇੜ 'ਚ ਅਲੀ ਨੇ ਕੁਝ ਜੌਹਰ ਵਿਖਾਏ ਪਰ ਪਹਿਲਾਂ ਵਾਲੀ ਗੱਲ ਨਾ ਬਣੀ। ਅਗਲੇ ਤਿੰਨ ਗੇੜਾਂ 'ਚ ਲੈਰੀ ਹੋਮਜ਼ ਨੇ ਮੁਹੰਮਦ ਅਲੀ ਦਾ ਮਲੀਆਮੇਟ ਕਰ ਦਿੱਤਾ। ਦਸਵੇਂ ਗੇੜ ਪਿੱਛੋਂ ਉਹ ਦਮ ਲੈਣ ਬੈਠਾ ਤੇ ਗਿਆਰਵੇਂ ਗੇੜ ਲਈ ਉੱਠ ਨਾ ਸਕਿਆ। ਇੰਜ ਇਤਿਹਾਸ ਦੇ ਸਭ ਤੋਂ ਤਕੜੇ ਮੁੱਕੇਬਾਜ਼ ਦੀ ਹਾਰ ਨਾਕ ਆਊਟ ਦੀ ਨਮੋਸ਼ੀ ਨਾਲ ਹੋਈ ਜੋ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ।

ਵੇਖਣ ਵਾਲੇ ਦੱਸਦੇ ਸਨ ਕਿ ਹਾਰ ਜਾਣ ਪਿੱਛੋਂ ਉਹ ਕਈ ਮਿੰਟ ਸਟੂਲ ਤੋਂ ਉੱਠ ਨਹੀਂ ਸੀ ਸਕਿਆ। ਉਹਦਾ ਚਿਹਰਾ ਲੱਥ ਗਿਆ ਸੀ ਤੇ ਭਵੰਤਰੀਆਂ ਨਜ਼ਰਾਂ ਇੰਜ ਵੇਖਦੀਆਂ ਸਨ ਜਿਵੇਂ ਕਿਸੇ ਡਰਾਉਣੇ ਸੁਫਨੇ 'ਚੋਂ ਜਾਗਿਆ ਹੋਵੇ। ਪਰ ਅਗਲੇ ਦਿਨ ਉਸ ਨੇ ਫਿਰ ਬੜ੍ਹਕ ਮਾਰੀ ਜਿਵੇਂ ਉਹ ਹਾਰਨ ਪਿੱਛੋਂ ਹਮੇਸ਼ਾਂ ਮਾਰਿਆ ਕਰਦਾ ਸੀ, "ਮੁਹੰਮਦ ਅਲੀ ਨੂੰ ਮਰ ਮੁੱਕ ਗਿਆ ਨਾ ਸਮਝੋ। ਮੈਂ ਇਕ ਵਾਰ ਫਿਰ ਅਖਾੜੇ 'ਚ ਉੱਤਰਾਂਗਾ ਤੇ ਸਾਬਤ ਕਰ ਦਿਆਂਗਾ ਕਿ ਅਲੀ ਸੱਚਮੁੱਚ ਮਹਾਨ ਹੈ!"

ਪਰ ਇਹ ਸਿਰਫ਼ ਬੜ੍ਹਕ ਹੀ ਸੀ। ਉਹਦੀ ਮੁੱਕੇਬਾਜ਼ੀ ਦੇ ਦਿਨ ਮੁੱਕ ਚੁੱਕੇ ਸਨ ਪਰ ਬੜ੍ਹਕਾਂ ਨਹੀਂ ਸਨ ਮੁੱਕੀਆਂ। ਉਹ ਪਾਰਕਿਨਸਨ ਦਾ ਮਰੀਜ਼ ਬਣ ਗਿਆ ਸੀ ਤੇ ਹਰ ਵੇਲੇ ਕੰਬਦੇ ਰਹਿਣਾ ਉਹਦੇ ਭਾਗ ਬਣ ਗਏ ਸਨ। 1996 ਵਿਚ ਅਟਲਾਂਟਾ ਦੀਆਂ ਓਲੰਪਿਕ ਖੇਡਾਂ ਸਮੇਂ ਉਸ ਨੇ ਕੰਬਦੇ ਹੱਥਾਂ ਨਾਲ ਖੇਡਾਂ ਦੀ ਜੋਤ ਜਗਾਈ ਸੀ ਜਿਥੇ ਉਹਦੇ ਦਰਸ਼ਨ ਕੁਲ ਦੁਨੀਆਂ ਨੇ ਇਕ ਵਾਰ ਫਿਰ ਕੀਤੇ ਸਨ। ਪਰ ਉਹ ਪਹਿਲਾਂ ਵਾਲਾ ਮੁਹੰਮਦ ਅਲੀ ਨਹੀਂ ਸੀ ਲੱਗਦਾ। ਉਹ ਪਾਰਕਿਨਸਨ ਦੀ ਬਿਮਾਰੀ ਨਾਲ ਕਈ ਵਰ੍ਹੇ ਜੂਝਦਾ ਰਿਹਾ। ਫਿਰ ਉਸ ਨੂੰ ਨਮੂਨੀਆ ਹੋਇਆ ਤਾਂ ਹਸਪਤਾਲ ਦਾਖਲ ਹੋਣਾ ਪਿਆ। ਸਾਹ ਲੈਣ ਦੀ ਤਕਲੀਫ਼ ਹੋਈ ਤਾਂ ਫਿਰ ਹਸਪਤਾਲ। ਬਿਮਾਰੀਆਂ ਨੇ ਉਹਨੂੰ ਸਾਹ ਨਾ ਆਉਣ ਦਿੱਤਾ। ਆਖ਼ਰ 3 ਜੂਨ 2016 ਨੂੰ ਐਰੀਜ਼ੋਨਾ ਸਟੇਟ ਦੇ ਸ਼ਹਿਰ ਫੀਨੈਕਸ ਦੇ ਇਕ ਹਸਪਤਾਲ ਵਿਚ ਉਹਨੇ ਆਖ਼ਰੀ ਸਾਹ ਲਿਆ। ਸਾਧੂ ਦਯਾ ਸਿੰਘ ਨੇ 'ਜ਼ਿੰਦਗੀ ਬਿਲਾਸ' ਦੇ ਕਿੱਸੇ ਵਿਚ ਸੱਚ ਹੀ ਕਿਹਾ ਹੈ:

...ਕੋਈ ਰੋਜ਼ ਤੂੰ ਸੜਕ 'ਤੇ ਸੈਰ ਕਰ ਲੈ,
ਬੱਘੀ ਵਿਚ ਤਬੇਲੇ ਦੇ ਖੜ੍ਹੀ ਰਹਿਣੀ
ਆਖ਼ਰ ਉਮਰ ਦੀ ਡੋਰ ਨੇ ਟੁੱਟ ਜਾਣਾ
ਗੁੱਡੀ ਸਦਾ ਨਾ ਜੱਗ 'ਤੇ ਚੜ੍ਹੀ ਰਹਿਣੀ।

---

# ਕੌਲਿਜੀਅਮ-ਕਮਿਸ਼ਨ ਵਿਵਾਦ

*(ਸਫਾ 15 ਦਾ ਬਾਕੀ)*

ਕੌਲ ਦੀ ਅਗਵਾਈ ਵਾਲੇ ਬੈਂਚ ਨੇ ਤਾਂ ਇਨ੍ਹੀਂ ਦਿਨੀਂ ਇੱਥੋਂ ਤਕ ਵੀ ਕਹਿ ਦਿੱਤਾ ਕਿ, '(ਜੱਜਾਂ) ਦੇ ਨਾਮ ਕਲੀਅਰ ਨਹੀਂ ਕੀਤੇ ਜਾ ਰਹੇ। ਸਿਸਟਮ ਕੰਮ ਕਿਵੇਂ ਕਰੇਗਾ? ਅਸੀਂ ਆਪਣਾ ਰੰਜ ਪ੍ਰਗਟ ਕਰ ਚੁੱਕੇ ਹਾਂ। ਇਉਂ ਲੱਗਦੈ ਕਿ ਸਰਕਾਰ ਨੈਸ਼ਨਲ ਜੁਡੀਸ਼ੀਅਲ ਐਪੋਇੰਟਮੈਂਟ ਕਮਿਸ਼ਨ ਐਕਟ, 2014 ਦੇ ਰੱਦ ਕੀਤੇ ਜਾਣ ਕਾਰਨ ਨਾਖੁਸ਼ ਹੈ। ਕੀ ਇਹੀ ਕਾਰਨ ਹੈ ਨਾਵਾਂ ਦੀ ਮਨਜ਼ੂਰੀ ਵਿਚਲੀ ਦੇਰੀ ਦਾ"? (ਉਨ੍ਹਾਂ ਅਟਾਰਨੀ ਜਨਰਲ ਨੂੰ ਪੁੱਛਿਆ)।

ਕੋਰਟ ਨੇ ਕਾਨੂੰਨ ਮੰਤਰੀ ਅਤੇ ਉਪ-ਰਾਸ਼ਟਰਪਤੀ ਦੇ ਪਹਿਲੇ ਬਿਆਨਾਂ ਉਪਰ ਵੀ ਨਾਰਾਜ਼ਗੀ ਜ਼ਾਹਿਰ ਕੀਤੀ। ਸਿਫਾਰਸ਼ਾਂ ਨੂੰ ਮੰਨਣ ਲਈ ਦਿੱਤੀ ਗਈ ਸਮਾਂ-ਬੱਧਤਾ (ਟਾਈਮਲਾਈਨ) ਨੂੰ ਮੰਨਣ ਲਈ ਵੀ ਕਿਹਾ ਅਤੇ ਨਾਲ ਹੀ ਕਿਹਾ ਕਿ ਸਿਫਾਰਸ਼ ਕੀਤੇ ਨਾਵਾਂ ਦੀ ਫਾਈਲ ਦੱਬੇ ਰੱਖਣਾ ਕੋਰਟ ਨੂੰ ਮਨਜ਼ੂਰ ਨਹੀਂ। ਕੋਰਟ ਨੇ ਅੱਕ ਕੇ ਜਸਟਿਸ ਸਕੱਤਰ ਨੂੰ ਮਾਣਹਾਨੀ ਦਾ ਨੋਟਿਸ ਤਕ ਜਾਰੀ ਕਰ ਦਿੱਤਾ। ਇਸ ਉਪਰੰਤ 6 ਜਨਵਰੀ ਨੂੰ ਅਟਾਰਨੀ ਜਨਰਲ ਆਰ.ਵੈਂਨਕਟਾਰਾਮਾਨੀ ਨੇ ਕੋਰਟ ਨੂੰ ਦੱਸਿਆ ਕਿ 44 ਜੱਜਾਂ ਦੇ ਨਾਮ 3 ਦਿਨਾਂ 'ਚ ਕਲੀਅਰ ਕਰ ਦਿੱਤੇ ਜਾਣਗੇ। ਹਾਈ ਕੋਰਟਾਂ ਦੇ ਕੌਲਿਜੀਅਮ ਦੁਆਰਾ 104 ਜੱਜਾਂ ਦੇ ਨਾਵਾਂ ਦੀ ਸਿਫਾਰਸ਼ ਕੀਤੀ ਗਈ ਸੀ, ਜਿਸ ਵਿਚੋਂ 44 ਨਾਮ ਮਨਜ਼ੂਰ ਕੀਤੇ ਜਾਣ ਦੀ ਗੱਲ ਕਹੀ ਗਈ।

ਬੈਂਚ ਨੇ ਹਾਈ ਕੋਰਟ ਦੇ ਜੱਜਾਂ ਦੀਆਂ ਬਦਲੀਆਂ ਸਬੰਧੀ ਸਰਕਾਰ ਦੁਆਰਾ ਫਾਈਲ ਦੱਬੀ ਰੱਖਣ ਦਾ ਬੁਰਾ ਮਨਾਉਂਦਿਆਂ ਇੱਥੋਂ ਤਕ ਕਹਿ ਦਿੱਤਾ ਕਿ ਇਹ ਗੱਲ ਇਸ ਗੱਲ ਨੂੰ ਉਤਪੰਨ ਕਰਦੀ ਹੈ ਕਿ 'ਕੋਈ ਤੀਸਰੀ ਧਿਰ ਦਖਲ-ਅੰਦਾਜ਼ੀ ਕਰ ਰਹੀ ਹੈ' ਅਤੇ ਇਸ ਤਰ੍ਹਾਂ ਗਲਤ ਸੰਦੇਸ਼ ਜਾ ਰਿਹਾ ਹੈ। ਬੈਂਚ ਨੇ ਤਾਂ ਬਿੱਲੀ ਥੈਲੇ ਵਿਚੋਂ ਬਾਹਰ ਹੀ ਕੱਢ ਦਿੱਤੀ ਜਦ ਉਸ ਨੇ ਇਹ ਕਿਹਾ,' ਤੀਜੀ ਵਾਰ ਭੇਜੀਆਂ ਗਈਆਂ ਸਿਫਾਰਸ਼ਾਂ ਵੀ (ਸਰਕਾਰ ਵਲੋਂ) ਵਾਪਸ ਭੇਜ ਦਿੱਤੀਆਂ ਗਈਆਂ ਅਤੇ ਕੁਝ ਅਜਿਹੇ ਨਾਮ, ਜੋ ਕੌਲਿਜੀਅਮ ਨੇ ਮਨਜ਼ੂਰ ਨਹੀਂ ਸਨ ਕੀਤੇ, ਸਰਕਾਰ ਆਪਣੀ ਸਿਆਣਪ ਤਹਿਤ ਇਹ ਮਹਿਸੂਸ ਕਰਦੀ ਹੈ ਕਿ ਇਨ੍ਹਾਂ ਨਾਵਾਂ ਨੂੰ ਵੀ ਵਿਚਾਰਿਆ ਜਾਵੇ'।

ਜਸਟਿਸ ਸੰਜੇ ਕੌਲ ਦੀ ਅਗਵਾਈ ਵਾਲੇ ਇਸ ਬੈਂਚ ਵਿਚ ਜਸਟਿਸ ਏ.ਐਸ. ਓਕਾ ਵੀ ਹਨ।

ਸਰਬ-ਉੱਚ ਅਦਾਲਤ ਇਹ ਵੀ ਕਹਿ ਚੁੱਕੀ ਹੈ ਕਿ ਕੌਲਿਜੀਅਮ ਸਿਸਟਮ ਨੂੰ ਪਟੜੀ ਤੋਂ ਨਹੀਂ ਲਾਹੁਣਾ ਚਾਹੀਦਾ। ਭਾਰਤ ਦੇ 50ਵੇਂ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਤਾਂ ਦੇਸ਼-ਵਾਸੀਆਂ ਨੂੰ ਇਹ ਭਰੋਸਾ ਦਿੱਤਾ ਸੀ ਕਿ ਨਿਆਂ-ਪਾਲਿਕਾ ਨਾਗਰਿਕ-ਮੁਖੀ ਅਤੇ ਨਾਗਰਿਕਾਂ ਦੀ ਆਜ਼ਾਦੀ ਦੀ ਪਹਿਰੇਦਾਰ ਰਹੇਗੀ। ਮੁੰਬਈ ਵਿਚ ਆਪਣੇ ਇਕ ਭਾਸ਼ਨ ਦੌਰਾਨ ਉਨ੍ਹਾਂ ਕਿਹਾ ਕਿ 1975 ਦੀ ਐਮਰਜੈਂਸੀ ਵੇਲੇ 'ਨਿਆਂ-ਪਾਲਿਕਾ ਦੀ ਆਜ਼ਾਦੀ ਦੀ ਨਿਡਰ ਭਾਵਨਾ' ਨੇ ਹੀ ਲੋਕਤੰਤਰ ਨੂੰ ਬਚਾਇਆ ਸੀ।

ਦੇਸ਼ ਦੀਆਂ ਅਦਾਲਤਾਂ ਵਿਚ 5 ਕਰੋੜ ਤੋਂ ਵੀ ਵਧੇਰੇ ਕੇਸ ਪੈਂਡਿੰਗ ਪਏ ਹਨ। ਸਰਕਾਰ ਨੂੰ ਕੌਲਿਜੀਅਮ ਮਾਮਲੇ ਤੇ ਨਿਆਂ-ਪਾਲਿਕਾ ਨਾਲ ਖਹਿਬਾਜ਼ੀ ਦੀ ਬਜਾਏ ਸਿਫਾਰਸ਼ਾਂ ਮੰਨ ਕੇ ਨਿਯੁਕਤੀਆਂ/ਬਦਲੀਆਂ ਨੂੰ ਮਨਜ਼ੂਰੀ ਦੇ ਕੇ ਲੋਕਾਂ ਦਾ ਭਲਾ ਕਰਨਾ ਚਾਹੀਦੈ। ਅਦਾਲਤਾਂ ਵਿਚ ਮੁਕੱਦਮੇ ਮੁੱਦਤਾਂ ਤੀਕ ਚਲਦੇ ਰਹਿੰਦੇ ਹਨ ਅਤੇ ਓਹੀ ਹਿੰਦੀ ਫਿਲਮ 'ਦਾਮਿਨੀ' ਦੇ ਮਸ਼ਹੂਰ ਸੰਵਾਦ 'ਤਾਰੀਖ ਪੇ ਤਾਰੀਖ, ਤਾਰੀਖ ਪੇ ਤਾਰੀਖ' ਵਾਲੀ ਹਾਲਤ 'ਚ ਕਈ ਮੁਕੱਦਮੇ ਕਰਨ ਵਾਲੇ ਫੈਸਲੇ ਦੀ ਉਡੀਕ ਵਿਚ ਮਰ-ਮੁੱਕ ਜਾਂਦੇ ਹਨ।

ਆਜ਼ਾਦ ਨਿਆਂ-ਪਾਲਿਕਾ ਲੋਕਤੰਤਰ ਦੀ ਟੇਕ ਹੈ। ਪਰ ਜਿਸ ਢੰਗ ਨਾਲ ਸੰਵਿਧਾਨਕ ਅਹੁਦੇਦਾਰ, ਸਰਕਾਰੀਤੰਤਰ, ਗੋਦੀ ਤੇ ਸੋਸ਼ਲ ਮੀਡੀਆ, ਭਾਜਪਾ ਨੇਤਾ, ਆਰ.ਐਸ.ਐਸ. ਅਤੇ ਸੱਤਾ-ਧਾਰੀ ਧਿਰ ਦਾ 'ਟਰੋਲ ਬ੍ਰਿਗੇਡ' ਕੌਲਿਜੀਅਮ ਦੇ ਭੰਡੀ ਪ੍ਰਚਾਰ ਵਿਚ ਰੁੱਝੇ ਹੋਏ ਹਨ ਉਸ ਤੋਂ ਇੰਜ ਲੱਗਦੈ ਕਿ ਦੇਰ ਸਵੇਰ ਇਸ ਨੂੰ ਬਦਲ ਕੇ ਕਮਿਸ਼ਨ ਬਣਾਉਣ ਦੇ ਮਨਸੂਬੇ ਬਣਾਏ ਜਾ ਰਹੇ ਹਨ। ਹੁਣ ਧਨਖੜ ਦਾ ਖੁੱਲ੍ਹਾ ਚੈਲੇਂਜ ਨਿਆਂ ਪਾਲਿਕਾ ਲਈ ਇਕ ਇਮਤਿਹਾਨ ਦੀ ਘੜੀ ਹੈ।

ਸਿਖਰਲੀ ਅਦਾਲਤ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਅਤੇ ਲੋਕਤੰਤਰ ਦੀ ਲੋਕ-ਮੁੱਖਤਾ ਦੀ ਰੱਖਿਅਕ ਹੈ। ਉਸ ਨੂੰ ਆਪਣੀ ਆਜ਼ਾਦੀ ਅਤੇ ਪ੍ਰਮੁੱਖਤਾ ਦੀ ਪਹਿਰੇਦਾਰੀ ਵੀ ਕਰਨੀ ਪਵੇਗੀ। ਸਾਨੂੰ ਪੂਰਨ ਭਰੋਸਾ ਹੈ ਕਿ ਭਾਰਤ, ਜੋ 'ਇੰਡੀਆ' ਹੈ, ਦੀ ਸਰਬ-ਉੱਚ ਅਦਾਲਤ ਇਸ ਲਈ ਸੰਪੂਰਨ ਤੌਰ 'ਤੇ ਸਮਰੱਥ ਹੈ।

ਪ੍ਰੋ. ਵਸੀਮ ਬਰੇਲਵੀ ਨੇ ਠੀਕ ਹੀ ਕਿਹੈ-

ਅਸੂਲੋਂ ਪੇ ਜਹਾਂ ਆਂਚ ਆਏ ਤੋ ਟਕਰਾਨਾ ਜ਼ਰੂਰੀ ਹੈ,
ਜੋ ਜ਼ਿੰਦਾ ਹੋਂ ਤੋ ਫਿਰ ਜ਼ਿੰਦਾ ਨਜ਼ਰ ਆਨਾ ਜ਼ਰੂਰੀ ਹੈ।

# ਸੰਸਾਰ ਸਿਆਸਤ ਅਤੇ ਕਲਿਆਣਕਾਰੀ ਰਾਜ

ਔਨਿੰਦਯੋ ਚਕਰਵਰਤੀ

ਕਰੀਬ ਦਹਾਕਾ ਪਹਿਲਾਂ ਜਦੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਸਭਨਾਂ ਲਈ ਖੁਰਾਕ ਯੋਜਨਾ ਲਾਗੂ ਕਰਨ 'ਤੇ ਜ਼ੋਰ ਦਿੱਤਾ ਸੀ ਤਾਂ ਮੀਡੀਆ ਅਤੇ ਮਾਹਿਰਾਂ ਦੇ ਵਡੇਰੇ ਹਿੱਸੇ ਨੇ ਇਸ ਦਾ ਇਹ ਕਹਿ ਕੇ ਸਖ਼ਤ ਵਿਰੋਧ ਕੀਤਾ ਸੀ ਕਿ ਨਾ ਕੇਵਲ ਇਹ ਵਿੱਤੀ ਤੌਰ 'ਤੇ ਗ਼ੈਰਜ਼ਿੰਮੇਵਾਰਾਨਾ ਹੈ ਸਗੋਂ ਸਮਾਜੀ ਤੌਰ 'ਤੇ ਵੀ ਬੇਲੋੜੀ ਹੈ। ਉਨ੍ਹਾਂ ਤਰਕ ਦਿੱਤਾ ਸੀ ਕਿ ਸਬਸਿਡੀਆਂ ਨਾਲ ਲੋਕ ਢਿੱਲੜ ਹੋ ਜਾਂਦੇ ਹਨ ਅਤੇ ਕਾਰੋਬਾਰਾਂ ਨੂੰ ਕਾਮੇ ਹਾਸਲ ਕਰਨ ਲਈ ਹੋਰ ਜ਼ਿਆਦਾ ਖਰਚ ਚੁੱਕਣਾ ਪੈਂਦਾ ਹੈ। ਹੁਣ ਜਦੋਂ ਮੋਦੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਦੇਸ਼ ਦੇ 60 ਫ਼ੀਸਦ ਤੋਂ ਵੱਧ ਲੋਕਾਂ ਨੂੰ ਇਕ ਸਾਲ ਲਈ ਮੁਫ਼ਤ ਅਨਾਜ ਦਿੱਤਾ ਜਾਵੇਗਾ ਤਾਂ ਉਹੀ ਲੋਕ ਇਸ ਨੂੰ ਸਰਕਾਰ ਦਾ ਅਤਿ ਲੋੜੀਂਦਾ ਦਖ਼ਲ ਦੱਸ ਕੇ ਤਾਰੀਫ਼ਾਂ ਕਰ ਰਹੇ ਹਨ।

ਕਲਿਆਣਕਾਰੀ ਰਾਜ ਦੀ ਧਾਰਨਾ ਨੂੰ ਪਿਛਲੇ ਚਾਰ ਦਹਾਕਿਆਂ ਤੋਂ ਰੱਦੀ ਦੀ ਟੋਕਰੀ ਵਿਚ ਸੁੱਟ ਰੱਖਿਆ ਸੀ ਪਰ ਹੁਣ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿਚ ਇਸ ਦੀ ਵਾਪਸੀ ਹੋ ਰਹੀ ਹੈ। ਇਸ ਦਾ ਇਕ ਕਾਰਨ ਕੋਵਿਡ-19 ਅਤੇ ਕੰਮਕਾਜੀ ਲੋਕਾਂ ਅਤੇ ਗ਼ਰੀਬਾਂ ਦੀ ਰੋਜ਼ੀ ਰੋਟੀ 'ਤੇ ਪਿਆ ਅਸਰ ਹੈ ਜਿਸ ਦਾ ਸੇਕ ਵਿਕਸਤ ਪੂੰਜੀਵਾਦੀ ਮੁਲਕਾਂ ਤੱਕ ਵੀ ਪਹੁੰਚ ਗਿਆ ਹੈ। ਇਕ ਕਨਜ਼ਰਵੇਟਿਵ ਵਿਚਾਰਸ਼ੀਲ ਅਦਾਰੇ ਕਮੇਟੀ ਫਾਰ ਅਨਲੀਸ਼ਿੰਗ ਪ੍ਰੋਸਪਰਿਟੀ ਨੇ ਲੇਖਾ ਜੋਖਾ ਕੀਤਾ ਹੈ ਕਿ ਅਮਰੀਕਾ ਦੇ ਤਿੰਨ ਸੂਬਿਆਂ ਅੰਦਰ ਚਾਰ ਜਣਿਆਂ ਦੇ ਇਕ ਪਰਿਵਾਰ ਨੂੰ ਸਾਲਾਨਾ ਇਕ ਲੱਖ ਡਾਲਰ ਦੀ ਸਰਕਾਰੀ ਇਮਦਾਦ ਹਾਸਲ ਹੁੰਦੀ ਹੈ ਜਦਕਿ 14 ਹੋਰਨਾਂ ਸੂਬਿਆਂ ਵਿਚ ਇਸੇ ਤਰ੍ਹਾਂ ਦੇ ਪਰਿਵਾਰ ਨੂੰ 80000 ਡਾਲਰ ਤੱਕ ਇਮਦਾਦ ਮਿਲਦੀ ਹੈ। ਇਹ ਅਤਿਕਥਨੀ ਹੋ ਸਕਦੀ ਹੈ ਪਰ ਇੱਥੇ ਇਹ ਕੋਈ ਬਹਿਸ ਦਾ ਨੁਕਤਾ ਨਹੀਂ ਹੈ। ਇਸ ਵੇਲੇ ਅਮਰੀਕਾ ਵਿਚ ਕਲਿਆਣਕਾਰੀ ਕਾਰਜਾਂ 'ਤੇ ਜਿੰਨਾ ਖਰਚ ਕੀਤਾ ਜਾਂਦਾ ਹੈ, ਉਹ ਚਾਰ ਦਹਾਕੇ ਪਹਿਲਾਂ ਦੇ ਅਜਿਹੇ ਖਰਚ ਨਾਲੋਂ ਜ਼ਿਆਦਾ ਹੈ। ਬਿਨਾਂ ਸ਼ੱਕ, ਵਿਕਸਤ ਪੂੰਜੀਵਾਦੀ ਜਗਤ ਅੰਦਰ ਸੱਜੇਪੱਖੀ ਸ਼ਾਸਤਰੀਆਂ ਵਲੋਂ ਅਜੇ ਵੀ ਕਲਿਆਣਕਾਰੀ ਰਾਜ ਦਾ ਤਿੱਖਾ ਵਿਰੋਧ ਕੀਤਾ ਜਾਂਦਾ ਹੈ। ਪਰ ਅੱਜ ਕੱਲ੍ਹ ਕਨਜ਼ਰਵੇਟਿਵ ਧਿਰ ਵਲੋਂ ਲੱਕ ਬੰਨ੍ਹ ਕੇ ਕਲਿਆਣਵਾਦ ਵਿਰੋਧ ਸੁਣਨ ਨੂੰ ਨਹੀਂ ਮਿਲਦਾ।

ਕਲਿਆਣਕਾਰੀ ਰਾਜ ਦੇ ਵਿਚਾਰ ਦੀ ਵਾਪਸੀ ਕਿਵੇਂ ਹੋ ਸਕੀ ਹੈ? ਇਸ ਨੂੰ ਸਮਝਣ ਲਈ ਸਾਨੂੰ ਪੂੰਜੀਵਾਦੀ ਪ੍ਰਣਾਲੀ ਦੇ ਅੰਦਰੂਨੀ ਕੰਮਕਾਜ ਅਤੇ ਪੂੰਜੀਵਾਦੀ ਮੁਨਾਫ਼ਿਆਂ ਨਾਲ ਜੁੜੇ ਇਸ ਦੇ ਤਾਣੇ ਪੇਟੇ 'ਤੇ ਝਾਤ ਮਾਰਨੀ ਪੈਣੀ ਹੈ। ਉਦਮੀ ਇਸ ਆਸ ਨਾਲ ਕਿਸੇ ਕਾਰੋਬਾਰ ਵਿਚ ਆਪਣੇ ਅਸਾਸੇ ਲਗਾਉਂਦੇ ਹਨ ਕਿ ਇਸ ਤਰ੍ਹਾਂ ਉਨ੍ਹਾਂ ਨੂੰ ਵਿਹਲੇ ਬਹਿ ਕੇ ਕਿਸੇ ਬੈਂਕ ਖਾਤੇ ਜਾਂ ਰੀਅਲ ਅਸਟੇਟ ਰਾਹੀਂ ਹੋਣ ਵਾਲੀ ਕਮਾਈ ਨਾਲੋਂ ਜ਼ਿਆਦਾ ਕਮਾਈ ਹੋਵੇਗੀ। ਵਿਅਕਤੀਗਤ ਕਾਰੋਬਾਰ ਹੋਰਨਾਂ ਦੇ ਮੁਕਾਬਲੇ ਸਸਤੇ ਭਾਅ ਸਾਜ਼ੋ ਸਾਮਾਨ ਵੇਚ ਕੇ ਬਾਜ਼ਾਰ ਵਿਚ ਆਪਣੀ ਹਿੱਸੇਦਾਰੀ ਵਧਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਕਿਰਤ ਬਚਾਓ ਉਪਰਾਲੇ ਅਪਣਾਉਂਦੇ ਹਨ। ਦੂਜੇ ਸ਼ਬਦਾਂ ਵਿਚ ਆਮ ਤੌਰ 'ਤੇ ਪੂੰਜੀਵਾਦੀ ਵਿਕਾਸ ਦਾ ਮਤਲਬ ਹੁੰਦਾ ਹੈ ਕਿ ਕੋਈ ਕਾਮਾ ਕੱਚੇ ਮਾਲ ਤੇ ਉਪਕਰਣਾਂ ਦੀ ਵਧੇਰੇ ਵਰਤੋਂ ਕਰਦੇ ਹੋਏ ਹੋਰ ਜ਼ਿਆਦਾ ਤਾਦਾਦ ਵਿਚ ਵਸਤਾਂ ਤਿਆਰ ਕਰ ਕੇ ਦੇਵੇ।

ਪੂੰਜੀਵਾਦੀ ਉਤਪਾਦਨ ਦਾ ਇਹ ਜਨਮਜਾਤ ਰੁਝਾਨ ਹੈ ਕਿ ਪੂੰਜੀਵਾਦੀ ਵਿਕਾਸ ਕਰ ਕੇ ਮੁਨਾਫ਼ੇ ਦੀ ਦਰ ਗਿਰਦੀ ਚਲੀ ਜਾਂਦੀ ਹੈ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਮੂਲ ਵਾਧੇ ਵਾਲੇ ਉਤਪਾਦਨ ਵਿਚ ਸ਼ੁੱਧ ਮੁਨਾਫ਼ੇ ਦੀ ਦਰ ਨਾਲੋਂ ਕਿਰਤ ਦੀ ਉਤਪਾਦਕਤਾ ਦੀ ਦਰ ਜ਼ਿਆਦਾ ਹੁੰਦੀ ਹੈ। ਅਮਰੀਕਾ ਦੇ ਦੀਰਘਕਾਲੀ ਰੁਝਾਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 1930ਵਿਆਂ ਤੋਂ ਲੈ ਕੇ 1970ਵਿਆਂ ਦੇ ਅੰਤ ਤੱਕ ਵਿਆਜ ਦਰਾਂ ਨਾਲੋਂ ਸ਼ੁੱਧ ਮੁਨਾਫ਼ੇ ਦੀ ਦਰ ਵਿਚ ਕਮੀ ਆਈ ਹੈ।

ਬਰਤਾਨੀਆ ਵਿਚ ਦੂਜੀ ਆਲਮੀ ਜੰਗ ਤੋਂ ਬਾਅਦ ਦੇ ਅਰਸੇ ਦੌਰਾਨ ਕਲਿਆਣਕਾਰੀ ਰਾਜ ਦੇ ਉਭਾਰ ਨਾਲ ਮੁਨਾਫ਼ਿਆਂ ਦੀ ਦਰ ਵਿਚ ਗਿਰਾਵਟ ਦਾ ਰੁਝਾਨ ਜ਼ੋਰ ਫੜ ਗਿਆ। ਇਸ ਗਿਰਾਵਟ ਦੀਆਂ ਜੜ੍ਹਾਂ ਜੰਗ ਦੇ ਅਰਸੇ ਦੌਰਾਨ ਹੀ ਪੈ ਗਈਆਂ ਸਨ ਜਦੋਂ 1942 ਵਿਚ ਬੈਵਰਿਜ ਰਿਪੋਰਟ ਪ੍ਰਕਾਸ਼ਤ ਹੋਈ, ਜਿਸ ਵਿਚ ਤਿੰਨ ਮੁੱਖ ਪ੍ਰਸਤਾਵ ਦਿੱਤੇ ਗਏ ਸਨ: 15 ਸਾਲ ਦੀ ਉਮਰ ਤੱਕ ਬਾਲ ਸਹਾਇਤਾ, ਸਭਨਾਂ ਲਈ ਸਿਹਤ ਸੇਵਾਵਾਂ ਅਤੇ ਨੌਕਰੀ ਦੀ ਗਾਰੰਟੀ। ਜੰਗ ਦੇ ਭੰਨੇ ਬਰਤਾਨੀਆ ਵਿਚ ਲੋਕਾਂ ਵਲੋਂ ਵਿਆਪਕ ਪੱਧਰ 'ਤੇ ਇਸ ਰਿਪੋਰਟ ਦੀ ਹਮਾਇਤ ਕੀਤੀ ਗਈ ਸੀ ਹਾਲਾਂਕਿ ਵਿੰਸਟਨ ਚਰਚਿਲ ਅਤੇ ਉਨ੍ਹਾਂ ਦੇ ਕਨਜ਼ਰਵੇਟਿਵ ਸਾਥੀਆਂ ਵਲੋਂ ਇਸ ਦੀ ਮੁਖ਼ਾਲਫ਼ਤ ਕੀਤੀ ਗਈ। ਇੰਝ ਚਰਚਿਲ ਨੂੰ 1945 ਦੀਆਂ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਅਤੇ ਲੇਬਰ ਪਾਰਟੀ ਸੱਤਾ ਵਿਚ ਆਈ ਜਿਸ ਨੇ ਬੈਵਰਿਜ ਰਿਪੋਰਟ ਦੀਆਂ ਜ਼ਿਆਦਾਤਰ ਸਿਫ਼ਾਰਸ਼ਾਂ ਲਾਗੂ ਕਰ ਦਿੱਤੀਆਂ। ਨਤੀਜੇ ਵਜੋਂ ਸਰਬਵਿਆਪੀ ਕੌਮੀ ਸਿਹਤ ਸੇਵਾ (ਐਨ.ਐਚ.ਐਸ.) ਦੀ ਸ਼ੁਰੂਆਤ ਹੋਈ। ਐਨ.ਐਚ.ਐਸ. ਇਸ ਪ੍ਰਕਾਰ ਬਰਤਾਨੀਆ ਦੀ ਸਿਆਸੀ ਪ੍ਰਣਾਲੀ ਦਾ ਅਟੁੱਟ ਅੰਗ ਬਣ ਗਈ ਕਿ ਲੱਕ ਬੰਨ੍ਹ ਕੇ ਨਿੱਜੀਕਰਨ ਕਰਨ ਵਾਲੀ ਮਾਰਗਰੇਟ ਥੈਚਰ ਦੀ ਸਰਕਾਰ ਵੀ ਇਸ ਨੂੰ ਤੋੜਨ ਦਾ ਜੇਰਾ ਨਾ ਦਿਖਾ ਸਕੀ।

ਆਖ਼ਰ ਬਰਤਾਨਵੀ ਹਾਕਮ ਜਮਾਤ ਨੂੰ ਦੇਸ਼ ਦੇ ਗਰੀਬਾਂ ਤੇ ਮਹਿਰੂਮਾਂ ਦਾ ਅਚਨਚੇਤ ਖਿਆਲ ਕਿਵੇਂ ਆ ਗਿਆ ਸੀ? ਇਕ ਉਦਾਰਵਾਦੀ ਤਰਜ਼ਮਾ ਇਹ ਹੈ ਕਿ ਕਠੋਰ ਦਰਜਾਬੰਦ ਬਰਤਾਨਵੀ ਜਮਾਤੀ



ਪ੍ਰਣਾਲੀ ਦੀਆਂ ਵਿਦੇਸ਼ਾਂ ਵਿਚ ਲੱਗੀਆਂ ਜੜ੍ਹਾਂ ਕਰ ਕੇ ਇਸ ਵਿਚ ਵੱਡੀ ਟੁੱਟ ਭੱਜ ਹੋ ਗਈ ਸੀ ਜਿਸ ਕਰ ਕੇ ਕੁਲੀਨ ਹੁਣ ਗ਼ਰੀਬੀ ਦੀਆਂ ਹਕੀਕਤਾਂ ਤੋਂ ਅਛੋਹ ਨਹੀਂ ਰਹਿ ਗਏ ਸਨ। ਮਾਈਕਲ ਫੂਕੋ ਇਸ ਨੂੰ ਵੱਖਰੀ ਨਿਗਾਹ ਨਾਲ ਦੇਖਦੇ ਹਨ। ਉਨ੍ਹਾਂ ਬੈਵਰਿਜ ਯੋਜਨਾ ਦਾ ਨਿਚੋੜ ਕੱਢਦਿਆਂ ਉਹ ਦਰਸਾਇਆ ਜੋ ਅੰਗਰੇਜ਼ ਹਕੂਮਤ ਆਪਣੇ ਲੋਕਾਂ ਨੂੰ ਆਖ ਰਹੀ ਸੀ: "ਹੁਣ ਅਸੀਂ ਤੁਹਾਨੂੰ ਆਖਦੇ ਹਾਂ ਕਿ ਤੁਸੀਂ ਇਕ ਦੂਜੇ ਦਾ ਗਲ ਵੱਢੋ ਪਰ ਅਸੀਂ ਤੁਹਾਡੇ ਨਾਲ ਵਾਅਦਾ ਕਰਦੇ ਹਾਂ ਕਿ ਜਦੋਂ ਤੁਸੀਂ ਇਸ ਤੋਂ ਫਾਰਗ ਹੋ ਜਾਓਗੇ ਤਾਂ ਤੁਹਾਡੀ ਨੌਕਰੀ ਉਦੋਂ ਤੱਕ ਪੱਕੀ ਕਰ ਦਿੱਤੀ ਜਾਵੇਗੀ ਜਿੰਨੀ ਦੇਰ ਤੱਕ ਕੋਈ ਹੋਰ ਆ ਕੇ ਤੁਹਾਡਾ ਕੰਮ ਤਮਾਮ ਨਹੀਂ ਕਰ ਦਿੰਦਾ।" ਫੂਕੋ ਨੇ ਦਲੀਲ ਦਿੱਤੀ ਸੀ ਕਿ "ਇਹ ਪਹਿਲੀ ਵਾਰ ਹੋਇਆ ਹੈ ਕਿ ਸਾਰੇ ਦੇਸ਼ਾਂ ਨੇ ਇਕ ਉਸ ਤਰ੍ਹਾਂ ਦੇ ਸਮਾਜਕ ਮੁਆਹਿਦਿਆਂ ਦੀ ਪ੍ਰਣਾਲੀ ਦੀ ਬੁਨਿਆਦ ਖਿਲਾਫ਼ ਜੰਗ ਵਿੱਢ ਦਿੱਤੀ ਹੈ ਜੋ ਜੰਗ ਵਿਚ ਹਿੱਸਾ ਲੈਣ ਜਾਣ ਵਾਲਿਆਂ ਜਾਂ ਮਾਰੇ ਜਾਣ ਵਾਲਿਆਂ ਲਈ ਇਕ ਕਿਸਮ ਦੀ ਆਰਥਿਕ ਸਮਾਜਕ ਸੁਰੱਖਿਆ ਮੁਹੱਈਆ ਕਰਾਉਣ ਦਾ ਵਾਅਦਾ ਕਰਦੀ ਸੀ।"

ਕਲਿਆਣਕਾਰੀ ਰਾਜ ਇੰਗਲੈਂਡ ਦੀਆਂ ਹਾਕਮ ਜਮਾਤਾਂ ਅੰਦਰ ਉਪਜੀ ਬੇਚੈਨੀ ਦਾ ਸਿੱਟਾ ਸੀ। ਉਨ੍ਹਾਂ ਨੂੰ ਖ਼ਤਰਾ ਮਹਿਸੂਸ ਹੋ ਰਿਹਾ ਸੀ ਕਿ ਸੋਵੀਅਤ ਸੰਘ ਨੁਮਾ ਸਮਾਜਵਾਦ ਫੈਲ ਸਕਦਾ ਹੈ ਜੋ ਯੂਰਪ ਦੇ ਪੂਰਬੀ ਹਿੱਸਿਆਂ ਅੰਦਰ ਪਹਿਲਾਂ ਹੀ ਫੈਲ ਰਿਹਾ ਸੀ। ਇਹ ਇਸ ਗੱਲ ਦੀ ਪ੍ਰਵਾਨਗੀ ਵੀ ਸੀ ਕਿ ਇਹ ਸਟੇਟ/ਰਿਆਸਤ ਹੀ ਹੈ ਜੋ ਜੰਗ ਦੇ ਥਪੇੜੇ ਝੱਲ ਰਹੇ ਕਿਸੇ ਮੁਲਕ ਦੇ ਪੂੰਜੀਵਾਦੀ ਅਰਥਚਾਰੇ ਵਿਚ ਸਿਰਫ਼ ਦਖ਼ਲ ਦੇ ਸਕਦਾ ਹੈ ਜਾਂ ਇਸ ਦਾ ਮੁੜ ਨਿਰਮਾਣ ਕਰ ਸਕਦਾ ਹੈ। ਲੱਖਾਂ ਮਰਦ ਜੰਗ ਦੀ ਭੇਟ ਚੜ੍ਹ ਗਏ ਅਤੇ ਫੈਕਟਰੀਆਂ ਤੇ ਦਫ਼ਤਰਾਂ ਵਿਚ ਉਨ੍ਹਾਂ ਦੀ ਥਾਂ ਲੈਣ ਲਈ ਹੋਰਨਾਂ ਬਹੁਤ ਸਾਰਿਆਂ ਨੂੰ ਸਿਖਲਾਈ ਦੇਣ ਦੀ ਲੋੜ ਪੈਣੀ ਸੀ। ਬਾਲ ਇਮਦਾਦ, ਮੁਫ਼ਤ ਸਿੱਖਿਆ, ਜ਼ੱਚਾ ਲਾਭ ਅਤੇ ਮੁਫ਼ਤ ਸਿਹਤ ਸੰਭਾਲ ਇਹ ਸਭ ਇਸ ਮੁਆਹਿਦੇ ਦਾ ਹੀ ਹਿੱਸਾ ਸਨ।

ਹਾਲਾਂਕਿ ਅਮਰੀਕਾ ਵਿਚ ਅਧਿਕਾਰਤ ਤੌਰ 'ਤੇ ਕਦੇ ਵੀ ਕਲਿਆਣਕਾਰੀ ਰਾਜ ਦੀਆਂ ਜੜ੍ਹਾਂ ਨਹੀਂ ਲੱਗ ਸਕੀਆਂ ਪਰ ਉਥੇ ਰਾਜਕੀ ਦਖ਼ਲ ਦਾ ਆਪਣਾ ਰੂਪ ਸੀ ਤਾਂ ਕਿ ਰੁਜ਼ਗਾਰ ਦੀ ਉੱਚੀ ਦਰ ਅਤੇ ਵਾਜਿਬ ਉਜਰਤਾਂ ਯਕੀਨੀ ਬਣਾਈਆਂ ਜਾ ਸਕਣ। ਵਰਲਡ ਇਨਐਕੁਐਲਿਟੀ ਡੇਟਾਬੇਸ (ਡਬਲਿਊ.ਆਈ.ਡੀ.) ਦਾ ਅਨੁਮਾਨ ਹੈ ਕਿ 1942 ਵਿਚ ਅਮਰੀਕਾ ਦੇ ਚੋਟੀ ਦੇ ਇਕ ਫ਼ੀਸਦ ਹਿੱਸੇ ਕੋਲ ਕੌਮੀ ਆਮਦਨ ਦਾ ਕਰੀਬ 22 ਫ਼ੀਸਦ ਹਿੱਸਾ ਸੀ ਜਦਕਿ ਹੇਠਲੇ 50 ਫ਼ੀਸਦ ਲੋਕਾਂ ਕੋਲ 15 ਫ਼ੀਸਦ ਤੋਂ ਘੱਟ ਸੀ। 1970 ਤੱਕ ਸਭ ਤੋਂ ਵੱਧ ਇਕ ਫ਼ੀਸਦ ਅਮੀਰਾਂ ਦੀ ਆਮਦਨ ਦਾ ਹਿੱਸਾ ਘਟ ਕੇ 11 ਫ਼ੀਸਦ ਰਹਿ ਗਿਆ ਸੀ ਜਦਕਿ ਹੇਠਲੇ 50 ਫ਼ੀਸਦ ਲੋਕਾਂ ਦਾ ਹਿੱਸਾ ਵਧ ਕੇ 21 ਫ਼ੀਸਦ ਹੋ ਗਿਆ ਸੀ। ਇਹ ਅਮਰੀਕਨ ਸਟੇਟ ਵਲੋਂ ਕਿਰਤ ਜਥੇਬੰਦੀਆਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਕਰ ਕੇ ਸੰਭਵ ਹੋਇਆ ਸੀ ਜਿਸ ਸਦਕਾ ਕਾਮਿਆਂ ਨੂੰ ਆਪਣੀਆਂ ਬਿਹਤਰ ਉਜਰਤਾਂ ਲਈ ਸਮੂਹਿਕ ਸੌਦੇਬਾਜ਼ੀ ਕਰਨ ਦਾ ਅਧਿਕਾਰ ਮਿਲਿਆ ਸੀ।

ਪੂੰਜੀਪਤੀਆਂ ਦੀ ਆਮਦਨ ਵਿਚਲੀ ਇਸ ਗਿਰਾਵਟ ਨੂੰ ਠੱਲ੍ਹ ਪਾਉਣ ਦਾ ਇਕੋ-ਇਕ ਰਾਹ ਸੀ ਕਿ ਇਸ ਪ੍ਰਕਿਰਿਆ ਨੂੰ ਉਲਟਾ ਦਿੱਤਾ ਜਾਵੇ ਜਿਸ ਦੇ ਦੋ ਢੰਗ ਸਨ; ਮੁਨਾਫ਼ਿਆਂ ਦੇ ਅਨੁਪਾਤ 'ਚ ਉਜਰਤਾਂ ਦੇ ਹਿੱਸੇ ਵਿਚ ਚੋਖੀ ਕਮੀ ਲਿਆਂਦੀ ਜਾਵੇ ਤੇ ਵਿਆਜ ਦਰਾਂ ਵਿਚ ਕਟੌਤੀ ਕੀਤੀ ਜਾਵੇ। 1980ਵਿਆਂ ਅਮਰੀਕਾ 'ਚ ਰੋਨਾਲਡ ਰੀਗਨ ਤੇ ਬਰਤਾਨੀਆ ਵਿਚ ਮਾਰਗਰੇਟ ਥੈਚਰ ਨੇ ਬਿਲਕੁਲ ਇਵੇਂ ਹੀ ਕੀਤਾ। ਲੇਬਰ ਜਥੇਬੰਦੀਆਂ ਨੂੰ ਗਿਣ ਮਿੱਥ ਕੇ ਕਮਜ਼ੋਰ ਕੀਤਾ ਗਿਆ, ਘੱਟੋ ਘੱਟ ਉਜਰਤਾਂ ਦੇ ਕਾਨੂੰਨਾਂ ਨੂੰ ਪੇਤਲਾ ਕੀਤਾ ਗਿਆ, ਵਰਕਰਾਂ ਨੂੰ ਕੱਢਣ ਦਾ ਅਮਲ ਸੌਖਾ ਕਰ ਦਿੱਤਾ ਗਿਆ ਤੇ ਕੇਂਦਰੀ ਬੈਂਕਾਂ ਵਲੋਂ ਵਿਆਜ ਦਰਾਂ ਵਿਚ ਕਟੌਤੀ ਕੀਤੀ ਜਾਣ ਲੱਗੀ। ਅਗਲੇ ਦਹਾਕੇ ਦੌਰਾਨ ਇਹ ਨਵ ਉਦਾਰਵਾਦੀ ਨੀਤੀਆਂ ਦੁਨੀਆ ਭਰ ਵਿਚ ਲਾਗੂ ਕੀਤੀਆਂ ਜਾਣ ਲੱਗੀਆਂ। ਇਸੇ ਦੌਰਾਨ ਸੋਵੀਅਤ ਸੰਘ ਦੇ ਢਹਿ ਜਾਣ ਨਾਲ ਸਮਾਜਵਾਦ ਨੂੰ ਬਦਨਾਮ ਕਰਨ ਦੀ ਮੁਹਿੰਮ ਨੂੰ ਹੋਰ ਬਲ ਮਿਲਿਆ।

ਵਿਆਜ ਦਰਾਂ ਵਿਚ ਕਮੀ ਆਉਣ ਅਤੇ ਪੂੰਜੀ 'ਤੇ ਦੇਸ਼ਾਂ ਦਾ ਕੰਟਰੋਲ ਢਿੱਲਾ ਪੈਣ ਨਾਲ ਕੌਮਾਂਤਰੀ ਪੂੰਜੀ ਲਈ ਸ਼ੇਅਰ ਬਾਜ਼ਾਰਾਂ ਰਾਹੀਂ ਜ਼ਿਆਦਾ ਮੁਨਾਫ਼ਾ ਹਾਸਲ ਕਰਨ ਵਾਸਤੇ ਦੁਨੀਆ ਭਰ ਅੰਦਰ ਆਮਦ ਰਫ਼ਤ ਸੁਖਾਲੀ ਹੋ ਗਈ। ਉਜਰਤਾਂ ਦੀ ਹਿੱਸੇਦਾਰੀ ਘਟਣ ਅਤੇ ਹਕੀਕੀ ਉਜਰਤਾਂ ਵਿਚ ਖੜੋਤ ਆਉਣ ਨਾਲ ਮੰਗ ਨੂੰ ਨੁੰਮਮਣਾ ਦੇਣ ਲਈ ਕਮਜ਼ੋਰ ਸਥਿਤੀ ਵਾਲੇ ਵਰਗਾਂ ਲਈ ਰਿਆਇਤੀ ਦਰਾਂ 'ਤੇ ਕਰਜ਼ ਮੁਹੱਈਆ ਕਰਾਉਣ ਦਾ ਇਕਮਾਤਰ ਢੰਗ ਬਚਿਆ ਸੀ। ਵਿੱਤ ਅਤੇ ਕਰਜ਼ ਦੇ ਆਸਰੇ ਚੱਲਣ ਵਾਲੇ ਇਸ ਵਿਕਾਸ ਦਾ ਵਿਸਫੋਟ ਉਦੋਂ ਹੋਇਆ ਜਦੋਂ 2008 ਵਿਚ ਆਲਮੀ ਵਿੱਤੀ ਸੰਕਟ ਸਾਹਮਣੇ ਆਇਆ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਆਲਮੀ ਅਰਥਚਾਰੇ ਦੇ ਮੁੜ ਪੈਰ ਨਹੀਂ ਲੱਗ ਸਕੇ। ਇਹ ਉਹ ਪਸਮੰਜ਼ਰ ਹੈ ਜਿਸ ਵਿਚ ਕਲਿਆਣਕਾਰੀ ਰਾਜ ਦੀ ਸੁਰਜੀਤੀ ਦਾ ਵਿਚਾਰ ਜ਼ੋਰ ਫੜ ਰਿਹਾ ਹੈ ਕਿਉਂਕਿ ਇਹ ਸਾਫ਼ ਹੋ ਗਿਆ ਹੈ ਕਿ ਪੂੰਜੀਵਾਦ ਹੁਣ ਅਗਾਂਹ ਨਾ ਤਾਂ ਹੋਰ ਰੁਜ਼ਗਾਰ ਪੈਦਾ ਕਰ ਸਕਦਾ ਹੈ ਤੇ ਨਾ ਹੀ ਬਹੁਗਿਣਤੀ ਗਰੀਬਾਂ ਦੀ ਆਮਦਨ ਦੇ ਪੱਧਰ ਸਥਿਰ ਰੱਖ ਸਕਦਾ ਹੈ। ਕਲਿਆਣਕਾਰੀ ਰਾਜ ਲਈ ਇਹ ਜ਼ੋਰ ਅਜ਼ਮਾਈ ਮਹਿਰੂਮਾਂ ਦੇ ਕਿਸੇ ਹੇਜ 'ਚੋਂ ਨਹੀਂ ਉਠ ਰਹੀ ਸਗੋਂ ਇਸ ਖ਼ਤਰੇ 'ਚੋਂ ਪੈਦਾ ਹੋ ਰਹੀ ਹੈ ਕਿ ਕਿਤੇ ਇਹ ਨਿਤਾਣੇ ਲੋਕ ਇਕਜੁੱਟ ਹੋ ਕੇ ਖ਼ੁਦ ਇਸ ਪੂੰਜੀਵਾਦੀ ਸਿਸਟਮ ਲਈ ਹੀ ਵੰਗਾਰ ਨਾ ਬਣ ਜਾਣ।

# ਸ਼ਰਾਬ ਸਨਅਤ ਦਾ ਅਪਰਾਧੀਕਰਨ

ਰਾਜੇਸ਼ ਰਾਮਚੰਦਰਨ

ਸੰਸਕ੍ਰਿਤ ਵਿਚ ਸ਼ਰਾਬ ਨੂੰ ਸੁਰਾ ਕਿਹਾ ਜਾਂਦਾ ਹੈ। ਹਿੰਦੂ ਮਿਥਿਹਾਸ ਵਿਚ ਸੁਰਾ ਦੀ ਵਰਤੋਂ ਦਾ ਜ਼ਿਕਰ ਆਮ ਮਿਲਦਾ ਹੈ। ਹੁਣ ਨਵੇਂ ਭਾਰਤ ਵਿਚ ਸ਼ਰਾਬ ਦਾ ਜ਼ਿਕਰ ਦੇਸ਼ ਵਿਰੋਧੀ ਬਣ ਗਿਆ ਹੈ। ਇਸ ਦੇ ਨਾਲ ਨਾਲ ਕੋਈ ਦਿਨ ਨਹੀਂ ਲੰਘਦਾ ਜਦੋਂ ਅਖ਼ਬਾਰਾਂ ਵਿਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤਾਂ, ਗ਼ੈਰ-ਕਾਨੂੰਨੀ ਤਸਕਰੀ ਅਤੇ ਵਿਕਰੀ ਨਾਲ ਸਬੰਧਿਤ ਕੋਈ ਖ਼ਬਰ ਨਹੀਂ ਹੁੰਦੀ।

ਇਕ ਖ਼ਬਰ ਛਪੀ ਕਿ ਸੀਮਿੰਟ ਦੇ ਪ੍ਰਾਈਮਰ ਦੀਆਂ ਬਾਲਟੀਆਂ ਵਿਚ ਬਿਹਾਰ ਲਈ ਸ਼ਰਾਬ ਦੀ ਤਸਕਰੀ ਕੀਤੀ ਜਾ ਰਹੀ ਹੈ। ਸੋਨੀਪਤ ਪੁਲੀਸ ਨੇ ਭਾਰਤ ਵਿਚ ਬਣਾਈ ਜਾਂਦੀ ਵਿਦੇਸ਼ੀ ਸ਼ਰਾਬ (ਆਈ.ਐਮ.ਐਫ.ਐਲ.) ਦੀਆਂ 300 ਬੋਤਲਾਂ ਫੜੀਆਂ ਹਨ ਜੋ ਸੀਮਿੰਟ ਪ੍ਰਾਈਮਰ ਦੀਆਂ ਬਾਲਟੀਆਂ ਵਿਚ ਚੰਗੀ ਤਰ੍ਹਾਂ ਲੁਕੋਈਆਂ ਗਈਆਂ ਸਨ। ਜਿਵੇਂ ਅਕਸਰ ਬਹੁਤੇ ਕੇਸਾਂ ਵਿਚ ਹੁੰਦਾ ਹੈ, ਇਹ ਪਤਾ ਨਹੀਂ ਲੱਗ ਸਕਿਆ ਕਿ ਸ਼ਰਾਬ ਦੀਆਂ ਬੋਤਲਾਂ ਕਿਹੜੀ ਫੈਕਟਰੀ ਜਾਂ ਡਿਸਟਿਲਰੀ ਦੀਆਂ ਬਣੀਆਂ ਸਨ। ਧਰੁਵ ਕੁਮਾਰ ਅਤੇ ਸ਼ਿਵ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਿਵੇਂ ਇਨ੍ਹਾਂ ਦੋਵੇਂ ਨੇ ਹੀ ਇਹ ਸ਼ਰਾਬ ਤਿਆਰ ਕਰ ਕੇ ਬਿਹਾਰ ਨੂੰ ਭਿਜਵਾਈ ਸੀ। ਬਿਨਾ ਸ਼ੱਕ, ਮੁੱਖ ਦੋਸ਼ੀ ਬਿਹਾਰ ਸਰਕਾਰ ਹੈ ਜਿਸ ਨੇ ਇਹੋ ਜਿਹੀ ਨੈਤਿਕ ਪਾਬੰਦੀ ਲਾਗੂ ਕਰ ਕੇ ਸ਼ਰਾਬ ਪੀਣ ਦੀ ਪ੍ਰਵਿਰਤੀ ਨੂੰ ਅਪਰਾਧਿਕ ਕਰਾਰ ਦਿੱਤਾ ਹੋਇਆ ਹੈ ਪਰ ਹਰਿਆਣਾ ਵਿਚਲੇ ਸ਼ਰਾਬ ਦੇ ਕਾਰਖ਼ਾਨੇਦਾਰਾਂ ਤੇ ਸਰਕਾਰੀ ਨਿਗਰਾਨਾਂ ਦੀ ਭੂਮਿਕਾ ਨੂੰ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ।

ਇਸੇ ਤਰ੍ਹਾਂ ਪੰਜਾਬ ਵਿਚ ਅਗਸਤ 2020 ਵਿਚ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ 110 ਮੌਤਾਂ ਦੇ ਕੇਸ ਦੀ ਜਾਂਚ ਵਿਚ ਕੋਈ ਪ੍ਰਗਤੀ ਨਹੀਂ ਹੋ ਸਕੀ। ਪਿਛਲੀ ਸਰਕਾਰ ਤੋਂ ਤਾਂ ਇਸ ਦੀ ਆਸ ਕਰਨੀ ਹੀ ਫ਼ਜ਼ੂਲ ਸੀ ਕਿਉਂਕਿ ਉਸੇ ਨੇ ਹੀ ਕਥਿਤ ਤੌਰ 'ਤੇ ਸ਼ਰਾਬ ਕਾਰਖਾਨਿਆਂ ਨੂੰ ਗੰਢ-ਤੁਪ ਕਰ ਕੇ ਸ਼ਰਾਬ ਦੀ ਪ੍ਰਚੂਨ ਵਿਕਰੀ ਕਰਨ ਦੀ ਖੁੱਲ੍ਹ ਦਿੱਤੀ ਹੋਈ ਸੀ ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਭਾਰੀ ਨੁਕਸਾਨ ਪਹੁੰਚ ਰਿਹਾ ਸੀ। ਇਸੇ ਕਰ ਕੇ ਸ਼ਰਾਬ ਦੇ ਕਾਰਖਾਨਿਆਂ ਤੋਂ ਸ਼ਰਾਬ ਦੀਆਂ ਬੋਤਲਾਂ ਦੇ ਟਰੱਕ ਭਰ ਭਰ ਕੇ ਬਿਨਾ ਕੋਈ ਆਬਕਾਰੀ ਦਿੱਤਿਆਂ ਪ੍ਰਚੂਨ ਵਿਕਰੇਤਾਵਾਂ ਨੂੰ ਪਹੁੰਚਾਉਣ ਦੀਆਂ ਮਿਸਾਲਾਂ ਵੀ ਸਾਹਮਣੇ ਆਈਆਂ ਸਨ ਜਿਸ ਕਰ ਕੇ ਇਕ ਪਾਸੇ ਸਰਕਾਰ ਦਾ ਮਾਲੀਆ ਚੋਰੀ ਕੀਤਾ ਜਾਂਦਾ ਸੀ; ਦੂਜੇ ਪਾਸੇ ਖਪਤਕਾਰਾਂ ਕੋਲੋਂ ਟੈਕਸ ਸਮੇਤ ਬੋਤਲ 'ਤੇ ਪੂਰਾ ਮੁੱਲ ਵਸੂਲ ਪਾਇਆ ਜਾਂਦਾ ਸੀ। ਲਗਦਾ ਨਹੀਂ ਕਿ ਨਵੀਂ ਸਰਕਾਰ ਇਨ੍ਹਾਂ ਪੁਰਾਣੇ ਖਿਲਾੜੀਆਂ ਨੂੰ ਨੱਥ ਪਾਵੇਗੀ ਜਾਂ ਘਾਤਕ ਮਿਥੇਨੌਲ ਨਾਲ ਸ਼ਰਾਬ ਤਿਆਰ ਕੇ ਵੇਚਣ ਲਈ ਭਿਜਵਾਉਣ ਵਾਲੇ ਕਸੂਰਵਾਰ ਲੋਕਾਂ ਨੂੰ ਹੀ ਹੱਥ ਪਾ ਸਕੇਗੀ।

ਪੰਜਾਬ ਦੇ ਤਿੰਨ ਸਰਹੱਦੀ ਜ਼ਿਲ੍ਹਿਆਂ ਵਿਚ ਜ਼ਹਿਰੀਲੀ ਸ਼ਰਾਬ ਪੀਣ ਕਰ ਕੇ ਹੋਈਆਂ 110 ਮੌਤਾਂ ਤੋਂ ਸਾਫ਼ ਤੌਰ 'ਤੇ ਸਿੱਧ ਹੁੰਦਾ ਹੈ ਕਿ ਉੱਥੇ ਸ਼ਰਾਬ ਉਤਪਾਦਕਾਂ, ਟ੍ਰਾਂਸਪੋਰਟਰਾਂ ਅਤੇ ਵਿਕਰੇਤਾਵਾਂ ਦਾ ਗੱਠਜੋੜ ਬਣਿਆ ਹੋਇਆ ਹੈ ਅਤੇ ਇੰਨੀ ਵੱਡੀ ਤਰਾਸਦੀ ਗੰਨੇ ਦੇ ਸੀਜ਼ਨ ਦੌਰਾਨ ਲਾਹਣ ਦੀ ਸ਼ਰਾਬ ਕੱਢ ਕੇ ਵੇਚਣ ਵਾਲੇ ਕਿਸੇ ਨਿੱਕੇ ਮੋਟੇ ਧੰਦੇਬਾਜ਼ ਦਾ ਕੰਮ ਨਹੀਂ ਸੀ। ਇਸ ਦਾ ਮਤਲਬ ਹੈ ਕਿ ਸ਼ਰਾਬ ਦੇ ਉਤਪਾਦਕਾਂ ਦੇ ਅਜਿਹੇ ਨੈੱਟਵਰਕ ਵੀ ਬਣੇ ਹੋਏ ਹਨ ਜੋ ਪ੍ਰਚੂਨ ਵਿਕਰੇਤਾਵਾਂ ਨੂੰ ਬਾਈਪਾਸ ਕਰ ਕੇ ਚੱਲ ਰਹੇ ਹਨ। ਇਨ੍ਹਾਂ 110 ਮੌਤਾਂ ਲਈ ਸੌਖਿਆਂ ਹੀ ਕਿਸੇ ਰੰਗ ਵੇਚਣ ਵਾਲੇ ਨੂੰ ਮਿਥੈਨੌਲ ਲਈ ਕਸੂਰਵਾਰ ਦਿਖਾਇਆ ਜਾ ਸਕਦਾ ਹੈ ਪਰ ਇਸ ਤੱਥ ਨੂੰ ਕਿਵੇਂ ਲੁਕੋਇਆ ਜਾਵੇ ਕਿ ਇਹ ਨੈੱਟਵਰਕ ਪੂਰਾ ਸਥਾਈ ਰੂਪ ਲੈ ਚੁੱਕਿਆ ਹੈ ਜੋ ਧੜੱਲੇ ਨਾਲ ਚੱਲ ਰਿਹਾ ਹੈ ਤੇ ਰੁਕਣ ਦਾ ਨਾਂ ਨਹੀਂ ਰਿਹਾ। ਇਸੇ ਕਰ ਕੇ ਸ਼ਰਾਬ ਉਤਪਾਦਕ ਸੜਕਾਂ ਕਿਨਾਰੇ ਸ਼ਰਾਬ ਵੇਚਣ ਵਾਲਿਆਂ ਨੂੰ ਮਾਅਰਕੇਦਾਰ ਤੇ ਗ਼ੈਰ-ਮਾਅਰਕਾ, ਦੋਵੇਂ ਤਰ੍ਹਾਂ ਦੀ ਸ਼ਰਾਬ ਵੇਚ ਰਹੇ ਹਨ ਅਤੇ ਉਹ ਨਕਲੀ ਸ਼ਰਾਬ ਵੇਚਣ ਵਾਲੇ ਨਜ਼ਰ ਆ ਰਹੇ ਹਨ ਜਦਕਿ ਅਸਲ ਵਿਚ ਉਹ ਫੈਕਟਰੀਆਂ ਵਿਚ ਤਿਆਰ ਹੋ ਰਹੀ ਸ਼ਰਾਬ ਵੇਚ ਰਹੇ ਹਨ। ਗ਼ੈਰ-ਕੁਦਰਤੀ ਜਾਂ ਮਿਥੇਨੌਲ ਨਾਲ ਤਿਆਰ ਹੋਣ ਵਾਲੀ ਇਹ ਸ਼ਰਾਬ ਡਿਸਟਿਲਰੀ ਵਿਚੋਂ ਤਿਆਰ ਕਰ ਕੇ ਹੀ ਭੇਜੀ ਜਾ ਸਕਦੀ ਹੈ।

ਜੂਨ 2020 ਵਿਚ ਘਨੌਰ ਤੋਂ ਜ਼ਬਤ ਕੀਤੀ ਗਈ ਐਕਸਟਰਾ ਨਿਊਟਰਲ ਅਲਕੋਹਲ (ਈ.ਐਨ.ਏ.) ਤੋਂ ਸ਼ਰਾਬ ਕਾਰੋਬਾਰੀਆਂ ਦੀ ਮਿਲੀਭੁਗਤ ਸਿੱਧ ਹੋ ਗਈ ਸੀ ਪਰ ਜਿਵੇਂ ਖ਼ਦਸ਼ਾ ਸੀ, ਇਸ ਮਾਮਲੇ 'ਚੋਂ ਵੀ ਕੁਝ ਸਾਹਮਣੇ ਨਹੀਂ ਆਇਆ। ਇਸ ਸਾਲ ਅਗਸਤ ਮਹੀਨੇ ਪੰਜਾਬ ਦੇ ਆਬਕਾਰੀ ਵਿਭਾਗ ਵਲੋਂ 2000 ਲਿਟਰ ਈਐਨਏ ਫੜੀ ਗਈ ਸੀ ਪਰ ਕਿਸੇ ਨੇ ਇਹ ਭਾਫ਼ ਨਹੀਂ ਕੱਢੀ ਕਿ ਇੰਨੀ ਮਾਤਰਾ ਵਿਚ ਸ਼ਰਾਬ ਕਿਹੜੀ ਫੈਕਟਰੀ ਵਿਚ ਤਿਆਰ ਹੋਈ ਸੀ। ਸੁਪਰੀਮ ਕੋਰਟ ਦੇ ਜੱਜ ਜਸਟਿਸ ਐਮਆਰ ਸ਼ਾਹ ਨੇ ਪਿਛਲੇ ਮਹੀਨੇ ਆਖਿਆ ਸੀ, "ਪੰਜਾਬ ਸਰਕਾਰ ਨਾਜਾਇਜ਼ ਸ਼ਰਾਬ ਕਾਰੋਬਾਰੀਆਂ ਨੂੰ ਪਾਲ ਪਲੋਸ ਰਹੀ ਹੈ।" ਉਨ੍ਹਾਂ ਪੁੱਛਿਆ ਸੀ, "ਸ਼ਰਾਬ ਦੀ ਤਰਾਸਦੀ ਵਿਚ ਪੀੜਤ ਕੌਣ ਹਨ? ਉਹ ਲੋਕ ਨਹੀਂ ਜੋ ਮਹਿੰਗੇ ਮੁੱਲ ਦੀ ਵਿਸਕੀ ਪੀਣ ਦੀ ਸਮਰੱਥਾ ਰੱਖਦੇ ਹਨ ਸਗੋਂ ਆਮ ਲੋਕ ਅਤੇ ਨਿਤਾਣੇ ਲੋਕ ਪੀੜਤ ਹਨ।" ਦਰਅਸਲ ਪੰਜਾਬ ਵਿਚ ਸਿੰਗਲ ਮਾਲਟ ਦੀ ਸ਼ਰਾਬ ਦੇ ਸ਼ੌਕੀਨਾਂ ਨੂੰ ਵੀ ਨਹੀਂ ਬਖ਼ਸ਼ਿਆ ਜਾ ਰਿਹਾ ਕਿਉਂਕਿ ਜ਼ਹਿਰੀਲੀ ਵਿਦੇਸ਼ੀ ਸ਼ਰਾਬ ਦਾ ਧੰਦਾ ਵੀ ਜ਼ੋਰਾਂ 'ਤੇ ਹੈ ਜਿੱਥੇ ਦੇਸ਼ ਅੰਦਰ ਬਣੀ ਸ਼ਰਾਬ ਦਸ ਹਜ਼ਾਰ ਰੁਪਏ ਤੱਕ ਦੇ ਮੁੱਲ ਵਾਲੀ ਵਿਦੇਸ਼ੀ ਸ਼ਰਾਬ ਦੀਆਂ ਖਾਲੀ ਬੋਤਲਾਂ ਵਿਚ ਭਰ ਕੇ ਵੇਚੀ ਜਾ ਰਹੀ ਹੈ। ਦੋ ਕੁ ਹਫ਼ਤੇ ਪਹਿਲਾਂ ਹੀ ਜਸਟਿਸ ਸ਼ਾਹ ਨੇ ਖ਼ਬਰਦਾਰ ਕੀਤਾ ਸੀ ਕਿ ਪੰਜਾਬ ਵਿਚ ਵੀ ਬਿਹਾਰ ਜਿਹੀ ਤਰਾਸਦੀ ਵਾਪਰ ਸਕਦੀ ਹੈ।

ਸ਼ਰਾਬ ਸਨਅਤ ਦਾ ਜਿਸ ਕਦਰ ਅਪਰਾਧੀਕਰਨ ਕੀਤਾ ਗਿਆ ਹੈ, ਉਸ ਦਾ ਮੁੱਖ ਕਾਰਨ ਸਾਡਾ ਸਮਾਜਿਕ ਦੰਭ ਹੈ ਜਿਸ ਨਾਲ ਸਿਆਸਤਦਾਨਾਂ ਨੂੰ ਇੰਝ ਬਿਨਾ ਕਿਸੇ ਜਵਾਬਦੇਹੀ ਤੋਂ ਸ਼ਰਾਬ ਵੇਚ ਕੇ ਬੇਹਿਸਾਬ ਕਮਾਈ ਕਰਨ ਦੀ ਖੁੱਲ੍ਹ ਮਿਲ ਰਹੀ ਹੈ। ਇਸ ਤੋਂ ਇਲਾਵਾ ਬਸਤੀਵਾਦੀ ਪ੍ਰਸ਼ਾਸਨ ਨੇ ਵੀ ਮੁਕਾਮੀ ਸ਼ਰਾਬ ਕੱਢਣ ਵਾਲਿਆਂ ਨੂੰ ਅਪਰਾਧੀ ਕਰਾਰ ਦੇ ਕੇ ਇਸ ਵਿਚ ਭੂਮਿਕਾ ਨਿਭਾਈ ਸੀ ਜਿਸ ਨਾਲ ਉਨ੍ਹਾਂ ਨੂੰ ਆਪਣੀ ਅੰਗਰੇਜ਼ੀ ਸ਼ਰਾਬ ਨੂੰ ਵੇਚਣ ਤੇ ਪ੍ਰਚਾਰਨ ਵਿਚ ਕਾਫ਼ੀ ਸੌਖ ਹੁੰਦੀ ਸੀ। ਇਸੇ ਕਰ ਕੇ ਭਾਰਤ ਕੋਲ ਕੌਮਾਂਤਰੀ ਮੰਡੀ ਵਿਚ ਵੇਚਣਯੋਗ ਸ਼ਰਾਬ ਦਾ ਕੋਈ ਘਰੇਲੂ ਬ੍ਰਾਂਡ ਪੈਦਾ ਨਹੀਂ ਹੋ ਸਕਿਆ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰਾਂ ਇਲਾਕਾਈ ਪੇਅ ਪਦਾਰਥਾਂ ਨੂੰ ਖੇਤਰੀ ਲਾਇਸੈਂਸ ਦੇ ਕੇ ਢੁਕਵੇਂ ਢੰਗ ਨਾਲ ਟੈਕਸ ਲਾਵੇ। ਇਸੇ ਕਦਮ ਨਾਲ ਹੀ ਮੁਕਾਮੀ ਤੇ ਪਿੰਡ ਪੱਧਰੀ ਉਦਮੀ ਕਰੋੜਪਤੀ ਬਣ ਜਾਣਗੇ। ਬਿਨਾ ਸ਼ੱਕ ਇਸ ਨਾਲ ਵੱਡੇ ਕਾਰਖਾਨੇਦਾਰਾਂ ਤੇ ਉਨ੍ਹਾਂ ਦੇ ਸਿਆਸੀ ਆਕਾਵਾਂ ਨੂੰ ਸੱਟ ਵੱਜੇਗੀ ਤੇ ਇਹੀ ਇਕਮਾਤਰ ਕਾਰਨ ਹੈ ਕਿ ਖਿੱਤੇ ਦੇ ਸਿਆਸਤਦਾਨ ਇਸ ਸਨਅਤ ਨੂੰ ਕੌਮਾਂਤਰੀ ਪੱਧਰ ਦੇ ਮੁਕਾਬਲੇ ਦੇ ਯੋਗ ਬਣਾਉਣ ਤੋਂ ਟਾਲਾ ਵੱਟਦੇ ਆ ਰਹੇ ਹਨ। ਗੁਜਰਾਤ ਤੇ ਬਿਹਾਰ ਸ਼ਰਾਬਬੰਦੀ ਦੀਆਂ ਆਪਣੀਆਂ ਗਲਤ ਨੀਤੀਆਂ ਜਾਰੀ ਰੱਖਣ ਦਾ ਫ਼ੈਸਲਾ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਨਹੀਂ ਕਰ ਸਕਦੀਆਂ ਪਰ ਇਨ੍ਹਾਂ ਲਈ ਆਪੋ ਆਪਣੇ ਸੂਬਿਆਂ ਅੰਦਰ ਸ਼ਰਾਬ ਕੱਢਣ ਵਾਲਿਆਂ ਦੀ ਸੁਧਾਈ ਕਰਨ ਦਾ ਇਕ ਵੱਡਾ ਮੌਕਾ ਹੈ।

# ਸਰਮੁ ਧਰਮੁ ਦੁਇ ਛਪਿ ਖਲੋਏ

**ਨਰਿੰਦਰ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਾਕਮਾਂ ਤੇ ਧਾਰਮਿਕ ਆਗੂਆਂ ਵਲੋਂ ਲੋਕਾਂ 'ਤੇ ਢਾਹੇ ਜਾਂਦੇ ਰਹੇ ਜ਼ੁਲਮਾਂ ਦੀ ਤੁਲਨਾ ਅਜੋਕੇ ਸਮੇਂ ਦੇ ਸਿਆਸੀ ਅਤੇ ਧਾਰਮਿਕ ਆਗੂਆਂ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਨਾਲ ਕੀਤੀ ਹੈ। ਲੇਖਕ ਕੁਝ ਘਟਨਾਵਾਂ ਦੇ ਹਵਾਲੇ ਨਾਲ ਦੱਸਦਾ ਹੈ ਕਿ ਸਮਾਜ ਵਿਚ ਸਿਹਤਮੰਦ ਮਰਿਆਦਾਵਾਂ ਹੌਲੀ-ਹੌਲੀ ਖੁਰਦੀਆਂ ਜਾ ਰਹੀਆਂ ਹਨ ਪਰ ਕਿਸੇ ਧਾਰਮਿਕ ਜਾਂ ਸਿਆਸੀ ਆਗੂ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਹੈ।**

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਆਪਣੀ ਮੱਕੇ ਦੀ ਫੇਰੀ ਤੋਂ ਵਾਪਸ ਆ ਰਹੇ ਸਨ ਤਾਂ ਭਾਈ ਲਾਲੋ ਜੀ ਕੋਲ ਸੈਦਪੁਰ ਠਹਿਰੇ ਹੋਏ ਸਨ। ਉਸ ਸਮੇਂ ਦੇ ਹਾਕਮ ਅਯਾਸ਼ੀ ਵਾਲਾ ਜੀਵਨ ਬਤੀਤ ਕਰਦੇ ਸਨ। ਲੋਕ ਬਾਬਰ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਸਨ। ਧਾਰਮਿਕ ਆਗੂ ਇਨ੍ਹਾਂ ਹਾਕਮਾਂ ਦੇ ਪਾਪਾਂ ਵਿਚ ਬਰਾਬਰ ਦੇ ਭਾਗੀਦਾਰ ਸਨ। ਹਾਕਮਾਂ ਵੱਲੋਂ ਲੋਕਾਂ ਦੇ ਕੀਤੇ ਜ਼ੁਲਮਾਂ ਨੂੰ ਉਹ ਸਹੀ ਠਹਿਰਾਉਂਦੇ ਸਨ। ਉਹ ਲੋਕ ਸੇਵਾ ਤੋਂ ਹਟ ਕੇ ਨਿੱਜੀਹਿਤ ਪਾਲ ਰਹੇ ਸਨ। ਇਨ੍ਹਾਂ ਲੋਕਾਂ ਵਿਚੋਂ ਸ਼ਰਮ ਅਤੇ ਧਰਮ ਦੋਵੇਂ ਉੱਡ ਚੁੱਕੇ ਸਨ। ਭੋਲੇ ਭਾਲੇ ਲੋਕ ਸਿਰ ਸੁੱਟ ਕੇ ਜ਼ੁਲਮ ਸਹਿਣ ਦੇ ਆਦੀ ਹੋ ਚੁੱਕੇ ਸਨ। ਇਤਿਹਾਸਕਾਰਾਂ ਦੇ ਮੁਤਾਬਕ ਇਹ ਗੱਲ ਕੋਈ 1520 ਈਸਵੀ ਦੀ ਹੈ।

ਜੇ ਬੀਤੇ ਕੁਝ ਸਮੇਂ ਵੱਲ ਝਾਤੀ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਰਾਜਸੀ ਨੇਤਾਵਾਂ ਅਤੇ ਧਾਰਮਿਕ ਆਗੂਆਂ ਕਰਕੇ ਹੁਣ ਵੀ ਕਈ ਹੈਰਾਨੀਜਨਕ ਘਟਨਾਵਾਂ ਵਾਪਰੀਆਂ ਹਨ। ਹੁਣ ਵੀ ਹਾਕਮ ਐਸ਼ ਦੀ ਜ਼ਿੰਦਗੀ ਬਿਤਾ ਰਹੇ ਹਨ। ਕੁਝ ਸਿਆਸੀ ਲੋਕ ਅਯਾਸ਼ੀ ਦੀ ਦੁਨੀਆ ਵਿਚ

**ਨਰਿੰਦਰ ਸਿੰਘ ਢਿੱਲੋਂ**
**ਫੋਨ: 587-436-4032**

ਹਨ ਪਰ ਆਮ ਲੋਕ ਰੋਜ਼ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਉਂਜ ਤਾਂ ਸਾਰੇ ਭਾਰਤ ਵਿਚ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਆਗੂਆਂ ਦਾ ਕਿਰਦਾਰ ਸਾਡੇ ਸਾਹਮਣੇ ਹੈ ਪਰ ਵਿਸ਼ੇਸ਼ ਤੌਰ 'ਤੇ ਅਸੀਂ ਪੰਜਾਬ ਨੂੰ ਬਹੁਤ ਨੇੜਿਓਂ ਵੇਖਿਆ ਹੈ। ਆਪਣੇ ਆਪ ਨੂੰ ਸੰਤ ਮਹਾਤਮਾ ਅਖਵਾਉਂਦੇ ਕਈ 'ਸਾਧ' ਜਬਰ-ਜਨਾਹ ਅਤੇ ਕਤਲ ਆਦਿ ਕੇਸਾਂ ਵਿਚ ਕੈਦ ਦੀ ਸਜ਼ਾ ਭੋਗਦੇ ਹੋਏ ਜੇਲ੍ਹਾਂ ਵਿਚ ਹਨ। ਇਨ੍ਹਾਂ ਦੇ ਪੈਰੋਕਾਰਾਂ ਦੇ ਬੌਧਿਕ ਦਿਵਾਲੀਏਪਨ 'ਤੇ ਹੈਰਾਨੀ ਹੁੰਦੀ ਹੈ ਕਿ ਉਹ ਫਿਰ ਵੀ ਉਨ੍ਹਾਂ ਦੇ ਕਾਰਨਾਮਿਆਂ 'ਤੇ ਸ਼ਰਮ ਕਰਨ ਦੀ ਥਾਂ ਉਨ੍ਹਾਂ ਨੂੰ ਪਿਤਾ ਜੀ, ਮਹਾਤਮਾ ਜੀ ਆਦਿ ਸ਼ਬਦਾਂ ਨਾਲ ਸਤਿਕਾਰ ਦੇਂਦੇ ਹਨ। ਲੰਮਾ ਸਮਾਂ ਚੱਲੇ ਬਲਾਤਕਾਰ ਦੇ ਕੇਸ ਵਿਚ ਆਪਣੇ ਆਪ ਨੂੰ 'ਬਾਪੂ' ਅਖਵਾਉਂਦਾ ਆਸਾਰਾਮ ਅਦਾਲਤ ਵੱਲੋਂ ਦਿੱਤੀ ਤਾਉਮਰ ਕੈਦ ਦੀ ਸਜ਼ਾ ਅਧੀਨ ਜੇਲ੍ਹ ਵਿਚ ਬੰਦ ਹੈ ਪਰ ਉਸ ਦੇ ਜੇਲ੍ਹ ਜਾਣ ਤੋਂ ਬਾਅਦ ਉਸ ਸੀ ਫੋਟੋ ਸਮੇਤ ਇਹ ਖਬਰ ਅਖਬਾਰਾਂ ਵਿਚ ਛਪੀ ਕਿ ਵੱਡੀ ਗਿਣਤੀ ਔਰਤਾਂ ਜੇਲ੍ਹ ਸਾਹਮਣੇ ਇਕੱਠੀਆਂ ਹੋਈਆਂ ਅਤੇ ਮੰਗ ਕਰ ਰਹੀਆਂ ਸਨ ਕਿ ਉਨ੍ਹਾਂ ਨੂੰ 'ਬਾਪੂ' ਦੀ ਇੱਕ ਝਲਕ ਹੀ ਦਿਖਾ ਦਿੱਤੀ ਜਾਵੇ। ਇਸ ਤੋਂ ਵੱਧ ਅੰਧ-ਵਿਸ਼ਵਾਸ ਅਤੇ ਬੌਧਿਕ ਦੀਵਾਲੀਆਪਨ ਹੋਰ ਕੀ ਹੋ ਸਕਦਾ ਹੈ। ਸਰਸੇ ਵਾਲਾ ਸਾਧ ਗੁਰਮੀਤ ਰਾਮ ਰਹੀਮ ਆਪਣੀਆਂ ਸੇਵਕ ਲੜਕੀਆਂ ਨਾਲ ਜਬਰ-ਜਨਾਹ ਅਤੇ ਪੱਤਰਕਾਰ ਛਤਰਪਤੀ ਦੇ ਕਤਲ ਕੇਸ ਵਿਚ ਦੋਸ਼ੀ ਪਾਇਆ ਜਾਣ ਕਰਕੇ ਹੋਈ ਸਜ਼ਾ ਅਧੀਨ ਜੇਲ੍ਹ ਵਿਚ ਬੰਦ ਹੈ। ਉਸ ਦੇ ਪੈਰੋਕਾਰ ਵੀ, ਜਿਨ੍ਹਾਂ ਵਿਚ ਵੱਡੀ ਗਿਣਤੀ ਔਰਤਾਂ ਹਨ, ਉਨ੍ਹਾਂ ਦੀ ਚਰਚਾ ਵੀ ਸੁਣੀ ਜਾਂਦੀ ਹੈ, ਜਿਸ ਵਿਚ ਉਹ ਕਹਿ ਰਹੇ ਹੁੰਦੇ ਹਨ ਕਿ 'ਬਾਬਾ ਜੀ ਦਾ ਕੋਈ ਕਸੂਰ ਨਹੀਂ ਹੈ, ਉਹ ਸਾਡੇ ਦੁੱਖ ਕੱਟਣ ਲਈ ਹੀ ਜੇਲ੍ਹ ਵਿਚ ਹਨ', 'ਉਨ੍ਹਾਂ ਨੂੰ ਸਿਆਸੀ ਬਦਲਾਖੋਰੀ ਕਾਰਨ ਸਜ਼ਾ ਦਿੱਤੀ ਗਈ ਹੈ' ਵਗੈਰਾ, ਵਗੈਰਾ। ਇਸ ਤਰ੍ਹਾਂ ਦੇ ਕਈ ਹੋਰ 'ਭੱਦਰਪੁਰਸ਼' ਵੀ ਬੜੇ ਸੰਗੀਨ ਦੋਸ਼ਾਂ ਹੇਠ ਜੇਲ੍ਹ ਦੀ ਹਵਾ ਖਾ ਰਹੇ ਹਨ। ਅਦਾਲਤਾਂ ਦੇ ਸਿਰ ਨੂੰ ਸਿਹਰਾ ਜਾਂਦਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਬਣਦੀ ਸਜ਼ਾ ਦਿੱਤੀ। ਉਂਜ ਇਹ ਲੰਮੇ ਸਮੇਂ ਤੋਂ ਸਿਆਸੀ ਆਗੂਆਂ ਦੇ ਜ਼ੋਰ ਨਾਲ ਬਚੇ ਹੋਏ ਸਨ। ਕੁਝ ਕੁ 'ਸੰਤ-ਮਹਾਤਮਾ' ਐਸੇ ਵੀ ਹਨ, ਜਿਨ੍ਹਾਂ ਦੇ ਕਾਲੇ ਕਾਰਨਾਮੇ ਤਾਂ ਲੋਕਾਂ ਸਾਹਮਣੇ ਆ ਚੁੱਕੇ ਹਨ ਪਰ 'ਚੰਗੀ ਪਹੁੰਚ' ਹੋਣ ਕਰਕੇ ਉਨ੍ਹਾਂ ਦੀ ਹਵਾ ਵੱਲ ਕੋਈ ਨਹੀਂ ਵੇਖਦਾ ਅਤੇ ਉਹ ਆਪਣਾ ਧੰਦਾ ਚਲਾ ਰਹੇ ਹਨ।

ਇਨ੍ਹਾਂ ਅਖੌਤੀ ਸੰਤਾਂ ਦਾ ਨਾ ਕੋਈ ਧਰਮ ਹੈ ਅਤੇ ਨਾ ਹੀ ਇਨ੍ਹਾਂ ਨੂੰ ਇਨਸਾਨੀ ਅਸੂਲਾਂ ਦੀ ਕੋਈ ਸ਼ਰਮ ਹੈ। ਇਨ੍ਹਾਂ ਨੂੰ ਮੰਨਣ ਵਾਲੇ ਵੀ ਗਿਆਨ ਵਿਹੂਣੇ, ਅੰਧ ਵਿਸ਼ਵਾਸੀ ਅਤੇ ਪਿਛਲੱਗ ਮਾਨਸਿਕਤਾ ਵਾਲੇ ਜਾਪਦੇ ਹਨ। ਸਿਆਸੀ ਪਾਰਟੀਆਂ ਦੇ ਬਹੁਤ ਸਾਰੇ ਨੇਤਾ ਜਿਨ੍ਹਾਂ ਉਤੇ ਲੋਕਾਂ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ, ਉਹ ਵੀ ਇਨ੍ਹਾਂ ਬਲਾਤਕਾਰੀ ਅਤੇ ਕਾਤਲ ਸਾਧਾਂ ਅੱਗੇ ਜਾ ਕੇ ਵੋਟਾਂ ਖਾਤਰ ਹੱਥ ਜੋੜਦੇ, ਪੈਰੀਂ ਪੈਂਦੇ, ਲਿਲਕੜੀਆਂ ਕੱਢਦੇ ਅਤੇ ਜ਼ਲੀਲ ਹੁੰਦੇ ਵੇਖੇ ਜਾਂਦੇ ਹਨ। ਚਰਚਾ ਇਹ ਵੀ ਰਹੀ ਹੈ ਕਿ ਇਹ ਅਖੌਤੀ ਸੰਤ ਜਦ ਆਪਣੇ ਕੁਕਰਮਾਂ ਕਰਕੇ ਕਿਸੇ ਕਾਨੂੰਨੀ ਕੁੜਿੱਕੀ ਵਿਚ ਫਸਦੇ ਹਨ ਤਾਂ ਇਹ ਰਾਜਸੀ ਲੀਡਰ ਹੀ ਇਨ੍ਹਾਂ ਨੂੰ ਬਚਾਉਂਦੇ ਹਨ, ਜਿਸ ਦੇ ਇਵਜ਼ ਵਿਚ ਇਹ ਆਪਣੇ ਪੈਰੋਕਾਰਾਂ ਦੀਆ ਵੋਟਾਂ ਇਨ੍ਹਾਂ ਲੀਡਰਾਂ/ਪਾਰਟੀਆਂ ਨੂੰ ਪਵਾਉਂਦੇ ਹਨ। ਇਨ੍ਹਾਂ ਵਿਚ ਕਾਂਗਰਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਪ੍ਰਮੁੱਖ ਹਨ। 2017 ਵਿਚ ਜਦੋਂ ਮੌੜ ਵਿਖੇ ਬੰਬ ਧਮਾਕਾ ਹੋਇਆ ਤਾਂ ਬਿਨਾਂ ਕਿਸੇ ਜਾਂਚ ਦੇ 2 ਫਰਵਰੀ 2017 ਦੀਆਂ ਅਖ਼ਬਾਰਾਂ ਵਿਚ ਸੁਖਬੀਰ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਵੱਖ ਵੱਖ ਬਿਆਨ ਛਪੇ ਸਨ ਜਿਸ ਅਨੁਸਾਰ ਇਸ ਧਮਾਕੇ ਦਾ ਦੋਸ਼ ਆਮ ਆਦਮੀ ਪਾਰਟੀ 'ਤੇ ਲਾਇਆ ਗਿਆ ਸੀ। ਬਾਅਦ ਵਿਚ ਇਹ ਸੁਣਿਆ ਗਿਆ ਕਿ ਜਾਂਚ ਸਿਰਸੇ ਵਿਚ ਸਥਿਤ ਇਕ ਡੇਰੇ ਵੱਲ ਨੂੰ ਜਾ ਰਹੀ ਸੀ ਜਿਸ ਕਰਕੇ ਜਾਂਚ ਵੀ ਰੁਕ ਗਈ ਤੇ ਇਹ ਨੇਤਾ ਵੀ ਚੁੱਪ ਹੋ ਗਏ ਤੇ ਮਾਮਲਾ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ।

ਜਦ ਕਿਸੇ ਸਿਆਸੀ ਨੇਤਾ ਦੀਆਂ ਗੈਰ-ਕਨੂੰਨੀ, ਗੈਰ-ਇਖਲਾਕੀ ਜਾਂ ਭ੍ਰਿਸ਼ਟ ਕਾਰਵਾਈਆਂ ਵਿਰੁੱਧ ਕਾਨੂੰਨੀ ਕਾਰਵਾਈ ਹੁੰਦੀ ਹੈ ਤਾਂ ਉਸ ਪਾਰਟੀ ਦੇ ਨੇਤਾ ਸਿਆਸੀ ਬਦਲਾਖੋਰੀ ਦਾ ਠੱਪਾ ਲਾ ਦਿੰਦੇ ਹਨ। ਸੱਚ ਇਹ ਹੈ ਕਿ ਇਨ੍ਹਾਂ ਰਾਜ ਕਰਨ ਵਾਲੇ ਲੀਡਰਾਂ ਨੇ ਪੰਜਾਬ ਨੂੰ ਲੁੱਟ ਕੇ ਖਾ ਲਿਆ ਹੈ, ਕਰਜ਼ਈ ਕਰ ਦਿੱਤਾ ਹੈ ਤੇ ਆਪਣੀ ਜਾਇਦਾਦ ਦੇ ਅੰਬਾਰ ਲਾ ਲਏ ਹਨ। ਪੰਜਾਬ ਵਿਚ ਪਿਛਲੇ ਸਮੇਂ ਵਿਚ ਸਾਬਕਾ ਕਾਂਗਰਸੀ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਭਾਰਤ ਭੂਸ਼ਣ ਆਸ਼ੂ ਬੇਨਿਯਮੀਆਂ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤੇ ਗਏ ਸਨ। ਸਾਧੂ ਸਿੰਘ ਧਰਮਸੋਤ ਵਿਰੁੱਧ ਲੰਮਾ ਸਮਾਂ ਵਜ਼ੀਫਾ ਸਕੈਂਡਲ ਕਰ ਕੇ ਵੀ ਚਰਚਾ ਚਲਦੀ ਰਹੀ ਸੀ ਪਰ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਛਤਰ-ਛਾਇਆ ਕਰਕੇ ਵਜ਼ੀਫਾ ਘੁਟਾਲੇ ਅਤੇ ਹੋਰ ਬੇਨਿਯਮੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਸੀ ਹੋ ਸਕੀ। ਹੁਣ ਇਨ੍ਹਾਂ ਨੇਤਾਵਾਂ ਨੇ ਫੌਰਨ ਸਿਆਸੀ ਬਦਲਾਖੋਰੀ ਦਾ ਵਾਵੇਲਾ ਕਰਨਾ ਸ਼ੁਰੂ ਕਰ ਦਿੱਤਾ ਜਿਸ ਵਿਚ ਪ੍ਰਮੁੱਖ ਕਾਂਗਰਸੀ ਲੀਡਰ ਵੀ ਸ਼ਾਮਲ ਹਨ। ਕਾਂਗਰਸ ਪਾਰਟੀ ਦੇ ਵੱਡੇ ਵੱਡੇ ਨੇਤਾ ਉਨ੍ਹਾਂ ਨੂੰ ਜੇਲ੍ਹਾਂ ਵਿਚ ਮਿਲ ਕੇ ਵੀ ਆਉਂਦੇ ਹਨ ਤੇ ਪਾਰਟੀ ਵੱਲੋਂ ਸਮਰਥਨ ਦਾ ਦਾਅਵਾ ਕਰਦੇ ਹਨ। ਸਾਬਕਾ ਕਾਂਗਰਸੀ ਮੰਤਰੀ ਸੁੰਦਰ ਸ਼ਾਮ ਅਰੋੜਾ ਜੋ ਭਾਜਪਾ ਵਿਚ ਸ਼ਾਮਲ ਹੋ ਚੁੱਕਾ ਸੀ, ਜਦ ਇਕ ਪੁਲਿਸ ਅਫ਼ਸਰ ਨੂੰ ਆਪਣੇ ਵਿਰੁੱਧ ਚੱਲਦੀ ਜਾਂਚ ਵਿਚ ਮਦਦ ਕਰਾਉਣ ਲਈ 50 ਲੱਖ ਰੁਪਏ ਰਿਸ਼ਵਤ ਦੇਣ ਵਿਚ ਰੰਗੇ ਹੱਥੀਂ ਫੜਿਆ ਗਿਆ ਤਾਂ 'ਸ਼ਰਮ ਰਹਿਤ' ਬੀਜੇਪੀ ਅਤੇ ਕਾਂਗਰਸ ਪਾਰਟੀ ਦੇ ਆਗੂ ਇੱਕ ਦੂਸਰੀ ਪਾਰਟੀ ਦਾ ਬੰਦਾ ਕਹਿ ਕੇ ਪੱਲਾ ਝਾੜਦੇ ਰਹੇ ਪਰ ਉਸ ਦੇ ਕਦਮ ਦੀ ਨਿਖੇਧੀ ਨਹੀਂ ਸੀ ਕੀਤੀ। ਹੁਣ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭ੍ਰਿਸ਼ਟਾਚਾਰ ਨਾਲ ਕਥਿਤ ਜੁੜੇ ਹੋਣ ਦਾ ਮਾਮਲਾ ਚਰਚਾ ਵਿਚ ਹੈ। ਕਿਸੇ ਕਾਂਗਰਸੀ ਵਿਚ ਇੰਨੀ ਹਿੰਮਤ ਨਹੀਂ ਕਿ ਉਹ ਕਹਿ ਸਕੇ ਕਿ ਜੇਕਰ ਚਰਨਜੀਤ ਸਿੰਘ ਚੰਨੀ ਨੇ ਕੁਝ ਗਲਤ ਕੀਤਾ ਹੈ ਤਾਂ ਜਾਂਚ ਕਰਨੀ ਚਾਹੀਦੀ ਹੈ ਅਤੇ ਲੋੜ ਪੈਣ 'ਤੇ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਉਹ ਮੂੰਹ ਇਸ ਕਰਕੇ ਨਹੀਂ ਖੋਲ੍ਹਦੇ ਕਿਉਂਕਿ ਇਸ ਹਮਾਮ ਵਿਚ ਸਭ ਨੰਗੇ ਹਨ। ਬਸ ਇਹੀ ਕਿਹਾ ਜਾ ਰਿਹਾ ਹੈ ਕਿ ਇਹ ਸਿਆਸੀ ਬਦਲਾਖੋਰੀ ਹੈ।

ਇਹੀ ਹਾਲ ਸ਼੍ਰੋਮਣੀ ਅਕਾਲੀ ਦਲ ਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਤੋਂ ਲੈ ਕੇ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਸਿੰਚਾਈ ਘੁਟਾਲੇ ਵਿਚ ਦੋਵਾਂ ਸਾਬਕਾ ਅਕਾਲੀ ਮੰਤਰੀਆਂ ਸ਼ਰਨਜੀਤ ਸਿੰਘ ਢਿੱਲੋਂ ਅਤੇ ਜਨਮੇਜਾ ਸਿੰਘ ਸੇਖੋਂ ਤੋਂ ਕੀਤੀ ਜਾ ਰਹੀ ਪੁੱਛ-ਪੜਤਾਲ ਨੂੰ ਸਿਆਸੀ ਬਦਲਾ ਲਊ ਕਾਰਵਾਈ ਕਿਹਾ ਜਾ ਰਿਹਾ ਹੈ। ਇਸ ਕੇਸ ਦੀ ਜਾਂਚ ਪੜਤਾਲ ਪੰਜ ਸਾਲ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਖੂੰਜੇ ਲਾ ਰੱਖੀ ਸੀ। ਇਹ ਸਾਰੇ ਨੇਤਾ ਆਪਣੀ ਕਾਰਜ-ਸ਼ੈਲੀ ਉਤੇ ਸ਼ਰਮ ਕਰਨ ਦੀ ਥਾਂ ਹੋਰ ਤਰਕਹੀਣ ਵਾ ਵੇਲਾ ਕਰ ਰਹੇ ਹਨ। ਦੇਸ਼ ਵਿਚ ਸਿਆਸੀ ਆਗੂਆਂ ਵੱਲੋਂ ਬਲਾਤਕਾਰ ਅਤੇ ਹੋਰ ਕਈ ਘਿਨਾਉਣੇ ਅਪਰਾਧਾਂ ਦੀ ਚਰਚਾ ਵੀ ਚਲਦੀ ਰਹੀ ਹੈ ਜਿਸ ਉਤੇ ਸਿਆਸੀ ਆਗੂ ਹਮੇਸ਼ਾਂ



ਆਪਣੇ ਖ਼ਿਲਾਫ ਸਾਜ਼ਿਸ਼ ਜਾਂ ਬਦਲਾ ਲਊ ਕਾਰਵਾਈ ਦਾ ਰੋਣਾ ਹੀ ਰੋਂਦੇ ਹਨ।

ਪਿਛਲੇ ਦਿਨੀਂ ਇਕ ਵਿਅਕਤੀ ਦੇ ਹੁਕਮ 'ਤੇ ਉਸ ਨਾਲ ਆਈ ਭੀੜ ਨੇ ਦੋ ਗੁਰਦੁਆਰਿਆਂ ਵਿਚ ਬਿਨਾਂ ਗੁਰਦੁਆਰਾ ਕਮੇਟੀਆਂ ਨਾਲ ਸਲਾਹ ਮਸ਼ਵਰਾ ਕੀਤਿਆਂ ਬਜ਼ੁਰਗਾਂ ਅਤੇ ਅਪਾਹਜ ਸ਼ਰਧਾਲੂਆਂ ਲਈ ਗੁਰਦੁਆਰਾ ਸਾਹਿਬ ਅੰਦਰ ਲੱਗੀਆਂ ਕੁਰਸੀਆਂ/ਬੈਂਚਾਂ ਨੂੰ ਭੰਨ-ਤੋੜ ਕੇ ਅੱਗ ਲਗਾ ਦਿੱਤੀ। ਇਸ ਘਟਨਾ ਸਮੇਂ ਜਲੰਧਰ ਦੇ ਇੱਕ ਗੁਰਦੁਆਰਾ ਸਾਹਿਬ ਅੰਦਰ ਭਗਦੜ ਮਚ ਗਈ। ਮੌਕੇ 'ਤੇ ਹਾਜ਼ਰ ਲੋਕਾਂ ਮੁਤਾਬਕ ਉਸ ਸਮੇਂ ਕਥਾ ਕਰਨ ਵਾਲੇ ਸਿੰਘ ਨੂੰ ਆਪਣੀ ਕਥਾ ਬੰਦ ਕਰਨੀ ਪਈ ਅਤੇ ਲੋਕ ਘਬਰਾਏ ਹੋਏ ਪ੍ਰਸ਼ਾਦ ਲੈਣ ਤੋਂ ਬਿਨਾਂ ਹੀ ਘਰਾਂ ਨੂੰ ਚਲੇ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਵੀ ਨਾ ਲਿਆ ਜਾ ਸਕਿਆ। ਕਿਸੇ ਵਿਅਕਤੀ ਨੂੰ ਵੀ ਜੇਕਰ ਕੁਰਸੀਆਂ, ਬੈਂਚ ਜਾਂ ਸਟੂਲਾਂ ਉਤੇ ਇਤਰਾਜ਼ ਸੀ ਤਾਂ ਉਸ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਗੁਰਦੁਆਰਾ ਕਮੇਟੀ ਨਾਲ ਬਹਿ ਕੇ ਸਲਾਹ-ਮਸ਼ਵਰਾ ਕਰਦਾ। ਉਸ ਦੀ ਇਸ ਆਪਹੁਦਰਾ ਸ਼ਾਹੀ ਅਤੇ ਗੁਰਦੁਆਰਾ ਸਾਹਿਬ ਦੀ ਕੀਤੀ ਬੇਅਦਬੀ ਵਿਰੁੱਧ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਚੁੱਪ ਵੱਟ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਵੀ ਬੋਲਣਾ ਮੁਨਾਸਬ ਨਹੀਂ ਸਮਝਿਆ। ਕਈ ਦਿਨਾਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਦੱਬੀ ਹੋਈ ਜ਼ਬਾਨ ਨਾਲ ਇਸ ਘਟਨਾ ਦੀ ਨਿੰਦਾ ਕੀਤੀ ਗਈ ਪਰ ਅੱਜ ਤਕ ਉਨ੍ਹਾਂ ਵਿਅਕਤੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਕੁਝ ਕਥਾਕਾਰ ਜੋ ਵੱਖ-ਵੱਖ ਗੁਰਦੁਆਰਿਆਂ ਵਿਚ ਲੰਮੇ ਸਮੇਂ ਤੋਂ ਕਥਾ ਕਰਨ ਜਾਂਦੇ ਹਨ, ਕੁਰਸੀਆਂ ਜਾਂ ਬੈਂਚਾਂ ਬਾਰੇ ਕਦੇ ਬੋਲੇ ਤਕ ਨਹੀਂ ਸਨ, ਉਹ ਵੀ ਇਹ ਹੁੜਦੰਗ ਮਚਾਉਣ ਵਾਲਿਆਂ ਦੇ ਹੱਕ ਵਿਚ ਖੜੋ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਪਿਛਲੇ ਸਮੇਂ ਵਿਚ ਕਿੰਨੇ ਹੀ ਵਿਵਾਦਤ ਮੁੱਦੇ ਸਾਹਮਣੇ ਆਏ ਹਨ। ਸਭ ਤੋਂ ਵੱਡਾ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁੰਮ 328 ਸਰੂਪਾਂ ਦਾ ਹੈ, ਜਿਨ੍ਹਾਂ ਬਾਰੇ ਅੱਜ ਤਕ ਸੱਚ ਸੰਗਤ ਸਾਹਮਣੇ ਨਹੀਂ ਆਇਆ। ਉਪਰੋਕਤ ਘਟਨਾ ਦੀ ਪੁਸ਼ਤ-ਪਨਾਹੀ ਕਰਨ ਵਾਲੇ ਕਥਾਕਾਰ ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕਥਾ ਕਰਨ ਜਾਂਦੇ ਰਹਿੰਦੇ ਹਨ। ਉਥੇ ਉਨ੍ਹਾਂ ਨੇ ਗੁਰੂ ਸਾਹਿਬ ਦੇ ਗੁੰਮ ਹੋਏ 328 ਸਰੂਪਾਂ ਅਤੇ ਹੋਰ ਵਿਵਾਦਿਤ ਪੰਥਕ ਮੁੱਦਿਆਂ ਅਤੇ ਮਰਿਆਦਾ ਦਾ ਕਦੇ ਜ਼ਿਕਰ ਤੱਕ ਨਹੀਂ ਕੀਤਾ। ਉਹ ਸਮਝਦੇ ਹਨ ਕਿ ਧਾਰਮਿਕ ਮੁੱਦਿਆਂ 'ਤੇ ਸਪੱਸ਼ਟ ਸਟੈਂਡ ਰੱਖਣਾ ਅਤੇ ਧਰਮੀ ਹੋਣ ਦੇ ਅਸੂਲ ਦੂਜਿਆਂ ਲਈ ਹਨ, ਆਪਣੇ ਲਈ ਨਹੀਂ। ਇਸ ਘਟਨਾ ਲਈ ਜ਼ਿੰਮੇਵਾਰ ਅਤੇ ਆਪਣੇ ਆਪ ਨੂੰ 'ਸਿੱਖ ਧਰਮ ਦੇ ਠੇਕੇਦਾਰ' ਸਮਝਣ ਵਾਲੇ ਵਿਅਕਤੀ ਵੱਲੋਂ ਤਾਲਿਬਾਨੀ ਕਾਰਜ ਸ਼ੈਲੀ ਦੀ ਸਿਫਤ ਕੀਤੀ ਜਾ ਰਹੀ ਹੈ ਅਤੇ ਇੰਜ ਜਾਪਦਾ ਹੈ ਕਿ ਉਹ ਬਾਬਰ ਦੇ ਜ਼ੁਲਮਾਂ ਨੂੰ ਵੀ ਸਹੀ ਠਹਿਰਾਏਗਾ।

ਇਸ ਨਾਲ ਇੱਕ ਹੋਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਕਿਸੇ ਸ਼ਰਧਾਲੂ ਦਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਹੱਥ ਜੋੜ ਕੇ ਨਤਮਸਤਕ ਹੁੰਦਾ ਹੈ ਭਾਵ ਆਪਣੇ ਆਪ ਨੂੰ ਗੁਰੂ ਸਾਹਿਬ ਅੱਗੇ ਸਮਰਪਿਤ ਕਰਦਾ ਹੈ ਜੇਕਰ ਉਹ ਖਰਾਬ ਸਿਹਤ ਕਰਕੇ ਫਰਸ਼ 'ਤੇ ਨਹੀਂ ਬੈਠ ਸਕਦਾ ਕੁਰਸੀ/ਬੈਂਚ/ਸਟੂਲ 'ਤੇ ਬੈਠ ਜਾਂਦਾ ਹੈ ਤਾਂ ਇਹ ਇਤਰਾਜ਼ਯੋਗ ਕਿਵੇਂ ਹੈ? ਗੁਰੂ ਦਾ ਸਤਿਕਾਰ ਉਸ ਪਾਸੋਂ ਗਿਆਨ ਪ੍ਰਾਪਤ ਕਰ ਕੇ ਜ਼ਿੰਦਗੀ ਵਿਚ ਲਾਗੂ ਕਰਨ ਅਤੇ ਮਨੁੱਖਤਾ ਦੀ ਸੇਵਾ ਕਰਨ ਵਿਚ ਹੈ ਨਾ ਕਿ ਬੇਲੋੜੀਆਂ ਸ਼ਰਤਾਂ ਵਿਚ। ਜੇਕਰ ਇਤਰਾਜ਼ ਇਹ ਹੈ ਕਿ ਸ਼ਰਧਾਲੂ ਗੁਰੂ ਸਾਹਿਬ ਤੋਂ ਉਚਾ ਨਾ ਹੋਵੇ ਤਾਂ ਇਸ ਦਾ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਟੇਜ ਨੂੰ ਇਕ-ਦੋ-ਤਿੰਨ ਫੁੱਟ ਉਚਾ ਕਰ ਕੇ ਕੀਤਾ ਜਾ ਸਕਦਾ ਹੈ, ਫਰਨੀਚਰ ਭੰਨ ਕੇ ਜਾਂ ਅੱਗ ਲਾ ਕੇ ਨਹੀਂ। ਅਸੀਂ ਵੇਖਦੇ ਹਾਂ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਬੈਠੇ ਸ਼ਰਧਾਲੂਆਂ ਦੇ ਧੜ ਅਤੇ ਸਿਰ ਗੁਰੂ ਸਾਹਿਬ ਤੋਂ ਉਚੇ ਹੁੰਦੇ ਹਨ। ਤਾਂ ਕੀ ਉਹ ਸੰਗਤ ਗੁਰੂ ਸਾਹਿਬ ਦਾ ਨਿਰਾਦਰ ਕਰ ਰਹੀ ਹੁੰਦੀ ਹੈ? ਬੇਅਦਬੀ ਸ਼ਰਧਾ ਨਾਲ ਕੁਰਸੀਆਂ 'ਤੇ ਬੈਠਣ ਨਾਲ ਨਹੀ, ਗਲਤ ਕੰਮਾਂ ਨਾਲ ਹੁੰਦੀ ਹੈ। ਧਾਰਮਿਕ ਆਗੂਆਂ ਨੂੰ ਆਪਣਾ ਕਿਰਦਾਰ ਸਹੀ ਕਰਨ ਦੀ ਲੋੜ ਹੈ ਐਵੇਂ ਤਰਕਹੀਣ ਗੱਲਾਂ ਕਰ ਕੇ ਸੰਗਤ ਨੂੰ ਡਰਾਉਣ ਦਾ ਕੋਈ ਲਾਭ ਨਹੀਂ। ਲੋਕ ਬੋਲਣ ਭਾਵੇਂ ਨਾ, ਪਰ ਉਹ ਸਭ ਕੁਝ ਵੇਖਦੇ ਹਨ।

ਸਮਾਜਿਕ ਖੇਤਰ ਵਿਚ ਬੇਸ਼ਰਮੀ ਦੀਆਂ ਬਹੁਤ ਮਿਸਾਲਾਂ ਮਿਲਦੀਆਂ ਹਨ। ਬਹੁਤ ਸਾਰੇ ਲੋਕ ਹਨ ਜੋ ਆਮ ਬੋਲਚਾਲ ਵਿਚ ਭੈਣਾਂ, ਮਾਵਾਂ, ਕੁੜੀਆਂ ਨੂੰ ਗਾਲੀ ਗਲੋਚ ਵਿਚ ਵਰਤੀ ਜਾਂਦੇ ਹਨ। ਇਹ ਰੁਝਾਨ ਉਹ ਆਪਣੇ ਪਰਿਵਾਰ ਵਿਚ ਬੈਠਿਆਂ ਵੀ ਜਾਰੀ ਰੱਖਦੇ ਹਨ। ਵਿਆਹਾਂ ਜਾਂ ਹੋਰ ਖੁਸ਼ੀ ਦੇ ਮੌਕਿਆਂ 'ਤੇ ਗੰਦੇ-ਮੰਦੇ ਗੀਤਾਂ ਨਾਲ ਆਪਣੇ ਪਰਿਵਾਰਕ ਮੈਂਬਰਾਂ ਨਾਲ ਨੱਚਣਾ-ਟੱਪਣਾ ਆਮ ਰਿਵਾਜ਼ ਬਣ ਗਿਆ ਹੈ। ਡੀ.ਜੇ. ਵਾਲਿਆਂ ਨੂੰ ਕਹਿ ਕੇ ਗੰਦੇ ਮੰਦੇ ਗੀਤ ਲਵਾ ਕੇ ਮਾਂ-ਪਿਓ, ਧੀ-ਪੁੱਤ-ਨੂੰਹ ਵਗੈਰਾ ਇਕੱਠੇ ਨੱਚ ਰਹੇ ਹੁੰਦੇ ਹਨ ਅਤੇ ਰਤਾ ਸ਼ਰਮ ਮਹਿਸੂਸ ਨਹੀਂ ਕਰਦੇ।

ਸਮਾਗਮ ਵਿਚ ਸ਼ਰਾਬ ਦੀ ਛਬੀਲ ਲਾਉਣ ਨੂੰ ਆਪਣੇ ਆਪ ਨੂੰ 'ਵੱਡੇ ਬੰਦੇ' ਦਾ ਚਿੰਨ੍ਹ ਬਣਾ ਦਿੱਤਾ ਗਿਆ ਹੈ। ਕੁਝ ਘਰਾਂ ਵਿਚ ਤਾਂ ਰੋਜ਼ ਹੀ ਸ਼ਰਾਬ ਦੀ ਮਹਿਫ਼ਲ ਲੱਗਣ ਦੀਆਂ ਗੱਲਾਂ ਸੁਣਦੇ ਹਾਂ। ਬੱਚੇ ਕੁਰਾਹੇ ਪੈ ਰਹੇ ਹਨ ਤੇ ਨਸ਼ਿਆਂ ਦਾ ਰੁਝਾਨ ਵਧ ਗਿਆ ਹੈ। ਮਾਂ -ਪਿਉ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਤੋਂ ਦੂਰ ਹੋ ਰਹੇ ਹਨ। ਸੱਚ ਇਹ ਵੀ ਹੈ ਕਿ ਬਹੁਤ ਸਾਰੇ ਮਾਂ-ਪਿਓ ਚੰਗੇ ਸੰਸਕਾਰ ਦੇਣ ਦੇ ਯੋਗ ਵੀ ਨਹੀਂ ਹਨ।

ਸਮਾਜ ਵਿਚ ਹਰ ਰੋਜ਼ ਵਾਪਰਦੀਆਂ ਘਟਨਾਵਾਂ ਨੂੰ ਵੇਖ ਕੇ ਇਹ ਪਤਾ ਲੱਗਦਾ ਹੈ ਕਿ ਸਮਾਜ ਵਿਚ ਸਿਹਤਮੰਦ ਮਰਿਆਦਾਵਾਂ ਹੌਲੀ-ਹੌਲੀ ਖੁਰਦੀਆਂ ਜਾ ਰਹੀਆਂ ਹਨ। ਕਾਗਜ਼ੀ ਵਿਆਹ, ਰਿਸ਼ਤੇਦਾਰਾਂ ਨਾਲ ਝੂਠੇ ਵਿਆਹ ਕਰ ਕੇ ਲੜਕੇ ਅਤੇ ਲੜਕੀਆਂ ਨੂੰ ਵਿਦੇਸ਼ ਭੇਜਣ ਦੀਆਂ ਘਟਨਾਵਾਂ ਨੇ ਕਈ ਸਨਸਨੀਖ਼ੇਜ਼ ਅਨੈਤਿਕ ਘਟਨਾਵਾਂ ਨੂੰ ਜਨਮ ਦਿੱਤਾ ਹੈ ਅਤੇ ਸਮਾਜ ਦੀਆਂ ਸਿਹਤਮੰਦ ਕਦਰਾਂ-ਕੀਮਤਾਂ ਨੂੰ ਸ਼ਰਮਸਾਰ ਕੀਤਾ ਹੈ।

ਨਸ਼ਾ ਸਮਾਜ ਵਿਚ ਘਰ ਕਰ ਗਿਆ ਹੈ। ਪੁਲੀਸ ਅਤੇ ਸਿਆਸੀ ਲੀਡਰਾਂ ਦੇ ਨਸ਼ਾ ਤਸਕਰਾਂ ਨਾਲ ਭਾਈਵਾਲੀ ਦੀ ਆਮ ਚਰਚਾ ਹੈ ਜਿਸ ਕਰਕੇ ਨਸ਼ਾ ਇਕ ਗੰਭੀਰ ਸਮੱਸਿਆ ਬਣ ਚੁੱਕਾ ਹੈ। ਲੁੱਟ-ਖੋਹ ਅਤੇ ਗੁੰਡਾਗਰਦੀ ਬਹੁਤ ਵਧ ਚੁੱਕੀ ਹੈ। ਪ੍ਰਸ਼ਾਸਨ ਵਿਚ ਰਿਸ਼ਵਤਖੋਰੀ ਦਾ ਕੋਹੜ ਪ੍ਰਸ਼ਾਸਨਿਕ ਕੰਮ ਨੂੰ ਖੋਖਲਾ ਕਰ ਰਿਹਾ ਹੈ। ਰਿਸ਼ਵਤਖੋਰੀ ਸਬੰਧੀ ਹੁਣ ਤਾਂ ਲੋਕ ਨਿਆਂਪਾਲਕਾ ਉਪਰ ਵੀ ਉਂਗਲਾਂ ਚੁੱਕਣ ਲੱਗੇ ਹਨ। ਲੋਕ ਇਨਸਾਫ ਤੋਂ ਵਿਰਵੇ ਹੋ ਰਹੇ ਹਨ ਜਾਂ ਇਨਸਾਫ ਉਡੀਕਦੇ ਉਡੀਕਦੇ ਜੀਵਨ ਲੀਲਾ ਖ਼ਤਮ ਕਰ ਰਹੇ ਹਨ। ਇਹ ਆਮ ਚਰਚਾ ਹੈ ਕਿ ਰਾਜਸੀ ਨੇਤਾ ਆਪਣੇ ਹਲਕੇ ਵਿਚ ਆਪਣੀ ਮਰਜ਼ੀ ਦੇ ਅਫਸਰ ਲਵਾਉਂਦੇ ਹਨ ਤੇ ਫਿਰ ਉਨ੍ਹਾਂ ਕੋਲੋਂ ਮਹੀਨਾ ਲੈਂਦੇ ਹਨ। ਅਫਸਰ ਹੋਣ ਜਾਂ ਸਿਆਸੀ ਨੇਤਾ, ਰਿਸ਼ਵਤਖੋਰਾਂ ਨੂੰ ਨਾ ਆਪਣੇ ਧਾਰਮਿਕ ਅਕੀਦਿਆਂ ਦੀ ਸ਼ਰਮ ਹੈ ਨਾ ਸਮਾਜ ਦੀ। ਦੁੱਖ ਦੀ ਗੱਲ ਇਹ ਹੈ ਕਿ ਲੋਕ ਇਹ ਸਾਰਾ ਕੁਝ ਬਰਦਾਸ਼ਤ ਕਰ ਰਹੇ ਹਨ ਅਤੇ ਇਨ੍ਹਾਂ ਕੁਰਾਹਿਆਂ ਵਿਰੁੱਧ ਬਣਦੀ ਲੜਾਈ ਨਹੀਂ ਲੜੀ ਜਾ ਰਹੀ।

**ਮੇਰੇ ਵਿਚਾਰ ਅਨੁਸਾਰ ਸੱਚਾ ਧਰਮ ਧਾਰਮਿਕ ਗ੍ਰੰਥਾਂ ਅਤੇ ਹੋਰ ਪੁਸਤਕਾਂ ਤੋਂ ਗਿਆਨ ਪ੍ਰਾਪਤ ਕਰ ਕੇ ਇੱਕ ਚੰਗੇ ਮਨੁੱਖ ਬਣਨਾ ਅਤੇ ਸਮਾਜ ਦੀ ਸੇਵਾ ਕਰਨਾ ਹੈ। ਪੁਸਤਕਾਂ ਹੀ ਮਨੁੱਖ ਦੀਆਂ ਅਸਲੀ ਰਾਹ-ਨੁਮਾ ਹਨ। ਗਿਆਨ ਹੀ ਮਨੁੱਖ ਦੇ ਦਿਮਾਗ ਨੂੰ ਖੋਲਦਾ ਹੈ ਤੇ ਮਨੁੱਖ ਦੇ ਭਰਮ-ਭੁਲੇਖਿਆਂ ਨੂੰ ਦੂਰ ਕਰਦਾ ਹੈ। ਇਹ ਵੱਖਰੀ ਗੱਲ ਹੈ ਕਿ ਸਾਡੇ ਅੱਜ ਦੇ ਧਾਰਮਿਕ ਮੁਖੀ ਪੁਜਾਰੀ ਬਣ ਚੁੱਕੇ ਹਨ ਅਤੇ ਉਹ ਚਾਹੁੰਦੇ ਵੀ ਨਹੀਂ ਕਿ ਲੋਕ ਪੁਸਤਕਾਂ ਪੜ੍ਹ ਕੇ ਗਿਆਨਵਾਨ ਹੋ ਸਕਣ। ਮੌਜੂਦਾ ਹਾਲਾਤ ਵੇਖ ਕੇ ਇੰਝ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਵੇਲੇ ਜੋ ਸੈਦਪੁਰ ਵਿਚ ਰਾਜਸੀ ਅਤੇ ਧਾਰਮਿਕ ਆਗੂ ਲੋਕਾਂ ਉਤੇ ਜ਼ੁਲਮ ਕਰਨ ਲਈ ਇਕਜੁੱਟ ਸਨ, ਸ਼ਾਇਦ ਪੰਜਾਬ ਵਿਚ ਵੀ ਇਹ ਹਾਲਤ ਬਣ ਰਹੀ ਹੈ। ਰਾਜਸੀ ਆਗੂ, ਧਾਰਮਿਕ ਨੇਤਾ, ਉੱਚ ਅਫਸਰ ਅਤੇ ਡੇਰੇਦਾਰ ਸਾਧਾਂ ਦੀ ਗੁੱਟਬੰਦੀ ਸਮੁੰਦਰ ਵਿਚ ਤਰਦੇ ਉਸ ਬਰਫ ਦੇ ਤੋਦੇ ਵਾਂਗ ਹੈ ਜੋ ਦਿਸਦਾ ਘੱਟ ਹੈ, ਹੁੰਦਾ ਬਹੁਤ ਵੱਡਾ ਹੈ। ਧਾਰਮਿਕ ਥਾਵਾਂ 'ਤੇ ਕਾਬਜ਼ ਧਾਰਮਿਕ ਅਤੇ ਸਿਆਸੀ ਆਗੂ ਇਹ ਚਾਹੁੰਦੇ ਹਨ ਕਿ ਲੋਕ ਮੱਥਾ ਟੇਕਣ ਭਾਵ ਪੂਜਾ ਤੱਕ ਹੀ ਸੀਮਤ ਰਹਿਣ। ਉਹ ਰੱਬ, ਜਮ, ਜਮਦੂਤਾਂ ਅਤੇ ਜੂਨਾਂ ਦੇ ਨਾਂ 'ਤੇ ਲੋਕਾਂ ਨੂੰ ਡਰਾ ਕੇ ਰੱਖਣਾ ਚਾਹੁੰਦੇ ਹਨ ਤਾਂ ਜੋ ਲੋਕ ਡਰਦੇ ਹੋਏ ਉਨ੍ਹਾਂ ਦੇ ਪਿਛਲੱਗ ਬਣੇ ਰਹਿਣ। ਇਸ ਨਿਸ਼ਾਨੇ ਵਿਚ ਉਨ੍ਹਾਂ ਨੂੰ ਕਾਮਯਾਬੀ ਵੀ ਮਿਲ ਰਹੀ ਹੈ। ਇਸ ਨਾਲ ਇੱਕ ਚੰਗਾ ਮਨੁੱਖ ਬਣਨ ਦਾ ਧਰਮ ਦਾ ਅਸਲ ਮੰਤਵ ਅਲੋਪ ਹੋ ਜਾਂਦਾ ਹੈ। ਸਿੱਖ ਧਰਮ ਵਿਚ ਧਾਰਮਿਕ ਅਸਥਾਨਾਂ 'ਤੇ ਕਾਬਜ਼ ਜਥੇਦਾਰ ਗੁਰੂ ਨਾਨਕ ਦੇਵ ਜੀ ਦੇ ਦੱਸੇ 'ਸੰਵਾਦ' ਦੇ ਮਾਰਗ 'ਤੇ ਪੈਣਾ ਹੀ ਨਹੀਂ ਚਾਹੁੰਦੇ। ਕੁਝ ਸੁਣੀਏ, ਕੁਝ ਕਹੀਏ ਦੇ ਮੁਤਾਬਕ ਉਹ ਕੁੱਝ ਸੁਣਨਾ ਨਹੀਂ ਚਾਹੁੰਦੇ, ਕੇਵਲ ਕਹਿਣਾ ਹੀ ਚਾਹੁੰਦੇ ਹਨ। ਲਗਪਗ ਸਾਰੇ ਧਾਰਮਿਕ ਆਗੂਆਂ ਦਾ ਰਾਜਸੀ ਨੇਤਾਵਾਂ ਨਾਲ ਗਠਜੋੜ ਹੈ ਜਿਸ ਕਰਕੇ ਉਹ ਰਾਜਸੀ ਨੇਤਾਵਾਂ ਵੱਲੋਂ ਲੋਕਾਂ ਨਾਲ ਕੀਤੀਆਂ ਵਧੀਕੀਆਂ ਬਾਰੇ ਜ਼ੁਬਾਨ ਖੋਲ੍ਹਣੀ ਤਾਂ ਇੱਕ ਪਾਸੇ ਰਹੀ ਉਹ ਇਨ੍ਹਾਂ ਵਧੀਕੀਆਂ ਤੇ ਪਾਪਾਂ ਦੇ ਵੀ ਭਾਗੀਦਾਰ ਬਣਦੇ ਹਨ। ਅੱਜ ਵੀ ਉੱਚ ਧਾਰਮਿਕ ਨੇਤਾ ਆਪਣੇ ਨਿੱਜੀ ਹਿੱਤ ਪਾਲਣ ਤੱਕ ਹੀ ਸੀਮਤ ਹਨ। ਇਹ ਹਾਲਾਤ ਵੇਖ ਕੇ ਹੀ ਯਾਦ ਆਉਂਦਾ ਹੈ ਕਿ 'ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ'।**

## ਨਫਰਤ ਦਾ ਧੰਦਾ-2

# ਸੱਜੇ-ਪੱਖੀ ਯੂਟਿਊਬਰਾਂ ਦੀ ਚਲਾਕੀ

***ਕੁਝ ਸਮੇਂ ਤੋਂ ਯੂਟਿਊਬ ਚੈਨਲਾਂ ਨੇ ਮੀਡੀਆ, ਖਾਸਕਰ ਸੋਸ਼ਲ ਮੀਡੀਆ 'ਤੇ ਗਾਹ ਪਾਇਆ ਹੋਇਆ ਹੈ। ਕੱਟੜ ਤਾਕਤਾਂ ਇਸ ਮੰਚ ਨੂੰ ਖੂਬ ਵਰਤ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਵਰਗੀਆਂ ਸਿਆਸੀ ਜਮਾਤਾਂ ਇਨ੍ਹਾਂ ਯੂਟਿਊਬਰਾਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਉਘੇ ਰਸਾਲੇ 'ਕਾਰਵਾਂ' ਨਾਲ ਜੁੜੇ ਨੀਲ ਮਾਧਵ ਅਤੇ ਅਲੀਸਾਨ ਜਾਫਰੀ ਇਸ ਮਸਲੇ ਦੀਆਂ ਤਹਿਆਂ ਫਰੋਲਦਿਆਂ ਰਿਪੋਰਟ ਤਿਆਰ ਕੀਤੀ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਲੰਮੇ ਲੇਖ ਦੀ ਦੂਜੀ ਕਿਸ਼ਤ ਹਾਜ਼ਰ ਹੈ।***

ਖ਼ਬਰ ਇੰਡੀਆ ਅਤੇ ਅਜਿਹੇ ਹੋਰ ਚੈਨਲਾਂ ਲਈ ਹਰਮਨਪਿਆਰਾ ਅੱਡਾ ਪਾਲਿਕਾ ਬਾਜ਼ਾਰ ਹੈ ਜੋ ਸਸਤੇ ਕੱਪੜਿਆਂ ਅਤੇ ਇਲੈਕਟ੍ਰਾਨਿਕਸ ਸਮਾਨ ਲਈ ਮਸ਼ਹੂਰ ਹੈ। ਮੁੱਠੀ ਭਰ ਯੂਟਿਊਬ ਚੈਨਲਾਂ ਦਾ ਉੱਥੇ ਰੋਜ਼ਾਨਾ ਸ਼ੋਅ ਹੁੰਦਾ ਹੈ ਜਿਸ ਵਿਚ ਕਥਿਤ ਅਜਨਬੀਆਂ ਦੇ ਸਮੂਹ, ਦਿਨ ਦੀਆਂ ਸਿਆਸੀ ਅਤੇ ਧਾਰਮਿਕ ਸੁਰਖ਼ੀਆਂ ਉੱਪਰ ਬਹਿਸ ਕਰਦੇ ਹਨ। ਇਨ੍ਹਾਂ ਨੂੰ ਬਾਕਾਇਦਗੀ ਨਾਲ ਸ਼ੂਟ ਕੀਤਾ ਜਾਂਦਾ ਹੈ, ਮੁਸ਼ਕਿਲ ਨਾਲ ਸੰਪਾਦਿਤ ਕੀਤਾ ਜਾਂਦਾ ਹੈ ਅਤੇ ਅਗਲੇ ਦਿਨ ਅਪਲੋਡ ਕਰ ਦਿੱਤੇ ਜਾਂਦੇ ਹਨ। ਪਾਲਿਕਾ ਬਹਿਸ ਕੀ ਕਸੌਟੀ ਹੈ ਭਈਆਜੀ ਕਹਿਨ, ਇਕ ਅਜਿਹਾ ਸ਼ੋਅ ਜਿਸ ਦੀ ਪ੍ਰਤੀਕ ਤ੍ਰਿਵੇਦੀ ਹਰ ਹਫਤੇ ਐਂਕਰਿੰਗ ਕਰਦੀ ਹੈ। ਤ੍ਰਿਵੇਦੀ ਕਰੀਅਰ ਪੱਤਰਕਾਰ ਹੈ ਜਿਸ ਨੇ 1990 ਦੇ ਦਹਾਕੇ ਵਿਚ ਅਮਰ ਉਜਾਲਾ ਨਾਲ ਕਰੀਅਰ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ ਸਹਾਰਾ ਸਮਯ, ਆਜ ਤਕ ਅਤੇ ਫਿਰ ਇੰਡੀਆ ਟੀ.ਵੀ. ਪਹੁੰਚ ਗਈ। ਭਈਆਜੀ ਕਹਿਨ ਨੂੰ ਹੁਣ ਨਿਊਜ਼18 ਇੰਡੀਆ 'ਚ ਹੋਸਟ ਕੀਤਾ ਗਿਆ ਹੈ ਜਿੱਥੇ ਉਸ ਦੇ ਸ਼ੋਅ ਨੇ ਦਿਖਾਇਆ ਹੈ ਕਿ ਸਿਰਫ਼ ਅੱਧੇ ਘੰਟੇ ਦੇ ਸ਼ੋਰ ਅਤੇ ਜੋਸ਼ੋ-ਖ਼ਰੋਸ਼ ਨਾਲ ਦੱਬੇ ਮੁਰਦੇ ਉਖਾੜ ਕੇ ਕੋਈ ਵੀ ਉੱਦਮੀ ਯੂਟਿਊਬਰ ਕਲਿੱਕਾਂ ਦਾ ਧਨ ਬਟੋਰ ਸਕਦਾ ਹੈ ਅਤੇ ਮਿਹਨਤ ਤੇ ਪੈਸੇ ਖ਼ਰਚ ਕੇ ਚੰਗੇ ਵੀਡੀਓ ਬਣਾਉਣ ਦੀਆਂ ਆਦੀ ਜ਼ਿਆਦਾਤਰ ਨਿਊਜ਼ ਸੰਸਥਾਵਾਂ ਨਾਲੋਂ ਤੇਜ਼ੀ ਨਾਲ

**ਨੀਲ ਮਾਧਵ/ਅਲੀਸਾਨ ਜਾਫਰੀ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਸਮੱਗਰੀ ਨੂੰ ਮਾਇਆ 'ਚ ਬਦਲਣ ਦੀ ਪੌੜੀ ਚੜ੍ਹ ਸਕਦਾ ਹੈ। ਖ਼ਬਰ ਇੰਡੀਆ ਅਤੇ ਪਿਆਰਾ ਹਿੰਦੁਸਤਾਨ ਤ੍ਰਿਵੇਦੀ ਦੇ ਤੌਰ-ਤਰੀਕਿਆਂ ਨੂੰ ਸਭ ਤੋਂ ਪਹਿਲਾਂ ਅਪਣਾਉਣ ਵਾਲੇ ਸਨ।

ਅਸੀਂ 12 ਨਵੰਬਰ ਦੀ ਸ਼ਾਮ ਨੂੰ ਪਾਲਿਕਾ ਬਾਜ਼ਾਰ ਪਹੁੰਚੇ, ਉਦੋਂ ਤੱਕ ਵੀਕੈਂਡ ਦੇ ਗਾਹਕਾਂ ਦਾ ਭੀੜ ਬਾਜ਼ਾਰ ਦੇ ਚੌੜੇ ਫੁੱਟਪਾਥਾਂ 'ਤੇ ਬਹਿਸ ਕਰ ਰਹੇ ਯੂਟਿਊਬਰਾਂ ਦੇ ਕਈ ਮਾਈਕਾਂ ਦੇ ਆਲੇ-ਦੁਆਲੇ ਜੁੜਨਾ ਸ਼ੁਰੂ ਹੋ ਗਈ ਸੀ। ਉਸ ਸ਼ਾਮ ਹਰ ਚਾਰ-ਪੰਜ ਕਦਮਾਂ 'ਤੇ ਘੱਟੋ-ਘੱਟ ਪੰਜ ਚੈਨਲ ਮੌਜੂਦ ਸਨ, ਤਿੰਨ ਕੋਲ ਵੀਹ ਤੋਂ ਜ਼ਿਆਦਾ ਵਿਅਕਤੀਆਂ ਦੀ ਭੀੜ ਸੀ ਜਦੋਂ ਕਿ ਪਿਆਰਾ ਹਿੰਦੁਸਤਾਨ ਅਤੇ ਖ਼ਬਰ ਇੰਡੀਆ ਗ਼ਾਇਬ ਸਨ, ਜੇ.ਟੀ.ਵੀ. ਇੰਡੀਆ ਅਤੇ ਨਿਊਜ਼15 ਨੂੰ ਉਨ੍ਹਾਂ ਦੇ ਮਾਈਕਾਂ ਉੱਪਰ ਲੱਗੇ ਲੋਗੋ ਤੋਂ ਪਛਾਣਿਆ ਜਾ ਸਕਦਾ ਸੀ। ਹਰ ਚੈਨਲ ਕੋਲ ਇਕ ਰਿਪੋਰਟਰ ਸੀ ਜਿਸ ਦੇ ਹੱਥ ਵਿਚ ਇਹ ਮਾਈਕ ਫੜਿਆ ਹੋਇਆ ਸੀ ਅਤੇ ਕੈਮਰਾਮੈਨ ਆਪਣੇ ਕੈਮਰੇ ਨਾਲ ਵੀਡੀਓ ਲਾਈਟ ਨੂੰ ਅਨਿਸ਼ਚਿਤ ਰੂਪ 'ਚ ਸੰਤੁਲਿਤ ਕਰ ਰਿਹਾ ਸੀ।

ਅਗਲੇ ਘੰਟੇ ਵਿਚ ਅਸੀਂ ਦੇਖਿਆ ਕਿ ਘਟਨਾਵਾਂ ਦਾ ਉਹੀ ਚੱਕਰ ਖ਼ੁਦ ਨੂੰ ਦੁਹਰਾ ਰਿਹਾ ਹੈ। ਇਕ ਰਿਪੋਰਟਰ ਕਿਸੇ ਅਜਨਬੀ ਕੋਲ ਜਾਂਦਾ ਹੈ ਅਤੇ ਉਨ੍ਹਾਂ ਤੋਂ ਕਿਸੇ ਰਾਜਨੇਤਾ ਜਾਂ ਨੀਤੀ ਬਾਰੇ ਉਨ੍ਹਾਂ ਦੀ ਰਾਇ ਪੁੱਛਦਾ ਹੈ। ਆਉਣ ਵਾਲੀਆਂ ਦਿੱਲੀ ਨਗਰ ਨਿਗਮ ਚੋਣਾਂ ਦੇ ਮੱਦੇਨਜ਼ਰ ਉਸ ਦਿਨ ਪੁੱਛੇ ਜਾਣ ਵਾਲੇ ਜ਼ਿਆਦਾਤਰ ਸਵਾਲ ਇਸ ਬਾਰੇ ਸਨ ਕਿ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਕਾਰਗੁਜ਼ਾਰੀ ਕੀ ਸੀ ਜਾਂ ਕੌਮੀ ਰਾਜਧਾਨੀ ਵਿਚ ਗੁਜਰਾਤ ਦੇ ਮੁਕਾਬਲੇ ਸਰਕਾਰੀ ਸੇਵਾਵਾਂ ਦੀ ਸਥਿਤੀ ਕੀ ਸੀ। ਬਹੁਤੇ ਰਾਹਗੀਰਾਂ ਨੇ ਗੱਲ ਨਹੀਂ ਕੀਤੀ। ਜਦੋਂ ਕੋਈ ਬੋਲਦਾ ਜਿਸ ਦੇ ਵਿਚਾਰ ਅਸਪਸ਼ਟ ਤੌਰ 'ਤੇ ਭਾਜਪਾ ਦੀ ਆਲੋਚਨਾ ਵਾਲੇ ਹੁੰਦੇ ਜਾਂ ਕਿਸੇ ਹੋਰ ਪਾਰਟੀ ਦੀ ਤਾਰੀਫ਼ ਕਰਨ ਵਾਲੇ ਜਾਪਦੇ ਤਾਂ ਬਾਕੀ ਭੀੜ ਜੋ ਤਹੱਮਲ ਨਾਲ ਇਕ ਪਾਸੇ ਬੈਠੀ ਇੰਤਜ਼ਾਰ ਕਰ ਹੁੰਦੀ, ਉਹ ਬਹਿਸ ਕਰਨ ਲਈ ਗੇੜ ਵਿਚ ਸ਼ਾਮਿਲ ਹੋ ਜਾਂਦੀ, ਫਿਰ ਵਿਰੋਧ ਕਰਨ ਵਾਲਿਆਂ ਨੂੰ ਲਲਕਾਰਿਆ ਜਾਂਦਾ। ਅਜਿਹੇ ਪਹਿਲੇ ਗੇੜ 'ਚ ਅਸੀਂ ਇਕ ਮੁਸਲਿਮ ਰਾਹਗੀਰ ਨੂੰ ਦੇਖਿਆ ਜਿਸ ਨੇ ਕਿਹਾ ਕਿ ਕੇਜਰੀਵਾਲ ਨੇ ਸ਼ਹਿਰ ਦੇ ਸਕੂਲਾਂ ਦਾ ਸੁਧਾਰ ਕੀਤਾ ਹੈ। ਭੀੜ ਨੇ ਉਸ ਨੂੰ ਇਹ ਕਹਿੰਦੇ ਹੋਏ ਘੇਰ ਲਿਆ ਕਿ ਕੀ ਉਹ ਨਿੱਜੀ ਤੌਰ 'ਤੇ ਕਿਸੇ ਸਕੂਲ ਦੇ ਅੰਦਰ ਗਿਆ ਹੈ? ਅਗਲੇ ਹੀ ਪਲ ਤਣਾਅ ਵਧਣ ਲੱਗਾ। ਗੱਲਬਾਤ ਦੇ ਪੰਜ ਮਿੰਟ ਬਾਅਦ ਹੀ ਭੀੜ ਨੇ ਸਪੀਕਰ ਨੂੰ ਜਹਾਦੀ ਕਹਿ ਕੇ ਉਸ ਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ। ਮਹਿਲਾ ਰਿਪੋਰਟਰ ਜੋ ਗੱਲਬਾਤ ਦਾ ਨਿਰਦੇਸ਼ਨ ਕਰ ਰਹੀ ਸੀ, ਹਿੰਸਾ ਦੇ ਡਰੋਂ ਪਾਸੇ ਹਟ ਗਈ। ਕੈਮਰਾ ਬੰਦ ਕਰ ਦਿੱਤਾ ਗਿਆ ਅਤੇ ਛੋਟੀ ਹੁੱਲੜਬਾਜ਼ ਭੀੜ ਨੇ ਮੁਸਲਮਾਨ ਵਿਅਕਤੀ ਨੂੰ ਭਜਾ ਦਿੱਤਾ। ਇਸ ਤੋਂ ਬਾਅਦ ਚੈਨਲ ਨੇ ਉਸ ਮੰਡਲੀ ਦੇ ਸਭ ਤੋਂ ਵੱਧ ਬੋਲਣ ਵਾਲੇ ਮੈਂਬਰਾਂ ਨਾਲ ਹੋਰ ਇੰਟਰਵਿਊ ਕੀਤੀਆਂ ਜੋ ਸਾਰੇ ਹਿੰਦੂ ਸਨ।

ਅਸੀਂ ਕੋਲ ਖੜ੍ਹੇ ਇਕ ਆਦਮੀ ਨੂੰ ਪੁੱਛਿਆ ਕਿ ਕੀ ਆਮ ਤੌਰ 'ਤੇ ਅਜਿਹੀ ਹੀ ਹੁੱਲੜਬਾਜ਼ੀ ਹੁੰਦੀ ਹੈ? ਉਸ ਨੇ ਕਿਹਾ, "ਇਸ ਵਾਰ ਕਿਸੇ ਨੂੰ ਥੱਪੜ ਜਾਂ ਮਾਰ ਨਹੀਂ ਪਈ।" ਉਸ ਨੇ ਦੱਸਿਆ ਕਿ ਉਹ ਨੇੜਲੇ ਹੋਟਲ ਵਿਚ ਕੰਮ ਕਰਦਾ ਹੈ ਅਤੇ ਆਮ ਤੌਰ 'ਤੇ ਹਰ ਸ਼ਾਮ ਨੂੰ ਇੱਥੇ ਨਾਟਕ ਦੇਖਣ ਆਉਂਦਾ ਹੈ। ਚੈਨਲ ਕੋਈ ਵੀ ਹਿੰਸਾ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਕੈਮਰੇ ਬੰਦ ਕਰਨ 'ਚ ਮਾਹਰ ਹੋ ਗਏ ਹਨ। ਉਹ ਭਾਵੇਂ ਮੁਸਲਮਾਨ ਸੀ, ਉਸ ਨੇ ਕਿਹਾ ਕਿ ਬਹਿਸ ਨੇ ਉਸ ਨੂੰ ਪ੍ਰੇਸ਼ਾਨ ਨਹੀਂ ਕੀਤਾ ਕਿਉਂਕਿ ਉਹ ਉੱਥੇ ਬੋਲਣ ਵਾਲੇ ਕਿਸੇ ਵੀ ਵਿਅਕਤੀ ਨੂੰ ਮਹੱਤਵ ਨਹੀਂ ਦਿੰਦਾ ਸੀ। ਮੈਨੂੰ ਇਹ ਸਿਰਫ਼ ਮਜ਼ੇਦਾਰ ਲੱਗਦਾ ਹੈ। ਅਸੀਂ ਉਸ ਹੋਟਲ ਮੁਲਾਜ਼ਮ ਵਰਗੇ ਹੋਰ ਗਵਾਹਾਂ ਨੂੰ ਵੀ ਮਿਲੇ ਜੋ ਬਾਕਾਇਦਗੀ ਨਾਲ ਉੱਥੇ ਆਉਂਦੇ ਹਨ।

ਵਿਕਾਸ ਚੰਦਰ ਗੁਪਤਾ ਪਹਾੜਗੰਜ ਸਥਿਤ ਸੈਮ ਬਾਰ ਦੇ ਜਨਰਲ ਮੈਨੇਜਰ ਹਨ। ਉਸ ਨੇ ਸਾਨੂੰ ਦੱਸਿਆ, "ਮੈਂ ਹਰ ਸ਼ਾਮ ਕੰਮ ਛੇਤੀ ਬੰਦ ਕਰ ਦਿੰਦਾ ਹਾਂ ਤਾਂ ਜੋ ਆ ਕੇ ਇਸ ਨੂੰ ਦੇਖ ਸਕਾਂ। ਮੈਂ ਕਦੇ ਅਖ਼ਬਾਰ ਨਹੀਂ ਪੜ੍ਹਦਾ ਜਾਂ ਟੀ.ਵੀ. ਉੱਪਰ ਖ਼ਬਰਾਂ ਨਹੀਂ ਦੇਖਦਾ। ਇਹ ਮੇਰੇ ਲਈ ਇਹ ਸਮਝਣ ਲਈ ਕਾਫ਼ੀ ਹੈ ਕਿ ਸਾਡੇ ਮੁਲਕ ਵਿਚ ਅਸਲ ਵਿਚ ਹੋ ਕੀ ਰਿਹਾ ਹੈ। ਇਹ ਕੰਮ ਤੋਂ ਬਾਅਦ ਮੇਰੀ ਜ਼ਿੰਦਗੀ ਹੈ।" ਉਸ ਨੇ ਸਾਨੂੰ ਬਾਕਾਇਦਗੀ ਨਾਲ ਆਉਣ ਵਾਲੇ ਭੂਦੇਵ ਸ਼ਰਮਾ 'ਮਾਸਟਰ ਜੀ' ਨੂੰ ਮਿਲਾਇਆ। ਭੂਦੇਵ ਸ਼ਰਮਾ ਦਿੱਲੀ ਦੀ ਪੂਰਬੀ ਸਰਹੱਦ 'ਤੇ ਸਥਿਤ ਕਰਾਵਲ ਨਗਰ ਦੇ ਕਿਸੇ ਪ੍ਰਾਈਵੇਟ ਸਕੂਲ ਵਿਚ ਘੱਟ ਤਨਖ਼ਾਹ 'ਤੇ ਅਰਥਸ਼ਾਸਤਰ ਦਾ ਅਧਿਆਪਕ ਹੈ ਜੋ ਆਪਣੀ ਟਿਊਸ਼ਨ ਖ਼ਤਮ ਕਰਨ ਤੋਂ ਬਾਅਦ ਹਰ ਸ਼ਾਮ ਇਕ ਘੰਟੇ ਦਾ ਮੈਟਰੋ ਦਾ ਸਫ਼ਰ ਕਰ ਕੇ ਪਾਲਿਕਾ ਬਾਜ਼ਾਰ ਆਉਂਦਾ ਹੈ। ਉਹ ਨਿਮਰ ਸੁਭਾਅ ਦਾ ਅਤੇ ਮਿੱਠ ਬੋਲੜਾ ਹੈ ਪਰ ਜਿਉਂ ਹੀ ਉਹ ਕੈਮਰੇ ਦੇ ਸਾਹਮਣੇ ਗਿਆ, ਉਹ ਬਿਲਕੁਲ ਵੱਖਰਾ ਸ਼ਖ਼ਸ ਸੀ। ਉਨ੍ਹਾਂ ਨੇ ਆਪਣੀਆਂ ਉਂਗਲਾਂ 'ਤੇ ਵੱਖ-ਵੱਖ ਧਾਰਮਿਕ ਗ੍ਰੰਥਾਂ ਦੀ ਸੂਚੀ ਬਣਾ ਕੇ ਹਾਜ਼ਰੀਨ ਨੂੰ ਸਮਝਾਇਆ ਕਿ ਇਸਲਾਮ ਅਤਿਵਾਦ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਦਾ ਹੈ ਤੇ ਕਿਸੇ ਵੀ ਸਵਾਲ ਨੂੰ ਕਿਸੇ ਤਣ-ਪੱਤਣ ਨਹੀਂ ਲੱਗਣ ਦਿੰਦਾ।

ਪਾਲਿਕਾ ਦੇ ਅਸਥਿਰ ਵਾਦ-ਵਿਵਾਦ ਵਿਚ ਸ਼ਾਮਿਲ ਕਈ ਬੁਲਾਰੇ ਸਕੂਲੀ ਪੜ੍ਹਾਈ ਦੇ ਆਖ਼ਰੀ ਸਾਲਾਂ ਵਿਚ ਪੜ੍ਹ ਰਹੇ ਨਾਬਾਲਗ ਹਨ। ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਕੁਝ ਨੇ ਆਪਣੀ ਖ਼ੁਦ ਦੀ ਫਾਲੋਇੰਗ ਵਧਾ ਲਈ ਹੈ। ਇਕ ਅਜਿਹਾ ਹੀ ਨਾਬਾਲਗ ਜਿਸ ਨੂੰ ਆਪਣੇ ਵੀਡੀਓ ਵਿਚ 'ਰਾਸ਼ਟਰਵਾਦੀ' ਵਜੋਂ ਜਾਣਿਆ ਜਾਂਦਾ ਹੈ, ਉਸ ਦਿਨ ਕਈ ਯੂਟਿਊਬ ਚੈਨਲਾਂ ਉੱਪਰ ਬਾਈਟ ਦੇ ਰਿਹਾ ਸੀ। ਉਸ ਦੀ ਮਸ਼ਹੂਰੀ ਇਕ ਵਾਇਰਲ ਵੀਡੀਓ ਨਾਲ ਹੋਈ ਜਿਸ ਵਿਚ ਉਹ ਦਿੱਲੀ ਦੇ ਲੋਕਾਂ ਨੂੰ ਮੁਫ਼ਤ ਪਾਣੀ ਅਤੇ ਸਬਸਿਡੀ ਵਾਲੀ ਬਿਜਲੀ ਦੇ ਬਦਲੇ ਵੋਟ ਪਾਉਣ ਲਈ ਜਲੀਲ ਕਰਦੇ ਹੋਏ ਦਿਖਾਈ ਦੇ ਰਿਹਾ ਸੀ, ਜਦੋਂ ਕਿ "ਉੱਤਰ ਪ੍ਰਦੇਸ਼ ਦੇ ਲੋਕ 'ਬੁਲਡੋਜ਼ਰ ਦਾ ਆਨੰਦ ਮਾਣ ਰਹੇ ਸਨ"। ਅਸੀਂ ਉਸ ਦੀ ਅਸਲੀ ਵੀਡੀਓ ਨੂੰ ਲੱਭ ਨਹੀਂ ਸਕੇ ਪਰ ਜਦੋਂ ਵੀ ਮੁਸਲਿਮ ਬਹੁਗਿਣਤੀ ਵਾਲੇ ਇਲਾਕਿਆਂ ਵਿਰੁੱਧ ਮਕਾਨ ਢਾਹੁਣ ਦਾ ਆਦੇਸ਼ ਦਿੱਤਾ ਜਾਂਦਾ ਹੈ ਤਾਂ ਇਹ ਵੀਡੀਓ ਸੋਸ਼ਲ ਮੀਡੀਆ ਉੱਪਰ ਦੁਬਾਰਾ ਅਪਲੋਡ ਹੋ ਜਾਂਦਾ ਹੈ।

ਜਿਸ ਰਾਤ ਅਸੀਂ ਉੱਥੇ ਗਏ, ਇਕ ਵਧੇਰੇ ਤਜਰਬੇਕਾਰ ਸੱਜੇ ਪੱਖੀ ਬੁਲਾਰਾ 'ਰਾਸ਼ਟਰਵਾਦੀ' ਨੂੰ ਇਕ ਪਾਸੇ ਲੈ ਗਿਆ ਅਤੇ ਉਸ ਨੂੰ ਸਿਖਾਇਆ ਕਿ ਹਰ ਸ਼ੂਟ ਤੋਂ ਪਹਿਲਾਂ ਕੀ ਕਹਿਣਾ ਹੈ। ਜੇ ਉਹ ਸਕ੍ਰਿਪਟ ਤੋਂ ਭਟਕ ਜਾਂਦਾ- ਅਕਸਰ ਨਾਅਰੇ ਲਗਾਉਣ ਜਾਂ ਗਾਲੀ-ਗਲੋਚ ਕਰਨ ਲਈ ਜਿਸ ਨੂੰ ਦਰਸ਼ਕ ਚੰਗਾ ਨਹੀਂ ਸਮਝਦੇ ਤਾਂ ਕੈਮਰੇ ਬੰਦ ਹੋਣ ਤੋਂ ਬਾਅਦ ਉਸ ਨੂੰ ਡਾਂਟਿਆ ਜਾਂਦਾ ਸੀ। ਜਦੋਂ ਅਸੀਂ ਖ਼ਬਰ ਇੰਡੀਆ ਦੇ ਮਾਲਕ-ਸੰਪਾਦਕ ਸੁਸ਼ੀਲ ਚੌਧਰੀ ਨੂੰ ਪੁੱਛਿਆ ਕਿ ਉਹ ਹਰ ਦੂਜੇ ਬਾਕਸ-ਪੌਪ ਵੀਡੀਓ ਵਿਚ ਇਕ ਹੀ ਬੁਲਾਰਾ ਕਿਉਂ ਹੁੰਦਾ ਹੈ ਤਾਂ ਉਸ ਨੇ ਕਿਹਾ, "ਇਸ ਦਾ ਕਾਰਨ ਇਹ ਹੈ ਕਿ ਉਹ ਖ਼ਾਸ ਵਿਸ਼ਿਆਂ 'ਤੇ ਵਧੀਆ ਬੋਲਦੇ ਹਨ।"

ਇਨ੍ਹਾਂ ਯੂਟਿਊਬ ਚੈਨਲਾਂ ਦੀ ਮਸ਼ਹੂਰੀ ਦੇ ਕੇਂਦਰ 'ਚ ਅਜਿਹੇ ਬਾਕਾਇਦਾ ਬੁਲਾਰੇ ਹਨ ਜਿਵੇਂ ਉਹ ਨਾਬਾਲਗ। ਉਨ੍ਹਾਂ ਨੂੰ ਸ਼ਾਇਦ ਹੀ ਨਾਮ ਲੈ ਕੇ ਪੇਸ਼ ਕੀਤਾ ਜਾਂਦਾ ਹੈ ਪਰ ਉਹ ਸੌਖਿਆਂ ਹੀ ਸਟੀਰੀਓ ਟਾਈਪ ਬਹਿਸਾਂ ਵਿਚ ਪੈ ਜਾਂਦੇ ਹਨ। 'ਰਾਸ਼ਟਰਵਾਦੀ' ਨਾਰਾਜ਼ ਨੌਜਵਾਨਾਂ ਦੀ ਨੁਮਾਇੰਦਗੀ ਕਰਦਾ ਹੈ ਜੋ ਬਿਸ਼ਟ (ਅਦਿੱਤਿਆਨਾਥ) ਦੀ ਤਾਰੀਫ਼ ਕਰਦੇ ਹਨ ਅਤੇ ਮਹਿਸੂਸ ਕਰਦੇ ਹਨ ਕਿ ਸਰਕਾਰ ਨੂੰ ਮੁਸਲਮਾਨਾਂ ਵਿਰੁੱਧ ਵਧੇਰੇ ਸਖ਼ਤ ਰੁਖ ਅਪਣਾਉਣਾ ਚਾਹੀਦਾ ਹੈ। 'ਮਾਸਟਰ ਜੀ' ਜ਼ਰੂਰੀ ਸੇਵਾਵਾਂ ਮੁਹੱਈਆ ਕਰਨ ਵਿਚ ਰਾਜ ਸਰਕਾਰ ਦੀਆਂ ਨਾਕਾਮੀਆਂ ਤੋਂ ਨਾਰਾਜ਼ ਮੱਧ-ਵਰਗੀ ਵਿਅਕਤੀ ਨੂੰ ਦਰਸਾਉਂਦੇ ਹਨ ਜਾਂ ਅਸੰਤੁਸ਼ਟ ਅਧਿਆਪਕ ਦੀ ਨੁਮਾਇੰਦਗੀ ਕਰਦੇ ਹਨ ਜਿਸ ਨੂੰ ਸ਼ਿਕਾਇਤ ਹੈ ਕਿ ਨੌਜਵਾਨਾਂ ਦਾ ਦਿਮਾਗ ਕਿਵੇਂ ਧੋਇਆ ਜਾ ਰਿਹਾ ਹੈ। ਪਾਤਰਾਂ ਦੇ ਇਸ ਆਮ ਵਰਗ ਵਿਚ ਹੋਰ 'ਮੁਸਲਿਮ ਬਹਿਨ', 'ਰਾਸ਼ਟਰਵਾਦੀ ਮੌਲਵੀ', 'ਅਸਲ ਕਿਸਾਨ' ਅਤੇ 'ਹਰਿਆਣਵੀ ਲੜਕਾ' ਹਨ।

ਇਨ੍ਹਾਂ ਵਿਚੋਂ ਕਈ ਭਾਜਪਾ ਆਗੂਆਂ ਦੇ ਨੇੜੇ ਹਨ। ਇਕ ਵਿਅਕਤੀ ਨੂੰ ਅਕਸਰ 'ਸ਼ਾਰਪ ਟੀਨੇਜਰ' ਦੇ ਰੂਪ 'ਚ ਪੇਸ਼ ਕੀਤਾ ਜਾਂਦਾ ਹੈ ਜਿਸ ਨੂੰ ਅਕਸਰ ਖ਼ਬਰ ਇੰਡੀਆ, ਓ ਨਿਊਜ਼ ਹਿੰਦੀ, ਹੈੱਡਲਾਈਨਜ਼ ਇੰਡੀਆ ਅਤੇ ਦਿ ਨਿਊਜ਼ਪੇਪਰ ਦੇ ਵੀਡੀਓ ਵਿਚ ਦੇਖਿਆ ਜਾਂਦਾ ਹੈ। ਉਹ ਨਿਊਜ਼18 ਦੇ 'ਭਈਆਜੀ' ਵਿਚ ਵੀ ਨਜ਼ਰ ਆ ਚੁੱਕਾ ਹੈ। ਆਪਣੇ ਇਕ ਵੀਡੀਓ ਵਿਚ ਉਹ "ਭਾਰਤ ਮਾਤਾ ਦੀ ਜੈ" ਦਾ ਜਾਪ ਕਰਨ ਲਈ ਬਜ਼ੁਰਗ ਮੁਸਲਮਾਨ ਨੂੰ ਧਮਕਾਉਂਦੇ ਹੋਏ ਇਕ ਟੋਲੀ ਦੀ ਅਗਵਾਈ ਕਰਦਾ ਨਜ਼ਰ ਆ ਰਿਹਾ ਹੈ। 'ਸ਼ਾਰਪ ਟੀਨੇਜਰ' ਦੀ ਰਿਵਰਸ ਇਮੇਜ ਖੋਜ ਕਰਨ 'ਤੇ ਸਾਨੂੰ ਉਸ ਦਾ ਨਾਂ ਅਤੇ ਸੋਸ਼ਲ ਮੀਡੀਆ ਹੈਂਡਲ ਮਿਲ ਗਏ। ਇਸ 16 ਸਾਲਾ ਨੌਜਵਾਨ ਨੇ ਭਾਜਪਾ ਦੀ ਦਿੱਲੀ ਇਕਾਈ ਦੇ ਪ੍ਰਧਾਨ ਆਦੇਸ਼ ਕੁਮਾਰ ਗੁਪਤਾ ਸਮੇਤ ਕਈ ਸੀਨੀਅਰ ਭਾਜਪਾ ਆਗੂਆਂ ਅਤੇ ਸੰਸਦ ਮੈਂਬਰਾਂ ਨਾਲ ਤਸਵੀਰਾਂ ਸਾਂਝੀਆਂ ਕੀਤੀਆਂ ਹੋਈਆਂ ਹਨ। ਉਨ੍ਹਾਂ ਦੀਆਂ ਸਾਰੀਆਂ ਤਾਜ਼ਾ ਪੋਸਟਾਂ ਸ਼ਹਿਰ ਦੀਆਂ ਮਿਊਂਸਪਲ ਚੋਣਾਂ ਵਿਚ ਪਾਰਟੀ ਲਈ ਘਰ-ਘਰ ਜਾ ਕੇ ਪ੍ਰਚਾਰ ਕਰਨ ਦੀਆਂ ਹਨ।

'ਮੁਸਲਿਮ ਬਹਿਨ' ਦੀ ਭੂਮਿਕਾ ਅਕਸਰ ਨਿਗਤ ਅੱਬਾਸ ਨਿਭਾਉਂਦੀ ਹੈ ਜੋ ਭਾਜਪਾ ਦੀ ਅਧਿਕਾਰਕ ਵਕਤਾ ਹੈ। ਅਗਸਤ 2020 'ਚ ਪਿਆਰਾ ਹਿੰਦੁਸਤਾਨ ਨੇ ਅੱਬਾਸ ਨਾਲ ਵੀਡੀਓ ਇੰਟਰਵਿਊ ਪਾਈ ਸੀ ਜਿਸ ਦਾ ਸਿਰਲੇਖ ਸੀ, "15 ਅਗਸਤ ਨੂੰ ਇਸ ਮੁਸਲਿਮ ਭੈਣ ਨੇ ਪ੍ਰਧਾਨ ਮੰਤਰੀ ਮੋਦੀ-ਯੋਗੀ ਦੀ ਦਰਿਆਦਿਲੀ ਨਾਲ ਕੀਤੀ ਤਾਰੀਫ਼, ਓਵੈਸੀ ਕਾਂਗਰਸ ਨੂੰ ਹਿਲਾ ਦਿੱਤਾ।" ਪਿਆਰਾ ਹਿੰਦੁਸਤਾਨ ਦੀ ਪੇਸ਼ਕਸ਼ ਦੇ ਉਲਟ ਇਸੇ ਮਾਹੌਲ ਦੇ ਹੋਰ ਚੈਨਲਾਂ ਦੀਆਂ ਘੱਟੋ-ਘੱਟ ਕੁਝ ਵੀਡੀਓ ਵਿਚ ਉਸ ਦਾ ਨਾਮ ਲਿਆ ਗਿਆ ਹੈ। ਮਿਸਾਲ ਲਈ, ਓ ਨਿਊਜ਼ ਹਿੰਦੀ ਦਾ ਇਕ ਵੀਡੀਓ ਹੈ ਜਿਸ ਦਾ ਸਿਰਲੇਖ ਹੈ- 'ਓਵੈਸੀ ਨੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਦਿੱਤੀ ਚੁਣੌਤੀ, ਨਿਗਤ ਅੱਬਾਸ ਨੇ ਉਸ ਨੂੰ ਦਿਖਾਈ ਉਸ ਦੀ ਔਕਾਤ'। ਕਿਸੇ ਵੀ ਵੀਡੀਓ ਵਿਚ ਇਸ ਗੱਲ ਦਾ ਜ਼ਿਕਰ ਨਹੀਂ ਹੈ ਕਿ ਅੱਬਾਸ ਪਾਰਟੀ ਦੀ ਬੁਲਾਰਾ ਹੈ। ਇਹ ਖ਼ਾਸ ਤਰੀਕਾ ਯੂਟਿਊਬ ਚੈਨਲਾਂ ਤੋਂ ਵੀ ਅੱਗੇ ਫੈਲਿਆ ਹੋਇਆ ਹੈ। ਆਜਤੱਕ ਨੇ ਨਿਗਤ ਅੱਬਾਸ ਨੂੰ ਕਈ ਸ਼ੋਆਂ ਦੇ ਪੈਨਲ ਵਿਚ 'ਸਮਾਜਿਕ ਕਾਰਕੁਨ' ਵਜੋਂ ਪੇਸ਼ ਕੀਤਾ ਹੈ। ਨਿਊਜ਼18 ਇੰਡੀਆ ਦੇ 'ਭਈਆਜੀ ਕਹਿਨ' ਉੱਪਰ ਉਸ ਨੂੰ 'ਰਾਜਨੀਤਕ ਵਿਸ਼ਲੇਸ਼ਕ' ਵਜੋਂ ਪੇਸ਼ ਕੀਤਾ ਜਾਂਦਾ ਹੈ। ਅੱਬਾਸ ਨੇ ਸਾਨੂੰ ਦੱਸਿਆ ਕਿ ਉਹ ਭਾਜਪਾ ਦੀ ਬੁਲਾਰਾ ਸੀ ਪਰ ਉਹ "ਐੱਨ.ਜੀ.ਓ. 'ਇਸਤਰੀ ਰੋਸ਼ਨੀ' ਚਲਾਉਂਦੀ ਹੈ ਜਿਸ ਤਹਿਤ ਮੈਂ ਅਤੇ ਮੇਰੀ ਟੀਮ ਮੁਸਲਿਮ ਔਰਤਾਂ ਦੀ ਭਲਾਈ ਲਈ ਕੰਮ ਕਰ ਰਹੇ ਹਾਂ ਅਤੇ ਇਸੇ ਲਈ ਉਹ ਅਕਸਰ ਮੈਨੂੰ ਸਮਾਜੀ ਕਾਰਕੁਨ ਦੇ ਤੌਰ 'ਤੇ ਪੇਸ਼ ਕਰਦੇ ਹਨ।" ਉਸ ਨੇ ਇਹ ਵੀ ਕਿਹਾ, "ਪੱਤਰਕਾਰ ਮੇਰੇ ਨਾਲ ਫ਼ੋਨ ਜਾਂ ਸੋਸ਼ਲ ਮੀਡੀਆ 'ਤੇ ਜੁੜੇ ਹੋਏ ਹਨ ਜਿੱਥੇ ਇਹ ਸਪੱਸ਼ਟ ਲਿਖਿਆ ਹੈ ਕਿ ਮੈਂ ਭਾਜਪਾ ਦੀ ਬੁਲਾਰਾ ਹਾਂ।" ਨਾ ਤਾਂ ਆਜਤੱਕ ਅਤੇ ਨਾ ਹੀ ਨਿਊਜ਼18 ਨੇ ਅੱਬਾਸ ਦੀ ਕਵਰੇਜ ਬਾਰੇ ਪੁੱਛੇ ਗਏ ਸਵਾਲਾਂ ਦਾ ਜਵਾਬ ਦਿੱਤਾ।




*ਵੱਖ-ਵੱਖ ਯੂਟਿਊਰਾਂ ਦੀਆਂ ਚਲਾਈਆਂ ਭੜਕਾਊ ਖ਼ਬਰਾਂ।*

ਅਵਸਥੀ ਨੇ ਇਸ ਗੱਲ ਤੋਂ ਨਾ ਤਾਂ ਇਨਕਾਰ ਕੀਤਾ ਕਿ ਵੀਡੀਓ ਭਰਮਾਊ ਸਨ, ਨਾ ਹੀ ਕੋਈ ਬਹਾਨਾ ਬਣਾਇਆ। ਉਸ ਨੇ ਕਿਹਾ, "ਅਸੀਂ ਨਾਮ ਨਹੀਂ ਵਰਤਦੇ ਕਿਉਂਕਿ ਇਸ ਨਾਲ ਸਾਨੂੰ ਵਧੇਰੇ ਦਰਸ਼ਕ ਮਿਲਦੇ ਹਨ। ਇਸ ਤਰ੍ਹਾਂ ਦੇ ਸਿਰਲੇਖਾਂ ਨਾਲ ਦਰਸ਼ਕਾਂ 'ਚ ਉਨ੍ਹਾਂ ਬਾਰੇ ਜਾਨਣ ਦਾ ਉਤਸ਼ਾਹ ਪੈਦਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਵੀਡੀਓ ਨਾਲ ਜੋੜੀ ਰੱਖਣ 'ਚ ਮਦਦ ਮਿਲਦੀ ਹੈ। ਇਸ ਵਿਚ ਇਕ ਸਰਪ੍ਰਾਈਜ਼ ਫੈਕਟਰ ਕੰਮ ਕਰਦਾ ਹੈ। ਜੇ ਸਾਨੂੰ ਪਹਿਲਾਂ ਹੀ ਪਤਾ ਲੱਗ ਜਾਵੇ ਕਿ ਉਹ ਭਾਜਪਾ ਦੀ ਬੁਲਾਰਾ ਹੈ ਤਾਂ ਕੋਈ ਨਿਗਤ ਅੱਬਾਸ ਦੀ ਵੀਡੀਓ ਕਿਉਂ ਦੇਖੇਗਾ? ਇਹ ਬਿਹਤਰ ਹੈ ਕਿ ਅਸੀਂ ਉਸ ਨੂੰ 'ਮੁਸਲਿਮ ਬਹਿਨ' ਵਜੋਂ ਪੇਸ਼ ਕਰੀਏ।

ਇਨ੍ਹਾਂ ਯੂਟਿਊਬਰ ਚੈਨਲਾਂ ਉੱਪਰ ਬੋਲਣ ਵਾਲਿਆਂ ਦੇ ਆਲੇ-ਦੁਆਲੇ ਛੋਟੇ-ਛੋਟੇ ਗੁੱਟ ਬਣ ਜਾਂਦੇ ਹਨ, ਭਾਵੇਂ ਉਹ ਸੱਤਾਧਾਰੀ ਪਾਰਟੀ ਦੇ ਅਹੁਦੇਦਾਰ ਹੋਣ ਜਾਂ ਛੋਟੇ ਪ੍ਰਭਾਵਸ਼ਾਲੀ ਬੰਦੇ ਜੋ ਵਾਇਰਲ ਵੀਡੀਓ ਤੋਂ ਬਾਅਦ ਮਸ਼ਹੂਰੀ ਲਈ ਇਸ ਵਿਚ ਕੁੱਦ ਪੈਂਦੇ ਹਨ। ਇਹ ਹੱਲਾਸ਼ੇਰੀ ਬਹੁਤ ਸਾਰੇ ਲੋਕਾਂ ਨੂੰ ਹਿੰਦੂ ਜਨਤਾ ਦੀ ਬੇਬਾਕ ਆਵਾਜ਼ ਬਣਨ ਲਈ ਖਿੱਚਣ ਵਾਸਤੇ ਕਾਫ਼ੀ ਹੈ, ਅਜਿਹੀ ਆਵਾਜ਼ ਜਿਸ ਨੂੰ ਮੁੱਖਧਾਰਾ ਮੀਡੀਆ ਦੁਆਰਾ ਕਥਿਤ ਤੌਰ 'ਤੇ ਖ਼ਾਮੋਸ਼ ਕਰ ਦਿੱਤਾ ਗਿਆ ਹੈ।

ਇਹ ਚੈਨਲ ਭਾਜਪਾ ਦੇ ਅਹੁਦੇਦਾਰਾਂ ਨੂੰ ਸੜਕਾਂ ਉੱਪਰਲੇ ਆਮ ਲੋਕਾਂ ਦੇ ਰੂਪ ਵਿਚ ਪੇਸ਼ ਕਰਦੇ ਹਨ। 2020-21 ਦੇ ਕਿਸਾਨ ਪ੍ਰਦਰਸ਼ਨਾਂ ਦੌਰਾਨ ਦੀ ਨਿਊਜ਼ਪੇਪਰ ਅਤੇ ਖ਼ਬਰ ਇੰਡੀਆ ਦੁਆਰਾ ਬਣਾਏ ਵੀਡੀਓ ਇਸ ਦੀਆਂ ਵਧੀਆ ਮਿਸਾਲਾਂ ਹਨ (ਇਕੱਲੇ ਖ਼ਬਰ ਇੰਡੀਆ 'ਚ ਕਿਸਾਨਾਂ ਦੇ ਵਿਰੋਧ ਉੱਪਰ ਦੋ ਪਲੇਅਲਿਸਟਾਂ ਹਨ ਜਿਨ੍ਹਾਂ 'ਚ 267 ਅਤੇ 123 ਵੀਡੀਓ ਹਨ)। ਇਸ ਦਾ ਉਦੇਸ਼ ਇਹ ਦਰਸਾਉਣਾ ਸੀ ਕਿ ਕਿਸਾਨ ਅੰਦੋਲਨ ਮਾਓਵਾਦੀ, ਇਸਲਾਮੀ ਜਾਂ ਸਿੱਖ ਕੱਟੜਪੰਥ ਲਈ ਮੋਰਚਾ ਸੀ ਅਤੇ ਇਸ ਨੂੰ ਆਮ ਕਿਸਾਨਾਂ ਦੀ ਕੋਈ ਹਮਾਇਤ ਨਹੀਂ ਮਿਲੀ ਜਦੋਂ ਕਿ ਦੀ ਨਿਊਜ਼ਪੇਪਰ ਦੇ ਕੁਝ ਵੀਡੀਓ ਵਧੇਰੇ ਦੂਰਗਾਮੀ ਦਾਅਵੇ ਕਰਦੇ ਦਿਖਾਈ ਦਿੱਤੇ- ਇਕ ਵੀਡੀਓ ਦੇ ਇਕ ਥੰਬਨੇਲ ਵਿਚ ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਸਾਬਕਾ ਪੋਰਨ-ਫਿਲਮ ਸਟਾਰ ਮੀਆ ਖ਼ਲੀਫ਼ਾ ਦਰਮਿਆਨ ਲੁਕਵੇਂ ਸਬੰਧਾਂ ਨੂੰ ਬੇਨਕਾਬ ਕਰਨ ਦਾ ਵਾਅਦਾ ਕੀਤਾ ਗਿਆ ਹੈ- ਉਹਨਾਂ ਦੀ ਬਾਕਾਇਦਾ ਸਮੱਗਰੀ ਜੋ ਬਹੁਤ ਜ਼ਿਆਦਾ ਮਕਬੂਲ ਸੀ, ਉਹ 'ਕ੍ਰੋਧਿਤ ਕਿਸਾਨਾਂ' ਦੇ ਵੌਕਸ-ਪੌਪ ਸਨ।

ਜਨਵਰੀ 2021 ਦੇ ਅਖ਼ੀਰ 'ਚ, ਉੱਤਰ ਪ੍ਰਦੇਸ਼ ਦੇ ਨਾਲ ਦਿੱਲੀ ਦੀ ਸਰਹੱਦ ਉੱਪਰ ਗਾਜ਼ੀਪੁਰ ਧਰਨਾ ਸਥਾਨ 'ਤੇ ਮੁਜ਼ਾਹਰਾ ਕਰ ਰਹੇ ਕਿਸਾਨਾਂ ਦੀ ਗਿਣਤੀ ਘਟ ਰਹੀ ਸੀ। ਗਾਜ਼ੀਆਬਾਦ ਜ਼ਿਲ੍ਹਾ ਪ੍ਰਸ਼ਾਸਨ ਨੇ ਮੁਜ਼ਾਹਰਾਕਾਰੀਆਂ ਨੂੰ ਅਲਟੀਮੇਟਮ ਤੋਂ ਬਾਅਦ ਦਿੱਲੀ ਅਤੇ ਉੱਤਰ ਪ੍ਰਦੇਸ਼ ਦੀਆਂ ਪੁਲਿਸ ਫੋਰਸਾਂ ਨੇ ਧਰਨੇ ਵਾਲੀ ਜਗ੍ਹਾ ਦੇ ਆਲੇ-ਦੁਆਲੇ ਵੱਡੀ ਪੱਧਰ 'ਤੇ ਨਵੀਂ ਤਾਇਨਾਤੀ ਕੀਤੀ। 28 ਜਨਵਰੀ ਨੂੰ ਅੰਦੋਲਨ ਦੇ ਪੱਧਰ ਦੀ ਸਭ ਤੋਂ ਵੱਡੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੂੰ ਭਾਵੁਕ ਅਪੀਲ ਕੀਤੀ ਜੋ ਅਗਲੇ ਦਿਨ ਤੱਕ ਹਜ਼ਾਰਾਂ ਦੀ ਗਿਣਤੀ ਵਿਚ ਧਰਨੇ ਵਿਚ ਸ਼ਾਮਲ ਹੋ ਗਏ।

ਸਿੰਘੂ ਬਾਰਡਰ ਤੋਂ ਖ਼ਬਰ ਇੰਡੀਆ ਦਾ 29 ਜਨਵਰੀ ਦਾ ਵੌਕਸ-ਪੌਪ ਵੀਡੀਓ, ਚਾਲੀ ਨੇੜਲੇ ਪਿੰਡਾਂ ਦੇ ਸਥਾਨਕ ਲੋਕਾਂ ਨੂੰ ਦਿਖਾਉਣ ਦਾ ਦਾਅਵਾ ਕਰਦਾ ਹੈ ਜਿਨ੍ਹਾਂ ਨੇ ਪਹਿਲਾਂ ਧਰਨੇ-ਪ੍ਰਦਰਸ਼ਨ ਦੀ ਹਮਾਇਤ ਕੀਤੀ ਸੀ ਪਰ ਬਾਅਦ ਵਿਚ ਉਹ ਉਨ੍ਹਾਂ ਦੇ ਵਿਰੁੱਧ ਹੋ ਗਏ ਕਿਉਂਕਿ ਧਰਨੇ-ਪ੍ਰਦਰਸ਼ਨ 'ਰਾਸ਼ਟਰ ਵਿਰੋਧੀ ਕਾਰਵਾਈਆਂ' ਨੂੰ ਉਤਸ਼ਾਹਿਤ ਕਰ ਰਹੇ ਸਨ। ਇਸ ਪ੍ਰੋਗਰਾਮ ਦੀ ਕਵਰੇਜ ਕਰ ਰਹੇ ਖ਼ਬਰ ਇੰਡੀਆ ਦੇ ਰਿਪੋਰਟਰ ਨੇ ਦੱਸਿਆ ਕਿ ਸਥਾਨਕ ਲੋਕਾਂ ਨੇ ਧਰਨਾਕਾਰੀ ਕਿਸਾਨਾਂ ਨੂੰ ਧਰਨਾ ਖ਼ਤਮ ਕਰਨ ਲਈ 24 ਘੰਟਿਆਂ ਦਾ ਅਲਟੀਮੇਟਮ ਦਿੱਤਾ ਹੈ। ਵੀਡੀਓ ਵਿਚ ਇਕ ਸਥਾਨਕ ਵਿਅਕਤੀ ਨੇ ਕਿਹਾ, "ਇਨ੍ਹਾਂ ਲੋਕਾਂ ਨੇ ਦੰਗੇ ਫੈਲਾਏ ਹਨ ਅਤੇ ਸਾਡੇ ਮੁਲਕ ਦਾ ਅਪਮਾਨ ਕੀਤਾ ਹੈ, ਇਸ ਲਈ ਉਹ ਕਿਸਾਨ ਨਹੀਂ ਹੋ ਸਕਦੇ।" ਵੀਡੀਓ ਨੂੰ ਕਈ ਪਲੇਟਫਾਰਮਾਂ 'ਤੇ ਵਿਆਪਕ ਤੌਰ 'ਤੇ ਸਾਂਝਾ ਕੀਤਾ ਗਿਆ। ਇਕ ਹੋਰ 'ਸਥਾਨਕ' ਬੁਲਾਰਾ ਸੋਹਨ ਲਾਲ ਸੀ ਜੋ ਭਾਜਪਾ ਦੇ ਯੂਥ ਵਿੰਗ- ਭਾਰਤੀ ਜਨਤਾ ਯੁਵਾ ਮੋਰਚਾ ਦੀ ਦਿੱਲੀ ਇਕਾਈ ਦਾ ਆਗੂ ਸੀ। ਵੀਡੀਓ ਵਿਚ ਸੋਹਨ ਲਾਲ ਕਹਿੰਦਾ ਹੈ, "ਕਿਸਾਨ ਮੁਲਕ ਦੀ ਜਨਤਕ ਜਾਇਦਾਦ ਨੂੰ ਤਬਾਹ ਨਹੀਂ ਕਰੇਗਾ, ਫ਼ੌਜ ਦੇ ਜਵਾਨਾਂ ਨੂੰ ਨਹੀਂ ਮਾਰੇਗਾ ਅਤੇ ਪੁਲਿਸ 'ਤੇ ਤਲਵਾਰਾਂ ਨਾਲ ਹਮਲਾ ਨਹੀਂ ਕਰੇਗਾ। ਕਿਸਾਨ ਆਪਣੇ ਹੱਕਾਂ ਲਈ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰਦਾ ਹੈ। ਉਨ੍ਹਾਂ ਨੂੰ ਖ਼ਾਲਿਸਤਾਨ ਵੱਲੋਂ ਵੱਡੀ ਮਾਤਰਾ 'ਚ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ।" ਫਿਰ ਵੀ ਇਨ੍ਹਾਂ ਵੀਡੀਓ ਵਿਚ ਇਕ ਹੋਰ ਬੁਲਾਰਾ ਵਿਨੋਦ ਸ਼ਰਮਾ ਹੈ ਜੋ ਸੁਦਰਸ਼ਨ ਵਾਹਿਨੀ ਨਾਂ ਦੀ ਅਤਿ-ਸੱਜੇਪੱਖੀ ਹਿੰਦੂ ਜਥੇਬੰਦੀ ਦੀ ਅਗਵਾਈ ਕਰਦਾ ਹੈ ਜਿਸ ਦਾ ਉਦੇਸ਼ ਮੁਸਲਮਾਨਾਂ ਦਾ ਆਰਥਿਕ ਬਾਈਕਾਟ ਕਰਨਾ ਹੈ। ਲਾਲ ਉਸ ਦਿਨ ਅਖ਼ਬਾਰਾਂ ਦੇ ਵੌਕਸ ਪੌਪ ਵਿਚ ਇਕ ਸਪੀਕਰ ਦੇ ਰੂਪ ਵਿਚ ਵੀ ਨਜ਼ਰ ਆਇਆ ਸੀ ਜਦੋਂ ਕਿ ਸ਼ਰਮਾ ਪਿੱਛੇ ਤੋਂ ਦੇਖ ਰਿਹਾ ਸੀ। ਕਿਸੇ ਵੀ ਵੀਡੀਓ ਵਿਚ ਉਨ੍ਹਾਂ ਦੀ ਸੱਤਾਧਾਰੀ ਪਾਰਟੀ ਨਾਲ ਸਿੱਧੇ ਸਿਆਸੀ ਲਿੰਕ ਨੂੰ ਸਪੱਸ਼ਟ ਨਹੀਂ ਕੀਤਾ ਗਿਆ। ਲਾਲ ਅਤੇ ਸ਼ਰਮਾ ਨੇ ਵੀਡੀਓ ਨਾਲ ਸਬੰਧਤ ਸਵਾਲਾਂ ਦੇ ਜਵਾਬ ਨਹੀਂ ਦਿੱਤੇ। ਭਾਜਪਾ ਦੇ ਯੁਵਾ ਮੋਰਚਾ ਨੇ ਵੀ ਸਵਾਲਾਂ ਦੇ ਜਵਾਬ ਨਹੀਂ ਦਿੱਤੇ।

ਉਸੇ ਦਿਨ ਬੀ.ਜੇ.ਪੀ. ਹਮਾਇਤੀਆਂ ਦੀ ਭੀੜ ਨੇ ਸਥਾਨਕ ਕਿਸਾਨਾਂ ਦੇ ਰੂਪ 'ਚ ਸਿੰਘੂ ਬਾਰਡਰ 'ਤੇ ਪੁਲਿਸ ਨਾਕਾ ਪਾਰ ਕੀਤਾ ਅਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਹਮਲਾ ਕੀਤਾ। ਦੋਵਾਂ ਪਾਸਿਆਂ ਦੇ ਕਈ ਵਿਅਕਤੀ ਜ਼ਖ਼ਮੀ ਹੋਏ। ਉਸ ਦਿਨ ਇਕ ਵੀਡੀਓ ਵਿਚ ਖ਼ਬਰ ਇੰਡੀਆ ਦੇ ਚੌਧਰੀ ਭੀੜ ਨੂੰ ਪੁੱਛਦੇ ਹਨ, "ਕੀ ਮੁਲਕ ਨੂੰ ਤੋੜਨ ਵਾਲਿਆਂ ਨੂੰ ਬਰਦਾਸ਼ਤ ਕੀਤਾ ਜਾਵੇਗਾ?" ਸਥਾਨਕ ਲੋਕਾਂ ਦੇ ਰੂਪ 'ਚ ਪੇਸ਼ ਕੀਤੇ ਲੋਕ ਕਹਿੰਦੇ ਹਨ, "ਉਨ੍ਹਾਂ ਨੇ ਸਾਡੇ ਝੰਡੇ ਦਾ ਅਪਮਾਨ ਕੀਤਾ ਹੈ। ਅਸੀਂ ਯਕੀਨੀ ਤੌਰ 'ਤੇ ਇਸ ਅਪਮਾਨ ਦਾ ਬਦਲਾ ਲਵਾਂਗੇ ਅਤੇ ਬਾਰਡਰ ਖਾਲੀ ਕਰਾਵਾਂਗੇ। ਜੈ ਸ੍ਰੀ ਰਾਮ। ਉਨ੍ਹਾਂ ਨੂੰ ਲਾਠੀਆਂ ਨਾਲ ਭਜਾ ਦਿੱਤਾ ਜਾਵੇਗਾ।" ਭੀੜ ਚੀਕਦੀ ਹੈ, "ਦੇਸ਼ ਕੇ ਗ਼ੱਦਾਰਾਂ ਕੋ ਗੋਲੀ ਮਾਰੋ....।" ਉਦੋਂ ਤੋਂ ਬਾਅਦ ਵੀਡੀਓ ਨੂੰ ਹਟਾ ਦਿੱਤਾ ਗਿਆ ਹੈ ਪਰ ਇਸ ਦੇ ਕੁਝ ਹਿੱਸੇ ਅਜੇ ਵੀ ਚੌਧਰੀ ਦੇ ਟਵਿੱਟਰ ਅਕਾਊਂਟ 'ਤੇ ਮਿਲ ਜਾਂਦੇ ਹਨ। ***(ਚੱਲਦਾ)***

# ਯੂਰੋ ਜ਼ੋਨ ਦੀਆਂ ਕੁੱਝ ਚੰਗੀਆਂ ਕੁੱਝ ਮੰਦੀਆਂ

***ਯੂਰਪ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਇਸ ਨੇ ਵੱਖ-ਵੱਖ ਸਮਿਆਂ ਦੌਰਾਨ ਦੁਨੀਆ ਨੂੰ ਬੜਾ ਕੁਝ ਦਿੱਤਾ ਹੈ। ਇਸ ਲੇਖ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਰਾਜਿੰਦਰ ਪਾਲ ਸਿੰਘ ਬਰਾੜ ਨੇ ਆਪਣੇ ਯੂਰਪ ਗੇੜੇ ਦੇ ਪ੍ਰਸੰਗ ਵਿਚ ਯੂਰਪ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। ਇਹ ਗੱਲਾਂ ਦਿਲਚਸਪ ਵੀ ਹਨ ਅਤੇ ਸਾਨੂੰ ਸੋਚਣ-ਵਿਚਾਰਨ ਲਈ ਵੀ ਪ੍ਰੇਰਦੀਆਂ ਹਨ।***

ਮੈਂ ਪੁਸਤਕਾਂ ਵਿਚੋਂ ਹਾਸਲ ਗਿਆਨ ਨੂੰ ਜ਼ਿੰਦਗੀ ਵਿਚ ਅਨੁਭਵ ਕਰਨਾ ਚਾਹੁੰਦਾ ਹਾਂ ਅਤੇ ਜ਼ਿੰਦਗੀ ਦੇ ਅਨੁਭਵ ਅਤੇ ਸਮੱਸਿਆਵਾਂ ਨੂੰ ਪੁਸਤਕਾਂ ਦੇ ਗਿਆਨ ਰਾਹੀਂ ਸਮਝਣ ਦੀ ਚੇਸ਼ਟਾ ਕਰਦਾ ਹਾਂ। ਅੱਜ ਕੱਲ੍ਹ ਪੁਸਤਕਾਂ ਦੀ ਥਾਂ ਇੰਟਰਨੈਟ, ਖਾਸ ਕਰ ਕੇ ਵਿਕੀਪੀਡੀਆ ਲੈ ਰਿਹਾ ਹੈ ਅਤੇ ਜ਼ਿੰਦਗੀ ਦੀਆਂ ਹੱਡਬੀਤੀਆਂ ਵੀ ਸੀਮਤ ਹੋਣ ਕਰ ਕੇ ਜੱਗਬੀਤੀਆਂ ਵੇਖਦਾ ਸੁਣਦਾ ਰਹਿੰਦਾ ਹਾਂ। ਇਸ ਦੇ ਬਾਵਜੂਦ ਜੋ ਸੁਆਦ ਕੋਈ ਚੀਜ਼ ਖੁਦ ਦੇਖ ਕੇ ਜਾਂ ਮਹਿਸੂਸ ਕੇ ਆਉਂਦਾ ਹੈ, ਉਸ ਦਾ ਕੋਈ ਬਦਲ ਨਹੀਂ ਹੈ। ਮੈਂ ਹੁਣ ਤਕ ਕੈਨੇਡਾ, ਪਾਕਿਸਤਾਨ, ਥਾਈਲੈਂਡ, ਇੰਡੋਨੇਸ਼ੀਆ ਘੁੰਮ ਚੁੱਕਿਆ ਸੀ। 2019 ਵਿਚ ਕੈਨੇਡਾ ਦੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਸੱਦਾ ਸੀ ਪਰ ਕੁਝ ਘਰੇਲੂ ਰੁਝੇਵਿਆਂ ਅਤੇ ਕੁਝ ਅਕਾਦਮਿਕ ਜ਼ਿੰਮੇਵਾਰੀਆਂ ਕਾਰਨ ਮੇਰੇ ਕੋਲ ਦਿਨ ਥੋੜ੍ਹੇ ਸਨ। ਮੇਰੇ ਸਾਹਮਣੇ ਚੋਣ ਪਹਿਲਾਂ ਦੋ ਵਾਰ ਵੇਖੇ ਕੈਨੇਡਾ ਨੂੰ ਤੀਜੀ ਵਾਰ ਵੇਖਣ ਜਾਂ ਫਿਰ ਪਹਿਲੀ ਵਾਰ ਯੂਰਪ ਵੇਖਣ ਦੀ ਸੀ। ਮੈਂ ਯੂਰਪ ਦੀ ਚੋਣ ਕਰ ਲਈ। ਮੈਂ ਜਾਣਨਾ ਚਾਹੁੰਦਾ ਸੀ ਕਿ ਦੋ ਵਿਸ਼ਵ ਯੁੱਧਾਂ ਦੀ ਮਾਰ ਝੱਲਣ ਵਾਲਾ, ਪਿਛਲੀ ਸਦੀ ਵਿਚ ਦੁਨੀਆ 'ਤੇ



**ਰਾਜਿੰਦਰ ਪਾਲ ਸਿੰਘ ਬਰਾੜ**
**ਫੋਨ: +91-9198150-50617**

ਸਾਮਰਾਜ ਖੜ੍ਹੇ ਕਰਨ ਵਾਲਾ, ਦੁਨੀਆ ਨੂੰ ਨਵੇਂ ਗਿਆਨ ਤੇ ਤਕਨਾਲੋਜੀ ਦੇ ਨਾਲੋ-ਨਾਲ ਸਮਾਜਿਕ ਵਿਗਿਆਨ ਤੇ ਸਾਹਿਤ ਵਿਚ ਤਰਥੱਲੀਆਂ ਮਚਾਉਣ ਵਾਲੇ ਯੁੱਗਪੁਰਸ਼ ਦੇਣ ਵਾਲਾ, ਗ਼ੈਰ ਅੰਗਰੇਜ਼ੀ ਭਾਸ਼ੀ ਯੂਰਪ ਅੱਜ ਕਿਹੋ ਜਿਹਾ ਹੈ। ਸਾਡੇ ਪੰਜਾਬ ਕੁ ਜਿੰਨੀ ਆਬਾਦੀ ਵਾਲੇ ਅਤੇ ਅਣਵੰਡੇ ਪੰਜਾਬ ਜਿੱਡੇ ਮੁਲਕ ਕਿਵੇਂ ਨਿੱਤ ਨਵੇਂ ਮਾਅਰਕੇ ਮਾਰ ਰਹੇ ਹਨ। ਉਹ ਅੰਗਰੇਜ਼ੀ ਬਗੈਰ ਕਿਵੇਂ ਸਾਰਦੇ ਹਨ। ਉਥੋਂ ਦੇ ਆਮ ਲੋਕ ਪੰਜਾਬੀਆਂ ਨਾਲੋਂ ਉਚੇਰਾ ਜੀਵਨ ਪੱਧਰ ਕਿਵੇਂ ਜਿਉਂ ਰਹੇ ਹਨ। ਸਾਡੇ ਉਚੇਰੇ ਮੱਧ ਵਰਗ ਜਿੰਨੀ ਸੋਸ਼ਲ ਸਕਿਊਰਿਟੀ ਉਹ ਗ਼ਰੀਬ ਤੋਂ ਗ਼ਰੀਬ ਨੂੰ ਕਿਵੇਂ ਦੇ ਦਿੰਦੇ ਹਨ। ਉਥੇ ਲੋਕ ਆਪਸ ਵਿਚ ਕਿਵੇਂ ਵਿਚਰਦੇ ਹਨ। ਮੈਨੂੰ ਪਤਾ ਹੈ ਕਿ ਅਜਿਹੇ ਪ੍ਰਸ਼ਨਾਂ ਦਾ ਕੋਈ ਪੱਕਾ ਉੱਤਰ ਏਨੀ ਛੇਤੀ ਕੁਝ ਦਿਨਾਂ ਵਿਚ ਨਹੀਂ ਲੱਭਿਆ ਜਾ ਸਕਦਾ। ਮੈਂ ਸਿਰਫ ਅਨੁਭਵ ਕਰਨਾ ਚਾਹੁੰਦਾ ਸੀ ਅਤੇ ਆਪਣੇ ਵਰਗਿਆਂ ਨੂੰ ਆਪਣੀਆਂ ਅੱਖਾਂ ਰਾਹੀਂ ਵੇਖੇ ਦਾ ਸ਼ਬਦਾਂ ਰਾਹੀਂ ਅਨੁਭਵ ਕਰਾਉਣਾ ਚਾਹੁੰਦਾ ਸੀ। ਪੰਜਾਬ ਦੀ ਯੂਰਪ ਨਾਲ ਤੁਲਨਾ ਤਾਂ ਸੁਭਾਵਕ ਹੈ ਪਰ ਮੈਂ ਮੱਧਕਾਲੀ ਯੂਰਪ ਦੀ ਅੱਜ ਨਾਲ ਅਤੇ ਅੱਜ ਦੀ ਭਵਿੱਖ ਨਾਲ ਤੁਲਨਾ ਵੀ ਕਰ ਰਿਹਾ ਸੀ। ਹੋ ਸਕਦਾ ਹੈ, ਕੋਈ ਹੋਰ ਯੂਰਪ ਜਾਵੇ, ਸ਼ਾਇਦ ਉਸ ਨੂੰ ਇਸ ਤਰ੍ਹਾਂ ਨਾ ਲੱਗੇ ਜਿਸ ਤਰ੍ਹਾਂ ਮੈਨੂੰ ਲੱਗਿਆ, ਤੇ ਹੋ ਸਕਦਾ ਹੈ ਕਿਸੇ ਨੂੰ ਮੇਰੇ ਵਰਗਾ ਹੀ ਲੱਗੇ। ਤੁਹਾਨੂੰ ਮੇਰੇ ਵਰਗਾ ਲੱਗੇ ਅਜਿਹੀ ਕੋਈ ਜ਼ਿੱਦ ਨਹੀਂ, ਇਹ ਤਾਂ ਸਮਝਣ ਸਮਝਾਉਣ, ਵੇਖਣ ਵਿਖਾਉਣ ਦੀ ਖੇਡ ਹੈ, ਇਸ ਖੇਡ ਵਿਚ ਮੇਰੇ ਨਾਲ ਮੇਰੀ ਜੀਵਨ ਸਾਥਣ ਚਰਨਜੀਤ ਹੀ ਸਫਰ ਸਾਥਣ ਵੀ ਬਣੀ।

ਬੈਲਜੀਅਮ ਵਾਦਾਂ ਤੋਂ ਮੁਕਤ ਰਹਿਣ ਵਾਲਾ ਦੇਸ਼ ਹੈ। ਯੂਰਪੀ ਦੇਸ਼ਾਂ ਦੇ ਮੁਕਾਬਲੇ ਕੁਝ ਵਧੇਰੇ ਹੀ ਸ਼ਾਂਤ। ਇਹ ਇਕ ਤਰ੍ਹਾਂ ਨਾਲ ਸੈਕੰਡੇਨੇਵੀਅਨ ਅਤੇ ਕੇਂਦਰੀ ਯੂਰਪ ਦੇ ਵਿਚਕਾਰ ਜਿਹਾ ਹੈ। ਕੁਝ ਨੀਦਰਲੈਂਡ ਵਰਗਾ। ਕਦੇ ਨੀਦਰਲੈਂਡ ਦਾ ਹਿੱਸਾ ਵੀ ਰਿਹਾ। ਨੀਦਰਲੈਂਡ ਦੀ ਭਾਸ਼ਾ ਡੱਚ ਅਤੇ ਫਰਾਂਸ ਦੀ ਭਾਸ਼ਾ ਫਰਾਂਸੀਸੀ ਦੋਨੋਂ ਬੋਲਣ ਵਾਲਾ, ਇਕ ਪਾਸਾ ਜਰਮਨ ਨਾਲ ਵੀ ਲੱਗਦਾ ਹੈ ਸੋ ਜਰਮਨ ਵੀ ਬੋਲੀ ਜਾਂਦੀ ਹੈ। ਬੈਲਜੀਅਮ ਦੀ ਸਭ ਤੋਂ ਚੰਗੀ ਗੱਲ ਜਿਸ ਨੇ ਸਭ ਤੋਂ ਪਹਿਲਾਂ ਧਿਆਨ ਖਿੱਚਿਆ, ਉਹ ਉਥੋਂ ਦੇ ਲੋਕਾਂ ਦੀ ਸਾਈਕਲ ਚਲਾਉਣ ਦੀ ਆਦਤ। ਉਹ ਸਾਈਕਲ ਅੱਜ ਕੱਲ੍ਹ ਦੇ ਪੰਜਾਬੀਆਂ ਵਾਂਗ ਜਿੰਮ ਵਿਚ ਖੜ੍ਹੇ-ਖੜ੍ਹੇ ਨਹੀਂ ਚਲਾਉਂਦੇ ਸਗੋਂ ਸੱਚਮੁੱਚ ਸੜਕਾਂ ਉਪਰ ਜਾਂ ਸੜਕਾਂ ਦੇ ਨਾਲ ਸਾਈਕਲਾਂ ਲਈ ਬਣੇ ਵਿਸ਼ੇਸ਼ ਟਰੈਕਾਂ ਵਿਚ ਚਲਾਉਂਦੇ ਹਨ। ਸਭ ਤੋਂ ਵਿਸ਼ੇਸ਼ ਗੱਲ ਉਹ ਸਾਈਕਲ ਕੇਵਲ ਕਸਰਤ ਲਈ ਨਹੀਂ ਸਗੋਂ ਸਵਾਰੀ ਦੇ ਸਾਧਨ ਵਜੋਂ ਵਰਤਦੇ ਹਨ। ਥਾਂ-ਥਾਂ 'ਤੇ ਸਾਈਕਲ ਖੜ੍ਹੇ ਹਨ, ਬਾਕਾਇਦਾ ਸਾਈਕਲ ਸਟੈਂਡ ਬਣੇ ਹੋਏ ਹਨ। ਲੋਕ ਬਾਕਾਇਦਾ ਜਿੰਦਾ ਲਗਾ ਕੇ ਸਾਈਕਲ ਖੜ੍ਹਾ ਕਰਦੇ ਹਨ। ਇਹ ਬੜੀ ਕਮਾਲ ਦੀ ਗੱਲ ਹੈ ਕਿ ਬੈਲਜੀਅਮ ਵਿਚ ਬਹੁਤੀ ਚੋਰੀ ਸਾਈਕਲ ਦੀ ਹੀ ਹੁੰਦੀ ਹੈ। ਉਥੇ ਸਾਈਕਲ ਕੇਵਲ ਕਸਰਤ ਜਾਂ ਸਵਾਰੀ ਲਈ ਹੀ ਨਹੀਂ ਸਗੋਂ ਢੋਆ ਢੁਆਈ ਲਈ ਵੀ ਵਰਤੇ ਜਾਂਦੇ ਹਨ। ਸਾਈਕਲ ਵੀ ਕਈ ਕਿਸਮਾਂ ਦੇ ਕਈ ਕਈ ਗੇਅਰਾਂ ਵਾਲੇ, ਕਈ ਕਈ ਪੈਡਲਾਂ ਵਾਲੇ, ਹੱਥਾਂ ਵਿਚ



***ਬੈਲਜੀਅਮ ਦੇ ਸ਼ਹਿਰ ਗੈਂਟ ਵਿਚ ਸਾਈਕਲ ਚਲਾਉਂਦੀਆਂ ਕੁੜੀਆਂ।***

ਪੈਡਲਾਂ ਵਾਲੇ, ਅੱਗੇ ਟੋਕਰੀ ਵਾਲੇ, ਪਿੱਛੇ ਟੋਕਰੀ ਵਾਲੇ, ਬੱਚਿਆਂ ਦੀਆਂ ਪਰੈਮਾਂ ਵਾਲੇ, ਛੋਟੇ ਪਹੀਆਂ ਵਾਲੇ, ਵੱਡੇ ਪਹੀਆਂ ਵਾਲੇ, ਪਤਲੇ ਪਹੀਆਂ ਵਾਲੇ, ਮੋਟੇ ਪਹੀਆਂ ਵਾਲੇ, ਰੰਗ ਬਿਰੰਗੇ ਅਤੇ ਉਨ੍ਹਾਂ ਨੂੰ ਚਲਾਉਣ ਵਾਲੇ ਛੋਟੇ ਬੱਚੇ, ਵੱਡੇ ਬਜ਼ੁਰਗ, ਨੱਢੇ ਨੱਢੀਆਂ, ਕਾਲੇ ਗੋਰੇ, ਦਾਰੂ ਪੀਣੇ ਅਤੇ ਸੋਫੀ। ਕਮਾਲ ਇਹ ਕਿ ਸਾਈਕਲ ਦੇ ਅੱਗੇ ਹੀ ਨਹੀਂ ਪਿੱਛੇ ਵੀ ਲਾਲ ਲਾਈਟ ਜਗਦੀ ਹੋਣੀ ਚਾਹੀਦੀ ਹੈ। ਜੇ ਸਾਈਕਲ 'ਤੇ ਲਾਈਟ ਨਾ ਹੋਵੇ ਤਾਂ ਲੋਕ ਸਰੀਰ 'ਤੇ ਬੈਟਰੀ ਵਾਲੀ ਟਿਮਕਣੇ ਜਿੱਡੀ ਲਾਲ ਲਾਈਟ ਲਾ ਕੇ ਚਲਦੇ ਹਨ, ਨਹੀਂ ਤਾਂ ਚਲਾਨ ਹੋ ਜਾਂਦਾ ਹੈ। ਬੱਚਿਆਂ ਦੇ ਸਿਰ 'ਤੇ ਹਰ ਹਾਲਤ ਵਿਚ ਹੈਲਮਟ। ਬਾਲਗ ਹੋਣ ਕਰ ਕੇ ਵੱਡੇ ਆਪਣੇ ਸਿਰ ਦੇ ਖੁਦ ਜ਼ਿੰਮੇਵਾਰ ਹਨ। ਬਹੁਤੀਆਂ ਸੜਕਾਂ 'ਤੇ ਸਾਈਕਲ ਟਰੈਕ ਬਣੇ ਹੋਏ ਹਨ ਜਿੱਥੇ ਨਹੀਂ ਉਥੇ ਪੈਦਲਾਂ ਤੋਂ ਬਾਅਦ ਸੜਕ 'ਤੇ ਦੂਜਾ ਹੱਕ ਸਾਈਕਲ ਵਾਲੇ ਦਾ ਹੈ। ਕਾਰਾਂ ਬੱਸਾਂ ਤਾਂ ਛੱਡੋ ਟਰਾਮਾਂ ਵੀ ਰਾਹ ਦਿੰਦੀਆਂ ਹਨ। ਜੇ ਇਸ ਸਥਿਤੀ ਦੀ ਪੰਜਾਬ ਨਾਲ ਤੁਲਨਾ ਕਰੀਏ ਜਿੱਥੇ ਹੁਣ ਛੋਟੀ ਬਖਤਰਬੰਦ ਗੱਡੀ ਚਲਾਉਣੀ ਵੀ ਮੁਸ਼ਕਲ ਹੋਈ ਪਈ ਹੈ ਕਿਉਂਕਿ ਕੋਈ ਹੋਰ ਵੱਡੀ ਭਾਰੀ ਬਖਤਰਬੰਦ ਗੱਡੀ ਤੁਹਾਨੂੰ ਠੋਕ ਸਕਦੀ ਹੈ। ਮੋਟਰ ਸਾਈਕਲ, ਪਟਾਕੇ ਪਾਉਣ ਨੂੰ ਰੱਖਣ ਦੀ ਅਕਲ ਤਾਂ ਸਾਡੇ ਗਾਣੇ ਵੀ ਦੇ ਰਹੇ ਹਨ, ਉੱਥੇ ਤਾਂ ਸ਼ਹਿਰ ਦੇ ਅੰਦਰ ਤਾਂ ਨਹੀਂ ਪਰ ਬਾਹਰ ਹਾਈਵੇ 'ਤੇ ਵੱਡੇ ਮੋਟਰਸਾਈਕਲ ਦਿਖਾਈ ਦਿੰਦੇ ਸਨ ਜੋ ਕੰਮ ਕਾਜ ਦੀ ਥਾਂ 'ਤੇ ਸ਼ੌਕੀਆ ਜਾਪਦੇ ਸਨ। ਸ਼ਹਿਰਾਂ ਵਿਚ ਤਾਂ ਨਿੱਕੇ ਸਕੂਟਰ ਦਿਖਾਈ ਦਿੰਦੇ ਸਨ। ਜੋ ਸੀਟ 'ਤੇ ਬੈਠ ਕੇ ਨਹੀਂ ਸਗੋਂ ਨੀਵੇਂ ਜਿਹੇ ਫੱਟੇ 'ਤੇ ਖੜ੍ਹ ਕੇ ਚਲਾਏ ਜਾਂਦੇ ਸਨ। ਇਹ ਧਰਤੀ 'ਤੇ ਪੈਰਾਂ ਨਾਲ ਰੇਹੜੇ ਪਾ ਕੇ ਵੀ ਚਲਾਏ ਜਾਂਦੇ ਸਨ ਅਤੇ ਬੈਟਰੀ ਨਾਲ ਵੀ ਚਲਦੇ ਸਨ। ਇਹ ਕੰਪਨੀਆਂ ਵੱਲੋਂ ਥਾਂ ਥਾਂ ਖੜ੍ਹੇ ਮਿਲਦੇ ਹਨ। ਪੈਸੇ ਪਾਓ ਅਤੇ ਚਲਾਓ, ਜਿੱਥੇ ਜਾਣਾ ਹੈ ਉਥੇ ਛੱਡੋ, ਉਥੋਂ ਅੱਗੇ ਪੈਸੇ ਪਾ ਕੇ ਲੋੜਵੰਦ ਲੈ ਜਾਵੇਗਾ। ਪੈਰਾਂ ਜਾਂ ਬੈਟਰੀ ਨਾਲ ਚਲਦੇ ਹੋਣ ਕਰ ਕੇ ਪ੍ਰਦੂਸ਼ਣ ਤੋਂ ਮੁਕਤ।

ਇਕ ਸੜਕ 'ਤੇ ਅਸੀਂ ਮਟਰਗਸ਼ਤੀ ਕਰ ਰਹੇ ਸੀ, ਇਕ ਅੱਧਖੜ੍ਹ ਉਮਰ ਦੀ ਡੱਚ ਗੋਰੀ ਦਫਤਰੋਂ ਨਿਕਲੀ, ਪਹਿਲਾਂ ਮੇਕਅੱਪ ਚੈੱਕ ਕੀਤਾ, ਸਕੂਟਰੀ ਵਿਚ ਕਾਰਡ ਸਵਾਈਪ ਕੀਤਾ, ਇਕ ਪੈਰ ਉਪਰ ਰੱਖ ਕੇ ਦੂਜੇ ਨਾਲ ਹਲਕਾ ਜਿਹਾ ਰੇੜ੍ਹਿਆ, ਸਕੂਟਰ ਰਿੜ੍ਹਿਆ, ਬੈਟਰੀ ਤੋਂ ਤਾਕਤ ਮਿਲੀ, ਸਕਿੰਟਾਂ ਵਿਚ ਅਹੁ ਗਈ ਅਹੁ ਗਈ। ਚਰਨਜੀਤ ਮੇਰੇ ਨਾਲ ਸੀ, ਉਸ ਨੂੰ ਸਾਈਕਲ ਸਕੂਟਰ ਚਲਾਉਣੇ ਨਹੀਂ ਆਉਂਦੇ ਪਰ ਕਾਰ ਚਲਾਉਣੀ ਆਉਂਦੀ ਹੈ। ਮੈਂ ਕਿਹਾ- ਦੇਖ ਤੂੰ ਤਾਂ ਦੋ ਟਾਇਰਾਂ ਵਾਲੀ ਚੀਜ਼ ਬਹਿ ਕੇ ਚਲਾਉਣ ਤੋਂ ਡਰਦੀ ਐਂ, ਆਹ ਵੇਖ ਖੜ੍ਹ ਕੇ ਚਲਾਉਂਦੀ ਹੈ। ਉਥੇ ਸਕੇਟ ਬੋਰਡਾਂ ਦਾ ਵੀ ਕਾਫੀ ਰਿਵਾਜ ਹੈ। ਮੈਨੂੰ ਲੱਗਿਆ ਜਿਹੜੇ ਲੋਕ ਸਕੇਟ ਬੋਰਡ ਬੈਲੈਂਸ ਕਰ ਲੈਂਦੇ ਹਨ, ਉਨ੍ਹਾਂ ਲਈ ਦੇਸ਼ ਜਾਂ ਜ਼ਿੰਦਗੀ ਬੈਲੈਂਸ ਕਰਨਾ ਵੀ ਸੌਖਾ ਹੀ ਹੁੰਦਾ ਹੋਵੇਗਾ। ਮੇਰਾ ਕਹਿਣ ਤੋਂ ਭਾਵ ਉਹਨਾਂ ਪਾਸ ਹੋਰ ਹੁਨਰ ਵੀ ਹੁੰਦੇ ਹੋਣਗੇ ਜਿਨ੍ਹਾਂ ਵਿਚ ਸਰੀਰ, ਦਿਮਾਗ ਅਤੇ ਤਾਕਤ ਦਾ ਸੰਤੁਲਨ ਬਣਾਇਆ ਜਾਂਦਾ ਹੈ। ਆਪਣੇ ਆਪ 'ਤੇ ਸ਼ਰਮ ਆਈ ਕਿ ਅਸੀਂ ਪੰਜਾਬੀ ਤਾਂ ਟਰੈਕਟਰਾਂ ਦੇ ਟੋਚਨ ਪਾਉਣ ਜੋਗੇ ਰਹਿ ਗਏ; ਤਾਕਤ ਤੇਲ ਦੀ, ਤਕਨੀਕ ਕੰਪਨੀ ਦੀ, ਫੁਕਰੇਬਾਜ਼ੀ ਸਾਰੀ ਦੀ ਸਾਰੀ ਸਾੜੀ, ਭਾਵੇਂ ਬਾਈਲਾਰਸ ਫਿਲਮ ਵੇਖ ਲਓ।

ਸਾਰੇ ਯੂਰਪ ਵਿਚ ਹਵਾਈ ਜਹਾਜ਼ ਤੋਂ ਇਲਾਵਾ ਰੇਲ ਟਰੈਕਾਂ, ਟਰਾਮ ਟਰੈਕਾਂ ਤੇ ਸੜਕਾਂ ਦਾ ਜਾਲ ਵਿਛਿਆ ਹੈ। ਇਸ ਤੋਂ ਇਲਾਵਾ ਕੁਦਰਤੀ ਅਤੇ ਬਨਾਉਟੀ ਜਲ ਮਾਰਗਾਂ ਵਿਚ ਨਿੱਕੀਆਂ ਬੇੜੀਆਂ ਅਤੇ ਵੱਡੇ ਜਹਾਜ਼ ਫਿਰਦੇ ਹਨ। ਰੇਲ ਦਾ ਸਫਰ ਹਵਾਈ ਜਹਾਜ਼ ਨਾਲੋਂ ਮਹਿੰਗਾ ਹੈ। ਮੈਂ ਬਰਨ ਤੋਂ ਗੈਂਟ ਤਕ ਰੇਲ ਗੱਡੀ ਦਾ ਸਫਰ 35000 ਵਿਚ ਕੀਤਾ, ਜਹਾਜ਼ ਵਿਚ 15000 ਲੱਗਣਾ ਸੀ। ਸੈਕਿੰਡ ਕਲਾਸ ਸਾਰੀ ਭਰ ਗਈ, ਮਾਹਤੜ ਨੂੰ ਫਸਟ ਕਲਾਸ ਦਾ ਟਿਕਟ ਕਟਾਣਾ ਪਿਆ ਪਰ ਮਿਲ ਗਈ ਸੈਕਿੰਡ ਕਲਾਸ ਦੇ ਰੇਟ ਵਿਚ ਕਿਉਂਕਿ ਉਥੋਂ ਦਾ ਉਸ ਦਿਨ ਦਾ ਨਿਯਮ ਸੀ। ਵੈਸੇ ਵੀ ਦੋਵਾਂ ਵਿਚ ਕੋਈ ਫਰਕ ਨਹੀਂ ਸੀ। ਬੱਸ ਐਵੇਂ ਕੁਝ ਵਾਧੂ ਟਸ਼ਨ ਜਿਹਾ ਸੀ। ਅਸੀਂ ਤਾਂ ਆਪਣੇ ਵੱਲੋਂ ਟਿਕਟ ਅਨੁਸਾਰ ਫਸਟ ਕਲਾਸ ਵਿਚ ਬੈਠੇ ਪਰ ਸਾਨੂੰ ਗੋਰੀ ਟੀ.ਟੀ. ਨੇ ਆ ਕੇ ਦੱਸਿਆ ਕਿ ਤੁਹਾਡੀ ਟਿਕਟ ਫਸਟ ਕਲਾਸ ਦੀ ਹੈ, ਤੁਸੀਂ ਬੈਠੇ ਸੈਕਿੰਡ ਵਿਚ ਹੋ, ਚਲੋ ਹੁਣ ਸੈਕਿੰਡ ਵਿਚ ਹੀ ਬੈਠੇ ਰਹੋ, ਅਗਲਾ ਸਟੇਸ਼ਨ ਆਉਣ 'ਤੇ ਤੁਸੀਂ ਗੱਡੀ ਬਦਲਣੀ ਹੈ, ਉਦੋਂ ਫਸਟ ਵਿਚ ਬੈਠਿਓ। ਉਸ ਸਮੇਂ ਤਕ ਇਸ ਸੀਟ ਦੀ ਸਵਾਰੀ ਵੀ ਆ ਜਾਵੇਗੀ। ਜੇ ਆਪਾਂ ਸਾਰੇ ਯੂਰਪ ਦੀ ਟਰਾਂਸਪੋਰਟ 'ਤੇ ਝਾਤ ਮਾਰੀਏ ਤਾਂ ਰੇਲ ਸੜਕਾਂ, ਹਵਾਈ ਸਫਰ ਦੇ ਨਾਲੋ-ਨਾਲ ਲੋਕਲ ਪਬਲਿਕ ਟਰਾਂਸਪੋਰਟ ਵੀ ਬਹੁਤ ਹੈ। ਇਸ ਉਪਰ ਲੋਕਾਂ ਨੂੰ ਭਰੋਸਾ ਵੀ ਬਹੁਤ ਹੈ। ਆਮ ਕਰਕੇ ਗੱਡੀਆਂ ਟਾਈਮ ਸਿਰ ਚਲਦੀਆਂ ਹਨ। ਸਵਿਟਜ਼ਰਲੈਂਡ ਵਿਚ ਲੱਗਿਆ ਕਿ ਟਾਈਮ ਨਾਲ ਗੱਡੀ ਨਹੀਂ ਸਗੋਂ ਗੱਡੀ ਨਾਲ ਟਾਈਮ ਚਲਦਾ ਹੈ। ਲੋਕਲ ਗੱਡੀਆਂ ਦਾ ਟਾਈਮ ਵੀ ਸਹੀ ਹੁੰਦਾ ਹੈ। ਆਮ ਕਰਕੇ ਬੱਸਾਂ ਵੀ ਮਿੰਟਾਂ ਤਕ ਸਹੀ ਹੁੰਦੀਆਂ ਹਨ। ਕਾਰ ਵਗੈਰਾ ਅਕਸਰ ਗੂਗਲ ਟਾਈਮ ਤੋਂ ਅੱਗੇ ਪਿੱਛੇ ਹੋ ਜਾਂਦੀ ਹੈ। ਇਸੇ ਲਈ ਜੇ ਕਿਸੇ ਨੇ ਜ਼ਰੂਰੀ ਟਾਈਮ ਸਿਰ ਜਾਣਾ ਹੋਵੇ ਤਾਂ ਜਾਮ (ਮੀਂਹ, ਝੱਖੜ, ਬਰਫ ਕਰ ਕੇ ਜਾਂ ਸੜਕ ਰਿਪੇਅਰ ਜਾਂ ਐਕਸੀਡੈਂਟ ਕਰ ਕੇ) ਤੋਂ ਬਚਣ ਲਈ ਪਬਲਿਕ ਸਾਧਨ ਵਰਤਿਆ ਜਾਂਦਾ ਹੈ। ਆਮ ਕਰਕੇ ਕੋਈ ਰੁਕਾਵਟ ਪੈਣ 'ਤੇ ਤੁਰੰਤ ਟਰੈਫਿਕ ਰੂਟ ਬਦਲਿਆ ਜਾਂਦਾ ਹੈ। ਸਾਡਾ ਬਰਨ ਤੋਂ ਬਰੱਸਲ ਤਕ ਦਾ ਰੂਟ ਬਦਲ ਗਿਆ ਸੀ। ਇਸ ਸਬੰਧੀ ਟੀ.ਟੀ. ਸੀਟ 'ਤੇ ਆ ਕੇ ਦੱਸ ਗਈ ਸੀ ਕਿ ਤੁਹਾਨੂੰ ਫਰੈਂਕਫਰਟ ਤੋਂ ਗੱਡੀ ਬਦਲਣੀ ਪਵੇਗੀ ਪਰ ਫਰੈਂਕਫਰਟ ਵਾਲਿਆਂ ਤੋਂ ਗੱਡੀ ਦਾ ਸਹੀ ਪ੍ਰਬੰਧ ਨਾ ਹੋਇਆ। ਉਨ੍ਹਾਂ ਨੇ ਗੱਡੀ ਕੈਂਸਲ ਕਰ ਕੇ ਵੱਖਰੇ ਰੂਟ ਵਾਲੀ ਗੱਡੀ ਦਾ ਪ੍ਰਬੰਧ ਕੀਤਾ ਜਿਸ ਕਾਰਨ ਪਹਿਲਾਂ ਦੱਸੇ ਸਮੇਂ ਨਾਲੋਂ ਤਿੰਨ ਘੰਟੇ ਵੱਧ ਸਮਾਂ ਲੱਗਿਆ ਪਰ ਇਸ ਸਬੰਧੀ ਸਮੇਂ-ਸਮੇਂ ਸਿਰ ਸੂਚਿਤ ਕੀਤਾ ਜਾਂਦਾ ਰਿਹਾ, ਨਾ ਕੇਵਲ ਪਬਲਿਕ ਐਡਰੈੱਸ ਸਿਸਟਮ ਰਾਹੀਂ ਹੀ ਸਗੋਂ ਰੇਲਵੇ ਦੇ ਕਰਮਚਾਰੀ ਆਪ ਆ ਕੇ ਦੱਸਦੇ ਸਨ। ਤਿੰਨਾਂ ਦੇਸ਼ਾਂ ਵਿਚੋਂ ਦੀ ਲੰਘਦੀ ਗੱਡੀ ਨੇ ਸੱਤ ਘੰਟਿਆਂ ਵਿਚ ਲੱਗਣਾ ਸੀ ਜੋ ਦਸ ਘੰਟੇ ਵਿਚ ਲੱਗੀ। ਸਵਿੱਸ ਦੇਸ਼ ਦੀ ਰਾਜਧਾਨੀ ਬਰਨ ਸ਼ਹਿਰ ਤੋਂ ਜਰਮਨ ਵਿਚੋਂ ਦੀ ਹੁੰਦੇ ਹੋਏ ਬੈਲਜੀਅਮ ਦੇ ਸ਼ਹਿਰ ਬਰੱਸਲ ਤਕ ਪੁੱਜਣਾ ਸੀ। ਬਦਲਵੇਂ ਰੂਟ ਕਾਰਨ ਤਿੰਨ ਘੰਟੇ ਵੱਧ ਲੱਗੇ ਜੋ ਸਾਡੇ ਭਾਰਤੀਆਂ ਲਈ ਸਾਧਾਰਨ ਗੱਲ ਸੀ। ਅਸੀਂ ਵਧੇਰੇ ਗੱਡੀਆਂ ਬਦਲੀਆਂ, ਵੱਧ ਸਟੇਸ਼ਨ ਦੇਖੇ ਅਤੇ ਆਨੰਦ ਮਾਣਿਆ। ਸਾਡੇ ਮੇਜ਼ਬਾਨ ਆਖਦੇ ਸੀ, ਤੁਸੀਂ ਸ਼ਿਕਾਇਤ ਕਰੋ। ਲਿਖਤੀ ਮੁਆਫੀ ਦੀ ਚਿੱਠੀ ਅਵੱਸ਼ ਆਵੇਗੀ। ਸ਼ਾਇਦ ਮੁਆਵਜ਼ਾ ਵੀ ਪੇਸ਼ ਕਰਨ। ਜੇ ਮੁਆਵਜ਼ਾ ਨਾ ਦਿੱਤਾ ਤੇ ਇਕੱਲੀ ਚਿੱਠੀ ਆਈ ਤਾਂ ਆਪਾਂ ਕੇਸ ਕਰਾਂਗੇ, ਫਿਰ ਤਾਂ ਅਵੱਸ਼ ਟਿਕਟ ਦੇ ਪੈਸੇ ਵਾਪਸ ਕਰਨਗੇ ਅਤੇ ਸਮੇਂ ਦਾ ਘਾਟਾ ਵੀ ਪੈਸਿਆਂ ਨਾਲ ਭਰਨਗੇ ਪਰ ਅਸੀਂ ਕੁਝ ਨਵਾਂ ਵੇਖਣ ਦੇ ਚਾਅ ਵਿਚ ਗੱਲ ਆਈ ਗਈ ਕਰ ਦਿੱਤੀ।

ਉਥੇ ਲੋਕਲ ਬੱਸਾਂ ਬਹੁਤ ਲੰਮੀਆਂ ਹਨ। ਆਮ ਕਰ ਕੇ ਦੋ ਬੱਸਾਂ ਜੋੜ ਕੇ ਬਣਾਈਆਂ ਹੁੰਦੀਆਂ ਹਨ। ਅੱਠਾਂ ਟਾਇਰਾਂ ਵਿਚੋਂ ਛੇ ਪਾਵਰ ਨਾਲ ਪੂਰੇ ਮੁੜਦੇ ਹਨ। ਇਸ ਕਰ ਕੇ ਭੀੜੀਆਂ ਸੜਕਾਂ ਅਤੇ ਵਲਦਾਰ ਮੋੜਾਂ ਤੋਂ ਵੀ ਸੌਖੀਆਂ ਹੀ ਲੰਘ ਜਾਂਦੀਆਂ ਸਨ। ਇੱਥੇ ਕਾਰਾਂ ਵੀ ਬਹੁਤ ਹਨ ਪਰ ਅਮਰੀਕੀ ਕਾਰਾਂ ਜੀ.ਐਮ. ਅਤੇ ਫੋਰਡ ਨਾਮਾਤਰ ਹੀ ਹਨ। ਥੋੜ੍ਹੀਆਂ ਜਪਾਨੀ, ਹਾਂਡਾ, ਨਿੱਸਾਨ ਅਤੇ ਸਜ਼ੂਕੀ ਦਿਸਦੀਆਂ ਹਨ ਪਰ ਸਰਦਾਰੀ ਆਮ ਕਰ ਕੇ ਯੂਰਪੀ ਜਰਮਨ ਕਾਰਾਂ ਦੀ ਹੈ। ਬੀ.ਐਮ.ਡਬਲਿਊ, ਔਡੀ, ਮਰਸਡੀ ਬੈਂਜ਼, ਵੋਕਸਵੈਗਨ, ਪੋਰਸ਼ੇ, ਇਟਲੀ ਵਾਲਿਆਂ ਦੀ ਫਰਾਰੀ, ਲੈਂਬਰਗਿਨੀ, ਫੀਅਟ ਦੀ ਚੜ੍ਹਤ ਹੈ। ਫਰਾਂਸ ਵਾਲੇ ਆਪਣੀ ਪੈਜੋਟ, ਸਿਟਰਨ ਤੇ ਰਨੌਲਟ 'ਤੇ ਬਹੁਤ ਮਾਣ ਕਰਦੇ ਹਨ। ਗੱਡੀਆਂ ਸੋਹਣੀਆਂ ਹਨ। ਦੋ ਸੀਟਾਂ ਵਾਲੀਆਂ ਸਪੋਰਟਸ ਕਾਰਾਂ ਦਾ ਵੀ ਰਿਵਾਜ ਹੈ। ਖੁੱਲ੍ਹੀਆਂ ਛੱਤਾਂ ਵਾਲੀਆਂ, ਪੁੱਠੇ ਦਰਵਾਜ਼ੇ ਵਾਲੀਆਂ, ਉੱਚੀਆਂ, ਲੰਮੀਆਂ, ਛੋਟੀਆਂ, ਨੀਵੀਆਂ ਹਰ ਤਰ੍ਹਾਂ ਦੀਆਂ। ਪੰਜਾਬੀ ਗਾਣਿਆਂ ਦੀਆਂ ਮਸ਼ਹੂਰ ਕੀਤੀਆਂ ਪੋਰਸ਼ੇ ਤੇ ਲੈਂਬਰਗਿਨੀ ਤੇ ਫਰਾਰੀ ਪਾਰਕਿੰਗ ਸਪੇਸ ਲੱਭਦੀਆਂ ਫਿਰਦੀਆਂ ਹਨ। ਘਰਾਂ ਦੇ ਬਾਹਰ ਖੜ੍ਹੀਆਂ ਹਨ। ਯੂਰਪ ਵਿਚ ਪਾਰਕਿੰਗ ਸਪੇਸ ਦੀ ਬਹੁਤ ਸਮੱਸਿਆ ਹੈ। ਹੁਣ ਮਲਟੀ ਸਟੋਰੀ ਪਾਰਕਿੰਗ ਬਣਨ ਲੱਗੇ ਹਨ ਪਰ ਜ਼ਿਆਦਾਤਰ ਸੜਕਾਂ ਦੇ ਆਸੇ ਪਾਸੇ ਹੀ ਪਾਰਕਿੰਗ ਸਪੇਸ ਹੁੰਦੀ ਹੈ ਪਰ ਇਹ ਥਾਂ ਥੋੜ੍ਹੀ ਸਥਾਨਕ ਨੰਬਰ ਪਲੇਟ ਵਾਲਿਆਂ ਲਈ ਅਤੇ ਸੀਮਤ ਸਮੇਂ ਲਈ ਹੀ ਹੁੰਦੀ ਹੈ। ਪਾਰਕਿੰਗ ਸਪੇਸ ਵਿਚ ਬਹੁਤੀ ਥਾਂ ਫਾਇਰ ਬਿਰਗੇਡ, ਐਂਬੂਲੈਂਸ ਲਈ ਛੱਡੀ ਹੁੰਦੀ ਹੈ ਜਾਂ

***(ਬਾਕੀ ਅਗਲੇ ਸਫੇ 'ਤੇ)***



***ਜਰਮਨੀ ਦੇ ਸ਼ਹਿਰ ਫਰੈਂਕਫਰਟ ਦੇ ਇਕ ਰੇਲ ਸਟੇਸ਼ਨ ਦੀ ਝਲਕ।***

***ਜਰਮਨ ਵਿਚ ਲੋਕਲ ਬੱਸਾਂ ਬਹੁਤ ਲੰਮੀਆਂ ਹਨ। ਆਮ ਕਰ ਕੇ ਦੋ ਬੱਸਾਂ ਜੋੜ ਕੇ ਬਣਾਈਆਂ ਹੁੰਦੀਆਂ ਹਨ। ਅੱਠਾਂ ਟਾਇਰਾਂ ਵਿਚੋਂ ਛੇ ਪਾਵਰ ਨਾਲ ਪੂਰੇ ਮੁੜਦੇ ਹਨ। ਇਸ ਕਰ ਕੇ ਭੀੜੀਆਂ ਸੜਕਾਂ ਅਤੇ ਵਲਦਾਰ ਮੋੜਾਂ ਤੋਂ ਵੀ ਸੌਖੀਆਂ ਹੀ ਲੰਘ ਜਾਂਦੀਆਂ ਸਨ। ਇੱਥੇ ਕਾਰਾਂ ਵੀ ਬਹੁਤ ਹਨ ਪਰ ਅਮਰੀਕੀ ਕਾਰਾਂ ਜੀ.ਐਮ. ਅਤੇ ਫੋਰਡ ਨਾਮਾਤਰ ਹੀ ਹਨ। ਥੋੜ੍ਹੀਆਂ ਜਪਾਨੀ, ਹਾਂਡਾ, ਨਿੱਸਾਨ ਅਤੇ ਸਜ਼ੂਕੀ ਦਿਸਦੀਆਂ ਹਨ ਪਰ ਸਰਦਾਰੀ ਆਮ ਕਰ ਕੇ ਯੂਰਪੀ ਜਰਮਨ ਕਾਰਾਂ ਦੀ ਹੈ।***

# ਵਗਦੀ ਏ ਰਾਵੀ ਵਿਚ ਘੁੱਗੀਆਂ ਦਾ ਜੋੜਾ ਵੇ

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਜਿਸ ਨੂੰ ਰਾਜਨੀਤਕ ਕਾਰਨਾਂ ਕਰਕੇ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਧਰਤੀ ਦੇ ਦੋ ਟੁਕੜੇ ਕਰ ਦਿੱਤੇ ਗਏ। ਦਰਿਆਵਾਂ ਦੇ ਪਾਣੀਆਂ ਨੂੰ ਵੰਡ ਦਿੱਤਾ ਗਿਆ। ਸਤਲੁਜ, ਬਿਆਸ ਅਤੇ ਰਾਵੀ ਇੱਧਰਲੇ ਪੰਜਾਬ ਵਿਚ ਰਹਿ ਗਏ ਅਤੇ ਜਿਹਲਮ ਅਤੇ ਚਨਾਬ ਉੱਧਰਲੇ ਪੰਜਾਬ ਦੇ ਹਿੱਸੇ ਆਏ। ਵਿਰਸੇ ਦੀਆਂ ਕਹਾਣੀਆਂ ਪਾਉਂਦਾ ਰਾਵੀ ਦਰਿਆ ਆਪਣੀ ਵਿਲੱਖਣ

**ਸ਼ਵਿੰਦਰ ਕੌਰ**
ਫੋਨ: +91-76260-63596

ਭੂਗੋਲਿਕ ਹੋਂਦ ਕਾਰਨ ਖਾਸ ਅਹਿਮੀਅਤ ਰੱਖਦਾ ਹੈ।

ਰਾਵੀ ਦਰਿਆ ਹਿਮਾਲਿਆ ਦੇ ਨੇੜੇ ਰੋਹਤਾਂਗ ਦਰ੍ਹੇ ਵਿਚੋਂ ਨਿਕਲਦਾ ਹੈ। ਪੀਰ ਪੰਜਾਲ ਅਤੇ ਧੌਲਧਾਰ ਦੀਆਂ ਹਿਮਾਲਿਆ ਲੜੀਆਂ ਨੂੰ ਪਾਰ ਕਰਦਾ ਹੋਇਆ ਪੰਜਾਬ ਦੇ ਪੱਧਰੇ ਮੈਦਾਨਾਂ ਵਿਚ ਮਾਧੋਪੁਰ ਨੇੜਿਓਂ ਸ਼ਾਮਲ ਹੁੰਦਾ ਹੈ। ਅੰਮ੍ਰਿਤਸਰ ਦੇ ਪਿੰਡ ਲੋਪੋਕੇ ਦੇ ਸਾਹਮਣਿਓਂ ਸਿੱਧਾ ਲਾਹੌਰ ਨੂੰ ਹੋ ਜਾਂਦਾ ਹੈ। ਡੇਹਰਾ ਬਾਬਾ ਨਾਨਕ, ਮਿੰਟਗੁਮਰੀ, ਮੁਲਤਾਨ ਆਦਿ ਵਹਿੰਦਾ ਹੋਇਆ ਫਿਰ ਇਹ ਦਰਿਆ ਚਨਾਬ ਨੂੰ ਜਾ ਮਿਲਦਾ ਹੈ। ਰਿਗਵੇਦ ਵਿਚ ਇਸ ਦਾ ਨਾਮ ਪਰੂਸ਼ਨੀ ਆਇਆ ਹੈ। ਇਸ ਦੀ ਕੁੱਲ ਲੰਬਾਈ 720 ਕਿਲੋਮੀਟਰ ਹੈ।

ਲੋਕ ਗੀਤਾਂ ਵਿਚ ਗੂੰਜਦੀ ਰਾਵੀ ਜਦੋਂ ਚੜ੍ਹਦੇ ਪੰਜਾਬ ਦਾ ਸੀਨਾ ਠਾਰਦੀ ਲਹਿੰਦੇ ਪੰਜਾਬ ਨੂੰ ਵਹਿੰਦੀ ਹੈ ਤਾਂ ਇਹੋ ਕਹਿੰਦੀ ਜਾਪਦੀ ਹੈ ਕਿ ਇਸ ਦੇ ਕੰਢਿਆਂ ਲਾਗੇ ਵਸੇ ਨਗਰਾਂ ਵਿਚ ਜਿਨ੍ਹਾਂ ਸੂਫੀ-ਸੰਤਾਂ, ਪੀਰਾਂ-ਫਕੀਰਾਂ, ਸ਼ਾਇਰਾਂ, ਦਰਵੇਸ਼ਾਂ ਅਤੇ ਗੁਰੂਆਂ ਨੇ ਜਨਮ ਲਿਆ ਜਿਨ੍ਹਾਂ ਦੀ ਸ਼ਾਇਰੀ ਪੰਜਾਬੀਆਂ ਦੀ ਰੂਹ ਦੀ ਖੁਰਾਕ ਬਣੀ ਜਿਨ੍ਹਾਂ ਨੇ ਮੋਹ ਮੁਹੱਬਤ ਨਾਲ ਰਹਿਣ ਦਾ ਪੈਗਾਮ ਦਿੱਤਾ, ਉਨ੍ਹਾਂ ਦੀ ਜਨਮ ਭੋਇੰ ਨੂੰ ਵੰਡਦੀ ਅਟਾਰੀ ਅਤੇ ਵਾਹਗੇ ਦਰਮਿਆਨ ਲੱਗੀ ਕੰਡਿਆਲੀ ਤਾਰ, ਉਨ੍ਹਾਂ ਦੀ ਰੂਹ ਨੂੰ ਡੰਗਦੀ ਹੋਵੇਗੀ। ਰਾਵੀ ਕੰਢੇ ’ਤੇ ਬਾਬੇ ਨਾਨਕ ਨੇ ਹੱਲ ਵਾਹ ਕੇ ਹੱਥੀਂ ਸੁੱਚੀ ਕਿਰਤ ਕਮਾਈ ਕਰਨ ਅਤੇ ਵੰਡ ਛਕਣ ਦਾ ਮਹਾਨ ਫਲਸਫਾ ਲੁਕਾਈ ਅੱਗੇ ਰੱਖਿਆ। ਇਸ ਦੇ ਕੰਢੇ ਕਰਤਾਰਪੁਰ ਨਗਰ ਵਸਾਇਆ। ਅੱਜ ਉਹ ਕੰਡਿਆਲੀ ਤਾਰ ਤੋਂ ਪਾਰ ਰਹਿ ਗਿਆ ਹੈ।

ਲੋਕ ਗੀਤਾਂ ਵਿਚ ਪ੍ਰਸਿੱਧੀ ਖੱਟਣ ਵਾਲੇ ਲਾਹੌਰ ਦੇ ਉੱਚੇ ਬੁਰਜ ਵਾਲੇ ਸ਼ਾਹੀ ਕਿਲ੍ਹੇ ਦੀ ਕੰਧ ਨਾਲ ਖਹਿ ਕੇ ਰਾਵੀ ਦਰਿਆ ਲੰਘਦਾ ਸੀ। ਇਸ ਦੇ ਪਰਛਾਵੇਂ ਦਰਿਆ ਵਿਚ ਦਿਖਾਈ ਦਿੰਦੇ ਸਨ। ਇਸ ਨੂੰ ਤੱਕ ਕੇ ਸਾਡੀਆਂ ਵਡੇਰੀਆਂ ਮਾਵਾਂ ਭੈਣਾਂ ਨੇ ਇਸ ਗੀਤ ਦੀ ਰਚਨਾ ਕੀਤੀ ਹੋਵੇਗੀ:

ਉੱਚੜਾ ਬੁਰਜ ਲਹੌਰ ਦਾ ਵੇ ਚੀਰੇ ਵਾਲਿਆ।
ਹੇਠ ਵਗੇ ਦਰਿਆ ਵੇ ਸੱਜਣ ਮੇਰਿਆ।
ਮਲ ਮਲ ਨਾਵਣ ਗੋਰੀਆਂ ਵੇ ਚੀਰੇ ਵਾਲਿਆ।
ਲੈਣ ਗੁਰਾਂ ਦਾ ਨਾਂ ਵੇ ਸੱਜਣ ਮੇਰਿਆ।



ਜੰਮੂ ਵੱਲੋਂ ਰਾਵੀ ਪਾਰ ਕਰ ਕੇ ਆਉਂਦੇ ਸ਼ਾਹਪੁਰ ਕੰਡੀ ਦਾ ਕਸਬਾ ਅਠਾਰਵੀਂ ਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਤਿਜਾਰਤ ਦਾ ਵੱਡਾ ਕੇਂਦਰ ਸੀ, ਇਸ ਕਰ ਕੇ ਇੱਥੋਂ ਵੱਡੇ-ਵੱਡੇ ਕਾਫਲੇ ਗੁਜ਼ਰਿਆ ਕਰਦੇ ਸਨ। ਆਪਣਿਆਂ ਦੇ ਵਿਯੋਗ ਵਿਚ ਡੁੱਬੀ, ਉਨ੍ਹਾਂ ਨੂੰ ਮਿਲਣ ਲਈ ਤਰਸਦੀ ਮੁਟਿਆਰ ਆਪਣੀ ਸੱਸ ਅੱਗੇ ਅਰਜੋਈ ਕਰਦੀ ਹੈ:

ਅਸੀਂ ਰਾਵੀ ’ਤੇ ਘਰ ਪਾਈਏ ਸੱਸੇ ਨੀ
ਜੇ ਕੋਈ ਆਵੇ ਸਾਡੇ ਦੇਸ ਦਾ।
ਸੌ ਆਵੇ ਸੱਠ ਜਾਵੇ, ਸੱਸੇ ਨੀ
ਇੱਕ ਨਾ ਆਵੇ ਅੰਮਾਂ - ਜਾਇੜਾ।

ਬੇਸ਼ੱਕ ਪੰਜਾਬ ਦੀ ਧਰਤੀ, ਪਾਣੀ ਨੂੰ ਵੰਡ ਦਿੱਤਾ ਗਿਆ ਸੀ ਪਰ ਜਿਹੜੀ ਇੱਕ ਚੀਜ਼ ਕੋਈ ਨਹੀਂ ਵੰਡ ਸਕਿਆ, ਉਹ ਹੈ ਪੰਜਾਬ ਦੇ ਲੋਕ ਸਹਿਤ ਦਾ ਅਮੁੱਲ ਤੇ ਅਨਮੋਲ ਭੰਡਾਰ। ਸਾਂਝੇ ਪੰਜਾਬ ਵੇਲੇ ਦਾ ਰਾਵੀ ਦਰਿਆ ਤੇ ਸਿਰਜਿਆ ਖੂਬਸੂਰਤ ਲੋਕ ਗੀਤ ਹੈ:

ਪਰਦੇਸ ਗਿਓਂ ਵੰਞ ਮੁੱਦਤਾਂ ਲਾਈਆਂ,
ਆ ਮਿਲ ਮੈਨੂੰ, ਕਮਲੀ ਦਿਆ ਸਾਈਆਂ।
ਘੱਲਿਆ ਕਿਹੜੇ ਕੰਮ ਵੇ,
ਤੂੰ ਬੈਠਾ ਰਾਵੀ ਮੱਲ ਵੇ
ਵਿਚ ਬੰਗਲੇ ਮੇਰੀ ਬਾਂਹ ਫੜੀ ਆ,
ਯਾਦ ਰੱਖੀਂ ਉਹ ਗੱਲ ਵੇ।
ਤੂੰ ਬੈਠਾ ਰਾਵੀ ਮੱਲ ਵੇ,
ਮੇਰਾ ਜਾਵੇ ਨਾ ਜੋਬਨ ਢਲ ਵੇ ਦਿਨ ਬਹੁਤੇ ਗੁਜ਼ਰੇ।
ਕੋਈ ਸੁੱਖ ਦਾ ਸੁਨੇਹੁੜਾ ਘੱਲ ਵੇ, ਦਿਨ ਬਹੁਤੇ ਗੁਜ਼ਰੇ।
ਕੌਣ ਸੁਣੇ ਮੇਰੇ ਦਿਲ ਦੀ ਵਿਥਿਆ?
ਤੇਰੇ ਇਸ਼ਕ ਨੇ ਲਾਏ ਸੱਲ ਵੇ, ਦਿਨ ਬਹੁਤੇ ਗੁਜ਼ਰੇ।

ਲਾਹੌਰ ਸ਼ਹਿਰ ਦੀਆਂ ਮੁਟਿਆਰਾਂ ਦਾ ਜੀਵਨ ਰਾਵੀ ਦਰਿਆ ਦੇ ਕੰਢੇ ਬੀਤਦਾ ਸੀ। ਇਹ ਉਨ੍ਹਾਂ ਦੀ ਜ਼ਿੰਦਗੀ ਦਾ ਇੱਕ ਹਿੱਸਾ ਸੀ। ਇਨ੍ਹਾਂ ਦੋ ਸਤਰਾਂ ਵਿਚ ਉਨ੍ਹਾਂ ਦੀ ਸਮੁੱਚੀ ਖੂਬਸੂਰਤੀ ਕਿਵੇਂ ਡੁੱਲ੍ਹ-ਡੁੱਲ੍ਹ ਪੈਂਦੀ ਹੈ:

ਸੱਕ ਮੱਲਦੀਆਂ ਰਾਵੀ ਦੇ ਪੱਤਣਾਂ ਨੂੰ
ਅੱਗ ਲਾਉਣ ਲਾਹੌਰਨਾਂ ਚੱਲੀਆਂ ਨੀਂ।

ਰਾਵੀ ਸਿਰਫ ਦਰਿਆ ਨਹੀਂ ਹੈ, ਇਸ ਵਿਚ ਸਾਡੀ ਵਿਰਾਸਤ ਦੀ ਧਾਰਾ ਵਗਦੀ ਹੈ। ਆਪਣੇ ਅੰਦਰਲੇ ਮਨੋਭਾਵ ਪ੍ਰਗਟ ਕਰਨ ਲਈ ਪੰਜਾਬਣਾਂ ਨੇ ਰਾਵੀ ਦਾ ਆਸਰਾ ਲਿਆ ਹੈ। ਉਹ ਭਾਵੇਂ ਵਿਛੋੜੇ ਦਾ ਦਰਦ ਹੋਵੇ ਜਾਂ ਸ਼ਹਿਰ ਰਹਿਣ ਦੀ ਰੀਝ ਹੋਵੇ ਜਾਂ ਕਿਸੇ ਬਹਾਨੇ ਸੱਜਣ ਨੂੰ ਮਿਲਣ ਲਈ ਸੱਦਣਾ ਹੋਵੇ, ਸ਼ਗਨਾਂ ਦਾ ਗਾਨਾ ਖੋਲ੍ਹਣਾ ਹੋਵੇ, ਉਨ੍ਹਾਂ ਨੇ ਆਪਣੇ ਦਿਲ ਦੀਆਂ ਰਮਜ਼ਾਂ ਦੱਸਣ ਲਈ ਉਨ੍ਹਾਂ ਦੀ ਰਾਜ਼ਦਾਰ ਰਾਵੀ ਹੀ ਬਣੀ। ਆਪਣੇ ਢੋਲ ਨੂੰ ਸੰਬੋਧਿਤ ਹੁੰਦੀ ਕਦੇ ਉਸ ਦੇ ਠੰਢੜੇ ਸੀਤ ਪਾਣੀ ਵਿਚ ਕੁਝ ਸੁੱਟਦੀ ਹੈ ਤੇ ਕਦੇ ਘੁੱਗੀਆਂ ਦੇ ਜੋੜੇ ਦੀ ਗੱਲ ਕਰਦੀ ਹੈ:

ਵਗਦੀ ਏ ਰਾਵੀ ਵਿਚ ਨੌਣ ਕੁਆਰੀਆਂ
ਕੰਨੀਂ ਬੁੰਦੇ ਨੀਂ ਅੱਖਾਂ ਲੋਹੜੇ ਮਾਰੀਆਂ।
ਵਗਦੀ ਏ ਰਾਵੀ ਵਿਚ ਘੁੱਗੀਆਂ ਦਾ ਜੋੜਾ ਵੇ
ਇੱਕ ਘੁੱਗੀ ਉੱਡੀ ਲੰਮਾ ਪੈ ਗਿਆ ਵਿਛੋੜਾ ਵੇ।
ਵਗਦੀ ਏ ਰਾਵੀ ਵਿਚ ਸੁੱਟਦੀ ਆਂ ਆਨਾ
ਖੋਲ੍ਹ ਕੇ ਜਾਈਂ ਵੇ ਸਾਡਾ ਸ਼ਗਨਾਂ ਦਾ ਗਾਨਾ।
ਵਗਦੀ ਏ ਰਾਵੀ ਕੰਢੇ ਸ਼ਾਹਪੁਰ ਸ਼ਹਿਰ ਵੇ
ਵਸੀਏ ਸ਼ਹਿਰ ਭਾਵੇਂ ਪਿਆ ਹੋਵੇ ਕਹਿਰ ਵੇ।
ਵਗਦੀ ਏ ਰਾਵੀ ਚੰਨਾਂ ਵੇ ਪਾਣੀ ਠੰਢੜੇ ਸੀਤ ਵੇ
ਕੱਲੜੀ ਵਿਛੋੜੇ ਪੈ ਗਏ ਲਾਈ ਸੀ ਪ੍ਰੀਤ ਵੇ।
ਵਗਦੀ ਏ ਰਾਵੀ ਚੰਨਾਂ ਵੇ ਪਾਣੀ ਠੰਢੜੇ ਸੀਤ ਵੇ
ਮਾਣ ਜਵਾਨੀ ਚੰਨਾਂ ਵੇ ਸਾਡੇ ਇਹੀਓ ਨਸੀਬ ਵੇ।

ਸ਼ਾਲਾ! ਰਾਵੀ ਵਗਦੀ ਰਹੇ। ਮੋਹ ਮੁਹੱਬਤਾਂ ਨਾਲ ਭਰ ਕੇ ਵਿਚੜਿਆਂ ਦਾ ਮੇਲ ਕਰਾਉਂਦੀ ਰਹੇ। ਦੋਹਾਂ ਪੰਜਾਬਾਂ ਦੇ ਬਾਸ਼ਿੰਦਿਆਂ ਨੂੰ ਸਾਂਝੀ ਵਿਰਾਸਤ ਦੀਆਂ ਸੁੱਚੀਆਂ ਸੱਚੀਆਂ ਕੀਮਤਾਂ ਤੋਂ ਜਾਣੂ ਕਰਵਾਉਂਦੀ ਰਹੇ।

---

ਫਿਰ ਹੈਂਡੀਕੈਪਡ ਲੋਕਾਂ ਲਈ ਪਾਰਕਿੰਗ ਵਿਚ ਥਾਂ ਹੁੰਦੀ ਹੈ। ਲੋਕ ਗ਼ਲਤ ਥਾਂ ਗੱਡੀ ਪਾਰਕਿੰਗ ਕਰਨ ਤੋਂ ਤ੍ਰਹਿੰਦੇ ਹਨ। ਹਾਲਾਂਕਿ ਸੁਰੱਖਿਆ ਖੇਤਰਾਂ ਨੂੰ ਛੱਡ ਕੇ ਕਿਤੇ ਵੀ ਗੱਡੀ ਚੁੱਕੀ ਨਹੀਂ ਜਾਂਦੀ ਸਗੋਂ ਘਰ ਭਾਰੀ ਜੁਰਮਾਨੇ ਦੀ ਟਿਕਟ ਭੇਜ ਦਿੱਤੀ ਜਾਂਦੀ ਹੈ। ਬਹੁਤੀਆਂ ਪਾਰਕਿੰਗ ਆਟੋ ਹਨ। ਕਾਰਡ ਰਾਹੀਂ ਹੀ ਸਮੇਂ ਦੇ ਹਿਸਾਬ ਨਾਲ ਪੇਮੈਂਟ ਹੁੰਦੀ ਹੈ। ਟੋਲ ਰੋਡ ਥੋੜ੍ਹੀਆਂ ਹਨ ਪਰ ਬਿਨਾਂ ਟੋਲ ਤੋਂ ਵੀ ਜਿਹੜੀਆਂ ਸੜਕਾਂ ਹਨ, ਉਹ ਕੋਈ ਟੁੱਟੀਆਂ ਫੁੱਟੀਆਂ ਜਾਂ ਵੱਡਿਆਂ ਟੋਇਆਂ ਵਾਲੀਆਂ ਨਹੀਂ ਸਗੋਂ ਵਧੀਆ ਹਨ। ਬਸ ਸਿੰਗਲ ਹਨ, ਭੀੜੀਆਂ ਹਨ, ਕੁਝ ਵਧੇਰੇ ਵ.ਲ ਪਾਉਂਦੀਆਂ ਹਨ।

ਕੁਝ ਪਿੰਡਾਂ ਵਿਚੋਂ ਲੰਘਦੀਆਂ ਹਨ, ਇਸ ਕਰ ਕੇ ਵਧੇਰੇ ਬੱਤੀਆਂ ਅਤੇ ਜ਼ੈਬਰਾ ਕਰਾਸਿੰਗ ਆਉਂਦੀਆਂ ਹਨ ਜਿੱਥੇ ਗੱਡੀ ਹੌ.ਲੀ ਕਰਨੀ ਪੈਂਦੀ ਹੈ ਜਾਂ ਰੋਕਣੀ ਪੈਂਦੀ ਹੈ। ਇਸੇ ਕਰ ਕੇ ਲੋਕ ਟੋਲ ਰੋਡ ਚੜ੍ਹਦੇ ਹਨ ਪਰ ਜੇ ਤੁਸੀਂ ਘੁੰਮਣ ਫਿਰਨ ਜਾ ਰਹੇ ਹੋ ਤੇ ਤੁਹਾਡੇ ਕੋ.ਲ ਸਮਾਂ ਹੋਵੇ ਤਾਂ ਟੋਲ ਰੋਡ ਭੁੱਲ ਕੇ ਵੀ ਨਾ ਚੜ੍ਹੋ। ਟੋਲ ਰੋਡ ‘ਤੇ ਕੁਝ ਹੀ ਕੰਪਨੀਆਂ ਦੇ ਕਦੇ ਕਦਾਈਂ ਦਿਸਣ ਵਾਲੇ ਇਸ਼ਤਿਹਾਰਾਂ ਤੋਂ ਬਿਨਾਂ ਕੁਝ ਨਹੀਂ ਹੁੰਦਾ ਜਦੋਂ ਕਿ ਬਿਨਾਂ ਟੋਲ ਰੋਡ ‘ਤੇ ਤੁਸੀਂ ਖੇਤਾਂ, ਕੁਦਰਤ ਅਤੇ ਪਿੰਡਾਂ ਦੇ ਦ੍ਰਿਸ਼ਾਂ ਨੂੰ ਨੇੜਿਉਂ ਮਾਣ ਸਕਦੇ ਹੋ। ਕੁੱਲ ਮਿਲਾ ਕੇ ਜੇ ਭਾਰਤ ਨਾਲ ਤੁਲਨਾ ਕਰੀਏ ਤਾਂ ਸਾਨੂੰ ਕਾਫੀ ਕੁਝ ਕਰਨਾ ਪਵੇਗਾ। ਸਾਡੇ ਕੋ.ਲ ਯੂਰਪ ਜਿੰਨੇ ਹੀ ਸਾਧਨ ਹਨ, ਕਾਨੂੰਨ ਹਨ। ਬੱਸ ਉਨ੍ਹਾਂ ਨੂੰ ਲਾਗੂ ਕਰਨ ਵਾਲੀ ਅਫਸਰਸ਼ਾਹੀ ਚਾਹੀਦੀ ਹੈ ਜੋ ਰਿਸ਼ਵਤ ਦੇ ਅੰਦਰੂਨੀ ਅਤੇ ਬਾਹਰੀ ਰਾਜਸੀ ਦਬਾਅ ਦੋਨਾਂ ਤੋਂ ਹੀ ਮੁਕਤ ਹੋਵੇ। ਦੂਜੇ ਪਾਸੇ ਨਾਗਰਿਕਾਂ ਦਾ ਫ਼ਰਜ਼ ਬਣਦਾ ਹੈ ਕਿ ਕਾਨੂੰਨ ਨੂੰ ਮੰਨਣ। ਪੱਛਮ ਵਿਚ ਲੋਕ ਕਾਨੂੰਨ ਨੂੰ ਰੱਬ ਵਾਂਗ ਪੂਜਦੇ ਹਨ ਪਰ ਇਸ ਪਿੱਛੇ ਉਨ੍ਹਾਂ ਦੀ ਕੋਈ ਦੇਸ਼ਭਗਤੀ ਨਹੀਂ ਸਗੋਂ ਸਜ਼ਾ ਦਾ ਡਰ ਹੈ। ਇਹੀ ਸਜ਼ਾ ਵੀ ਜੇਲ੍ਹ ਜਾਂ ਦਫਤਰਾਂ ਦੀ ਖੱਜਲ ਖੁਆਰੀ ਨਹੀਂ ਸਗੋਂ ਭਾਰੀ ਜੁਰਮਾਨਾ ਹੈ। ਪਹਿਲੀ ਗ਼ਲਤੀ ‘ਤੇ ਥੋੜ੍ਹਾ ਜੁਰਮਾਨਾ, ਦੂਜੀ ਤੇ ਹੋਰ ਜ਼ਿਆਦਾ, ਤੀਜੀ ਤੇ ਬਹੁਤ ਭਾਰੀ ਅਤੇ ਅਖੀਰ ਲਾਈਸੈਂਸ ਕੈਂਸਲ। ਗ਼ੈਰ ਅੰਗਰੇਜ਼ੀ ਯੂਰਪੀ ਦੇਸ਼ਾਂ ਦੀ ਆਵਾਜਾਈ ਬਾਰੇ ਹੋਰ ਵੀ ਗੱਲਾਂ ਹੋ ਸਕਦੀਆਂ ਹਨ, ਮੈਂ ਸਾਰੀਆਂ ਨਹੀਂ ਲਿਖਣੀਆਂ, ਕੁਝ ਤੁਸੀਂ ਆਪ ਜਾ ਕੇ ਦੇਖਿਓ ਪਰ ਇਕ ਗੱਲ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਫਰਾਂਸ ਦੇ ਸ਼ਹਿਰ ਪੈਰਿਸ ਦੇ ਡਰਾਈਵਰ ਹਾਰਨ ਵੀ ਮਾਰਦੇ ਹਨ, ਬੱਤੀ ਵੀ ਕਰਾਸ ਕਰਦੇ ਹਨ, ਟਰੈਫਿਕ ਲਾਈਨ ਵੀ ਤੋੜਦੇ ਹਨ ਅਤੇ ਸ਼ਾਇਦ ਇਸੇ ਕਰ ਕੇ ਪੈਰਿਸ ਦੀਆਂ ਕਈ ਗੱਡੀਆਂ ਸਾਈਡਾਂ ਤੋਂ ਦਿੱਲੀ ਵਾਂਗ ਹੀ ਝਰੀਟੀਆਂ ਸਨ। ਸਭਿਅਕ ਫਰਾਂਸੀਸੀਆਂ ਤੋਂ ਮੁਆਫੀ ਸਹਿਤ।

ਮੈਨੂੰ ਯੂਰਪ ਦੀ ਸਭ ਤੋਂ ਵਧੀਆ ਗੱਲ ਉਨ੍ਹਾਂ ਦਾ ਸਾਈਕਲ ਚਲਾਉਣਾ ਲੱਗੀ, ਉੱਥੇ ਸਭ ਤੋਂ ਮਾੜੀ ਗੱਲ ਸਿਗਰਟਨੋਸ਼ੀ ਲੱਗੀ। ਹਾਲਾਂਕਿ ਉੱਥੇ ਕਿਸੇ ਵੀ ਬੰਦ ਪਬਲਿਕ ਸਥਾਨ ਜਿਵੇਂ ਸਿਨੇਮਾ ਘਰ, ਥੀਏਟਰ, ਹਾਲ, ਇਨਡੋਰ ਸਟੇਡੀਅਮ, ਦੁਕਾਨ, ਮਕਾਨ, ਮਾਲ, ਬੱਸ, ਟਰੇਨ, ਬੱਸ ਅੱਡੇ ਵਿਚ ਸਿਗਰਟ ਪੀਣਾ ਮਨ੍ਹਾ ਹੈ ਅਤੇ ਪੀਤੀ ਵੀ ਨਹੀਂ ਜਾਂਦੀ ਪਰ ਖੁੱਲ੍ਹੇ ਥਾਵਾਂ ਉਪਰ ਕੀ ਮੁੰਡਾ ਕੀ ਕੁੜੀ, ਕੀ ਬੁੱਢਾ, ਕੀ ਬੁੱਢੀ, ਅਮੀਰ ਗ਼ਰੀਬ ਸਾਰੇ ਇਸੇ ਕੰਮ ਲੱਗੇ ਰਹਿੰਦੇ ਹਨ। ਦੇਖਣ ਵਿਚ ਲੱਗਿਆ ਕਿ ਕੁੜੀਆਂ ਮੁੰਡਿਆਂ ਨਾਲੋਂ ਵੱਧ ਸਿਗਰਟ ਪੀਂਦੀਆਂ ਹਨ। ਸ਼ਾਇਦ ਇਹ ਸੱਠਵਿਆਂ ਦੇ ਸਿਗਰਟ ਫਾਰ ਫਰੀਡਮ ਦਾ ਹੈਂਗ ਓਵਰ ਅਜੇ ਖਤਮ ਨਹੀਂ ਹੋਇਆ। ਹਾਂ ਬੱਚਿਆਂ ਦੇ ਚੋਰੀ ਪੀਣ ਬਾਰੇ ਤਾਂ ਪਤਾ ਨਹੀਂ ਪਰ ਸਿਗਰਟ ਵੇਚਣ ਵਾਲੀਆਂ ਦੁਕਾਨਾਂ ਉਪਰ ਪੂਰੀ ਸਖਤੀ ਹੈ। ਮੇਰੇ ਸਾਹਮਣੇ ਇਕ ਗਰੌਸਰੀ ਸ਼ਾਪ ‘ਤੇ ਕੁੜੀ ਆਈ, ਉਸ ਨੇ ਚਾਂਭਲ ਕੇ ਸਿਗਰਟ ਮੰਗੀ ਤਾਂ ਦੁਕਾਨਦਾਰ ਨੇ ਆਖਿਆ- ਸ਼ੋਅ ਯੋਅਰ ਆਈ. ਕਾਰਡ ਤਾਂ ਉਸ ਨੇ ਬੜੇ ਮਾਣ ਭਰੇ ਅੰਦਾਜ਼ ਵਿਚ ਆਈ. ਕਾਰਡ ਦਿਖਾਇਆ ਅਤੇ ਹੱਸਣ ਲੱਗੀ। ਦੁਕਾਨਦਾਰ ਨੇ ਸਿਗਰਟ ਦਿੰਦਿਆਂ ਆਖਿਆ “ਬਾਲਗ ਹੋਣ ਦੀਆਂ ਮੁਬਾਰਕਾਂ, ਜਵਾਨੀ ਦੀ ਦਹਿਲੀਜ਼ ‘ਤੇ ਸਵਾਗਤ।” ਅਸਲ ਵਿਚ ਕੁੜੀ ਬਾਲਗ਼ ਸੀ, ਆਪਣੀ ਉਮਰੋਂ ਛੋਟੀ ਲਗਦੀ ਸੀ ਅਤੇ ਨਵੀਂ ਜਵਾਨੀ ਦੇ ਚਾਅ ਵਿਚ ਵਧੇਰੇ ਲਾਚੜੀ ਅਤੇ ਵਧੇਰੇ ਬਚਪਨੇ ਵਾਲੀਆਂ ਹਰਕਤਾਂ ਕਰ ਰਹੀ ਸੀ। ਸ਼ਾਇਦ ਇਸੇ ਕਰ ਕੇ ਦੁਕਾਨਦਾਰ ਨੂੰ ਸ਼ੱਕ ਹੋਇਆ ਸੀ। ਕਹਿਣ ਦਾ ਭਾਵ ਕਿ ਨਵੀਂ ਪੀੜ੍ਹੀ ਵੀ ਸਿਗਰਟ ਵਿਚ ਪੈ ਰਹੀ ਹੈ। ਸਰਕਾਰਾਂ ਸਿਗਰਟ ਹਟਾਉਣ ਵਿਚ ਗੰਭੀਰ ਹਨ ਜਾਂ ਨਹੀਂ, ਮੈਂ ਨਿਰਣਾ ਨਹੀਂ ਕਰ ਸਕਿਆ ਕਿਉਂਕਿ ਉਹ ਇਸ ਤੋਂ ਚੰਗੀ ਕਮਾਈ ਕਰ ਰਹੀਆਂ ਹਨ। ਹੋਰ ਪੂੰਜੀਵਾਦੀ ਮੁਲਕਾਂ ਵਾਂਗ ਬੈਲਜੀਅਮ ਵਿਚ ਬਾਕੀ ਚੀਜ਼ਾਂ ਦੇ ਭਾਅ ਬਾਜ਼ਾਰ ਤੈਅ ਕਰਦਾ ਹੈ ਪਰ ਸਿਗਰਟਾਂ ਦੇ ਭਾਅ ਬਹੁਤ ਉੱਚੇ ਹਨ, ਕੀਮਤ ਦਾ ਕੰਟਰੋਲ ਸਰਕਾਰ ਅਤੇ ਕੰਪਨੀਆਂ ਮਿਲ ਕੇ ਤੈਅ ਕਰਦੀਆਂ ਹਨ। ਸਿਗਰਟ ਵਿਚੋਂ ਸਰਕਾਰਾਂ ਨੂੰ ਟੈਕਸ ਅਤੇ ਕੰਪਨੀਆਂ ਨੂੰ ਮੁਨਾਫਾ ਹੁੰਦਾ ਹੈ, ਇਸੇ ਕਰ ਕੇ ਭਾਅ ਬਹੁਤ ਜ਼ਿਆਦਾ ਹੁੰਦੇ ਹਨ। ਡੱਬੀ ਦਾ ਮੁੱਲ ਬੋਤਲ ਬਰੋਬਰ ਹੀ ਹੈ। ਸਰਕਾਰਾਂ ਡੱਬੀ ਉਪਰ ਸਿਗਰਟ ਦੇ ਦੁਰਪ੍ਰਭਾਵਾਂ ਬਾਰੇ ਫੋਟੋ ਛਾਪ ਕੇ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੀਆਂ ਹਨ। ਇਹ ਮਿੱਥ ਯੂਰਪ ਅਤੇ ਪੰਜਾਬੀਆਂ ਵਿਚ ਸਾਂਝੀ ਹੈ ਕਿ ਠੰਢੇ ਮੁਲਕ ਹੋਣ ਕਰ ਕੇ ਨਿਕੋਟੀਨ ਲੈਣੀ ਹੀ ਪੈਂਦੀ ਹੈ। ਇਹ ਮੌਸਮ ਦੀ ਮਾਰ ਹੈ, ਸਰੀਰ ਦੀ ਲੋੜ ਹੈ। ਨਿਕੋਟੀਨ ਲਈ ਕੇਵਲ ਬਣੀਆਂ ਬਣਾਈਆਂ ਸਿਗਰਟਾਂ ਹੀ ਨਹੀਂ ਸਗੋਂ ਘਰੇ ਖੁਦ ਭਰਨ ਲਈ ਤੰਬਾਕੂ ਦੇ ਪੁੜੇ ਅਤੇ ਖਾਲੀ ਸਿਗਰਟ ਭਾਵ ਖੋਲ ਵੀ ਮਿਲਦੇ ਹਨ। ਈ-ਸਿਗਰਟ ਦਾ ਕਾਫੀ ਚਲਨ ਹੈ। ਧਰਮੀ ਪੰਜਾਬੀਆਂ ਲਈ ਇਹ ਧਰਮ ਸੰਕਟ ਹੈ, ਖਾਸ ਕਰ ਕੇ ਗਰੌਸਰੀ ਸਟੋਰ ਚਲਾਉਣ ਵਾਲਿਆਂ ਨੂੰ, ਕਿਉਂਕਿ ਸਿਗਰਟ ਬਿਨਾਂ ਦੁਕਾਨ ਨਹੀਂ ਚਲਦੀ। ਕੁਝ ਖੁਸ਼ ਹੋ ਕੇ ਹੋਰ ਸਮਾਨਾਂ ਵਾਂਗ ਸਮਾਨ ਸਮਝ ਕੇ ਵੇਚੀ ਜਾਂਦੇ ਹਨ। ਕੁਝ ਔਖੇ ਭਾਰੇ ਨੱਕ ਬੁੱਲ੍ਹ ਕੱਢ ਕੇ ਵੇਚੀ ਜਾਂਦੇ ਹਨ। ਦਾਰੂ ਦੇ ਵੱਖਰੇ ਠੇਕੇ ਨਹੀਂ ਹਨ। ਦਾਰੂ ਹਰ ਦੁਕਾਨ ਭਾਵ ਗਰੌਸਰੀ ਸਟੋਰ ਤੋਂ ਮਿਲਦੀ ਹੈ। ਆਮ ਕਰ ਕੇ ਹਰ ਦੁਕਾਨ ਉਪਰ ਸਭ ਤੋਂ ਪਹਿਲਾਂ ਬੋਤਲਾਂ ਹੀ ਸਲੀਕੇ ਨਾਲ ਟਿਕਾਈਆਂ ਮਿਲਦੀਆਂ ਹਨ। ਹਾਰਡ ਡਰਿੰਕ ਭਾਵ ਵਿਸਕੀ ਵੋਦਕਾ ਦੀ ਥਾਂ ਵਾਈਨ ਅਤੇ ਬੀਅਰ ਦਾ ਪ੍ਰਚਲਨ ਵਧੇਰੇ ਹੈ। ਸੁਬਹ ਸਵੇਰੇ ਨਾਸ਼ਤੇ ਨਾਲ ਵੀ ਰੈਸਟੋਰੈਂਟਾਂ ਵਿਚ ਲੋਕ ਵਾਈਨ ਦੇ ਗਲਾਸ ਭਰਾ ਕੇ ਬੈਠੇ ਹੁੰਦੇ ਹਨ। ਬੀਅਰ ਅਤੇ ਵਾਈਨ ਵਿਚ ਵਰਾਇਟੀ ਬਹੁਤ ਹੈ। ਸ਼ੈਂਪੇਨ ਅਕਸਰ ਪੀਤੀ ਜਾਂਦੀ ਹੈ। ਪੰਜਾਬੀ ਬੰਦਾ ਸ਼ਰਾਬ ਦੇ ਸੁਆਦ ਨੂੰ ਨਹੀਂ ਕੇਵਲ ਨਸ਼ੇ ਨੂੰ ਜਾਣਦਾ ਹੈ। ਉਸ ਲਈ ਸ਼ਰਾਬ ਦਾ ਸੁਆਦ ਕੋਈ ਬਹੁਤਾ ਅਰਥ ਨਹੀਂ ਰਖਦਾ; ਉਹ ਬੱਸ ਬੀਅਰ, ਵਾਈਨ, ਵਿਸਕੀ ਅਤੇ ਦੇਸੀ ਵਿਚਲੇ ਫਰਕ ਨੂੰ ਹੀ ਪਛਾਣਦਾ ਹੈ। ਉਹ ਵਾਈਨ ਦੇ ਸੈਂਕੜੇ ਸੁਆਦਾਂ ਨੂੰ ਨਹੀਂ ਜਾਣਦਾ। ਉਸ ਨੂੰ ਬੀਅਰ ਦੇ ਦਰਜਣਾਂ ਸੁਆਦਾਂ ਦੀ ਵੀ ਇਲਮ ਨਹੀਂ ਹੈ। ਉਹ ਸ਼ਰਾਬ ਦੇ ਵੀ ਵੱਖ-ਵੱਖ ਸੁਆਦਾਂ ਵਾਲੇ ਕਾਕਟੇਲਾਂ ਨੂੰ ਨਹੀਂ ਪਛਾਣਦਾ ਪਰ ਯੂਰਪ ਵਿਚ ਇਨ੍ਹਾਂ ਸ਼ਰਾਬਾਂ ਦੇ ਨਸ਼ਿਆਂ ਨਾਲ ਸ਼ਰਾਬਾਂ ਦੇ ਸੁਆਦ ਦਾ ਵੀ ਮਹੱਤਵ ਹੈ। ਆਮ ਕਰ ਕੇ ਵਿਅਕਤੀ ਆਪਣੀ ਪਸੰਦ ਹੀ ਪੀਂਦੇ ਹਨ। ਆਮ ਕਰ ਕੇ ਔਰਤਾਂ ਵਾਈਨ ਅਤੇ ਮਰਦ ਬੀਅਰ ਪਸੰਦ ਕਰਦੇ ਹਨ। ਪਿਅੱਕੜ ਉੱਥੇ ਵੀ ਹਨ ਪਰ ਅਕਸਰ ਸੈਂਸ ਵਿਚ ਰਹਿੰਦੇ ਹਨ। ਪੱਕੇ ਨਸ਼ੇੜੀ ਨੀਟ ਪੀਂਦੇ ਹਨ। ਸੁਬਹ ਸਵੇਰੇ ਸਕਿਉਰਟੀ ‘ਤੇ ਪਲਣ ਵਾਲੇ ਮੰਗਤਾਨੁਮਾ ਪੱਕੇ ਸ਼ਰਾਬੀ ਦੁਕਾਨਾਂ ਅੱਗੇ ਨੀਟ ਨਾਲ ਨਾਸ਼ਤਾ ਕਰਦੇ ਵੇਖਣੇ ਹੋਣ ਤਾਂ ਥੋੜ੍ਹੇ ਹੀ ਤਰੱਦਦ ਨਾਲ ਮਿਲ ਜਾਂਦੇ ਹਨ। ਫੀਮ ਤੇ ਖੇਤੀ ਦਾ ਲੀਗਲ ਸਟੈਂਡਰਡ ਤਾਂ ਅੱਡ-ਅੱਡ ਦੇਸ਼ਾਂ ਵਿਚ ਅੱਡ-ਅੱਡ ਹੈ ਪਰ ਖੇਤਾਂ ਵਿਚ ਆਪਣੇ ਆਪ ਉੱਗੀ ਗਾਰਡਨ ਪੌਪੀ ਬਹੁਤ ਵੇਖੀ। ਕੁਝ ਸ਼ੁਕੀਨ ਕਿਸਾਨਾਂ ਨੇ ਤਾਂ ਕਣਕ ਦੇ ਵਿਚਕਾਰ ਚੌਰਸ ਕਿਆਰੀਆਂ ਵਿਚ ਸੋਹਣੇ ਲੱਗਣ ਨੂੰ ਪੌਪੀ ਲਗਾਈ ਹੋਈ ਸੀ। ਹਰੇ ਕਚੂਰ ਖੇਤਾਂ ਦੇ ਵਿਚ ਲਾਲ-ਲਾਲ ਫੁੱਲ ਬੜੇ ਸੋਹਣੇ ਲੱਗਦੇ ਸਨ। ਮੈਨੂੰ ਪੰਜਾਬੀ ਬੋਲੀ ਵਾਰ-ਵਾਰ ਯਾਦ ਆ ਰਹੀ ਸੀ: ਐਧਰ ਕਣਕਾਂ ਓਧਰ ਕਣਕਾਂ, ਵਿਚ ਕਿਆਰੀ ਬਾਥੂ ਦੀ...।



*ਸਵਿਟਜ਼ਰਲੈਂਡ ਦੀ ਰਾਜਧਾਨੀ ਬਰਨ ਦਾ ਅੰਬਰੀ ਨਜ਼ਾਰਾ।*

# ਆਰ-ਪਾਰ ਦੀ ਥਾਂ ਵਿਚਕਾਰ ਡਟਣ ਵਾਲ਼ੀ ਬੀਬਾ ਕੁਲਵੰਤ

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਦਸਵੇਂ ਪੂਰ ਵਿਚ ਉੱਘੀ ਕਲਾਕਾਰ ਤੇ ਲੇਖਿਕਾ ਬੀਬਾ ਕੁਲਵੰਤ ਬਾਰੇ ਗੱਲਾਂ ਹਨ।***

## ਕਲਮਾਂ ਵਾਲੀਆਂ

ਬੀਬਾ ਕੁਲਵੰਤ ਨੂੰ ਮੈਂ ਉਸ ਸਮੇਂ ਤੋਂ ਜਾਣਦਾ ਹਾਂ, ਜਦੋਂ ਸਾਹਿਤ ਦੇ ਖੇਤਰ ਵਿਚ ਸਵੇਰ ਦੀ ਪੌਣ ਵਰਗੀ ਉਹਦੀ ਆਉਂਦ ਦਾ ਜ਼ਿਕਰ ਤਾਂ ਹੋ ਹੀ ਰਿਹਾ ਸੀ, ਉਸ ਤੋਂ ਵੀ ਵੱਧ ਚਰਚੇ ਉਸ ਦੀ ਮੰਚ-ਅਦਾਕਾਰੀ ਦੇ ਛਿੜੇ ਹੋਏ ਸਨ। ਲੇਖਿਕਾ ਵਜੋਂ ਤਾਂ ਉਹ ਸੁਭਾਗੀ ਸੀ ਹੀ, ਜਿਸ ਦੀਆਂ ਮੁੱਢਲੀਆਂ ਕਹਾਣੀਆਂ ਹੀ ਪ੍ਰਸ਼ੰਸਾ ਦੇ ਪੁਰਸਕਾਰ ਉਹਦੀ ਝੋਲੀ ਵਿਚ ਪੁਆ ਰਹੀਆਂ ਸਨ, ਉਸ ਦੀ ਮੰਚ-ਕਲਾ ਦਾ ਜਾਦੂ ਵੀ ਮੂੰਹੋਂ ਬੋਲ ਰਿਹਾ ਸੀ। ਮੈਨੂੰ ਚੇਤੇ ਹੈ, ਇਕ ਵਾਰ ਜਦੋਂ ਮੈਂ ਉਸ ਦੀ ਇਕ ਨਵੀਂ ਛਪੀ ਕਹਾਣੀ ਦੀ ਸਿਫ਼ਤ ਆਪਣੇ ਇਕ ਮਿੱਤਰ ਕੋਲ ਕੀਤੀ ਤਾਂ ਉਹ ਬੋਲਿਆ, ਜੇ ਤੁਸੀਂ ਕਦੀ ਇਸ ਕੁੜੀ ਨੂੰ ਅਭਿਨੇਤਰੀ ਦੇ ਰੂਪ ਵਿਚ ਦੇਖੋਂ! ਉਸ ਦਾ ਕਹਿਣਾ ਸੀ ਕਿ ਬੀਬਾ ਆਪਣੀ ਵੇਸ-ਭੂਸ਼ਾ ਦੇ ਪੱਖੋਂ ਹੀ ਆਪਣੇ ਪਾਤਰਾਂ ਦਾ ਰੂਪ ਨਹੀਂ ਲਗਦੀ ਸਗੋਂ ਉਸ ਦੀ ਬੋਲਦੀ ਕਾਇਆ ਅਤੇ ਅਭਿਨੈ-ਕਲਾ ਮਿਲ ਕੇ ਪਾਤਰ ਨੂੰ ਹੀ ਸਾਕਾਰ ਕਰ ਦਿੰਦੀਆਂ ਹਨ।



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਉਸ ਨੇ ਗੱਲ ਮੁਕਾਈ ਕਿ ਕੁਲਵੰਤ ਇੱਛਾਧਾਰੀ ਅਭਿਨੇਤਰੀ ਹੈ ਜੋ ਮੰਚ ਉਤੇ ਪੁੱਜਦਿਆਂ ਹੀ ਆਪਣੇ ਵਜੂਦ ਨੂੰ ਲੋਪ ਕਰ ਕੇ ਪਾਤਰ ਦੇ ਵਜੂਦ ਵਿਚ ਉਦੈ ਹੋ ਜਾਂਦੀ ਹੈ।

ਵੱਡੀ ਗੱਲ ਇਹ ਹੈ ਕਿ ਨੰਗੇ ਪੈਰੀਂ ਤਪੇ ਹੋਏ ਕੰਡਿਆਲੇ ਥਲ ਦਾ ਸਫ਼ਰ ਉਹਦੀ ਕਲਾਕਾਰੀ ਨੂੰ ਮਾਤ ਨਹੀਂ ਦੇ ਸਕਿਆ। ਸਾਲ, 2019 ਵਿਚ ਉਹ ਡਾ. ਪ੍ਰਿਥਵੀ ਰਾਜ ਥਾਪਰ ਦੇ ਸੱਦੇ ਉੱਤੇ ਉਹਦੀ ਸਾਹਿਤਕ ਸੰਸਥਾ ਦੇ ਮੰਚ ਤੋਂ ਨਾਟਕ ਪੇਸ਼ ਕਰਨ ਆਈ ਤਾਂ ਸਾਡੇ ਘਰ ਠਹਿਰੀ। ਉਸ ਨੂੰ ਸਭ ਕੁਝ ਦੇ ਬਾਵਜੂਦ ਏਨੇ ਸਾਲਾਂ ਮਗਰੋਂ ਵੀ ਅਡੋਲ ਤੇ ਜੁਝਾਰ ਦੇਖ ਕੇ ਖ਼ੁਸ਼ੀ ਵੀ ਹੋਈ ਤੇ ਤਸੱਲੀ ਵੀ। ਮੈਂ ਕਿਸੇ ਮਜਬੂਰੀ ਕਾਰਨ ਉਹਦਾ ਨਾਟਕ ਦੇਖਣ ਤਾਂ ਨਾ ਜਾ ਸਕਿਆ ਪਰ ਮਗਰੋਂ ਡਾ. ਥਾਪਰ ਨਾਲ ਗੱਲ ਹੋਈ। ਉਹਨੇ ਪ੍ਰਸੰਸਾ ਤਾਂ ਪੂਰੀ ਨਾਟ-ਮੰਡਲੀ ਦੀ ਕੀਤੀ ਪਰ ਬੀਬਾ ਦੇ ਅਭਿਨੈ ਤੇ ਨਿਰਦੇਸ਼ਨ ਤੋਂ ਤਾਂ ਉਹ ਬੇਹੱਦ ਪ੍ਰਭਾਵਿਤ ਹੋਇਆ ਸੀ। ਉਹਦਾ ਕਹਿਣਾ ਸੀ ਕਿ ਕਿਸੇ ਮੰਚ-ਪੇਸ਼ਕਾਰੀ ਵਿਚ ਏਨੀ ਸਹਿਜਤਾ ਤੇ ਸੁਭਾਵਿਕਤਾ ਘੱਟ ਹੀ ਦੇਖਣ ਵਿਚ ਆਉਂਦੀ ਹੈ!

ਬੀਬਾ ਦੀ ਪਹਿਲੀ ਉਮਰੇ ਉਹਦੇ ਅਤੇ ਮੇਰੇ ਵਿਚਕਾਰ ਸਾਹਿਤ ਦੀ ਸਾਂਝ ਸੀ, ਪਰ ਭੂਗੋਲ ਦੀ ਵਿੱਥ ਸੀ। ਮੈਂ ਉਸ ਦੀਆਂ ਰਚਨਾਵਾਂ ਤਾਂ ਪੜ੍ਹਦਾ ਰਿਹਾ, ਪਰ ਮੈਨੂੰ ਕਦੀ ਉਸ ਦੀ ਮੰਚ-ਕਲਾ ਦੇਖਣ, ਮਾਣਨ, ਪਰਖਣ ਤੇ ਸਲਾਹੁਣ ਦਾ ਮੌਕਾ ਨਾ ਮਿਲਿਆ। ਹਾਂ, ਇਥੇ ਇਹ ਵੀ ਦੱਸ ਦੇਵਾਂ, ਇਹ ਬੀਬਾ ਦੇ ਜੀਵਨ ਦਾ ਦੂਜਾ ਦੌਰ ਸੀ। ਪਹਿਲਾ ਦੌਰ ਜਗੀਰੂ ਸੋਚ ਵਾਲੇ ਅਮੀਰ ਮਾਪਿਆਂ ਦੇ ਘਰ ਬੀਤੇ ਬਾਲਪਨ ਅਤੇ ਚੜ੍ਹਦੀ ਜਵਾਨੀ ਦਾ ਸੀ। ਸਭ ਕੁਝ ਸੀ, ਧਨ-ਦੌਲਤ, ਕੋਠੀ, ਜ਼ਮੀਨ, ਸਹੂਲਤਾਂ, ਨੌਕਰ-ਚਾਕਰ। ਪਰ ਉਹ ਇਹ ਸਭ ਕੁਝ ਦੇ ਵਿਚਕਾਰ ਬਹੁਤ ਬੇਚੈਨੀ ਮਹਿਸੂਸ ਕਰਦੀ। ਇਨ੍ਹਾਂ ਸੁਖ-ਸਾਧਨਾਂ ਨਾਲ ਜਗੀਰੂ ਮਾਹੌਲ ਅਤੇ ਜਗੀਰੂ ਸੋਚ ਲਈ ਸੁਭਾਵਿਕ ਬੰਦਸ਼ਾਂ ਵੀ ਜੁੜੀਆਂ ਹੋਈਆਂ ਸਨ, ਜੋ ਉਸ ਨੂੰ ਪਰਵਾਨ ਨਹੀਂ ਸਨ ਅਤੇ ਜੀਵਨ ਦਾ ਅਜਿਹਾ ਨਜ਼ਰੀਆ ਵੀ ਜੁੜਿਆ ਹੋਇਆ ਸੀ, ਜੋ ਉਸ ਦੇ ਨਜ਼ਰੀਏ ਦੇ ਹਾਣ ਦਾ ਨਹੀਂ ਸੀ। ਉਸ ਦੇ ਆਪਣੇ ਵਿਚਾਰਾਂ ਨੇ ਨੁਹਾਰ ਫੜਨੀ ਸ਼ੁਰੂ ਕਰ ਦਿੱਤੀ ਸੀ ਅਤੇ ਇਹ ਨੁਹਾਰ ਉਸ ਦੇ ਆਲੇ-ਦੁਆਲੇ ਦੀ ਨੁਹਾਰ ਨਾਲੋਂ ਬਿਲਕੁਲ ਵੱਖਰੀ ਸੀ।

ਇਹ ਨਵੇਂ ਪੁੰਗਰਦੇ ਵਿਚਾਰ ਅਜਿਹੇ ਸਵਾਲਾਂ ਨੂੰ ਜਨਮ ਦੇਣ ਲੱਗੇ ਸਨ। ਜਿਨ੍ਹਾਂ ਦੇ ਪਰਿਵਾਰਕ ਜਵਾਬ ਉਸ ਦੀ ਤਸੱਲੀ ਦਾ ਆਧਾਰ ਨਹੀਂ ਸਨ ਬਣਦੇ ਅਤੇ ਨਾ ਹੀ ਬਣ ਸਕਦੇ ਸਨ। ਮਿਸਾਲ ਵਜੋਂ, ਜਿਹੜੀ ਸਮਾਜਕ ਵੰਡ ਉਸ ਦੇ ਮਾਹੌਲ ਲਈ ਬਿਲਕੁਲ ਸੁਭਾਵਿਕ ਸੀ, ਸਗੋਂ ਜ਼ਰੂਰੀ ਅਤੇ ਲੋੜੀਂਦੀ ਸੀ, ਉਹ ਬੀਬਾ ਨੂੰ ਨਿਰੰਤਰ ਪਰੇਸ਼ਾਨ ਕਰਦੀ ਸੀ। ਉਹ ਆਪਣੇ ਵੱਲ ਦੇਖਦੀ ਅਤੇ ਫਿਰ ਕਾਮਿਆਂ ਦੇ ਆਪਣੇ ਹਾਣੀ ਬੱਚਿਆਂ ਵੱਲ ਦੇਖਦੀ ਤੇ ਸੋਚਦੀ, ਇਹ ਜੋ ਫ਼ਰਕ ਹੈ, ਕਿਉਂ ਹੈ? ਜਿਵੇਂ ਪ੍ਰੋ. ਮੋਹਨ ਸਿੰਘ ਕਹਿੰਦੇ ਹਨ ਕਿ ਮੈਨੂੰ ਕਿਉਂ, ਕੀ ਤੇ ਕਿੰਦਾਂ ਨੇ ਮਾਰਿਆ, ਬੀਬਾ ਦੀ ਵੀ ਹਾਲਤ ਇਹੋ ਸੀ। ਇਸੇ ਕਰਕੇ ਉਹਨੇ ਅੱਗੇ ਚੱਲ ਕੇ ਆਪਣੇ ਕਾਵਿ-ਸੰਗ੍ਰਹਿ ਦਾ ਨਾਂ 'ਪੈਰਾਂ 'ਚ ਸੁਲਗਦਾ ਸਫ਼ਰ' ਰੱਖਿਆ।

ਉਹਦੇ ਵਿਚਾਰ ਹੌਲੀ-ਹੌਲੀ ਵਿਚਾਰਧਾਰਾ ਵਿਚ ਢਲਣ ਲੱਗੇ ਸਨ ਅਤੇ ਵਿਚਾਰਧਾਰਾ ਕਿੰਤੂ ਖੜ੍ਹੇ ਕਰਦੀ ਸੀ ਤੇ ਉਨ੍ਹਾਂ ਕਿੰਤੂਆਂ ਦਾ ਨਿਤਾਰਾ ਤਲਾਸ਼ਦੀ ਸੀ। ਉਹਦੇ ਮਾਹੌਲ ਦੀਆਂ ਬੰਦਸ਼ਾਂ ਉਹਨੂੰ, ਸੁਭਾਵਿਕ ਹੀ, ਪੋਂਹਦੀਆਂ ਨਹੀਂ ਸਨ। ਇੱਟਾਂ-ਪੱਥਰਾਂ ਦੀਆਂ ਉੱਚੀਆਂ ਦੀਵਾਰਾਂ ਦੇ ਅੰਦਰਲੀ ਹੁੰਮਸ ਵਿਚ ਉਹਦਾ ਸਾਹ ਘੁਟਦਾ। ਇਸ ਘੁਟਣ ਦੇ ਨਿਕਾਸ ਵਾਸਤੇ ਲਿਖਣਾ ਤਾਂ ਦੂਰ, ਪਾਠ-ਪੁਸਤਕਾਂ ਤੋਂ ਬਿਨਾਂ ਹੋਰ ਕੁਝ ਪੜ੍ਹਨ ਦੀ ਆਗਿਆ ਵੀ ਨਹੀਂ ਸੀ। ਇਸ ਹਾਲਤ ਵਿਚ ਉਹ ਖੁੱਲ੍ਹ ਦੀ ਕਲਪਨਾ ਕਰਦੀ।

ਜ਼ਿੰਦਗੀ ਸਬੱਬਾਂ ਨਾਲ ਭਰੀ ਹੋਈ ਹੈ। ਕਈ ਵਾਰ ਕਠਿਨ ਰਾਹਾਂ ਵਿਚ ਸੁਖਾਵੇਂ ਮੋੜ ਆ ਜਾਂਦੇ ਹਨ। ਦੇਸ ਦੀ ਵੰਡ ਬਾਰੇ ਬੀਬਾ ਦੀ ਲਿਖੀ ਇਕ ਕਹਾਣੀ ਦੇ ਦਰਦ ਦੀ ਪਾਕਿਸਤਾਨੋਂ ਆਏ ਮਾਪਿਆਂ ਦੇ ਉਜਾੜੇ ਦੇ ਦਰਦ ਨਾਲ ਬਣੀ ਭਾਵੁਕ ਸਾਂਝ ਨੇ ਬੀਬਾ ਦਾ ਲਿਖਣਾ-ਪੜ੍ਹਨਾ ਘਰ ਵਿਚ ਸਹਿਣਯੋਗ ਬਣਾ ਦਿੱਤਾ। ਤੇ ਫੇਰ ਵਿਆਹ ਤੋਂ ਮਗਰੋਂ ਸਾਹਿਤ-ਰਚਨਾ ਦੇ ਨਾਲ-ਨਾਲ ਉਹਦੀ ਮੰਚ-ਕਲਾ ਦੇ ਪ੍ਰਗਟਾਵੇ ਲਈ ਪਤੀ ਦੀ ਸਹਿਮਤੀ ਨੇ ਤਾਂ ਜਿਵੇਂ ਉਹਦੇ ਬੰਧਨ ਹੀ ਕੱਟ ਦਿੱਤੇ। ਤੇ ਇਹੋ ਹੀ ਦਿਨ ਸਨ ਜਦੋਂ ਉਸ ਬਾਰੇ ਚੰਗੀਆਂ-ਚੰਗੀਆਂ ਗੱਲਾਂ ਸੁਣਨ ਨੂੰ ਮਿਲਦੀਆਂ-- ਘਰ, ਪਤੀ, ਬੱਚੇ, ਸਾਹਿਤ, ਨਾਟਕ ਤੇ ਉਹ। ਪਰ ਇਸ ਦੌਰ ਦੀ ਉਮਰ ਬਹੁਤ ਲੰਮੀ ਸਿੱਧ ਨਾ ਹੋਈ। ਬੀਬਾ ਵਰਗੀ ਕੋਮਲਭਾਵੀ ਤੇ ਆਦਰਸ਼ਵਾਦੀ ਕੁੜੀ ਲਈ ਇਹ ਸਭ ਕੁਝ ਸੁਫ਼ਨਿਆਂ ਦਾ ਸ਼ੀਸ਼-ਮਹਿਲ ਢਹਿ ਕੇ ਢੇਰੀ ਹੋਣ ਵਾਂਗ ਸੀ।

ਇਸ ਸਾਰੇ ਸਮੇਂ ਦੌਰਾਨ ਬੀਬਾ ਨਾਲ ਮੇਰਾ ਕੋਈ ਸਿੱਧਾ ਸੰਪਰਕ ਨਹੀਂ ਸੀ ਹੋਇਆ। ਬੱਸ ਸੋਆਂ ਸਨ ਜੋ ਕਦੀ-ਕਦੀ ਆਉਂਦੀਆਂ ਸਨ; ਜਾਂ ਫਿਰ ਕਦੇ-ਕਦੇ ਉਸ ਦੀ ਕੋਈ ਸਾਹਿਤਕ ਰਚਨਾ ਕਿਤੇ ਛਪੀ ਹੋਈ ਦਿੱਸ ਪੈਂਦੀ ਸੀ; ਜਾਂ ਉਹਦੀ ਕੋਈ ਪੱਤਰਕਾਰਾਨਾ ਲਿਖਤ, ਰਿਪੋਰਟਿੰਗ, ਇੰਟਰਵਿਊ, ਆਦਿ ਨਜ਼ਰੋਂ ਲੰਘ ਜਾਂਦੀ ਸੀ; ਜਾਂ ਕਿਸੇ ਸਾਹਿਤਕ-ਸਭਿਆਚਾਰਕ ਪ੍ਰੋਗਰਾਮ ਜਾਂ ਨਾਟਕੀ ਪੇਸ਼ਕਾਰੀ ਦੇ ਉਸ ਦੇ ਕੀਤੇ ਹੋਏ ਮੰਚ-ਸੰਚਾਲਨ ਦੀ ਖ਼ਬਰ ਛਪੀ ਹੋਈ ਹੁੰਦੀ ਸੀ। ਇਹ ਵੀ ਪਤਾ ਲੱਗਿਆ ਕਿ ਉਹ ਇਸ ਸਭ ਕੁਝ ਦੇ ਨਾਲ-ਨਾਲ ਚੁੱਲ੍ਹਾ ਬਲਦਾ ਰੱਖਣ ਲਈ ਕਿਸੇ ਸਕੂਲ ਵਿਚ ਅਧਿਆਪਕਾ ਲੱਗੀ ਹੋਈ ਹੈ। ਭਾਵ ਉਨ੍ਹੀਂ ਦਿਨੀਂ ਉਹ ਰਚਨਾਤਮਕ ਕੰਮ ਘੱਟ ਕਰ ਰਹੀ ਸੀ ਅਤੇ ਰੁਝਾਈ ਰੱਖਣ ਵਾਲੇ ਤੇ ਕਲਮ ਨੂੰ ਵਿਹਲੀ ਪਈ ਰਹਿਣ ਦੇਣ ਦੀ ਥਾਂ ਕੁਝ ਨਾ ਕੁਝ ਤੋਰੀਂ ਰੱਖਣ ਵਾਲੇ ਅਰਧ-ਸਾਹਿਤਕ ਜਿਹੇ ਕੰਮ ਵਧੀਕ ਕਰ ਰਹੀ ਸੀ, ਸ਼ਾਇਦ ਕਲਮ ਅਤੇ ਮੰਚ ਦੇ ਸੰਸਾਰ ਨਾਲ ਨਾਤਾ ਬਣਾਈ ਰੱਖਣ ਲਈ। ਜਾਂ ਸ਼ਾਇਦ ਕੌੜੀਆਂ ਯਾਦਾਂ ਨੂੰ ਭੁਲਾਉਣ ਦਾ ਨਿਹਫ਼ਲ ਯਤਨ ਕਰਨ ਲਈ।

ਜਦੋਂ ਮੈਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸੀ, ਡਾਕ ਰਾਹੀਂ ਉਹਦੀ ਇਕ ਰਚਨਾ ਆਈ। ਵੱਖ-ਵੱਖ ਕਿਸਮਾਂ ਦੇ ਕਾਗ਼ਜ਼ਾਂ ਦੇ ਵੱਖ-ਵੱਖ ਆਕਾਰ ਦੇ ਛੋਟੇ-ਛੋਟੇ ਟੁਕੜਿਆਂ ਉੱਤੇ ਲਿਖੀ ਹੋਈ ਇਹ ਰਚਨਾ ਜਾਪਦੀ ਤਾਂ ਸਵੈਬੀਤੀ ਸੀ ਪਰ ਉਸ ਵਿਚ ਰਸ ਕਿਸੇ ਵਧੀਆ ਕਹਾਣੀ ਵਰਗਾ ਸੀ। ਪੜ੍ਹੀ ਤਾਂ ਮੈਨੂੰ ਚੰਗੀ ਲੱਗੀ। ਐਤਵਾਰ ਦੇ ਅੰਕ ਵਿਚ ਛਪੀ ਤਾਂ ਉਸ ਰਚਨਾ ਨੂੰ ਪਾਠਕਾਂ ਦੀ ਏਨੀ ਪ੍ਰਸੰਸਾ ਮਿਲੀ ਜਿੰਨੀ ਆਮ ਕਰ ਕੇ ਕਿਸੇ-ਕਿਸੇ ਲਿਖਤ ਨੂੰ ਹੀ ਮਿਲਿਆ ਕਰਦੀ ਹੈ। ਮੈਂ ਅਕਸਰ ਹੀ ਸਾਹਿਤਕਾਰਾਂ ਦੇ ਨਾਲ-ਨਾਲ ਸਮਾਜਕ ਜੀਵਨ ਦੇ ਹੋਰ ਵੰਨਸੁਵੰਨੇ ਖੇਤਰਾਂ ਬਾਰੇ ਲਿਖਣ ਵਾਲੇ ਚੰਗੇ ਲੇਖਕਾਂ ਤੋਂ ਰਚਨਾਵਾਂ ਦੀ ਮੰਗ ਕਰਦੀਆਂ ਹੋਈਆਂ ਚਿੱਠੀਆਂ ਲਿਖਦਾ ਰਹਿੰਦਾ ਸੀ। ਬੀਬਾ ਦਾ ਇਹ ਲੇਖ ਵੀ ਅਜਿਹਾ ਸੀ, ਜੀਹਦੇ ਸਦਕਾ ਮੈਂ ਉਹਨੂੰ ਪ੍ਰਸ਼ੰਸਾਤਮਕ ਚਿੱਠੀ ਵੀ ਲਿਖੀ ਅਤੇ ਇਹ ਮੰਗ ਵੀ ਕੀਤੀ ਕਿ ਉਹ ਆਪਣੀਆਂ ਰਚਨਾਵਾਂ ਭੇਜਦੀ ਰਹੇ।



ਕੁਝ ਦਿਨਾਂ ਮਗਰੋਂ ਇਕ ਹੋਰ ਰਚਨਾ ਦੇਣ ਲਈ ਉਹ ਆਪ ਮੇਰੇ ਦਫ਼ਤਰ ਆ ਗਈ। ਨੀਲੀ ਭਾਹ ਮਾਰਦਾ ਸੂਟ ਅਤੇ ਦੂਹਰਾ ਕਰ ਕੇ ਤਿਕੋਣਾ ਬਣਾਉਂਦਿਆਂ ਸਿਰ ਉੱਤੇ ਬੰਨ੍ਹਿਆ ਹੋਇਆ ਕੇਸਰੀ ਜਿਹਾ ਰੁਮਾਲਾ, ਉਹ ਅਠਾਰਵੀਂ ਸਦੀ ਦੇ ਇਤਿਹਾਸ ਵਿਚੋਂ ਸੁਰਜੀਤ ਹੋਈ ਕੋਈ ਜੁਝਾਰੂ ਸਿੰਘਣੀ ਲਗਦੀ ਸੀ। ਉਹ ਪਟਿਆਲੇ ਜਾ ਰਹੀ ਸੀ ਤੇ ਕਾਰ ਸੜਕ ਉੱਤੇ ਖੜ੍ਹੀ ਕਰ ਕੇ ਰਚਨਾ ਹੱਥੀਂ ਪੁੱਜਦੀ ਕਰਨ ਅੰਦਰ ਆ ਗਈ ਸੀ। ਮੈਂ ਉਸ ਤੋਂ ਉਸ ਦੀ ਪਹਿਲਾਂ ਛਪੀ ਰਚਨਾ ਵਿਚ ਯਥਾਰਥ ਅਤੇ ਗਲਪ ਦੀ ਮਿੱਸ ਬਾਰੇ ਪੁਛਿਆ। ਉਹਦਾ ਕਹਿਣਾ ਸੀ ਕਿ ਉਸ ਵਿਚ ਗਲਪੀ ਅੰਸ਼ ਜਾਂ ਕਲਪਨਾ ਦੀ ਮਿੱਸ ਤਾਂ ਹੈ ਹੀ ਨਹੀਂ ਸੀ। ਜੋ ਕੁਝ ਜਿਵੇਂ ਵਾਪਰਿਆ ਸੀ, ਉਹਨੇ ਜਿਉਂ-ਦਾ-ਤਿਉਂ ਲਿਖ ਦਿੱਤਾ ਸੀ।

ਪੰਜਾਬ ਦੇ ਚੰਦਰੇ ਦਿਨੀਂ ਪੰਜਾਬੀ ਭਵਨ ਲੁਧਿਆਣਾ ਵਿਚ ਭਾ-ਜੀ ਗੁਰਸ਼ਰਨ ਸਿੰਘ ਦੀ ਨਾਟ-ਪੇਸ਼ਕਾਰੀ ਸਮੇਂ ਅੱਤਵਾਦੀ ਮੁੰਡਿਆਂ ਦੀ ਇਕ ਟੋਲੀ ਦਰਸ਼ਕਾਂ ਵਿਚਕਾਰ ਆ ਬੈਠਦੀ ਹੈ, ਦਰਸ਼ਕ ਬਣ ਕੇ ਨਹੀਂ, ਦਾਅ ਲਗਦਿਆਂ ਨਾਟ-ਮੰਡਲੀ ਉੱਤੇ ਗੋਲ਼ੀਆਂ ਵਰ੍ਹਾਉਣ ਦੇ ਇਰਾਦੇ ਨਾਲ। ਪਰ ਕਲਾ ਉਨ੍ਹਾਂ ਦੇ ਕਾਲੇ ਮਨਸੂਬੇ ਉੱਤੇ ਹਾਵੀ ਹੋ ਜਾਂਦੀ ਹੈ। ਨਾਟਕ ਦਾ, ਖਾਸ ਕਰ ਕੇ ਬੀਬਾ ਦੀ ਅਦਾਕਾਰੀ ਦਾ ਵਹਿਣ ਉਨ੍ਹਾਂ ਨੂੰ ਆਪਣੇ ਨਾਲ ਵਹਾ ਤੁਰਦਾ ਹੈ ਅਤੇ ਬੰਦੂਕਾਂ ਦੀਆਂ ਨਾਲੀਆਂ ਵਿਚ ਗੋਲ਼ੀਆਂ ਪਈਆਂ ਦੀਆਂ ਪਈਆਂ ਰਹਿ ਜਾਂਦੀਆਂ ਹਨ।

ਕਿੱਸਾ ਇਥੇ ਖ਼ਤਮ ਹੋ ਜਾਂਦਾ ਤਾਂ ਕਿਸੇ ਨੂੰ ਭਿਣਕ ਵੀ ਨਹੀਂ ਸੀ ਪੈਣੀ। ਗੱਲ ਅੱਗੇ ਤੁਰਦੀ ਹੈ ਅਤੇ ਉਸ ਟੋਲੀ ਦਾ ਆਗੂ ਕੰਧ ਟੱਪ ਕੇ ਬੀਬਾ ਦੇ ਘਰ ਅੰਦਰ ਆ ਖਲੋਂਦਾ ਹੈ। ਅੱਧੀ ਰਾਤ, ਇਕੱਲੀ ਬੀਬਾ ਅਤੇ ਮੁੰਡੇ ਦੇ ਹੱਥ ਵਿਚ ਏ.ਕੇ. ਸੰਤਾਲੀ! ਕੋਈ ਵੀ ਹੁੰਦਾ, ਘਬਰਾ ਜਾਂਦਾ, ਪਰ ਬੀਬਾ ਨੂੰ ਘਬਰਾਉਣ ਦਾ ਮੌਕਾ ਵੀ ਨਹੀਂ ਮਿਲਦਾ। ਮੁੰਡਾ ਆਪਣੇ ਸ਼ਸਤਰ ਬੀਬਾ ਦੇ ਚਰਨਾਂ ਵਿਚ ਰਖਦਾ ਹੈ ਅਤੇ ਆਪਣਾ ਹੱਥ ਬੀਬਾ ਦੇ ਸੀਸ ਉੱਤੇ। ਇਹ ਮੋਹ ਨਾਲ ਉਸ ਨੂੰ ਬਿਠਾਉਂਦੀ ਹੈ ਅਤੇ ਉਹ ਇਹਨੂੰ ਇਕ ਸਾਧਾਰਨ ਪਰਿਵਾਰਕ ਨੌਜਵਾਨ ਤੋਂ ਅੱਤਵਾਦੀ ਬਣਨ ਦੀ ਆਪਣੀ ਪੂਰੀ ਕਹਾਣੀ ਕਹਿ ਸੁਣਾਉਂਦਾ ਹੈ। ਉਹ ਅੱਜ ਦੀ ਅਣਵਾਪਰੀ ਘਟਨਾ ਬਾਰੇ ਵੀ ਨਿਝੱਕ ਇਕਬਾਲ ਕਰਦਾ ਹੈ। ਜਾਣ ਲੱਗਿਆ ਉਹ ਬੀਬਾ ਨੂੰ ਭੈਣ ਬਣਾ ਕੇ ਆਪਣਾ ਖ਼ੁਫ਼ੀਆ ਪਤਾ ਦੇ ਜਾਂਦਾ ਹੈ। ਕਾਫ਼ੀ ਸਮੇਂ ਮਗਰੋਂ ਇਕ ਦਿਨ ਬੀਬਾ ਉਸ ਮੁੰਡੇ ਨੂੰ ਮਿਲਣ ਜਾ ਪਹੁੰਚਦੀ ਹੈ ਤਾਂ ਪਤਾ ਲਗਦਾ ਹੈ ਕਿ ਉਹਨੂੰ ਤਾਂ ਪੁਲਸ-ਮੁਕਾਬਲੇ ਵਿਚ ਮਰਿਆਂ ਕਈ ਹਫ਼ਤੇ ਬੀਤ ਗਏ ਹਨ।

ਸਿਆਣਿਆਂ ਦਾ ਠੀਕ ਹੀ ਕਹਿਣਾ ਹੈ ਕਿ ਜੀਵਨ ਕਈ ਵਾਰ ਗਲਪ ਨਾਲੋਂ ਵਧੀਕ ਗਲਪੀ ਹੋ ਜਾਂਦਾ ਹੈ। ਇਸ ਘਟਨਾ ਦਾ ਚੇਤਾ ਸਜਰਾਉਂਦਿਆਂ ਬੀਬਾ ਦਾ ਹਾਲਾਤ ਦਾ ਬਣਾਇਆ ਬੇਲਚਕ ਵਜੂਦ ਮੋਹ-ਮਮਤਾ ਦੇ ਨਿੱਘ ਨਾਲ ਮੋਮ ਵਾਂਗ ਨਰਮ ਹੋਇਆ ਪਿਆ ਸੀ। ਇਸ ਦੁਖਾਂਤਕ ਕਥਾ ਤੋਂ ਤੁਰਦੀ ਗੱਲ ਉਸ ਦੀ ਜੀਵਨ-ਕਥਾ ਤੱਕ ਪੁੱਜ ਗਈ। ਮੈਨੂੰ ਉਹਦੇ ਮੂੰਹੋਂ ਉਹਦੀ ਆਪਣੀ ਜੀਵਨ-ਕਹਾਣੀ ਸੁਣਨ ਵਿਚ ਦਿਲਚਸਪੀ ਸੀ। ਪਰ ਉਹਨੂੰ ਅੱਗੇ ਪੁੱਜਣ ਦੀ ਕਾਹਲੀ ਸੀ ਅਤੇ ਕਾਰ ਵਿਚ ਉਹਦੀ ਉਡੀਕ ਹੋ ਰਹੀ ਸੀ। ਉਹ ਉੱਠੀ ਅਤੇ ਫੇਰ ਆਉਣ ਦਾ ਇਕਰਾਰ ਕਰ ਕੇ ਚਲੀ ਗਈ। ਉਹ ਦਫ਼ਤਰ ਵਿਚ ਸੰਪਾਦਕ ਦੇ ਰੁਝੇਵਿਆਂ ਤੋਂ ਅਤੇ ਗੱਲਬਾਤ ਵਿਚ ਵਾਰ-ਵਾਰ ਪੈਂਦੇ ਰਹਿਣ ਵਾਲੇ ਵਿਘਨ ਤੋਂ ਵੀ ਜਾਣੂ ਸੀ। ਇਕ ਐਤਵਾਰ ਆਪਣੀ ਬੀਤੀ ਸੁਣਾਉਣ ਲਈ ਉਹ ਫੋਨ ਕਰ ਕੇ ਸਾਡੇ ਘਰ ਆ ਗਈ। ਇਉਂ ਆਈ ਜਿਵੇਂ ਕੋਈ ਚਿਰ-ਵਿੱਛੜੀ ਆਪਣੀ ਮਿਲਣ ਆਈ ਹੋਵੇ।

ਇਕ ਵਾਰ ਲੁਧਿਆਣੇ ਇਕ ਸਾਹਿਤਕ ਸਮਾਗਮ ਤੋਂ ਮਗਰੋਂ ਬੀਬਾ ਦੇ ਘਰ ਜਾਣ ਦਾ ਸਬੱਬ ਬਣਿਆ। ਪਹਿਲੀ ਨਜ਼ਰੇ ਉਹ ਕੋਈ ਕਲਾ-ਭਵਨ ਜਾਪਿਆ। ਉਸ ਵਿਚ ਪੁਸਤਕਾਂ ਸਨ, ਕਲਾ-ਕਿਰਤਾਂ ਸਨ, ਤਸਵੀਰਾਂ ਸਨ, ਚਿੱਤਰ ਸਨ, ਪੁਰਸਕਾਰ-ਚਿੰਨ੍ਹ ਸਨ, ਸਭਿਆਚਾਰਕ ਵਸਤਾਂ ਸਨ ਅਤੇ ਸਭ ਤੋਂ ਵਧ ਕੇ ਚਿਰਕਾਲੀ ਯਾਦਾਂ ਤੇ ਅਣਕੁਮਲਾਈਆਂ ਉਮੀਦਾਂ ਸਨ। ਇਸ ਸਭ ਕੁਝ ਦੇ ਵਿਚਕਾਰ ਹਵਾ ਵਿਚ ਆਪਣਿਆਂ-ਬੇਗਾਨਿਆਂ ਦੀ ਦਿੱਤੀ ਪੀੜ ਤੇ ਇਕੱਲ ਦੀ ਉਦਾਸੀ ਤਾਂ ਘੁਲੀ ਹੀ ਹੋਈ ਸੀ। ਪਰ ਨਾਲ ਹੀ ਜੀਵਨ ਦਾ ਰੁਖ਼ ਪਲਟ ਜਾਣ ਦੀ ਆਸ ਤੇ ਭਲੇ ਸਮੇਂ ਦੀ ਉਡੀਕ ਵੀ ਜੀਵੰਤ ਸਾਹ ਲੈ ਰਹੀ ਸੀ।

ਬੀਬਾ ਨੇ ਏਨਾ ਕੁ ਠਰ੍ਹੰਮਾ ਕਮਾ ਲਿਆ ਹੈ ਕਿ ਅਤੀਤ ਦੀ ਪੋਟਲੀ ਨੂੰ ਜਣੇ-ਖਣੇ ਤੋਂ ਛੁਪਾ ਕੇ ਰੱਖ ਸਕੇ ਅਤੇ ਅਜਿਹੇ ਲੋਕਾਂ ਨਾਲ ਕੇਵਲ ਆਪਣੀਆਂ ਅਸਲੀ ਜਾਂ ਰਸਮੀ ਮੁਸਕਰਾਹਟਾਂ ਹੀ ਸਾਂਝੀਆਂ ਕਰੇ। ਇੰਜ ਪੋਟਲੀ ਉਹ ਕੇਵਲ ਅਪਣੱਤ ਦਾ ਵਿਸ਼ਵਾਸ ਅਤੇ ਸੁਹਿਦਰਤਾ ਦਾ ਅਹਿਸਾਸ ਹੋ ਜਾਣ ਪਿਛੋਂ ਹੀ ਖੋਲ੍ਹਦੀ ਹੈ। ਪਰ ਇਕ ਵਾਰ ਇਹ ਵਿਸ਼ਵਾਸ ਅਤੇ ਅਹਿਸਾਸ ਹੋ ਜਾਵੇ ਸਹੀ, ਉਹ ਸਮੇਂ ਦੇ ਮੜ੍ਹੇ ਹੋਏ ਆਪਣੇ ਅਸੁਭਾਵਿਕ ਰੂਪ ਨੂੰ ਤਜ ਕੇ ਸੁਭਾਵਿਕ ਰੂਪ ਵਿਚ ਆ ਸਹਿਜ ਹੋ ਜਾਂਦੀ ਹੈ। ਸੈਆਂ ਹਨੇਰੀਆਂ ਵਿਚ ਸਖ਼ਤ-ਜਾਨ ਬਿਰਛ ਵਾਂਗ ਸਿੱਧੀ-ਸਤੋਰ ਖਲੋਤੀ ਰਹਿਣ ਵਾਲੀ ਬੀਬਾ ਇਕਦਮ ਅਜਿਹੀ ਨਾਜ਼ਕ ਵੇਲ ਬਣ ਜਾਂਦੀ ਹੈ ਜਿਸ ਨੂੰ ਚਿਰ-ਲੋੜੀਂਦਾ ਸਹਾਰਾ ਮਿਲ ਗਿਆ ਹੋਵੇ।

ਉਹਨੇ ਆਪਣੇ ਅਤੀਤ ਦੀ ਪੋਟਲੀ ਮੇਰੇ ਅੱਗੇ ਚਾਰੇ ਕੰਨੀਆਂ ਖੋਲ੍ਹ ਧਰੀ। ਉਸ ਵਿਚ ਟੁੱਟੇ ਹੋਏ ਸੁਫ਼ਨਿਆਂ ਦੀ ਤਾਂ ਭਰਮਾਰ ਸੀ ਹੀ, ਪਰ ਕੋਈ-ਕੋਈ ਸੁਫ਼ਨੇ ਸਾਬਤ ਵੀ ਹੈ ਸਨ। ਤੇ ਟੁੱਟੇ ਸੁਫ਼ਨਿਆਂ ਦੀ ਰਾਖ ਵਿਚ ਇਹ ਸਾਬਤ ਸੁਫ਼ਨੇ ਚੰਗਿਆੜਿਆਂ ਵਾਂਗ ਚਮਕ ਰਹੇ ਸਨ। ਉਹਦੇ ਜੇਰੇ ਨੂੰ, ਉਹਦੀ ਅਡੋਲਤਾ ਨੂੰ ਦੇਖ ਕੇ ਹੈਰਾਨੀ ਹੋਈ।

ਬੀਬਾ ਦੇ ਘਰ ਵਿਚ ਪ੍ਰਵੇਸ਼ ਕਰਨ ਸਮੇਂ ਇਹ ਚੰਡੀਗੜ੍ਹ ਦੋ ਵਾਰ ਮਿਲੇ ਹੋਣ ਤੋਂ ਮਗਰੋਂ ਮੇਰੀ ਉਸ ਨਾਲ ਤੀਜੀ ਮੁਲਾਕਾਤ ਸੀ। ਪਰ ਜਿਸ ਬੀਬਾ ਤੋਂ ਮੈਂ ਵਿਦਾ ਲਈ, ਉਸ ਨੂੰ ਤਾਂ ਜਿਵੇਂ ਮੈਂ ਪਹਿਲਾਂ-ਪਹਿਲ ਬਾਲਪਨ ਵਿਚ ਨਿੱਤ ਗੀਟੇ ਖੇਡਦਿਆਂ ਅਤੇ ਗੁੱਡੀ ਲਈ ਪਟੋਲੇ ਜੋੜਦਿਆਂ ਦੇਖਿਆ ਹੋਇਆ ਸੀ। ਤੇ ਉਸ ਪਿੱਛੋਂ ਦੇ ਉਹਦੇ ਹਰ ਉਤਾਰ-ਚੜ੍ਹਾਅ ਦਾ, ਹਰ ਦੁਖ-ਸੁਖ ਦਾ, ਹਰ ਸਫਲਤਾ-ਅਸਫਲਤਾ ਦਾ, ਹਰ ਖ਼ੁਸ਼ੀ-ਗ਼ਮੀ ਦਾ ਜਿਵੇਂ ਮੈਂ ਨਿਰੰਤਰ ਗਵਾਹ ਰਿਹਾ ਸੀ। ਇਸ ਮੁਲਾਕਾਤ ਵਿਚ ਉਹਦਾ ਜੋ ਰੂਪ ਸਾਹਮਣੇ ਆਇਆ, ਉਸ ਨੂੰ ਜੇ ਇਕ ਸ਼ਬਦ ਵਿਚ ਸਮੇਟਣਾ ਹੋਵੇ, ਉਹ ਹੈ ਮਾਸੂਮੀਅਤ। ਜਿਵੇਂ ਉਹਦੇ ਅੰਦਰ ਬੈਠੀ ਭੋਲੀ-ਭਾਲੀ ਬਾਲੜੀ ਅਜੇ ਵੀ ਉਹਦੀ ਸ਼ਖ਼ਸੀਅਤ ਦਾ ਮੁੱਖ ਭਾਗ ਹੋਵੇ।

**(ਬਾਕੀ ਅਗਲੇ ਸਫੇ 'ਤੇ)**

# ਭਾਰਤ-ਚੀਨ ਸਰਹੱਦੀ ਕਲੇਸ਼ ਅਤੇ ਇਤਿਹਾਸਕ ਪਿਠਭੂਮੀ

ਪਿਛਲੇ ਦਿਨੀਂ ਅਰੁਣਾਚਲ ਪ੍ਰਦੇਸ਼ ਦੇ ਤਵਾਂਗ ਦੇ ਯਾਂਗਤਸੇ ਨਾਂ ਦੇ ਇਲਾਕੇ ਵਿਚ ਭਾਰਤ ਅਤੇ ਚੀਨ ਦੇ ਫੌਜੀਆਂ ਦਰਮਿਆਨ ਹੋਈ ਝੜਪ ਤੋਂ ਬਾਅਦ ਦੋਨਾਂ ਮੁਲਕਾਂ ਦਰਮਿਆਨ ਸਰਹੱਦ 'ਤੇ ਰੌਲ਼ੇ ਦਾ ਮਸਲਾ ਕਾਫੀ ਚਰਚਾ ਵਿਚ ਹੈ। ਇਸ ਤੋਂ ਪਹਿਲਾਂ ਵੀ ਜੂਨ, 2020 ਵਿਚ ਦੋਹਾਂ ਮੁਲਕਾਂ ਦੀ ਫੌਜ ਦਰਮਿਆਨ ਖੂਨੀ ਝੜਪਾਂ ਗਲਵਾਨ ਘਾਟੀ ਵਿਚ ਹੋ ਚੁੱਕੀਆਂ ਹਨ।

ਇਸ ਪੂਰੇ ਮਾਮਲੇ ਨੂੰ ਭਾਰਤ ਦਾ ਗੋਦੀ ਮੀਡੀਆ ਮਸਾਲੇ ਲਾ-ਲਾ ਕੇ ਪ੍ਰਚਾਰ ਰਿਹਾ ਹੈ

**ਪਵੇਲ ਜਲਾਲਆਣਾ**
**ਫੋਨ: 70154-16696**

ਅਤੇ ਲੋਕਾਂ ਅੰਦਰ ਅੰਨ੍ਹੀ ਅਤੇ ਝੂਠੀ ਦੇਸ਼-ਭਗਤੀ ਭਰਨ ਲਈ ਲਟੋਪੀਂਘ ਹੋਇਆ ਪਿਆ ਹੈ। ਉੱਥੇ ਆਮ ਲੋਕੀਂ ਵੀ ਕਈ ਵਾਰ ਇਸ ਪ੍ਰਭਾਵ ਅਧੀਨ ਆ ਕੇ ਇਸੇ ਪਹੁੰਚ ਜ਼ਰੀਏ ਪੂਰੇ ਮਸਲੇ ਦਾ ਗਲਤ ਵਿਸ਼ਲੇਸ਼ਣ ਕਰ ਰਹੇ ਹੁੰਦੇ ਹਨ। ਗੋਦੀ ਮੀਡੀਆ ਅਤੇ ਭਾਰਤ ਦੀਆਂ ਸਾਰੀਆਂ ਹੀ ਸਰਮਾਏਦਾਰਾ ਸਿਆਸੀ ਪਾਰਟੀਆਂ ਇੱਕਸੁਰ ਹੋ ਕੇ ਕਹਿ ਰਹੀਆਂ ਹਨ ਕਿ ਮੌਜੂਦਾ ਟਕਰਾਅ ਵਿਚ ਭਾਰਤੀ ਫੌਜੀਆਂ ਨੇ ਟੱਕਰ ਲੈਂਦਿਆਂ ਚੀਨੀ ਹਮਲੇ ਦਾ ਮੋੜਵਾਂ ਜਵਾਬ ਦਿੱਤਾ ਅਤੇ ਉਨ੍ਹਾਂ ਨੂੰ ਭਜਾ ਦਿੱਤਾ। ਭਾਰਤ ਨੂੰ ਚੀਨ ਤੋਂ ਖਤਰੇ ਦਾ ਪ੍ਰਚਾਰ ਕਰ ਕੇ, ਅੰਨ੍ਹੀ-ਕੌਮਪ੍ਰਸਤ ਸਿਆਸਤ ਨੂੰ ਹੱਲਾਸ਼ੇਰੀ ਦੇ ਕੇ ਮੋਦੀ ਪਾਰਟੀ ਅਤੇ ਹੋਰ ਵੋਟ ਸਿਆਸਤ ਵਿਚ ਇਸ ਦਾ ਲਾਹਾ ਲੈਣ ਦੀਆਂ ਕੋਸ਼ਿਸ਼ਾਂ ਕਰਦੇ ਖ਼ੁਦ ਨੂੰ ਸੱਚੇ ਦੇਸ਼ ਭਗਤ ਐਲਾਨ ਰਹੇ ਹਨ। ਲੋਕਾਂ ਮੂਹਰੇ ਝੂਠਾ ਦੁਸ਼ਮਣ ਖੜ੍ਹਾ ਕਰ ਕੇ ਉਨ੍ਹਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਸਰਹੱਦੀ ਰੌਲ਼ਿਆਂ ਵੱਲ ਲਿਜਾਇਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਅੱਜ ਨਹੀਂ ਤਾਂ ਭਲਕ ਚੀਨ ਹਮਲਾ ਕਰੇਗਾ, ਉਨ੍ਹਾਂ ਨੇ ਭਾਰਤ ਦੀ ਜ਼ਮੀਨ 'ਤੇ ਕਬਜ਼ਾ ਕਰ ਰੱਖਿਆ ਹੈ, ਵਗੈਰਾ ਵਗੈਰਾ। ਪਰ ਅਸਲ ਵਿਚ ਭਾਰਤ-ਚੀਨ ਸਰਹੱਦ ਦਾ ਰੌਲ਼ਾ ਕੀ ਹੈ? ਇਸ ਨੂੰ ਸਮਝਣ ਲਈ ਸਹੀ ਲੋਕ ਪੱਖੀ ਅਤੇ ਕੌਮਾਂਤਰੀਵਾਦੀ ਨਜ਼ਰੀਏ ਨਾਲ਼ ਸਮਝਣ ਦੀ ਲੋੜ ਹੈ।

### ਭਾਰਤ ਚੀਨ ਸਰਹੱਦ 'ਤੇ ਰੌਲ਼ੇ ਦਾ ਪਿਛੋਕੜ

ਜਿੱਥੇ ਭਾਰਤ ਵਿਚ 1947 ਵਿਚ ਅੰਗਰੇਜ਼ ਬਸਤੀਵਾਦੀ ਹਕੂਮਤ ਤੋਂ ਸੱਤਾ ਭਾਰਤੀ ਸਰਮਾਏਦਾਰਾਂ ਦੀ ਪਾਰਟੀ ਕਾਂਗਰਸ ਹੱਥ ਆ ਗਈ। ਉੱਥੇ ਚੀਨ ਵਿਚ 1949 ਵਿਚ ਮਜ਼ਦੂਰ ਜਮਾਤ ਨੇ ਜਗੀਰਦਾਰਾਂ ਅਤੇ ਸਾਮਰਾਜੀਆਂ ਨੂੰ ਭੁਆਂਟਣੀ ਦੇ ਕੇ ਸਮਾਜਵਾਦੀ ਸੱਤਾ ਸਥਾਪਤ ਕਰ ਕੇ ਖ਼ੁਦ ਵਾਗਡੋਰ ਸੰਭਾਲ਼ੀ, ਜਿਸ ਦੀ ਅਗਵਾਈ ਚੀਨ ਦੀ ਕਮਿਊਨਿਸਟ ਪਾਰਟੀ ਕਰ ਰਹੀ ਸੀ। ਭਾਰਤ ਦੀ ਸੱਤਾ ਦੀ ਵਾਗਡੋਰ ਜਵਾਹਰ ਲਾਲ ਨਹਿਰੂ ਹੱਥ ਸੀ, ਜਿਸ ਨੇ ਜੁਲਾਈ, 1954 ਵਿਚ ਵਿਦੇਸ਼ ਮੰਤਰਾਲੇ ਨੂੰ ਭਾਰਤ ਚੀਨ ਸਰਹੱਦ ਸਬੰਧੀ ਪੁਰਾਣੇ ਨਕਸ਼ੇ ਵਾਪਸ ਲੈਣ ਅਤੇ ਨਵੇਂ ਨਕਸ਼ੇ ਬਣਾਉਣ ਦੇ ਹੁਕਮ ਜਾਰੀ ਕੀਤੇ, ਜਿਸ ਵਿਚ ਕਈ ਵਿਵਾਦਿਤ ਇਲਾਕਿਆਂ ਨੂੰ ਭਾਰਤ ਦੇ ਨਕਸ਼ੇ ਵਿਚ ਸ਼ਾਮਲ ਕਰਨ ਦੀ ਹਦਾਇਤ ਸੀ। ਇਹ ਪਹਿਲੀ ਉਹ ਘਟਨਾ ਸੀ, ਜਿਸ ਤੋਂ ਭਾਰਤੀ ਹਕੂਮਤ ਦੇ ਵਿਸਤਾਰਵਾਦੀ ਮਨਸੂਬੇ ਸਾਫ ਹੁੰਦੇ ਹਨ। 1954 ਤੋਂ ਬਾਅਦ ਹੀ ਭਾਰਤੀ ਹਕੂਮਤ ਨੇ ਅਕਸੀਈ-ਚਿਨ ਸਮੇਤ ਹੋਰ ਕਈ ਇਲਾਕਿਆਂ ਉੱਤੇ ਦਾਅਵਾ ਪੇਸ਼ ਕੀਤਾ। ਅਜਿਹਾ ਇਕਦਮ ਕਿਵੇਂ ਹੋ ਗਿਆ।

ਦਰਅਸਲ ਚੀਨ ਵਿਚ ਸਮਾਜਵਾਦੀ ਸੱਤਾ ਸਥਾਪਤ ਹੋਣ ਤੋਂ ਬਾਅਦ ਦੁਨੀਆਂ ਦੀ ਸਿਆਸਤ 'ਤੇ ਇੱਕ ਵੱਡਾ ਸਮਾਜਵਾਦੀ ਖੇਮਾ ਉੱਭਰ ਚੁੱਕਿਆ ਸੀ। ਰੂਸ ਮਗਰੋਂ ਚੀਨ ਵਿਚ ਸਮਾਜਵਾਦੀ ਰਾਜ ਸਥਾਪਤ ਹੋਣ ਮਗਰੋਂ ਪੂਰੀ ਦੁਨੀਆਂ ਦੀ ਮਜ਼ਦੂਰ ਜਮਾਤ ਇਸ ਦੇ ਪ੍ਰਭਾਵ ਵਿਚ ਆਉਣੀ ਸੁਭਾਵਿਕ ਸੀ, ਜਿਸ ਤੋਂ ਪੂਰੀ ਦੁਨੀਆਂ ਦੇ ਸਾਮਰਾਜੀ ਥਰ-ਥਰ ਕੰਬ ਰਹੇ ਸਨ। ਇਸ ਨਾਲ਼ ਸੰਸਾਰ ਦੇ ਸਾਮਰਾਜੀ ਮੁਲਕਾਂ ਅਮਰੀਕਾ, ਬਰਤਾਨੀਆ ਆਦਿ ਦੇ ਸਾਹਮਣੇ ਮਜ਼ਦੂਰਾਂ ਦੇ ਰਾਜ ਨੇ ਇਕ ਵੱਡੀ ਚੁਣੌਤੀ ਤੇ ਦਿੱਕਤ ਪੇਸ਼ ਕਰ ਦਿੱਤੀ ਸੀ। ਇਸ ਲਈ ਇਸ ਸਮਾਜਵਾਦੀ ਕੈਂਪ ਨੂੰ ਘੇਰਨ ਲਈ ਵਿਉਂਤਬੰਦੀਆਂ ਸ਼ੁਰੂ ਕੀਤੀਆਂ ਗਈਆਂ। ਖਾਸਕਰ ਨਵੇਂ ਨਵੇਂ ਸਮਾਜਵਾਦੀ ਰਾਜ ਚੀਨ ਨੂੰ ਘੇਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਲਈ ਯੁੱਧਨੀਤਕ ਤੌਰ 'ਤੇ ਭਾਰਤ ਇਨ੍ਹਾਂ ਸਮਾਰਾਜੀ ਮੁਲਕਾਂ ਦੇ ਏਜੰਡੇ ਲਈ ਬਹੁਤ ਸੂਤ ਬਹਿੰਦਾ ਸੀ।

ਦੂਜੇ ਪਾਸੇ ਭਾਰਤ ਵੀ ਆਪਣੀਆਂ ਹੱਦਾਂ ਦਾ ਪਸਾਰਾ ਕਰਨ ਦੀ ਇੱਛਾ ਰੱਖਦਾ ਸੀ। ਭਾਰਤ ਦੀ ਹਕੂਮਤ ਨੂੰ ਇੰਝ ਲੱਗਦਾ ਸੀ ਕਿ ਨਵੇਂ ਬਣੇ ਸਮਾਜਵਾਦੀ ਰਾਜ ਚੀਨ ਨੂੰ ਦਬਾਅ ਹੇਠ ਲਿਆ, ਕਈ ਥਾਵਾਂ 'ਤੇ ਕਬਜ਼ਾ ਕੀਤਾ ਜਾ ਸਕਦਾ ਹੈ। ਸਮਾਜਵਾਦੀ ਚੀਨ ਨੂੰ ਸਿਆਸੀ ਤੌਰ 'ਤੇ ਕਮਜ਼ੋਰ ਕਰਨ ਲਈ ਹੋਰ ਵੀ ਕਈ ਯਤਨ ਹੋਏ। ਖਾਸਕਰ ਤਿੱਬਤ ਵਿਚ ਪਹਿਲਾਂ ਤੋਂ ਹੀ ਕੋਸ਼ਿਸ਼ਾਂ ਜਾਰੀ ਸਨ ਕਿ ਮਾਹੌਲ ਅਸਥਿਰ ਕੀਤਾ ਜਾ ਸਕੇ। ਅੰਗਰੇਜ਼ ਹਕੂਮਤ ਨੇ ਵੀ ਤਿੱਬਤ ਦਾ ਸਹਾਰਾ ਲੈ ਕੇ ਹੀ ਚੀਨ 'ਤੇ ਕਬਜ਼ਾ ਕਰਨ ਦੇ ਯਤਨ ਕੀਤੇ ਸਨ। ਅੰਗਰੇਜ਼ ਹਕੂਮਤ ਨੇ ਹੀ ਆਪਣੀ ਕੋਝੀ ਮਨਸ਼ਾ ਤਹਿਤ ਭਾਰਤ-ਚੀਨ ਦਰਮਿਆਨ ਸਰਹੱਦ ਦੇ ਮਾਮਲੇ ਨੂੰ ਅਣਸੁਲਝਿਆ ਛੱਡਿਆ ਸੀ ਤਾਂ ਕਿ ਭਵਿੱਖ ਵਿਚ ਦੋਵਾਂ ਗੁਆਂਢੀ ਮੁਲਕਾਂ ਦਰਮਿਆਨ ਆਪਸੀ ਤਣਾਅ ਦਾ ਫਾਇਦਾ ਲਿਆ ਜਾ ਸਕੇ। ਇਸੇ ਕਰਕੇ 1947 ਤੋਂ ਪਹਿਲਾਂ ਅੰਗਰੇਜ਼ਾਂ ਨੇ ਇੱਕਤਰਫਾ ਸਮਝੌਤਾ ਕਰ ਕੇ ਭਾਰਤ-ਚੀਨ ਸਰਹੱਦ ਦੀ ਲਕੀਰ ਖਿੱਚੀ ਸੀ। 1949 ਤੋਂ ਬਾਅਦ ਲਗਾਤਾਰ ਉੱਥੇ ਸਿਆਸੀ ਮਾਹੌਲ ਖਰਾਬ ਕਰਨ ਦੇ ਯਤਨ ਕੀਤੇ ਜਾ ਰਹੇ ਸਨ। 1949 ਵਿਚ ਕੋਰੀਆ ਵਿਚ ਵੀ ਅਮਰੀਕਾ ਚੀਨ ਨਾਲ਼ ਉਲਝ ਚੁੱਕਾ ਸੀ। ਜਿੱਥੇ ਲੋਕਾਂ ਦੀ ਬਗਾਵਤ ਉੱਥੋਂ ਦੇ ਜਾਗੀਰਦਾਰਾਂ ਖ਼ਿਲਾਫ ਚੱਲ ਰਹੀ ਸੀ। ਉੱਤਰੀ ਕੋਰੀਆ ਲੋਕਾਂ ਦੀ ਲੜਾਈ ਦਾ ਗੜ੍ਹ ਬਣ ਚੁੱਕਿਆ ਸੀ ਅਤੇ ਜਾਗੀਰਦਾਰਾਂ ਦੇ ਟੋਲੇ ਦੱਖਣ ਵੱਲ ਭੱਜ ਗਏ ਸਨ। ਜਿਨ੍ਹਾਂ ਨੂੰ ਅਮਰੀਕਾ ਦੀ ਹਮਾਇਤ ਹਾਸਲ ਸੀ। ਤਿੱਬਤ ਵਿਚ ਵੀ ਚੀਨੀ ਹਕੂਮਤ ਨੇ ਜ਼ਮੀਨੀ ਸੁਧਾਰ ਸ਼ੁਰੂ ਕੀਤੇ ਤਾਂ ਉੱਥੋਂ ਦੇ ਜਾਗੀਰਦਾਰਾਂ ਦੀ ਹਾਰ ਹੋ ਚੁੱਕੀ ਸੀ।

ਇੱਥੇ ਵੀ ਮਾਹੌਲ ਖਰਾਬ ਕਰਨ ਵਿਚ ਭਾਰਤ ਸਮੇਤ ਅਮਰੀਕਾ ਵਰਗੇ ਮੁਲਕਾਂ ਦਾ ਹੱਥ ਸੀ। 1959 ਵਿਚ ਉੱਥੇ ਫਿਰ ਵਿਦਰੋਹ ਹੋਇਆ। ਜਿਸ ਤੋਂ ਬਾਅਦ ਦਲਾਈਲਾਮਾ ਸਮਾਜਵਾਦੀ ਚੀਨ ਤੋਂ ਡਰਦਾ ਭਾਰਤ ਭੱਜ ਆਇਆ। ਜਿਸ ਨੇ ਜੱਗ ਜ਼ਾਹਿਰ ਕਰ ਦਿੱਤਾ ਕਿ ਦਲਾਈਲਾਮਾ ਦਾ ਭਾਰਤੀ ਹਕੂਮਤ ਨਾਲ਼ ਪਹਿਲਾਂ ਤੋਂ ਗੱਠਜੋੜ ਸੀ। ਇਸ ਉੱਤੇ ਵੀ ਭਾਰਤ ਚੀਨ ਦੋਹਾਂ ਮੁਲਕਾਂ ਵਿਚਕਾਰ ਤਕਰਾਰ ਵਧਿਆ।

ਫਿਰ ਦੋਹਾਂ ਮੁਲਕਾਂ ਦਰਮਿਆਨ ਸਾਂਝ ਵਧਾਉਣ ਤੇ ਸ਼ਾਂਤੀ ਰੱਖਣ ਦੇ ਚੀਨੀ ਸਮਾਜਵਾਦੀ ਹਕੂਮਤ ਦੇ ਯਤਨਾਂ ਨਾਲ਼ ਚੀਨੀ ਹਕੂਮਤ ਵੱਲੋਂ ਚੀਨ ਦੇ ਤਤਕਾਲੀ ਪ੍ਰਧਾਨ ਮੰਤਰੀ ਚਾਓ-ਇਨ-ਲਾਈ ਨਾਲ਼ ਨਹਿਰੂ ਵੱਲੋਂ ਪੰਚਸ਼ੀਲ ਸਮਝੌਤੇ 'ਤੇ ਹਸਤਾਖਰ ਹੋਏ। ਇਸ ਤੋਂ ਬਾਅਦ ਫਿਰ ਅਗਸਤ, 1959 ਤੋਂ ਲੈ ਕੇ ਸਤੰਬਰ, 1959 ਤੱਕ ਕਈ ਵਾਰੀ ਨਹਿਰੂ ਨੇ ਲੋਕ ਸਭਾ ਅਤੇ ਰਾਜ ਸਭਾ ਵਿਚ ਸਰਹੱਦ ਦੇ ਮਸਲੇ 'ਤੇ ਤਕਰੀਰ ਕਰਦਿਆਂ ਕਈ ਇਲਾਕਿਆਂ 'ਤੇ ਆਵਦਾ ਦਾਅਵਾ ਜਤਾਇਆ। 1960 ਆਉਂਦੇ ਨਹਿਰੂ ਨੇ ਚਾਓ ਇਨ ਲਾਈ ਵੱਲੋਂ ਮਸਲੇ ਦੇ ਹੱਲ ਲਈ ਗੱਲਬਾਤ ਕਰ ਕੇ ਮਸਲਾ ਨਿਬੇੜਨ ਦੀਆਂ ਅਪੀਲਾਂ ਨੂੰ ਰੱਦ ਕਰਨਾ ਸ਼ੁਰੂ ਕਰ ਦਿੱਤਾ। ਨਹਿਰੂ ਅਸਲ ਵਿਚ ਗਲਤ-ਫਹਿਮੀ ਵਿਚ ਸੀ ਕਿ ਚੀਨ ਦੀ ਸਮਾਜਵਾਦੀ ਹਕੂਮਤ ਉਸ ਤੋਂ ਦਬਦੀ ਹੈ। 2 ਨਵੰਬਰ, 1961 ਨੂੰ ਨਹਿਰੂ ਦੀ ਅਗਵਾਈ ਵਿਚ ਹੋਈ ਭਾਰਤ ਵਿਚਲੀ ਮੀਟਿੰਗ ਵਿਚ ਮਸਲੇ ਨੂੰ ਫੌਜੀ ਤਾਕਤ ਰਾਹੀਂ ਹੱਲ ਕਰਨ ਦਾ ਫੈਸਲਾ ਕੀਤਾ ਗਿਆ।

ਅਮਰੀਕੀ ਹਕੂਮਤ ਵੱਲੋਂ ਪ੍ਰਕਾਸ਼ਿਤ ਦਸਤਾਵੇਜ਼ਾਂ ਅਨੁਸਾਰ ਦਸੰਬਰ 1961 ਵਿਚ ਬਣਾਈ ਫੌਜੀ ਵਿਉਂਤ ਅਨੁਸਾਰ ਮੌਸਮ ਹਾਲਤਾਂ ਵਿਚ ਸੁਧਾਰ ਹੋਣ ਮਗਰੋਂ ਲੱਦਾਖ ਵਿਖੇ ਫੌਜੀ ਕਾਰਵਾਈਆਂ ਸ਼ੁਰੂ ਕਰਨ ਦੀ ਵਿਉਂਤ ਬਣਾਈ ਗਈ ਸੀ। ਜੂਨ, 1962 ਵਿਚ ਮੈਕਮੋਹਨ ਲਕੀਰ ਦੇ ਦੂਜੇ ਪਾਸੇ ਭਾਰਤੀ ਹਕੂਮਤ ਵੱਲੋਂ ਫੌਜੀ ਚੌਕੀਆਂ ਸਥਾਪਿਤ ਕਰ ਕੇ ਹਮਲਾਵਰ ਰੁਖ ਅਖਤਿਆਰ ਕਰ ਲਿਆ ਗਿਆ ਸੀ। 8 ਸਤੰਬਰ, 1962 ਨੂੰ ਚੀਨ ਨੇ ਮੋੜਵਾਂ ਕਦਮ ਚੁੱਕ ਕੇ ਇਹ ਫੌਜੀ ਚੌਕੀਆਂ ਖਾਲ਼ੀ ਕਰਵਾ ਲਈਆਂ। ਨਹਿਰੂ ਵੱਲੋਂ ਇਨ੍ਹਾਂ ਫੌਜੀ ਚੌਕੀਆਂ ਉੱਤੇ ਮੋੜਵੇਂ ਹਮਲੇ ਲਈ ਕਈ ਡਿਵੀਜ਼ਨਾਂ ਭੇਜੀਆਂ ਗਈਆਂ। ਜਿਸਦੇ ਜਵਾਬ ਵਿਚ 20 ਅਕਤੂਬਰ, 1962 ਨੂੰ ਮੋੜਵੀਂ ਫੌਜੀ ਕਾਰਵਾਈ ਚੀਨ ਵੱਲੋਂ ਸ਼ੁਰੂ ਕੀਤੀ ਗਈ ਅਤੇ ਚੀਨੀ ਫੌਜ ਨੇ ਭਾਰਤੀ ਫੌਜ ਨੂੰ ਕੁੱਝ ਹੀ ਦਿਨਾਂ ਵਿਚ ਖਦੇੜ ਦਿੱਤਾ।

1962 ਦੀ ਭਾਰਤ-ਚੀਨ ਜੰਗ ਦਾ ਕਾਰਨ ਭਾਰਤ ਦੀ ਪਸਾਰਾ ਕਰਨ ਦੀ ਨੀਤੀ ਅਤੇ ਸਮਾਜਵਾਦੀ ਚੀਨ ਨੂੰ ਅਸਥਿਰ ਕਰਨ ਦੇ ਸਾਮਰਾਜੀ ਮਨਸ਼ਿਆਂ 'ਚੋਂ ਉਪਜੀ ਕੋਝੀ ਮਨਸ਼ਾ ਸੀ। ਇਹ ਵੀ ਤੱਥ ਹੈ ਕਿ ਚੀਨੀ ਫੌਜ ਭਾਰਤੀ ਫੌਜ ਨੂੰ ਬੁਰੀ ਤਰ੍ਹਾਂ ਖਦੇੜਨ ਤੋਂ ਮਗਰੋਂ ਵਾਪਸ 20 ਅਕਤੂਬਰ, 1962 ਦੀਆਂ ਪੁਜ਼ੀਸ਼ਨਾਂ ਉੱਤੇ ਪਰਤ ਗਈ ਸੀ। ਭਾਵੇਂ ਹੁਣ ਉਹ ਮੈਕਮੋਹਨ ਲਕੀਰ ਦੇ ਇੱਧਰ ਕਬਜ਼ਾ ਵੀ ਕਰ ਸਕਦੇ ਸਨ।

ਇਸ ਤੋਂ ਬਾਅਦ ਭਾਰਤ-ਚੀਨ ਦਰਮਿਆਨ ਸਰਹੱਦ ਦਾ ਰੌਲ਼ਾ ਬਣਿਆ ਹੀ ਰਿਹਾ ਹੈ। ਭਾਵੇਂ ਸੰਸਾਰ ਤੇ ਖਾਸਕਰ ਭਾਰਤ ਅਤੇ ਚੀਨ ਦੇ ਸਿਆਸੀ ਆਰਥਿਕ ਹਾਲਤਾਂ ਵੀ ਬਦਲੀਆਂ ਹਨ। ਚੀਨ ਹੁਣ ਸਮਾਜਵਾਦੀ ਮੁਲਕ ਨਹੀਂ ਰਿਹਾ, ਸਗੋਂ ਇਕ ਸਾਮਰਾਜੀ ਮੁਲਕ ਬਣ ਗਿਆ ਸੀ, ਜਿਸ ਦਾ ਸੰਸਾਰ ਵਪਾਰਕ ਮੰਡੀ ਵਿਚ ਵੱਡਾ ਹਿੱਸਾ ਹੈ, ਜੋ ਅਮਰੀਕਾ ਨੂੰ ਵੀ ਸੰਸਾਰ ਮੰਡੀ ਵਿਚ ਵੱਡੀ ਟੱਕਰ ਦੇ ਰਿਹਾ ਹੈ। ਭਾਰਤ ਵਿਚ ਹਿੰਦੂਤਵੀ ਫਾਸ਼ੀਵਾਦੀ ਹਕੂਮਤ ਭਾਜਪਾ ਦਾ ਰਾਜ ਹੈ। ਪਰ ਦੋਵਾਂ ਮੁਲਕਾਂ ਵਿਚ ਅੰਨ੍ਹੀ ਕੌਮਪ੍ਰਸਤੀ ਫੈਲਾਉਣ ਅਤੇ ਵੋਟ ਗਿਣਤੀਆਂ-ਮਿਣਤੀਆਂ ਨੂੰ ਲੈ ਕੇ ਹਕੂਮਤਾਂ ਇਸ ਮਸਲੇ ਦਾ ਢੁਕਵਾਂ ਹੱਲ ਨਹੀਂ ਕਰਨਾ ਚਾਹੁੰਦੀਆਂ। ਸਗੋਂ ਇਸ ਮਸਲੇ ਨੂੰ ਧੁਖਦਾ ਰੱਖਣ ਵਿਚ ਇਨ੍ਹਾਂ ਹਕੂਮਤਾਂ ਨੂੰ ਫਾਇਦਾ ਦਿਖਾਈ ਦਿੰਦਾ ਹੈ। ਭਾਰਤ ਵਿਚਲੀ ਫਾਸ਼ੀਵਾਦੀ ਭਾਜਪਾ ਪਾਰਟੀ ਦੀ ਹਕੂਮਤ ਅਤੇ ਉਸਦਾ ਗੋਦੀ ਮੀਡੀਆ ਸਮੇਂ ਸਮੇਂ ਉੱਤੇ ਇਸ ਤਕਰਾਰ ਜ਼ਰੀਏ ਆਵਦੀਆਂ ਰੋਟੀਆਂ ਸੇਕਦੀਆਂ ਹਨ, ਖ਼ੁਦ ਨੂੰ ਸੱਚੀਆਂ ਦੇਸ਼-ਭਗਤ ਸਾਬਤ ਕਰਦੀਆਂ ਹਨ। ਨਾਲ਼ ਹੀ ਕਾਂਗਰਸ ਅਤੇ ਹੋਰ ਦੂਜੀਆਂ ਪਾਰਟੀਆਂ ਵੀ ਇਸ ਮਸਲੇ ਰਾਹੀਂ ਭਾਜਪਾ ਨੂੰ ਘੇਰਨ ਅਤੇ ਆਪ ਨੂੰ ਉਨ੍ਹਾਂ ਤੋਂ ਵੀ ਵੱਡੇ ਦੇਸ਼ ਭਗਤ ਸਾਬਤ ਕਰਨ ਲਈ ਇਸ ਸਰਹੱਦੀ ਰੱਟੇ ਦਾ ਇਸਤੇਮਾਲ ਕਰਦੀਆਂ ਹਨ। ਪਰ ਸੱਚਾਈ ਇਹ ਹੈ ਕਿ ਇਹ ਮਸਲਾ ਦੋਵਾਂ ਮੁਲਕਾਂ ਦੀਆਂ ਸਰਮਾਏਦਾਰਾ ਹਕੂਮਤਾਂ ਲਈ ਲਾਹੇਵੰਦਾ ਹੈ, ਜਿਸਦਾ ਹਕੀਕੀ ਹੱਲ ਇਸ ਪ੍ਰਬੰਧ ਵਿਚ ਸੰਭਵ ਨਹੀਂ ਹੈ। ਸਗੋਂ ਦੋਵਾਂ ਮੁਲਕਾਂ ਵਿਚ ਸਮਾਜਵਾਦੀ ਸੱਤਾ ਦੀ ਸਥਾਪਤੀ ਨਾਲ਼ ਹੀ ਇਸ ਮਸਲੇ ਦਾ ਹਕੀਕੀ ਹੱਲ ਵੇਖਿਆ ਜਾ ਸਕਦਾ ਹੈ।

---

**(ਪਿਛਲੇ ਸਫੇ ਦਾ ਬਾਕੀ)**

ਹੈਰਾਨੀ ਹੋਈ ਸੀ ਕਿ ਉਹਨੇ ਆਪਣੇ ਅੰਦਰਲੀ ਇਸ ਮਾਸੂਮ ਬਾਲੜੀ ਨੂੰ ਏਨੇ ਝੱਖੜਾਂ-ਤੂਫ਼ਾਨਾਂ ਵਿਚ ਕਿਵੇਂ ਸਾਂਭ ਕੇ ਰੱਖਿਆ ਹੋਇਆ ਹੈ। ਨਾ ਉਹਨੇ ਇਸ ਬਾਲੜੀ ਨੂੰ ਮਰਨ ਦਿੱਤਾ ਸੀ ਤੇ ਨਾ ਹੀ ਉਸ ਦੀ ਮਾਸੂਮੀਅਤ ਨੂੰ ਗੁਆਚਣ ਦਿੱਤਾ ਸੀ।

ਜਦੋਂ ਮੈਂ ਤੁਰਨ ਲੱਗਿਆ, ਉਹਨੇ ਆਪਣਾ ਪਹਿਲਾ ਕਾਵਿ-ਸੰਗ੍ਰਹਿ 'ਪੈਰਾਂ 'ਚ ਸੁਲਗਦਾ ਸਫ਼ਰ' ਮੈਨੂੰ ਮੋਹ ਨਾਲ ਭੇਟ ਕੀਤਾ ਤੇ ਮੈਂ ਉਹਦੇ ਠਰ੍ਹੰਮੇ ਤੇ ਸਬਰ-ਸੰਤੋਖ ਨੂੰ ਸ਼ਾਬਾਸ਼ ਦਿੱਤੀ ਅਤੇ ਉਹਦਾ ਹੌਸਲਾ ਵਧਾਇਆ ਕਿ ਉਹ ਅਡੋਲ ਦਲੇਰੀ ਨਾਲ ਸੰਘਰਸ਼ ਦੇ ਰਾਹ ਉੱਤੇ ਵਧਦੀ ਰਹੇ, ਕਦੀ ਪੰਧ ਜ਼ਰੂਰ ਮੁੱਕੇਗਾ ਅਤੇ ਮੰਜ਼ਲ ਜ਼ਰੂਰ ਆਵੇਗੀ। ਉਹਨੇ ਮੁਸਕਰਾਹਟ ਨਾਲ ਮੇਰੀ ਗੱਲ ਦਾ ਦ੍ਰਿੜ੍ਹ ਹੁੰਗਾਰਾ ਭਰਿਆ ਕਿ ਤੂਫ਼ਾਨ ਭਾਵੇਂ ਕਿਹੋ ਜਿਹਾ ਵੀ ਆਵੇ: "ਨਾ ਆਰ ਖੜ੍ਹਾਂਗੇ/ ਨਾ ਪਾਰ ਖੜ੍ਹਾਂਗੇ/ ਬੱਸ ਐਨ ਉਹਦੇ ਵਿਚਕਾਰ ਖੜ੍ਹਾਂਗੇ!"

ਕੁਦਰਤੀ ਸੀ ਕਿ ਬੀਬਾ ਨੂੰ ਮਿਲਣ ਤੇ ਉਹਦੀ ਜੀਵਨ-ਕਹਾਣੀ ਜਾਣਨ ਮਗਰੋਂ ਉਹਦੀ ਪੁਸਤਕ ਨੂੰ ਬਹੁਤਾ ਚਿਰ ਅਨਪੜ੍ਹੀ ਨਹੀਂ ਸੀ ਰੱਖਿਆ ਜਾ ਸਕਦਾ। ਪੁਸਤਕ ਪੜ੍ਹੀ ਤਾਂ ਉਹਦੇ ਜੀਵਨ ਦੇ ਸੰਘਰਸ਼ ਤੇ ਉਹਦੇ ਦ੍ਰਿੜ੍ਹ ਇਰਾਦੇ ਦੀ ਸਫਲ ਪੇਸ਼ਕਾਰੀ ਸੀ। ਉਹਨੂੰ ਬਾਲਪਨ ਵਿਚੋਂ ਨਿੱਕਲ ਕੇ ਅਕਲ ਦੀ ਉਮਰ ਵਿਚ ਪਹੁੰਚਦਿਆਂ ਹੀ ਸਮਝਦਾਰੀ ਅਤੇ ਸਮਾਜਕ ਹਾਲਤ ਦੇ ਟਕਰਾਉ ਦਾ ਰਣ-ਖੇਤਰ ਬਣਨਾ ਪੈ ਗਿਆ ਸੀ। ਇਕ ਕਵਿਤਾ ਵਿਚ ਉਹ ਦਸਦੀ ਹੈ: "ਸੱਚ ਪੁੱਛਦੇ ਹੋ ਤਾਂ/ ਮੇਰਾ ਸਮਝਦਾਰ ਹੋਣਾ/ ਮੇਰੇ ਲਈ ਸਰਾਪ ਬਣਿਆ!" ਸਮਝਦਾਰ ਹੋਣਾ ਸੁਹਾਣੇ ਸੁਫ਼ਨੇ ਸਿਰਜਦਾ ਹੈ ਅਤੇ ਉਨ੍ਹਾਂ ਦੀ ਸਾਕਾਰਤਾ ਲੋੜਦਾ ਹੈ। ਇਹ ਸੁਫ਼ਨ-ਸੰਸਾਰ ਵਿਚ ਹੀਰ ਸਹੇਲੀ ਹੁੰਦੀ ਹੈ ਅਤੇ ਰਾਂਝਾ ਬੇਲੀ ਹੁੰਦਾ ਹੈ। ਪਰ ਜੀਵਨ ਦਾ ਯਥਾਰਥ ਤਾਂ ਕੈਦੋਂ ਹਨ: "ਰਾਂਝਾ ਵੀ ਮੇਰਾ ਸੀ/ ਹੀਰ ਵੀ ਮੇਰੀ ਸੀ/ ਪਰ ਘਰ ਵਿਚ ਮੇਰੇ ਬਾਪ ਦੀਆਂ ਨਜ਼ਰਾਂ 'ਚ/ ਹੀਰ-ਰਾਂਝੇ ਦੀ ਸਾਰੀ ਕਥਾ ਵਿਚੋਂ/ ਜੇ ਕੋਈ ਕਿਰਦਾਰ ਚੰਗਾ ਸੀ/ ਤਾਂ ਉਹ ਕੈਦੋਂ ਸੀ।"

ਮਨ ਦੀ ਇਹ ਹਾਲਤ ਸ਼ਬਦਾਂ ਰਾਹੀਂ ਨਿਕਾਸ ਲਈ ਉਤਾਵਲੀ ਪੈਂਦੀ। ਪਰ ਘਰ ਵਿਚ ਪਾਠ-ਪੁਸਤਕਾਂ ਤੋਂ ਬਿਨਾਂ ਬਾਕੀ ਸਭ ਮਨਾਹ ਸੀ: "ਕਲਮ ਫੜਦੀ ਤਾਂ ਉਹਦੀ ਜੀਭ/ ਕਿਧਰੇ ਗਾਇਬ ਹੁੰਦੀ/ ਕਿਤਾਬਾਂ ਦੇ ਵਰਕੇ ਉਥੱਲਦੀ ਤਾਂ/ ਹਰਫ਼ ਕਿਸੇ ਫੱਟੀ ਵਾਂਗ ਪੋਚੇ ਹੁੰਦੇ।" ਬਹੁਤ ਹੁੰਮਸ-ਭਰਿਆ ਸੀ ਆਲ਼ਾ-ਦੁਆਲ਼ਾ! ਜਿੰਨੀ ਹੁੰਮਸ ਵਧਦੀ, ਓਨੇ ਹੀ ਉਹਦੀ ਕਲਪਨਾ ਵਿਚ ਨਵੇਂ ਰੰਗ ਵੀ ਭਰਦੇ ਜਾਂਦੇ ਅਤੇ ਖੰਭ ਵੀ ਨਿੱਕਲਦੇ-ਵਿਗਸਦੇ ਰਹਿੰਦੇ: "ਬਾਹਰ ਨਦੀ ਦੇ ਬਲੌਰੀ ਪਾਣੀਆਂ 'ਚ ਠੰਡ ਸੀ/ ਉਹਦਾ ਦੋ ਪਲ ਤੈਰਨ ਨੂੰ ਜੀਅ ਕਰਦਾ/ ਰੁਮਕਦੀ ਹੋਣੀ ਪੌਣ ਵਿਚ ਕੋਈ ਨਸ਼ਾ ਸੀ/ ਉਹਦਾ ਦੋ ਪਲ ਬੈਠਣ ਨੂੰ ਜੀਅ ਕਰਦਾ/ ਬੱਦਲਾਂ ਅਤੇ ਚੰਨ ਦੀ ਲੁਕਣਮੀਟੀ ਵਿਚੋਂ/ ਚੰਨ ਨੂੰ ਫੜ ਆਪਣੀ ਤਲੀ 'ਤੇ/ ਧਰਨ ਨੂੰ ਉਹਦਾ ਜੀਅ ਕਰਦਾ/ ਤਾਰਿਆਂ ਨੂੰ ਉਨ੍ਹਾਂ ਦੀ ਨੀਲੀ ਧਰਤ ਤੋਂ ਲਾਹ/ ਆਪਣੇ ਘਣੇ ਸਿਆਹ ਵਾਲਾਂ ਵਿਚ ਜੜਨ ਨੂੰ ਉਹਦਾ ਜੀਅ ਕਰਦਾ।"

ਇਹੋ ਉਹ ਦਿਨ ਸਨ ਜਦੋਂ ਉਹ ਮਹਿਸੂਸ ਕਰਦੀ ਸੀ: "ਵਕਤ ਦਾ ਪਹੀਆ/ ਸਿਰਫ ਤੇਰੇ ਤੇ ਮੇਰੇ ਦਰਮਿਆਨ ਘੁੰਮਦਾ ਸੀ/ ਬਾਕੀ ਕਾਇਨਾਤ ਸਭ ਝੂਠ ਸੀ।" ਪਰ ਛੇਤੀ ਹੀ ਵਕਤ ਦਾ ਪਹੀਆ ਪੁੱਠੀ ਤੋਰ ਤੁਰ ਪਿਆ: "ਫਿਰ ਮੰਜ਼ਲ 'ਤੇ ਪਹੁੰਚ ਕੇ/ ਤੂੰ ਮੈਨੂੰ ਧੱਕਾ ਦੇ ਦਿੱਤਾ।" ਤਾਂ ਵੀ ਬੀਬਾ ਇਹ ਸੁਫ਼ਨਾ ਤੋੜ ਦੇਣ ਲਈ, ਇਹ ਸਭ ਕੁਝ ਗੁਆ ਦੇਣ ਲਈ ਰਾਜ਼ੀ ਨਹੀਂ ਸੀ। ਉਹ ਇਸ ਧੱਕੇ ਨੂੰ ਆਪਣਾ ਵਹਿਮ ਤੱਕ ਮੰਨਣ ਲਈ ਤਿਆਰ ਸੀ: "ਸ਼ਾਇਦ ਮੇਰਾ ਇਹ ਵਹਿਮ ਸੀ/ ਸ਼ਾਇਦ ਮੇਰਾ ਹੀ ਪੈਰ ਤਿਲਕ ਗਿਆ।"

ਸੱਚ ਨੂੰ ਵਹਿਮ ਮੰਨਣ ਨਾਲ ਅਸਲੀਅਤ ਤਾਂ ਬਦਲਦੀ ਨਹੀਂ। ਅਸਲੀਅਤ ਤਾਂ ਇਹੋ ਸੀ ਕਿ ਸਭ ਕੁਝ ਬੁਰੀ ਤਰ੍ਹਾਂ ਬਿਖਰ ਚੁੱਕਿਆ ਸੀ: "ਧਰਤੀ 'ਤੇ ਆ ਡਿੱਗੀ/ ਸਿਰ ਕਿਤੇ ਸੀ, ਧੜ ਕਿਤੇ ਸੀ/ ਬਾਂਹਾਂ ਕਿਤੇ ਸਨ ਤੇ ਪੈਰ ਕਿਤੇ।" ਇਉਂ ਲਗਦਾ ਸੀ ਜਿਵੇਂ ਜ਼ਮਾਨਾ ਬੀਬਾ ਦੀ ਹਿੰਮਤ ਨੂੰ ਵੰਗਾਰ ਰਿਹਾ ਹੋਵੇ ਕਿ ਦੇਖੀਏ, ਇਸ ਇਮਤਿਹਾਨ ਵਿਚੋਂ ਤੂੰ ਕਿੰਨੀ ਕੁ ਸਾਬਤੀ-ਸਬੂਤੀ ਨਿੱਕਲਦੀ ਹੈਂ: "ਕੰਡਿਆਂ ਦੀ ਵਾੜ ਸੀ/ ਤੇ ਕਿਹਾ ਗਿਆ/ ਬਿਨਾਂ ਝਰੀਟ ਦੇ ਲੰਘੋ!" ਜਿਵੇਂ ਕੋਈ ਹਰਨਾਕਸ਼ ਕਿਸੇ ਪ੍ਰਹਿਲਾਦ ਨੂੰ ਕਹਿ ਰਿਹਾ ਹੋਵੇ, "ਪਾ ਲੈ ਤੱਤਿਆਂ ਥੰਮ੍ਹਾਂ ਨੂੰ ਜੱਫੀਆਂ, ਦੇਖਾਂ ਤੇਰਾ ਰਾਮ ਰੱਖ ਲਊ।"

ਤੇ ਗੱਲ ਇਹ ਵੀ ਨਹੀਂ ਸੀ ਕਿ ਬੀਬਾ ਨੂੰ ਬਿਖਰੀ ਹੋਈ ਹਾਲਤ ਦੀ ਕਠਿਨਾਈ ਅਤੇ ਬਖੇਰੇ ਨੂੰ ਸਮੇਟਣ ਦੀ ਪਰਖ ਦੀ ਸਖ਼ਤਾਈ ਦੀ ਸੋਝੀ ਨਹੀਂ ਸੀ। ਉਹ ਸਚੇਤ ਸੀ: "ਬੜਾ ਔਖਾ ਹੁੰਦਾ ਹੈ/ ਆਪਣੇ ਆਪ ਸਾਰੇ ਅੰਗਾਂ ਨੂੰ ਚੁੱਕਣਾ/ ਤੇ ਫਿਰ ਆਪਣੇ ਆਪ ਨੂੰ ਸਮੇਟਣਾ।" ਪਰ ਉਹ ਹਥਿਆਰ ਸੁੱਟਣ ਲਈ ਤਿਆਰ ਨਹੀਂ ਸੀ। ਉਸ ਨੇ ਸਹੁੰ ਖਾਧੀ: "ਆਪਣੀਆਂ ਅੱਖਾਂ ਵਿਚ ਸਿਰਜੇ ਸੁਪਨਿਆਂ ਨੂੰ/ ਹੰਝੂਆਂ ਵਿਚ ਨਹੀਂ ਵਹਾਵਾਂਗੀ/ ...ਬੇਸ਼ੱਕ ਅਸਮਾਨ ਤੋਂ ਡਿੱਗ ਕੇ/ ਖਜੂਰ ਵਿਚ ਅਟਕੀ ਹਾਂ/ ਪਰ ਇਥੇ ਹੀ ਕੱਖ-ਕਾਨ ਚੁਗ/ ਫਿਰ ਕੋਈ ਆਪਣਾ ਆਲ੍ਹਣਾ ਬਣਾਵਾਂਗੀ!" ਤੇ ਉਹਨੇ ਨਾ ਸੁਫ਼ਨੇ ਪੂਰੀ ਤਰ੍ਹਾਂ ਟੁੱਟਣ ਦਿੱਤੇ ਤੇ ਨਾ ਆਲ੍ਹਣਾ ਪੂਰੀ ਤਰ੍ਹਾਂ ਬਿਖਰਨ ਦਿੱਤਾ। ਉਹਦੀ ਅੰਦਰਲੀ ਸ਼ਕਤੀ ਅਤੇ ਉਹਦੀ ਬਾਹਰਲੀ ਹਿੰਮਤ ਨੇ ਉਹਦੇ ਸੁਫ਼ਨੇ ਤੋੜਨ ਵਾਲੇ ਅਤੇ ਉਹਦਾ ਆਲ੍ਹਣਾ ਬਿਖੇਰਨ ਵਾਲੇ ਨੂੰ ਵੀ ਹੈਰਾਨੀ ਵਿਚ ਪਾ ਦਿੱਤਾ: "ਉਹ ਅਕਸਰ ਹੈਰਾਨ ਹੁੰਦਾ ਹੈ/ ਕਿ ਮੈਂ ਹਨੇਰਿਆਂ ਵਿਚ ਰਹਿ ਕੇ/ ਚਾਨਣ ਦੀਆਂ ਬਾਤਾਂ/ ਕਿਵੇਂ ਪਾ ਲੈਂਦੀ ਹਾਂ।"

ਪੁਰਸ਼ ਹੋਵੇ ਜਾਂ ਪੁਰਸ਼-ਪ੍ਰਧਾਨ ਸਮਾਜ, ਉਹ ਜਿਸ ਦੇ ਪੱਲੇ ਹਨੇਰਾ ਪਾਉਣਾ ਚਾਹੁੰਦਾ ਹੈ, ਉਸ ਨੂੰ ਚਾਨਣ ਦੀਆਂ ਬਾਤਾਂ ਪਾਉਂਦਿਆਂ ਕਦੋਂ ਸਹਿਣ ਕਰਦਾ ਹੈ। ਇਉਂ ਹਨੇਰੇ ਅਤੇ ਚਾਨਣ ਵਿਚਕਾਰਲੀ ਲੜਾਈ ਦਾ ਲੰਮੀ ਹੋਣਾ ਲਾਜ਼ਮੀ ਹੁੰਦਾ ਹੈ। ਹਨੇਰਾ ਆਪਣੀਆਂ ਕਰਤੂਤਾਂ ਦੀ ਆਖ਼ਰੀ ਸੀਮਾ ਦਿਖਾਉਂਦਾ ਹੈ, ਪਰ ਉਹ ਚਾਨਣ ਹੀ ਕੀ ਹੋਇਆ ਜੋ ਇਹ ਅਹਿਸਾਸ ਨਾ ਕਰਵਾ ਦੇਵੇ ਕਿ ਉਸ ਨੇ ਇਸ ਆਖ਼ਰੀ ਸੀਮਾ ਤੋਂ ਵੀ ਅਗਲੇਰੀਆਂ ਸੀਮਾਵਾਂ ਦੇਖੀਆਂ ਹੋਈਆਂ ਹਨ: "ਉਹ ਜਦ ਵੀ ਡਰਾਵੇ ਦਿੰਦਾ/ ਤਿੱਖੜ ਦੁਪਹਿਰਾਂ ਦੇ ਦਿੰਦਾ/ ਉਹਨੂੰ ਸ਼ਾਇਦ ਨਹੀਂ ਸੀ ਪਤਾ/ ਕਿ ਮੈਂ ਤਾਂ ਕਿਸੇ ਰੇਗਿਸਤਾਨ ਦੀ ਬੇਟੀ ਹਾਂ/...ਉਹ ਜਦ ਵੀ ਡਰਾਵੇ ਦਿੰਦਾ/ ਲੋਹੇ ਦੀਆਂ ਸੀਖਾਂ ਦੇ ਦਿੰਦਾ/ ਉਹਨੂੰ ਸ਼ਾਇਦ ਨਹੀਂ ਸੀ ਪਤਾ/ ਕਿ ਮੈਂ ਤਾਂ ਜਦ ਵੀ ਉੱਡਾਂਗੀ/ ਸਣੇ ਪਿੰਜਰੇ ਉੱਡਾਂਗੀ/ ...ਉਹ ਜਦ ਵੀ ਡਰਾਵੇ ਦਿੰਦਾ/ ਸੂਕਦੇ ਦਰਿਆਵਾਂ ਦੇ ਦਿੰਦਾ/ ਉਹਨੂੰ ਸ਼ਾਇਦ ਨਹੀਂ ਸੀ ਪਤਾ/ ਮੈਂ ਤਾਂ ਘੁੰਮਣਘੇਰਾਂ ਦੀ ਤਾਰੂ ਹਾਂ/...ਉਹ ਜਦ ਵੀ ਡਰਾਵੇ ਦਿੰਦਾ/ ਛੁਰੀਆਂ ਅਤੇ ਛਵ੍ਹੀਆਂ ਦੇ ਦਿੰਦਾ/ ਉਹਨੂੰ ਸ਼ਾਇਦ ਨਹੀਂ ਸੀ ਪਤਾ/ ਮੈਂ ਤਾਂ ਅੱਜ ਤੱਕ ਜਿਹੜਾ ਵੀ ਕਦਮ ਤੁਰੀ ਹਾਂ/ ਬੱਸ ਉਹ ਤਲਵਾਰ ਦੀ ਧਾਰ 'ਤੇ ਤੁਰੀ ਹਾਂ!"

ਪਰ ਮੂੰਹ-ਜ਼ੋਰ ਤੇ ਅੱਖੜ ਧਾਰਾ ਦੇ ਵਿਰੁੱਧ ਤਰਨਾ ਸੌਖਾ ਨਹੀਂ ਹੁੰਦਾ: "ਬੜੀ ਭਿਆਨਕ ਸੀ/ ਹਨੇਰੀਆਂ ਰਾਤਾਂ 'ਚ/ ਕੰਡਿਆਂ 'ਤੇ ਤੁਰਨ ਦੀ ਦਾਸਤਾਨ/ ਤੁਰਦਿਆਂ ਕੁਝ ਪੈਰਾਂ 'ਚ ਪੁੜ ਗਏ/ ਚੁਗਦਿਆਂ ਕੁਝ ਪੋਟਿਆਂ 'ਚ ਲਹਿ ਗਏ/ ਲਭਦਿਆਂ ਕੁਝ ਅੱਖਾਂ ਨੂੰ ਲੈ ਗਏ!"

ਉਂਜ ਤਾਂ ਜੀਵਨ ਦਾ ਸਾਰ ਇਹੋ ਹੈ ਕਿ ਹਰ ਵਿਆਕਤੀ ਨੂੰ ਆਪਣੀ ਲੜਾਈ ਆਖ਼ਰ ਆਪ ਹੀ ਲੜਨੀ ਪੈਂਦੀ ਹੈ, ਫੇਰ ਵੀ ਇਸ ਲੜਾਈ ਵਿਚ ਕਦੀ-ਨਾ-ਕਦੀ, ਕੋਈ-ਨਾ-ਕੋਈ ਸਹਾਰਾ ਮਿਲਣਾ ਅਸੰਭਵ ਨਹੀਂ ਹੁੰਦਾ। ਪਰ ਬੀਬਾ ਨੂੰ ਇਹ ਲੰਮੀ ਲੜਾਈ ਇਕੱਲਿਆਂ ਹੀ ਲੜਨੀ ਪੈ ਰਹੀ ਸੀ, ਜਿਥੇ ਸਾਥ ਦੇਣ ਲਈ ਕੋਈ ਹੀਰ ਸਹੇਲੀ ਜਾਂ ਰਾਂਝਾ ਬੇਲੀ ਤਾਂ ਹੈ ਨਹੀਂ ਸੀ, ਸਾਹਮਣੇ ਕੈਦੋਆਂ ਦੀ ਪੂਰੀ ਦੀ ਪੂਰੀ ਸੈਨਾ ਸੀ: "ਫਿਰ ਮੈਂ ਆਪਣੀ ਹਿਆਤੀ ਦੇ ਸਾਰੇ ਵਰ੍ਹੇ/ ਵਕਤ ਦੇ ਕੁਰੂਕਸ਼ੇਤਰ ਵਿਚ ਖੜ੍ਹੀ ਰਹੀ/ ਉਥੇ ਨਾ ਕੋਈ ਹੀਰ ਸੀ/ ਨਾ ਕੋਈ ਰਾਂਝਾ ਸੀ/ ਇਕ ਨਹੀਂ ਸੈਂਕੜੇ ਕੈਦੋਂ ਸਨ/ ਬਸ ਅੱਜ ਤੱਕ/ ਇਹਨਾਂ ਕੈਦੋਆਂ ਸੰਗ ਜੂਝ ਰਹੀ ਹਾਂ।"

ਪਰ ਬੀਬਾ ਦੀ ਇਹ ਇਕੱਲ ਸੰਪੂਰਨ ਇਕੱਲ ਨਹੀਂ ਸੀ। ਉਹਨੂੰ ਇਕ ਸਾਥ ਪ੍ਰਾਪਤ ਸੀ। ਉਹ ਸੀ ਵਿਚਾਰਧਾਰਾ ਦਾ ਸਾਥ ਜੋ ਜ਼ਿੰਦਗੀ ਦੇ ਲੜ ਲੱਗੇ ਰਹਿਣ ਲਈ ਪ੍ਰੇਰਦੀ ਸੀ: "ਲਹੂ-ਲੁਹਾਨ ਹੋਈ ਵੀ/ ਪਿੰਡੋ-ਪਿੰਡ, ਸ਼ਹਿਰੋ-ਸ਼ਹਿਰ/ ਜ਼ਿੰਦਗੀ ਦਾ ਹੋਕਾ ਦਿੰਦੀ ਰਹੀ।" ਤੇ ਜ਼ਿੰਦਗੀ ਦੇ ਸਾਥ ਦੀ ਪ੍ਰੇਰਕ ਵਿਚਾਰਧਾਰਾ ਨੇ ਉਹਨੂੰ ਨਿੱਜੀ ਦੁੱਖਾਂ ਤੋਂ ਉੱਚੀ ਉਠਾ ਕੇ ਅਜਿਹੀ ਸੰਘਰਸ਼ਸ਼ੀਲ ਅਵਸਥਾ ਤੱਕ ਪੁਚਾ ਦਿੱਤਾ ਜਿਥੇ ਹਾਰ-ਜਿੱਤ ਦੀ ਪਰਵਾਹ ਨਹੀਂ ਰਹਿ ਜਾਂਦੀ ਸਗੋਂ ਆਪਣੇ ਹਿੱਸੇ ਦੇ ਚਾਨਣ ਲਈ ਰਣ ਵਿਚ ਜੂਝਣਾ ਹੀ ਆਪਣੇ ਆਪ ਵਿਚ ਮਨੁੱਖੀ ਧਰਮ ਹੋ ਨਿੱਬੜਦਾ ਹੈ: "ਅਸੀਂ ਆਪਣੇ ਹਿੱਸੇ ਦੇ ਚਾਨਣ ਲਈ/ ਕਿਆਮਤ ਤੱਕ ਲੜਾਂਗੇ/ ਜਿੱਤ-ਹਾਰ ਦੇ ਸਿੱਟਿਆਂ ਤੋਂ ਬੇਖ਼ਬਰ ਹੋ ਕੇ।"

ਉਹਦੇ ਜੇਰੇ ਨੂੰ, ਉਹਦੀ ਅਡੋਲਤਾ ਨੂੰ ਦੇਖ ਕੇ ਹੈਰਾਨੀ ਹੋਈ। ਕਾਰਨ ਬਾਰੇ ਆਪ ਸੋਚਿਆ ਅਤੇ ਉਹਦੇ ਨਾਲ ਵਿਚਾਰਿਆ ਤਾਂ ਇਹ ਗੱਲ ਸਮਝ ਆਈ ਕਿ ਪੁਰਸ਼-ਪ੍ਰਧਾਨ ਸਮਾਜ ਵਿਚ ਉਹਦੇ ਇਸ ਹੌਸਲੇ ਦਾ ਆਧਾਰ ਹੋਛੇ ਨਾਰੀਵਾਦ ਵਿਚ ਪਏ ਬਿਨਾਂ ਉਹਦਾ ਅਬਲਾ ਵਾਲੇ ਨਾਰੀ-ਬਿੰਬ ਦੀ ਜਕੜ ਤੋਂ ਸੁਤੰਤਰ ਹੋਣਾ ਤੇ ਰਹਿਣਾ ਸੀ: "ਤੇਰੇ ਇਸ ਵਹਿਮ ਨੂੰ/ ਕਿ ਮੈਂ ਇਕ ਨਾਜ਼ੁਕ ਜਿਹੀ ਕਲੀ ਹਾਂ/ ਤੋੜ ਆਈ ਹਾਂ/...ਗੁੱਤ ਪਿੱਛੇ ਮੱਤ ਤੇ ਪੈਰ ਦੀ ਜੁੱਤੀ ਵਾਲੀ ਸੋਚ/ ਮੈਂ ਬਹੁਤ ਪਿੱਛੇ ਛੱਡ ਆਈ ਹਾਂ।" ਬੀਬਾ ਦਾ ਨਿਹਚਾ ਹੈ ਕਿ ਆਖਰ ਉਹਦੇ ਸਿਰੜ ਨੂੰ ਸਫਲਤਾ ਮਿਲੇਗੀ ਅਤੇ 'ਅੜੇ ਸੋ ਝੜੇ' ਦੀ ਕਹਾਵਤ ਅੰਤ ਨੂੰ ਉਹਦੇ ਲਈ ਸੱਚ ਹੋ ਕੇ ਰਹੇਗੀ: "ਮੇਰੇ ਸੁਰਖ਼ ਦੁਪੱਟੇ ਨੂੰ/ ਤੂੰ ਕਦਮਾਂ ਵਿਚ ਨਹੀਂ ਰੋਲੇਂਗਾ/ ਸਗੋਂ ਦਸਤਾਰ ਵਾਂਗ ਸਜਾਵੇਂਗਾ।"

ਪੁਰਸ਼-ਪ੍ਰਧਾਨ ਸਮਾਜ ਵਿਚ ਦੁੱਖ ਭੋਗਦੀ ਹਰ ਔਰਤ ਵਾਂਗ, ਬੀਬਾ ਕੁਲਵੰਤ ਨੂੰ ਮੇਰੀਆਂ ਬਹੁਤ-ਬਹੁਤ ਅਸੀਸਾਂ!

# ਕੀ ਸੰਦੇਸ਼ ਦਿੰਦਾ ਹੈ ਅਫਸਰਾਂ ਦੇ ਯਰਕਾਊ ਵਿਹਾਰ ਮੂਹਰੇ ਮੁੱਖ ਮੰਤਰੀ ਦਾ ਬੈਰੀਕੇਡ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੀਤੇ ਦਿਨੀਂ ਚੁੱਕੇ ਗਏ ਇਕ ਕਦਮ ਨਾਲ ਨਿਵੇਕਲੀ ਚਰਚਾ ਛਿੜ ਗਈ ਹੈ। ਬਹੁਤ ਸਾਰੇ ਲੋਕ ਇਸ ਗੱਲ ਤੋਂ ਖੁਸ਼ ਹਨ ਕਿ ਮੁੱਖ ਮੰਤਰੀ ਨੇ ਪੰਜਾਬ ਦੀ ਸਿਵਲ ਅਫਸਰਸ਼ਾਹੀ ਨੂੰ ਇਹ ਸਮਝਾ ਦਿੱਤਾ ਹੈ ਕਿ ਲੋਕਤੰਤਰ ਵਿਚ ਸਰਕਾਰ ਨੂੰ ਬਲੈਕਮੇਲ ਕਰਨ ਦੇ ਯਤਨ ਸਫਲ ਨਹੀਂ ਹੋ ਸਕਦੇ ਤੇ ਅਫਸਰਾਂ ਨੂੰ ਆਪਣੀ ਹੱਦ ਵਿਚ ਰਹਿਣਾ ਸਿੱਖ ਲੈਣਾ ਚਾਹੀਦਾ ਹੈ। ਅਸਰ ਇਸ ਦਾ ਬਿਲਕੁਲ ਇਹੀ ਪਿਆ ਤੇ ਪੰਜਾਬ ਦੀ ਸਰਕਾਰ ਨੂੰ ਚਲਾ ਰਹੀ ਪਾਰਟੀ ਦੇ ਆਗੂਆਂ ਤੋਂ ਇਲਾਵਾ ਕਈ ਬਾਹਰਲੇ ਲੋਕਾਂ ਨੇ ਵੀ ਮੁੱਖ ਮੰਤਰੀ ਦੇ ਪੈਂਤੜੇ ਦਾ ਬਹੁਤ ਸਮਝਦਾਰੀ ਨਾਲ ਹੁੰਗਾਰਾ ਭਰਿਆ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਪੰਜਾਬ ਕਾਂਗਰਸ ਦੇ ਇੱਕੋ ਇਕ ਲੀਡਰ ਹਨ, ਜਿਹੜੇ ਇਕ ਤੋਂ ਵੱਧ ਵਾਰੀ ਮੰਤਰੀ ਬਣਨ ਦੇ ਇਲਾਵਾ ਪਾਰਲੀਮੈਂਟ ਦੇ ਦੋਵਾਂ ਹਾਊਸਾਂ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਵੀ ਰਹਿ ਚੁੱਕੇ ਹਨ ਅਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਵੀ ਕੁਝ ਸਮਾਂ ਹੰਢਾਅ ਚੁੱਕੇ ਹਨ। ਅਫਸਰਾਂ ਵੱਲੋਂ ਹੜਤਾਲ ਕਹੇ ਬਗੈਰ ਸਮੂਹਿਕ ਛੁੱਟੀ ਲੈ ਕੇ ਹੜਤਾਲ ਦੇ ਅਸਿੱਧੇ ਕਦਮ ਬਾਰੇ ਪ੍ਰਤਾਪ ਸਿੰਘ ਬਾਜਵਾ ਨੇ ਓਸੇ ਦਿਨ ਕਹਿ ਦਿੱਤਾ ਕਿ ਏਦਾਂ ਦੇ ਚਾਲਿਆਂ ਦੀ ਹਮਾਇਤ ਨਹੀਂ ਕੀਤੀ ਜਾ ਸਕਦੀ। ਲੋਕਾਂ ਨਾਲੋਂ ਅਸਲ ਵਿਚ ਕੱਟੇ ਹੋਏ ਅਕਾਲੀ ਦਲ ਦੇ ਜਿਹੜੇ ਆਗੂ ਇਨ੍ਹਾਂ ਅਫਸਰਾਂ ਨੂੰ ਚੁੱਕਣਾ ਦੇਣ ਵਾਲੇ ਢੰਗ ਨਾਲ ਕਾਹਲੀ ਬਿਆਨਬਾਜ਼ੀ ਕਰਨ ਲਈ ਅੱਗੇ ਆਏ ਸਨ, ਉਹ ਵੀ ਮੁੱਖ ਮੰਤਰੀ ਦੇ ਸਖ਼ਤ ਕਦਮ ਅਤੇ ਹੜਤਾਲ ਦੇ ਹਸ਼ਰ ਤੋਂ ਬਾਅਦ ਚੁੱਪ ਵੱਟ ਗਏ ਹਨ।

ਅਸੀਂ ਇਹ ਕਦੀ ਨਹੀਂ ਚਾਹੁੰਦੇ ਕਿ ਅਫਸਰਾਂ ਨੂੰ ਸਤਿਕਾਰ ਨਾ ਮਿਲੇ, ਉਨ੍ਹਾਂ ਨੂੰ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ, ਪਰ ਲੋਕਤੰਤਰ ਵਿਚ ਉਹ ਆਪਣੇ-ਆਪ ਨੂੰ ਰਾਜੇ ਮੰਨਣ ਲੱਗ ਜਾਣ, ਇਸ ਤਰ੍ਹਾਂ ਨਹੀਂ ਚੱਲ ਸਕਦਾ। ਸਾਰੇ ਜਾਣਦੇ ਹਨ ਕਿ ਪਿਛਲੇ ਸਾਲਾਂ ਦੌਰਾਨ ਏਥੇ ਸਿਆਸੀ ਆਗੂਆਂ ਨੇ ਜਿਹੜੀ ਭ੍ਰਿਸ਼ਟਾਚਾਰ ਦੀ ਹਨੇਰੀ ਲਿਆ ਛੱਡੀ ਸੀ, ਬਹੁਤ ਸਾਰੇ ਅਫਸਰਾਂ ਦੀ ਉਸ ਵਿਚ ਮਿਲੀਭੁਗਤ ਹੁੰਦੀ ਸੀ। ਜਦੋਂ ਉਨ੍ਹਾਂ ਸਿਆਸੀ ਆਗੂਆਂ ਖ਼ਿਲਾਫ ਕਾਰਵਾਈ ਹੋਈ ਤਾਂ ਦਲਾਲਾਂ ਦੇ ਨਾਲ ਵੀ ਹੋਣੀ ਸੀ ਤੇ ਉਹ ਅਫਸਰ ਵੀ ਦਾੜ੍ਹ ਹੇਠ ਆ ਸਕਦੇ ਸਨ, ਜਿਹੜੇ ਲੀਡਰਾਂ ਨਾਲ ਮਿਲ ਕੇ ਹਿੱਸਾ-ਪੱਤੀ ਰੱਖਣ ਦੇ ਰਾਹ ਪਏ ਹੋਏ ਸਨ। ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਦੌਰਾਨ ਜਦੋਂ ਆਗੂਆਂ ਦੀ ਫੜੋ-ਫੜਾਈ ਹੁੰਦੀ ਰਹੀ, ਅਫਸਰੀ ਪੱਧਰ ਉੱਤੇ ਆਪਸੀ ਵਿਚਾਰਾਂ ਹੁੰਦੀਆਂ ਰਹੀਆਂ ਕਿ ਸਾਡੇ ਤੱਕ ਵੀ ਗੱਲ ਆ ਸਕਦੀ ਹੈ, ਕੁਝ ਕਰਨਾ ਚਾਹੀਦਾ ਹੈ। ਜਿਸ ਵਕਤ ਅਫਸਰਾਂ ਖ਼ਿਲਾਫ ਕਾਰਵਾਈ ਸ਼ੁਰੂ ਹੁੰਦੀ ਦਿਖਾਈ ਦਿੱਤੀ ਤਾਂ ਸਾਰਾ ਕੋੜਮਾ ਇਕੱਠਾ ਹੋ ਕੇ ਸਰਕਾਰ ਵਿਰੁੱਧ ਮੋਰਚੇਬੰਦੀ ਦਾ ਦਾਅ ਖੇਡਣ ਤੁਰ ਪਿਆ। ਇਹ ਗੱਲ ਅਫਸਰਾਂ ਨੂੰ ਭੁੱਲ ਗਈ ਕਿ ਜਿਸ ਕੇਸ ਤੋਂ ਬਹੁਤਾ ਰੌਲਾ ਪਿਆ ਸੀ, ਮੋਹਾਲੀ ਦੇ ਉਸ ਵੱਡੇ ਸਨਅਤੀ ਪਲਾਟ ਨੂੰ ਕਲੋਨੀ ਵਿਚ ਬਦਲ ਕੇ ਕਰੋੜਾਂ ਦੀ ਕਮਾਈ ਕਰਨ ਵਿਚ ਪਿਛਲੀ ਸਰਕਾਰ ਦੇ ਇਕ ਬਦਨਾਮ ਮੰਤਰੀ ਨਾਲ ਜਿਨ੍ਹਾਂ ਅਫਸਰਾਂ ਨੇ ਫਾਈਲਾਂ ਕਲੀਅਰ ਕੀਤੀਆਂ ਸਨ, ਉਸ ਕਲੋਨੀ ਦੇ ਪਲਾਟ ਮਾਲਕਾਂ ਦੀ ਲਿਸਟ ਵਿਚ ਉਨ੍ਹਾਂ ਅਫਸਰਾਂ ਦੇ ਘਰਾਂ ਦੇ ਜੀਆਂ ਦੇ ਨਾਂਅ ਬੋਲਦੇ ਹਨ। ਸਿੱਧੇ ਪੈਸੇ ਨਹੀਂ ਲਏ, ਕਰੋੜਾਂ ਦੇ ਪਲਾਟ ਲੈ ਲਏ ਸਨ ਤਾਂ ਕਾਗਜ਼ੀ ਸਬੂਤ ਹੋਣ ਕਾਰਨ ਉਨ੍ਹਾਂ ਖ਼ਿਲਾਫ ਕੇਸ ਬਣਨੇ ਸਨ। ਇਸ ਹਾਲ ਵਿਚ ਉਨ੍ਹਾਂ ਨੂੰ ਅਦਾਲਤ ਦਾ ਰਾਹ ਫੜਨਾ ਚਾਹੀਦਾ ਸੀ, ਉਹ ਅਣ-ਐਲਾਨੀ ਹੜਤਾਲ ਨਾਲ ਸਰਕਾਰ ਨੂੰ ਤੰਗ ਕਰਨ ਦੇ ਰਾਹ ਪੈਣ ਲੱਗ ਪਏ, ਜਿਸ ਬਾਰੇ ਮੁੱਖ ਮੰਤਰੀ ਨੇ ਆਪਣੀ ਚਿੱਠੀ ਵਿਚ ਬਲੈਕ-ਮੇਲਿੰਗ ਦਾ ਸ਼ਬਦ ਵਰਤਿਆ ਹੈ। ਏਦਾਂ ਦੀ ਬਲੈਕ-ਮੇਲਿੰਗ ਵਿਰੁੱਧ ਕਾਨੂੰਨੀ ਕਾਰਵਾਈ ਦਾ ਜਿਹੜਾ ਪੈਂਤੜਾ ਮੁੱਖ ਮੰਤਰੀ ਨੇ ਲਿਆ, ਉਸ ਤੋਂ ਪੰਜਾਬ ਦੇ ਲੋਕ ਖੁਸ਼ ਦਿਖਾਈ ਦਿੱਤੇ ਹਨ।

ਪੰਜਾਬ ਦੇ ਅਫਸਰਾਂ ਨੂੰ ਇਹ ਸੋਚ ਨਹੀਂ ਆਈ ਕਿ ਇਹੋ ਜਿਹਾ ਹੜਤਾਲ ਵਰਗਾ ਕਦਮ ਜਦੋਂ ਚੁੱਕਿਆ ਜਾਵੇ ਤਾਂ ਇਸ ਦਾ ਅਸਰ ਪੰਜਾਬ ਤੱਕ ਸੀਮਤ ਨਹੀਂ ਰਹਿ ਸਕਦਾ। ਜਿਸ ਦਿਨ ਪੰਜਾਬ ਵਿਚ ਅਫਸਰਾਂ ਨੇ ਏਦਾਂ ਦਾ ਕਦਮ ਚੁੱਕਿਆ ਸੀ, ਉਸੇ ਦਿਨ ਬਿਹਾਰ ਵਿਚ ਉਨ੍ਹਾਂ ਵਰਗਾ ਇਕ ਅਧਿਕਾਰੀ ਫੜਿਆ ਗਿਆ ਸੀ, ਓਥੇ ਵੀ ਅਫਸਰ ਪੰਜਾਬ ਦੇ ਅਫਸਰਾਂ ਵਾਲੇ ਰਾਹ ਪੈ ਸਕਦੇ ਸਨ। ਇਕ ਹਫਤਾ ਪਹਿਲਾਂ ਮਹਾਰਾਸ਼ਟਰ ਦੀ ਭਾਜਪਾ ਸਰਕਾਰ ਹੇਠ ਹੋਏ ਟੀਚਰ ਐਲੀਜੀਬਿਲਟੀ ਟੈਸਟ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਇਨ੍ਹਾਂ ਵਰਗਾ ਇਕ ਅਫਸਰ ਫੜਿਆ ਗਿਆ ਸੀ। ਰਾਜਸਥਾਨ ਵਿਚ ਨੌਕਰੀਆਂ ਦੇਣ ਦੇ ਟੈਸਟ ਵੇਲੇ ਪੇਪਰ ਲੀਕੇਜ ਕਾਂਡ ਹੋਇਆ ਤੇ ਓਦੋਂ ਹੀ ਹਿਮਾਚਲ ਪ੍ਰਦੇਸ਼ ਵਿਚ ਏਦਾਂ ਦਾ ਇਕ ਕੇਸ ਹੋਇਆ ਸੀ ਤੇ ਉਨ੍ਹਾਂ ਦੋਵਾਂ ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਦੀ ਪੁਲਿਸ ਨੇ ਵੀ ਅਫਸਰ ਗ੍ਰਿਫਤਾਰ ਕੀਤੇ ਸਨ। ਪੰਜਾਬ ਵਾਲਾ ਕਦਮ ਓਥੋਂ ਦੇ ਅਫਸਰ ਵੀ ਚੁੱਕਣ ਦੀ ਧਮਕੀ ਦੇ ਸਕਦੇ ਸਨ। ਮੱਧ ਪ੍ਰਦੇਸ਼ ਵਿਚ ਦੋ ਅਫਸਰ ਪਤੀ-ਪਤਨੀ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਹੇਠ ਫੜੇ ਗਏ ਤਾਂ ਉਨ੍ਹਾਂ ਦੇ ਡਬਲ-ਬੈੱਡ ਹੇਠਲੇ ਬਕਸੇ ਵਿਚੋਂ ਨੋਟਾਂ ਦੇ ਢੇਰ ਨਿਕਲੇ ਸਨ। ਝਾਰਖੰਡ ਦੀ ਇਕ ਬਹੁ-ਚਰਚਿਤ ਮਹਿਲਾ ਅਫਸਰ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਗ੍ਰਿਫਤਾਰ ਕੀਤੀ ਗਈ ਸੀ। ਵੱਖ-ਵੱਖ ਰਾਜਾਂ ਵਿਚ ਸਰਕਾਰ ਭਾਵੇਂ ਭਾਜਪਾ ਦੀ ਹੋਵੇ, ਕਾਂਗਰਸ ਦੀ ਜਾਂ ਕਿਸੇ ਵੀ ਹੋਰ ਪਾਰਟੀ ਦੀ, ਸਾਰਿਆਂ ਨੂੰ ਪੰਜਾਬ ਦੇ ਅਫਸਰਾਂ ਵਾਲੀ ਹੜਤਾਲ ਦੇ ਕਦਮ ਤੋਂ ਹੈਰਾਨੀ ਹੋਈ ਅਤੇ ਸਾਨੂੰ ਪਤਾ ਲੱਗਾ ਹੈ ਕਿ ਸਾਰਿਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਦਾ ਏਦਾਂ ਦਾ ਕਦਮ ਠੀਕ ਲੱਗਾ ਹੈ। ਇਸ ਤਰ੍ਹਾਂ ਅਫਸਰਾਂ ਦੀ ਹੜਤਾਲ ਦੀ ਖੇਡ ਉਨ੍ਹਾਂ ਰਾਜਾਂ ਤੱਕ ਵੀ ਜਾ ਸਕਦੀ ਸੀ ਤੇ ਫਿਰ ਭਾਰਤ ਦੇ ਹਰ ਰਾਜ ਦੀ ਸਰਕਾਰ ਇਕ ਤਰ੍ਹਾਂ ਅਫਸਰੀ ਬਲੈਕਮੇਲ ਦਾ ਸ਼ਿਕਾਰ ਹੋ ਕੇ ਖੂੰਜੇ ਲੱਗਣ ਦੀ ਨੌਬਤ ਆ ਸਕਦੀ ਸੀ।

ਅਸੀਂ ਫਿਰ ਕਹੀਏ ਕਿ ਅਫਸਰ ਸਰਕਾਰ ਦੀ ਕਾਰਕਰਦਗੀ ਦਾ ਮੁੱਖ ਧੁਰਾ ਹੁੰਦੇ ਹਨ ਤੇ ਇਨ੍ਹਾਂ ਦਾ ਹਰ ਤਰ੍ਹਾਂ ਦਾ ਬਣਦਾ ਸਤਿਕਾਰ ਕਾਇਮ ਰੱਖਿਆ ਜਾਣਾ ਚਾਹੀਦਾ ਹੈ, ਪਰ ਇਨ੍ਹਾਂ ਨੂੰ ਵੀ ਏਦਾਂ ਵਿਹਾਰ ਕਰਨ ਤੋਂ ਬਚਣ ਦੀ ਲੋੜ ਹੈ ਕਿ ਉਹ ਕਿਸੇ ਸਿਆਸੀ ਧਿਰ ਦੇ ਪੱਖ ਜਾਂ ਵਿਰੋਧ ਵਿਚ ਚੱਲਦੇ ਨਾ ਜਾਪਣ ਲੱਗ ਪੈਣ। ਪੰਜਾਬ ਦੇ ਕੇਸ ਵਿਚ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਏਥੇ ਪਹਿਲਾਂ ਵੀ ਅਫਸਰ ਫੜੇ ਜਾਂਦੇ ਰਹੇ ਹਨ, ਪਰ ਉਨ੍ਹਾਂ ਲਈ ਕਦੀ ਵੀ ਏਦਾਂ ਹੜਤਾਲ ਕਰਨ ਵਰਗੀ ਲਾਮਬੰਦੀ ਨਹੀਂ ਸੀ ਹੋਈ। ਹਰਿਆਣੇ ਦਾ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਜਦੋਂ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਦਸ ਸਾਲ ਦੀ ਕੈਦ ਭੁਗਤਣ ਲਈ ਜੇਲ੍ਹ ਭੇਜਿਆ ਗਿਆ, ਉਸ ਦੇ ਨਾਲ ਵੀ ਕਈ ਅਫਸਰਾਂ ਨੂੰ ਜੇਲ੍ਹ ਭੇਜਿਆ ਗਿਆ ਸੀ, ਪਰ ਏਦਾਂ ਦੀ ਹੜਤਾਲ ਨਹੀਂ ਸੀ ਹੋਈ। ਸਾਡੇ ਪੰਜਾਬ ਦੇ ਆਈ ਏ ਐੱਸ ਅਫਸਰ ਕਾਹਨ ਸਿੰਘ ਪੰਨੂੰ ਨੂੰ ਹੇਮਕੁੰਟ ਸਾਹਿਬ ਵਿਚ ਜਿੱਦਾਂ ਬੇਇੱਜ਼ਤ ਕੀਤਾ ਜਾਂ ਕਰਵਾਇਆ ਗਿਆ ਸੀ, ਉਸ ਦੇ ਪਿੱਛੇ ਕਿਸੇ ਅਫਸਰ ਨੇ ਕੋਈ ਹੜਤਾਲ ਨਹੀਂ ਸੀ ਕੀਤੀ। ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਫਸਦੇ ਅਫਸਰਾਂ ਦੇ ਪੱਖ ਵਿਚ ਹੜਤਾਲ ਦਾ ਕਦਮ ਚੁੱਕ ਕੇ ਪੰਜਾਬ ਦੀ ਸਿਵਲ ਅਫਸਰਸ਼ਾਹੀ ਨੇ ਅਜੀਬ ਕਿਸਮ ਦਾ ਯਰਕਾਊ ਕੰਮ ਕਰਨ ਦਾ ਯਤਨ ਕੀਤਾ ਹੈ। ਅਫਸਰਾਂ ਨੂੰ ਇਹ ਚੇਤਾ ਨਾ ਰਿਹਾ ਕਿ ਕੱਲ੍ਹ ਨੂੰ ਉਹ ਆਪਣੇ ਦਫਤਰ ਦੇ ਕਿਸੇ ਕਰਮਚਾਰੀ ਦੇ ਖ਼ਿਲਾਫ ਕਿਸੇ ਵਕਤ ਸਖਤੀ ਦਾ ਕੋਈ ਕਦਮ ਚੁੱਕਣਗੇ ਤਾਂ ਓਥੇ ਵੀ ਸਾਰੇ ਕਰਮਚਾਰੀ ਹੜਤਾਲ ਕਰ ਦਿਆ ਕਰਨਗੇ ਤੇ ਸਰਕਾਰੀ ਕੰਮ-ਕਾਜ ਚੱਲਣ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਵੇਗੀ। ਏਹੋ ਜਿਹੇ ਕਦਮ ਨੂੰ ਮੁੱਖ ਮੰਤਰੀ ਵਾਂਗ ਅਸੀਂ ਬਲੈਕਮੇਲਿੰਗ ਨਾ ਵੀ ਕਹੀਏ ਤਾਂ ਇਸ ਕਦਮ ਦਾ ਸਿੱਟਾ ਇਕ ਏਹੋ ਜਿਹੀ ਬਦ-ਅਮਨੀ ਜਾਂ ਅਰਾਜਕਤਾ ਵਿਚ ਨਿਕਲਣਾ ਸੀ, ਜਿਹੜੀ ਪਹਿਲਾਂ ਤੋਂ ਮੁਸ਼ਕਲਾਂ ਦੀ ਮਾਰ ਹੇਠ ਆਏ ਹੋਏ ਪੰਜਾਬ ਦੇ ਲੋਕਾਂ ਦੀਆਂ ਮੁਸੀਬਤਾਂ ਹੋਰ ਵਧਾ ਸਕਦੀ ਸੀ। ਇਸ ਕਰਕੇ ਅਫਸਰਸ਼ਾਹੀ ਨੂੰ ਇਸ ਕੌੜੇ ਤਜਰਬੇ ਤੋਂ ਬਾਅਦ ਪੰਜਾਬ ਦੇ ਲੋਕਾਂ ਦੀ ਹਕੀਕੀ ਸੇਵਾ ਵੱਲ ਧਿਆਨ ਦੇ ਕੇ ਆਪਣਾ ਅਕਸ ਸੁਧਾਰਨਾ ਚਾਹੀਦਾ ਹੈ।

ਦੂਸਰੇ ਪਾਸੇ ਇਸ ਤੋਂ ਹਟਵਾਂ ਪੱਖ ਇਹ ਵੀ ਹੈ ਕਿ ਪੰਜਾਬ ਦੇ ਕੁਝ ਮੰਤਰੀ ਅਤੇ ਕੁਝ ਵਿਧਾਇਕ ਵੀ ਹਾਲਾਤ ਦੇ ਵਹਿਣ ਨੂੰ ਸਮਝ ਨਹੀਂ ਰਹੇ ਅਤੇ ਦਸ ਮਹੀਨੇ ਸਰਕਾਰ ਬਣੀ ਨੂੰ ਹੋਣ ਪਿੱਛੋਂ ਵੀ ਉਹ ਚੱਜ-ਆਚਾਰ ਸਿੱਖਣ ਵਾਲਾ ਕੋਈ ਸਬੂਤ ਨਹੀਂ ਦੇ ਰਹੇ, ਜਿਹੜਾ ਉਨ੍ਹਾਂ ਨੂੰ ਦੇਣਾ ਚਾਹੀਦਾ ਹੈ। ਅਣਕਿਆਸੀ ਜਿੱਤ ਹੋਣ ਨਾਲ ਕੁਝ ਏਦਾਂ ਦੇ ਲੋਕ ਮੰਤਰੀ ਦੇ ਰੁਤਬੇ ਤੱਕ ਪਹੁੰਚ ਗਏ ਹਨ, ਜਿਹੜੇ ਅਜੇ ਤੱਕ ਆਪਣੇ ਅਹੁਦੇ ਦੀਆਂ ਸਰਕਾਰੀ ਜ਼ਿੰਮੇਵਾਰੀਆਂ ਨੂੰ ਨਹੀਂ ਸਮਝ ਸਕੇ ਤੇ ਇਖਲਾਕੀ ਜ਼ਿੰਮੇਵਾਰੀ ਵੱਲ ਵੀ ਧਿਆਨ ਦੇਣਾ ਨਹੀਂ ਜਾਣਦੇ। ਉਨ੍ਹਾਂ ਦੀ ਨਕੇਲ ਉਨ੍ਹਾਂ ਅਫਸਰਾਂ ਅਤੇ ਪਿਛਲੀ ਸਰਕਾਰ ਦੇ ਕੁਝ ਮੰਤਰੀਆਂ ਦੇ ਏਜੰਟਾਂ ਦੇ ਹੱਥਾਂ ਵਿਚ ਹੈ, ਜਿਹੜੇ ਮਨ-ਆਈਆਂ ਕਰ ਕੇ ਲੋਕਾਂ ਵਿਚ ਸਰਕਾਰ ਦੀ ਬਦਨਾਮੀ ਵਧਣ ਦਾ ਕਾਰਨ ਪਹਿਲਾਂ ਬਣਦੇ ਰਹੇ ਸਨ। ਏਥੋਂ ਤੱਕ ਕਿ ਕੁਝ ਵਿਭਾਗਾਂ ਵਿਚ ਅਫਸਰਾਂ ਨੇ ਆਪਣੇ ਨਾਲ ਹੱਥ ਰਲੇ ਹੋਣ ਵਾਲੇ ਬਹੁਤ ਸਾਰੇ ਪੁਰਾਣੇ ਚਾਟੜਿਆਂ ਨੂੰ ਫਿਰ ਵਿਭਾਗੀ ਕਮੇਟੀਆਂ ਵਿਚ ਪਾ ਲਿਆ ਜਾਂ ਉਨ੍ਹਾਂ ਪੋਸਟਾਂ ਉੱਤੇ ਲਿਆ ਬਿਠਾਇਆ ਹੈ, ਜਿਨ੍ਹਾਂ ਉੱਤੇ ਹੋਰ ਲੋਕ ਹੋਣੇ ਚਾਹੀਦੇ ਸਨ। ਇਸ ਦਾ ਪਤਾ ਲੱਗਣ ਦੇ ਬਾਵਜੂਦ ਮੰਤਰੀ ਉਨ੍ਹਾਂ ਅਫਸਰਾਂ ਵੱਲ ਕੌੜੀ ਅੱਖ ਨਾਲ ਵੇਖਣ ਦੀ ਜੁਰਅਤ ਨਹੀਂ ਸਨ ਕਰ ਸਕੇ। ਸਰਕਾਰ ਜਿੱਦਾਂ ਦੀ ਵੀ ਚੱਲਦੀ ਰਹੀ, ਅਫਸਰਾਂ ਨੂੰ ਕਿਸੇ ਨੇ ਕੁਝ ਨਹੀਂ ਪੁੱਛਣਾ, ਜਦੋਂ ਲੋਕਾਂ ਵਿਚ ਜਾਣਾ ਪਿਆ, ਹਰ ਚੰਗੇ-ਮਾੜੇ ਕੰਮ ਦਾ ਲੇਖਾ ਮੰਤਰੀਆਂ ਤੇ ਵਿਧਾਇਕਾਂ ਨੂੰ ਦੇਣਾ ਪੈਣਾ ਹੈ, ਜੇ ਉਨ੍ਹਾਂ ਨੂੰ ਇਸ ਗੱਲ ਦਾ ਚੇਤਾ ਨਾ ਰਿਹਾ ਤਾਂ ਉਹ ਸਰਕਾਰ ਨਹੀਂ ਚਲਾ ਸਕਣਗੇ, ਅਫਸਰਾਂ ਦੇ ਕਾਰਿੰਦੇ ਜਿਹੇ ਬਣ ਕੇ ਰਹਿ ਜਾਣਗੇ। ਜਿਹੜੀ ਗੱਲ ਅਸੀਂ ਅਖੀਰ ਵਿਚ ਕਹਿਣੀ ਚਾਹੁੰਦੇ ਹਾਂ, ਉਹ ਇਹ ਕਿ ਸਾਰੇ ਅਫਸਰ ਇੱਕੋ ਜਿਹੇ ਨਹੀਂ ਹੁੰਦੇ, ਪੰਜਾਬ ਦੀ ਅਫਸਰਸ਼ਾਹੀ ਵਿਚ ਵੀ ਕੁਝ ਚੰਗੇ ਲੋਕ ਹਨ, ਪਰ ਪਿਛਲੀਆਂ ਸਰਕਾਰਾਂ ਦੌਰਾਨ ਨੁੱਕਰੀਂ ਲਾ ਕੇ ਰੱਖੇ ਜਾਂਦੇ ਰਹੇ ਸਨ, ਉਨ੍ਹਾਂ ਨੂੰ ਅੱਗੇ ਲਿਆ ਕੇ ਪਰਖਿਆ ਜਾਵੇ ਤਾਂ ਹਾਲਾਤ ਸੁਧਾਰਨ ਦੀ ਆਸ ਵਧ ਸਕਦੀ ਹੈ।

ਅਫਸਰਸ਼ਾਹੀ ਵੱਲੋਂ ਚੁੱਕੇ ਯਰਕਾਊ ਕਦਮਾਂ ਅੱਗੇ ਮੁੱਖ ਮੰਤਰੀ ਵੱਲੋਂ ਲਾਇਆ ਗਿਆ ਬੈਰੀਕੇਡ ਲੰਮੇ ਸਮੇਂ ਲਈ ਇਸ ਰਾਜ ਦੀ ਸਿਆਸੀ ਲੀਡਰਸ਼ਿਪ ਅਤੇ ਪ੍ਰਸ਼ਾਸਨ ਦੇ ਤਾਲਮੇਲ ਲਈ ਸੁਖਾਵੇਂ ਸਿੱਟੇ ਕੱਢ ਸਕਦਾ ਹੈ।

# ਆਖਰੀ ਗੁਫ਼ਤਗੂ-ਇੱਕ ਟੀਸ

**ਕਹਾਣੀ**



ਅਮਰਬੀਰ ਸਿੰਘ ਚੀਮਾ
ਫੋਨ: 98889-40211

ਆਰਥਿਕ ਪੱਖੋਂ, ਜਾਤ-ਪਾਤ ਤੇ ਪੜ੍ਹਾਈ-ਲਿਖਾਈ ਦੀ ਸਮਾਨਤਾ ਦੇ ਬਾਵਜੂਦ ਕੁਝ ਅਖੌਤੀ ਰਿਸ਼ਤੇਦਾਰਾਂ, ਮਾਪਿਆਂ ਅਤੇ ਸਮਾਜ ਨੇ ਕੰਵਰ ਤੇ ਪ੍ਰੀਤ ਦੇ ਸੱਚੇ ਤੇ ਰੂਹਾਨੀ ਇਸ਼ਕ ਨੂੰ ਪ੍ਰਵਾਨ ਨਹੀਂ ਕੀਤਾ। ਕਈ ਦਿਨਾਂ ਤੀਕਰ ਕੰਵਰ ਦੇ ਘਰ ਸ਼ੀਤ ਯੁੱਧ ਚੱਲਦਾ ਰਿਹਾ ਪਰ ਉਸ ਦੇ ਘਰਦੇ ਆਪਣੇ ਫੈਸਲੇ 'ਤੇ ਬਜ਼ਿੱਦ ਸਨ। ਜਬਰੀ ਤੇ ਜਜ਼ਬਾਤੀ ਤਸੀਹਿਆਂ ਨੇ ਕੰਵਰ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ। ਲੱਖ-ਕਰੋੜ ਹੀਲੇ ਵਰਤਣ ਦੇ ਬਾਵਜੂਦ ਵੀ ਮੁਹੱਬਤ ਪ੍ਰਵਾਨ ਨਾ ਚੜ੍ਹਦੀ ਦੇਖ ਕੰਵਰ ਨੇ ਆਖਰ ਆਪਣੇ ਦਿਲ 'ਤੇ ਪੱਥਰ ਰੱਖ ਲਿਆ। ਪ੍ਰੀਤ ਨੂੰ ਆਪਣੀ ਜ਼ਿੰਦਗੀ 'ਚੋਂ ਸਦਾ ਲਈ ਦੂਰ ਕਰਨ ਲਈ ਕੰਵਰ ਨੇ ਉਸਨੂੰ ਉਸੇ ਥਾਂ 'ਤੇ ਆਖਰੀ ਵਾਰ ਮਿਲਣ ਲਈ ਬੁਲਾਇਆ, ਜਿੱਥੋਂ ਉਨ੍ਹਾਂ ਦੇ ਪਿਆਰ ਦੀ ਸ਼ੁਰੂਆਤ ਹੋਈ ਸੀ।

ਪਿਛਲੇ 5-6 ਸਾਲਾਂ ਦੌਰਾਨ ਜਦੋਂ ਵੀ ਪ੍ਰੀਤ ਨੂੰ ਮਿਲਣ ਲਈ ਬੁਲਾਇਆ, ਉਹ ਅੱਧੇ ਬੋਲ 'ਤੇ ਭੱਜੀ ਆਉਂਦੀ ਸੀ। ਹਰ ਵਾਰ ਵਾਂਗ ਅੱਜ ਵੀ ਉਹ ਇੱਕ ਫੋਨ ਕਾਲ 'ਤੇ ਸਾਹਮਣਿਓਂ ਮੁਸਕਰਾਹਟਾਂ ਬਖੇਰਦੀ ਹੋਈ ਕੰਵਰ ਵੱਲ ਆ ਰਹੀ ਸੀ। ਉਸਨੇ ਫਿੱਕੇ ਗੁਲਾਬੀ ਰੰਗ ਦੇ ਸੂਟ ਦੇ ਉੱਤੋਂ ਗੂੜ੍ਹੇ ਬ੍ਰਾਊਨ ਰੰਗ ਦੀ ਜੈਕਟ ਪਾਈ ਹੋਈ ਸੀ। ਆਪਣੀ ਆਦਤ ਮੁਤਾਬਕ ਖੱਬੇ ਹੱਥ ਦੀ ਉਂਗਲ 'ਚ ਆਪਣੇ ਸਕੂਟਰ ਦੀ ਚਾਬੀ ਘੁਮਾਉਂਦੀ ਤੇ ਦੂਜੇ ਹੱਥ ਨਾਲ ਮੱਥੇ 'ਤੇ ਡਿੱਗੀਆਂ ਜ਼ੁਲਫਾਂ ਨੂੰ ਸੰਵਾਰਦੀ ਹੋਈ ਨੇ ਕੋਲ ਆਉਂਦਿਆਂ ਹੀ ਮੁੰਡਿਆਂ ਵਾਂਗਰ ਆਪਣੀਆਂ ਅੱਖਾਂ ਦੇ ਭਰਵੱਟੇ ਉਤਾਂਹ ਚੁੱਕ ਕੇ ਕੰਵਰ ਦਾ ਹਾਲ-ਚਾਲ ਪੁੱਛਿਆ ਸੀ। ਅੱਗੋਂ ਉਖੜੇ ਜਿਹੇ ਕੰਵਰ ਨੇ ਰਸਮੀ ਜਿਹਾ ਜਵਾਬ ਦਿੱਤਾ ਸੀ। ਚਹਿਕਦੀ ਹੋਈ ਪ੍ਰੀਤ ਕਹਿੰਦੀ, 'ਐਡੀ ਵੀ ਕੀ ਐਮਰਜੈਂਸੀ ਸੀ, ਪਤਾ ਵੀ ਹੈ ਟੈਸਟ ਸੀ ਮੇਰਾ ਅੱਜ ਕਾਲਜ 'ਚ, ਵਿੱਚੇ ਛੱਡ ਕੇ ਆਈ ਹਾਂ'। ਕੰਵਰ ਨੇ ਨਕਲੀ ਜਿਹੀ ਮੁਸਕਰਾਹਟ ਨਾਲ ਸਿਰਫ ਧੰਨਵਾਦ ਹੀ ਕਿਹਾ। ਵਿਰਾਗਣੀ ਜਿਹੀ 'ਚ ਅੱਖਾਂ ਮਟਕ ਕੇ ਪੁੱਛਣ ਲੱਗੀ, 'ਅੱਜ ਤਬੀਅਤ ਠੀਕ ਨਹੀਂ ਲੱਗਦੀ ਜਨਾਬ ਦੀ, ਦੇਖਿਓ ਕਿਤੇ ਕੋਈ ਹੋਰ ਤਾਂ ਨਹੀਂ ਲੱਭ ਲਈ, ਨਾਲੇ ਐਡੀਆਂ ਕਾਹਲੀਆਂ ਨਾ ਕਰਿਆ ਕਰੋ ਯਾਰ, ਸਾਨੂੰ ਹੋਰ ਵੀ ਕੰਮ ਹੁੰਦੇ ਨੇ'। 'ਹੁਣ ਆਪਾਂ ਸੀਰੀਅਸਲੀ ਗੱਲ ਕਰ ਲਈਏ ਜਿਸ ਲਈ ਮੈਂ ਬੁਲਾਇਆ', ਕੰਵਰ ਨੇ ਕਿਹਾ। 'ਹਾਏ ਓ ਰੱਬਾ, ਇੱਕ ਤਾਂ ਸੀਰੀਅਸ ਹੋਣਾ ਛੱਡ ਦਿਓ ਪਲੀਜ਼। ਨਾਲੇ ਮੇਰੀ ਗੱਲ ਸੁਣੋ, ਪਤੈ ਮੰਮੀ ਪੁੱਛਦੇ ਸੀ ਕਿ ਤੂੰ ਇਹ ਕੋਕਾ ਕਿੱਥੋਂ ਲਿਆਂਦੈ, ਤੂੰ ਤਾਂ ਕਦੀ ਨਾ ਕੰਨ ਬੰਨਾਏ, ਨਾ ਨੱਕ। ਚੱਲ ਛੱਡੋ, ਹੁਣ ਦੱਸੋ ਸੁੱਕੇ ਖੂਹ ਕੋਲ ਹੀ ਖੜ੍ਹਾ ਕੇ ਰੱਖਣਾ ਕਿ ਕੁਝ ਚਾਹ ਪਾਣੀ ਵੀ ਪੁੱਛੋਗੇ ਮੈਨੂੰ। ਇੰਨੀ ਧੁੰਦ ਪੈ ਰਹੀ ਰਸਤੇ 'ਚ, ਆਪ ਤਾਂ ਇੱਥੋਂ ਉੱਠ ਕੇ ਆ ਗਏ'।

ਅੱਧਾ ਪੌਣਾ ਘੰਟਾ ਤਾਂ ਏਦਾਂ ਹੀ ਨਖ਼ਰੇ ਨਿਹੋਰੇ ਕਰਦੇ ਲੰਘ ਗਿਆ। ਫਿਰ ਅਚਾਨਕ ਉਹ ਕਹਿੰਦੀ, 'ਅੱਛਾ ਸੱਚ ਦੱਸਿਓ ਕਿ ਸੱਚੀ ਹੀ ਬੁੱਧੂ ਜਿਹੇ ਹੋ ਕਿ ਮੈਨੂੰ ਬੁੱਧੂ ਬਣਾਈ ਜਾਂਦੇ ਓ ਇੰਨੇ ਸਾਲਾਂ ਦੇ'। ਕੰਵਰ ਨੇ ਪੁੱਛਿਆ 'ਕਿਉਂ'? 'ਕਿਉਂ ਕੀ, ਜੱਟੀ ਨੇ ਮਨਾ ਲਏ ਨਾ ਆਪਣੇ ਘਰ ਦੇ। ਤੁਸੀਂ ਪਤਾ ਨਹੀਂ ਕਦੋਂ ਗੱਲ ਕਰਨੀ ਆਪਣੇ ਪੇਰੈਂਟਸ ਨਾਲ, ਮੈਨੂੰ ਲੱਗਦਾ ਨਹੀਂ ਕਿ ਗੱਲ ਕਰੋਗੇ ਤੁਸੀਂ, ਫੁਕਰੀਆਂ ਮਾਰਨ ਜੋਗੇ ਹੀ ਓ'। ਤੁਰਦੇ ਤੁਰਦੇ ਉਹ ਦੋਵੇਂ ਉਸੇ ਖੰਡਰ ਕੋਲ ਚਲੇ ਗਏ ਜਿੱਥੇ ਕਈ ਥਾਵਾਂ 'ਤੇ ਉਨ੍ਹਾਂ ਦੋਵਾਂ ਦੇ ਨਾਂ ਉੱਕਰੇ ਹੋਏ ਸਨ। ਫਿਰ ਪ੍ਰੀਤ ਬੋਲੀ, 'ਅੱਛਾ ਹੁਣ ਸਮਝ ਲੱਗੀ ਐ ਮੈਨੂੰ ਕਿ ਕਾਹਦੇ ਲਈ



ਬੁਲਾਇਐ। ਮੇਰੀ ਗੱਲ ਸੁਣੋ ਹੋਰ ਨਾਮ ਨਹੀਂ ਲਿਖਣੇ ਇੱਥੇ ਹੁਣ, ਪਤਾ ਨਹੀਂ ਕੌਣ-ਕੌਣ ਆਉਂਦੇ ਇੱਥੇ, ਤੁਹਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਛੁੱਟੀਆਂ ਕੱਟ ਕੇ ਚਲੇ ਜਾਣੈ ਵਾਪਸ, ਪਰ ਮੈਨੂੰ ਪਤੈ ਕਿੰਨੇ ਜੁਆਬ ਦੇਣੇ ਪੈਂਦੇ ਨੇ'।

ਕੰਵਰ ਨੀਝ ਨਾਲ ਪ੍ਰੀਤ ਦੀਆਂ ਝੀਲ ਵਰਗੀਆਂ ਡੂੰਘੀਆਂ ਅੱਖਾਂ ਨੂੰ ਨਿਹਾਰਦਾ ਰਿਹਾ, ਜਦੋਂ ਤੱਕ ਉਸ ਨੇ ਝੁੰਜਲਾਹਟ ਜਿਹੀ 'ਚ ਨੀਵੀਂ ਨਾ ਪਾ ਲਈ। ਉਸ ਦੇ ਗੁਲਾਬੀ ਚਿਹਰੇ ਦਾ ਰੰਗ ਲਾਲ ਸੁਰਖ ਹੋ ਗਿਆ। ਕਹਿੰਦੀ, 'ਏਦਾਂ ਕਿਉਂ ਦੇਖਦੇ ਓ ਮੈਨੂੰ, ਪਹਿਲਾਂ ਕਦੇ ਦੇਖਿਆ ਨਹੀਂ ਕੀ'? ਜਜ਼ਬਾਤਾਂ ਦੇ ਪੂਰੇ ਰੌਂਅ 'ਚ ਵਹਿੰਦੀਆਂ ਕੰਵਰ ਨੇ ਕਿਹਾ, 'ਦੇਖ ਲੈਣ ਦੇ ਅੱਜ ਜੀਅ ਭਰ ਕੇ ਯਾਰ, ਸ਼ਾਇਦ ਅੱਜ ਤੋਂ ਬਾਅਦ ਮੈਂ ਤੈਨੂੰ ਕਦੇ ਨਾ ਦੇਖ ਸਕਾਂ। ਸ਼ਾਇਦ, ਸ਼ਾਇਦ ਨਹੀਂ, ਸੱਚਮੁੱਚ ਆਪਾਂ ਅੱਜ ਆਖਰੀ ਵਾਰ ਮਿਲ ਰਹੇ ਹਾਂ ਪ੍ਰੀਤ'। ਕੰਵਰ ਨੂੰ ਚਿੜ੍ਹਾਉਂਦੀ ਹੋਈ ਪ੍ਰੀਤ ਕਹਿਣ ਲੱਗੀ, 'ਆਹੋ, ਆਖਰੀ ਵਾਰ ਮਿਲ ਰਹੇ ਆਂ ਪ੍ਰੀਤ..., ਥੋਨੂੰ ਪਤੈ ਨਾ ਮੈਨੂੰ ਇਹ ਗੱਲ ਮਜ਼ਾਕ 'ਚ ਵੀ ਭੋਰਾ ਪਸੰਦ ਨਹੀਂ'। ਕੰਵਰ ਨੇ ਉਦਾਸੀ ਭਰੇ ਲਹਿਜੇ ਨਾਲ ਕਿਹਾ, 'ਦੇਖ ਪ੍ਰੀਤ, ਹਰ ਹੀਲਾ ਵਰਤਿਆ ਤੈਨੂੰ ਪਾਉਣ ਦਾ, ਪਰ ਰੱਬ ਨੇ ਨਸੀਬਾਂ 'ਚ ਆਪਣਾ ਮੇਲ ਨਹੀਂ ਲਿਖਿਆ। ਮੇਰੇ ਘਰਦਿਆਂ ਨੇ ਅਗਲੇ ਮਹੀਨੇ ਮੇਰਾ ਵਿਆਹ ਕਰ ਦੇਣੈ, ਬਸ ਤੂੰ ਮੈਨੂੰ .... ਮੁਆਫ ਕਰ ਦੇਵੀਂ, ਜੇ ਹੋ ਸਕਿਆ ਤਾਂ'। ਕਾਰਨ ਪੁੱਛਣ 'ਤੇ ਕੰਵਰ ਨੇ ਮਨ ਕੈੜਾ ਕਰਦਿਆਂ ਇੱਕੋ ਸਾਹੇ ਸਾਰੀ ਗੱਲ ਦੱਸਦਿਆਂ ਕਿਹਾ, 'ਪਤਾ ਨਹੀਂ ਕਿਉਂ, ਮੈਨੂੰ ਕੁਝ ਸਮਝ ਨਹੀਂ ਆ ਰਿਹਾ, ਪਰ ਅੱਜ ਤੋਂ ਬਾਅਦ ਸਭ ਕੁਝ ਕਿਸੇ ਸੁਪਨੇ ਵਾਂਗ ਭੁੱਲ ਜਾਵੀਂ, ਸ਼ਾਇਦ ਤੇਰੀ ਬੇਬਾਕੀ ਪਸੰਦ ਨਹੀਂ ਉਨ੍ਹਾਂ ਨੂੰ..., ਬਸ ਤੂੰ ਮੈਨੂੰ ਭੁੱਲ ਜਾਵੀਂ ਯਾਰ। ਅੱਜ ਤੋਂ ਬਾਅਦ ਮੈਂ ਤੈਨੂੰ ਕਿਧਰੇ ਨਜ਼ਰ ਨਹੀਂ ਆਉਣਾ। ਸਮਝ ਲਵੀਂ ਕਿ ਇਹ ਇੱਕ ਅਧੂਰਾ ਖ਼ਵਾਬ ਸੀ। ਭਾਵੇਂ ਮੈਂ ਹਰ ਕੋਸ਼ਿਸ਼ ਕੀਤੀ ਪਰ ਤਾਂ ਵੀ ਮੈਂ ਤੇਰਾ ਗੁਨਾਹਗਾਰ ਹਾਂ ਪ੍ਰੀਤ। ਇੰਨਾ ਵਾਅਦਾ ਮੇਰਾ ਕਿ ਆਖਰੀ ਸਾਹ ਤੱਕ ਤੂੰ ਮੇਰੇ ਅੰਗ ਸੰਗ ਰਹੇਂਗੀ। ਚੰਗਾ, ਅਲਵਿਦਾ!'

ਪ੍ਰੀਤ ਨੇ ਪਿੱਛੇ ਮੁੜਨ ਲੱਗੇ ਕੰਵਰ ਦਾ ਹੱਥ ਇੰਨੇ ਜ਼ੋਰ ਨਾਲ ਫੜਿਆ ਕਿ ਉਹ ਚਾਹ ਕੇ ਵੀ ਛੁਡਾ ਨਾ ਸਕਿਆ। ਆਪਣੀਆਂ ਭਿੱਜੀਆਂ ਅੱਖਾਂ ਕੰਵਰ 'ਤੇ ਟਿਕਾ ਦਿੱਤੀਆਂ ਤੇ ਵਾਸਤਾ ਜਿਹਾ ਪਾ ਕੇ ਪੁੱਛਣ ਲੱਗੀ ਕਿ ਦੱਸੋ ਮੇਰੀਆਂ ਅੱਖਾਂ 'ਚ ਕਿਤੇ ਪਿਆਰ ਦੀ ਘਾਟ ਨਜ਼ਰ ਆ ਰਹੀ ਹੈ ਤੁਹਾਨੂੰ। ਉਹੀ ਝੀਲ ਵਰਗੀਆਂ ਅੱਖਾਂ 'ਚੋਂ ਹੰਝੂਆਂ ਦੀ ਐਸੀ ਝੜੀ ਲੱਗੀ ਕਿ ਸਵੇਰ ਤੋਂ ਦੁਪਹਿਰ ਹੋ ਗਈ, ਪਰ ਪ੍ਰੀਤ ਚੁੱਪ ਨਾ ਹੋਈ। ਸਮੇਂ ਦਾ ਉਹ ਮੰਜ਼ਰ ਇਸ ਤਰ੍ਹਾਂ ਲੱਗਦਾ ਸੀ ਜਿੱਦਾਂ ਵਕਤ ਦੀਆਂ ਸੂਈਆਂ ਰੁਕ ਗਈਆਂ ਹੋਣ। ਕੰਵਰ ਦੀ ਛਾਤੀ 'ਤੇ ਮੁੱਕੀਆਂ ਮਾਰ-ਮਾਰ ਕਮੀਜ਼ ਦਾ ਬਟਨ ਤੋੜ ਦਿੱਤਾ ਸੀ। ਰੋਂਦੀ-ਰੋਂਦੀ ਕਹਿੰਦੀ, 'ਬਸ ਸਿਰਫ ਇੰਨਾ ਕਹਿ ਦੋ ਕਿ ਤੁਸੀਂ ਮੇਰੇ ਨਾਲ ਹੋ। ਮੈਂ ਆਪੇ ਤੁਹਾਡੇ ਘਰਦਿਆਂ ਨੂੰ ਮਨਾ ਲਊਂ, ਮੈਂ ਸਾਰੀ ਦੁਨੀਆਂ ਨਾਲ ਲੜ ਲੂੰ, ਬਸ ਤੁਸੀਂ ਮੇਰੇ ਨਾਲ ਓ, ਦੱਸੋ ਨਾ ਪਲੀਜ਼ ਯਾਰ, ਮੈਨੂੰ ਸਮਝ ਨਹੀਂ ਆ ਰਹੀ ਕਿ ਆਖਰ ਗੱਲ ਕੀ ਹੋ ਗਈ, ਹੈਗੇ ਓ ਨਾ ਮੇਰੇ ਨਾਲ ਤੁਸੀਂ'? ਉਸ ਦੀਆਂ ਉਹ ਉਮੀਦ ਤੇ ਹਸਰਤ ਭਰੀਆਂ ਅੱਖੀਆਂ ਨੂੰ ਮਜਬੂਰੀ ਵੱਸ ਨਾ-ਉਮੀਦ ਕਰ ਕੰਵਰ ਉਸ ਦੀ ਜ਼ਿੰਦਗੀ ਤੋਂ ਹਮੇਸ਼ਾਂ ਲਈ ਰੁਖ਼ਸਤ ਹੋ ਗਿਆ। ਉਸ ਦਿਨ ਤੋਂ ਬਾਅਦ ਪ੍ਰੀਤ ਕਦੇ ਵੀ ਉਸਨੂੰ ਨਾ ਮਿਲੀ ਅਤੇ ਨਾ ਹੀ ਕੰਵਰ ਕਦੇ ਪਹਿਲੀ ਤੇ ਅਖੀਰੀ ਮੁਲਾਕਾਤ ਵਾਲੀ ਉਹ ਜੂਹ ਟੱਪ ਸਕਿਆ।

# ਨਿੰਦਰ ਘੁਗਿਆਣਵੀ ਦਾ ਸ਼ਿਵ ਬਟਾਲਵੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਂ ਆਪਣੇ ਘਰ ਆਈਆਂ ਆਲਤੂ ਫਾਲਤੂ ਕਿਤਾਬਾਂ ਕਿਸੇ ਲਾਇਬਰੇਰੀ ਨੂੰ ਦੇਣ ਲਈ ਕੱਢ ਰਿਹਾ ਸਾਂ। ਮੇਰੇ ਹੱਥ ਨਿੰਦਰ ਘੁਗਿਆਣਵੀ ਵਲੋਂ ਸੰਪਾਦਤ 'ਸ਼ਿਵ ਕੁਮਾਰ: ਜੀਵਨ ਤੇ ਯਾਦਾਂ' (ਨਿਊ ਬੁੱਕ ਕੰਪਨੀ, ਜਲੰਧਰ, ਪੰਨੇ 176 ਮੁੱਲ 220 ਰੁਪਏ) ਲੱਗ ਗਈ। ਚੇਤੇ ਆਇਆ ਕਿ ਨਿੰਦਰ ਇਹ ਪੁਸਤਕ ਭੇਟ ਦੋ ਮਹੀਨੇ ਪਹਿਲਾਂ ਫੜਾ ਗਿਆ ਸੀ। ਮੈਂ ਇਸ ਦੇ ਵਰਕੇ ਫਰੋਲੇ ਬਿਨਾਂ ਇਸ ਨੂੰ ਵੀ ਐਵੇਂ ਕਿਵੇਂ ਵਾਲੀਆਂ ਪੋਥੀਆਂ ਵਿਚ ਰੱਖ ਦਿੱਤਾ। ਸ਼ਾਇਦ ਤੀਜਾ ਐਡੀਸ਼ਨ ਹੋਣ ਕਾਰਨ ਹੁਣ ਜਦੋਂ ਮੈਂ ਤਤਕਰੇ ਉੱਤੇ ਝਾਤ ਮਾਰੀ ਤਾਂ ਇਸ ਵਿਚ ਸ਼ਿਵ ਕੁਮਾਰ ਬਾਰੇ ਮੇਰਾ ਲੇਖ ਵੀ ਹੈ। ਇਕ ਦਰਜਨ ਦੂਜੇ ਲੇਖਕਾਂ ਸਮੇਤ। ਇਹ ਜਾਨਣ ਲਈ ਕਿ ਉਹ ਮੇਰੇ ਨਾਲੋਂ ਸ਼ਿਵ ਨੂੰ ਕਿੰਨਾ ਕੁ ਵੱਧ ਜਾਣਦੇ ਸਨ ਮੈਂ ਪੁਸਤਕ ਦੇ ਵਰਕੇ ਫਰੋਲਣੇ ਸ਼ੁਰੂ ਕਰ ਦਿੱਤੇ।

ਮੈਂ ਸ਼ਿਵ ਨੂੰ ਕਾਫੀ ਨੇੜੇ ਤੋਂ ਜਾਣਦਾ ਸਾਂ। ਉਸ ਦੀ ਰਚਨਾਕਾਰੀ ਤੇ ਬੇਪ੍ਰਵਾਹੀਆਂ ਨੂੰ ਵੀ ਪਰ ਨਿੰਦਰ ਦੀ ਪੁਸਤਕ ਨੇ ਮੈਨੂੰ ਆਪਣੀ ਪਿੱਠ ਥਾਪੜਨ ਤੋਂ ਵਰਜ ਦਿੱਤਾ। ਇਸ ਲਈ ਕਿ ਇਸ ਵਿਚ ਦਰਜਨ ਲੇਖਾਂ ਦੇ ਸਾਰੇ ਲੇਖਕ ਸ਼ਿਵ ਨੂੰ ਮੇਰੇ ਨਾਲੋਂ ਬਹੁਤ ਨੇੜਿਓਂ ਜਾਣਦੇ ਸਨ। ਉਹ ਵੀ ਜਿਹੜੇ ਸ਼ਿਵ ਕੁਮਾਰ ਦੇ ਜੀਵਨ ਕਾਲ ਵਿਚ ਹਾਲੀ ਮੁਢਲੀ ਵਿਦਿਆ ਪ੍ਰਾਪਤ ਕਰ ਰਹੇ ਸਨ। ਨਿੰਦਰ ਘੁਗਿਆਣਵੀ ਦੇ ਸਿਰ ਤਾਂ ਇਹ ਸਿਹਰਾ ਬੱਝਦਾ ਹੈ ਕਿ ਉਸ ਨੇ ਸਾਰਿਆਂ ਨੂੰ ਲੱਭਿਆ ਤੇ ਸ਼ਿਵ ਬਟਾਲਵੀ ਦੀਆਂ ਦੁਰਲੱਭ ਤਸਵੀਰਾਂ ਸਮੇਤ ਪਾਠਕਾਂ ਦੇ ਰੂ-ਬ-ਰੂ ਕੀਤਾ। ਮੇਰੀ ਸੀਮਾ ਇਹ ਵੀ ਸੀ ਕਿ ਮੈਂ ਸ਼ਿਵ ਦੇ ਜੀਵਨ ਕਾਲ ਵਿਚ ਦਿੱਲੀ ਦਾ ਵਸਨੀਕ ਸਾਂ, ਪੰਜਾਬ ਦਾ ਨਹੀਂ। ਉਹ ਮੇਰੇ ਕੋਲ ਕਦੇ ਕਦਾਈਂ ਆ ਜਾਂਦਾ ਸੀ।


ਇਸ ਪੁਸਤਕ ਦੇ ਲੇਖਕ ਜੀਤ ਸਿੰਘ ਸੀਤਲ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਗੁਰਦੇਵ ਸਿੰਘ ਮਾਨ ਮੈਥੋਂ ਵੱਡੇ ਸਨ। ਕੁਲਬੀਰ ਸਿੰਘ ਕਾਂਗ, ਕੇਵਲਜੀਤ ਸਿੰਘ ਸੂਰੀ, ਭੂਸ਼ਨ ਧਿਆਨਪੁਰੀ, ਧਰਮ ਕੰਮੇਆਣਾ, ਪਾਸ਼, ਕੁਲਦੀਪ ਤੱਖੜ ਤੇ ਦੇਵਿੰਦਰ ਕੌਰ ਮੈਥੋਂ ਛੋਟੇ। ਪ੍ਰੇਮ ਕੁਮਾਰ (ਅਮਰੀਕਾ), ਹਰਸ਼ ਕੁਮਾਰ ਹਰਸ਼ ਤੇ ਜਿਓਤੀ ਮਾਨ ਨੂੰ ਮੈਂ ਨਹੀਂ ਜਾਣਦਾ ਹਾਂ। ਮਿਹਰਬਾਨ ਸ਼ਿਵ ਦਾ ਬੇਟਾ ਹੈ ਤੇ ਮੋਹਨ ਕਾਹਲੋਂ ਉਸ ਦਾ ਮਿੱਤਰ ਸੀ। ਉਹੀਓ ਸੀ ਜਿਹੜਾ ਸ਼ਿਵ ਨੂੰ ਲੈ ਕੇ ਮੇਰੀ ਜੰਜੇ ਨੌਸ਼ਹਿਰਾ ਪੰਨੂਆਂ (ਤਰਨਤਾਰਨ) ਢੁਕਿਆ ਸੀ-ਵ੍ਹਿਸਕੀ ਦੀ ਬੋਤਲ 'ਤੇ ਸਵਾਰ ਹੋ ਕੇ।

ਕਿਸ ਨੇ ਸ਼ਿਵ ਬਾਰੇ ਕੀ ਲਿਖਿਆ ਇਸ ਨਿਕਚੂ ਜਿਹੇ 'ਨਿੱਕ ਸੁੱਕ' ਵਿਚ ਦੱਸਣਾ ਸੰਭਵ ਨਹੀਂ। ਬਹੁਤਿਆਂ ਨੇ ਉਹਦੀ ਕਵਿਤਾ ਤੇ ਆਵਾਜ਼ ਦੀ ਜਾਦੂਗਰੀ ਦਾ ਜ਼ਿਕਰ ਕੀਤਾ ਹੈ ਤੇ ਕੁਝ ਇੱਕ ਨੇ ਉਹਦੇ ਬਚਨ ਦਾ। ਬਚਪਨ ਵਿਚ ਸ਼ਿਵ ਰਾਮਧਾਰੀਆਂ ਨਕਲੀਆਂ, ਬਾਂਦਰ ਬਾਂਦਰੀ ਦਾ ਤਮਾਸ਼ਾ ਵਿਖਾਉਣ ਵਾਲਿਆਂ ਤੇ ਕੁੜੀਆਂ ਦੇ ਤ੍ਰਿੰਝਣ ਨੂੰ ਬੜੇ ਧਿਆਨ ਨਾਲ ਵੇਖਦਾ, ਸੁਣਦਾ ਤੇ ਮਾਣਦਾ। ਜੇ ਦਾਅ ਲੱਗਦਾ ਤਾਂ ਆਪਣੇ ਵਲੋਂ ਕੁਝ ਸੁਣਾ ਵੀ ਦਿੰਦਾ। ਉਸ ਦੇ ਚਿਹਰੇ ਤੇ ਆਵਾਜ਼ ਦੀ ਖਿੱਚ ਸਭ ਨੂੰ ਮੋਹ ਲੈਂਦੀ, ਖਾਸ ਕਰਕੇ ਕੁੜੀਆਂ ਚਿੜੀਆਂ ਨੂੰ। ਇਹ ਉਦੋਂ ਦੀਆਂ ਗੱਲਾਂ ਹਨ ਜਦੋਂ ਉਹ ਕਵਿਤਾ ਨਹੀਂ ਸੀ ਲਿਖਣ ਲੱਗਿਆ।

ਉਸਦੇ ਕਵੀ ਵਜੋਂ ਪ੍ਰਵਾਨ ਹੋਣ ਪਿੱਛੋਂ ਕਿਸੇ ਨੇ ਉਸਨੂੰ ਪੰਜਾਬੀ ਦਾ ਕੀਟਸ ਕਿਹਾ, ਕਿਸੇ ਨੇ ਬੁੱਲ੍ਹਾ, ਸ਼ਾਹ ਹੁਸੈਨ ਤੇ ਵਾਰਿਸ ਸ਼ਾਹ। 'ਲੂਣਾ' ਨਾਂ ਦੀ ਰਚਨਾ ਉੱਤੇ ਭਾਰਤੀ ਸਾਹਿਤ ਅਕਾਡਮੀ ਵਲੋਂ ਸਨਮਾਨ ਜਾਣ ਵਾਲੇ ਭਾਰਤੀ ਸਾਹਿਤਕਾਰਾਂ ਵਿਚ ਸਭ ਤੋਂ ਛੋਟੀ ਉਮਰੇ ਇਸ ਦਾ ਭਾਗੀ ਹੋਣ ਵਾਲਾ ਸ਼ਿਵ ਕੁਮਾਰ ਸੀ।

ਉਸਦੀ ਕਾਵਿਕ ਯਾਤਰਾ ਫਰਸ਼ ਤੋਂ ਅਰਸ਼ ਦੀ ਨਹੀਂ ਅਰਸ਼ ਤੋਂ ਅਰਸ਼ ਦੀ ਸੀ। ਮੈਂ ਇਸਨੂੰ ਦਰਸਾਉਣ ਲਈ ਮਿਰਜ਼ਾ ਗਾਲਿਬ ਦੇ ਸ਼ਿਅਰ ਦਾ ਆਸਰਾ ਲੈਂਦਾ ਹਾਂ:

ਮੰਜਰ ਏਕ ਬੁਲੰਦੀ ਪਰ ਔਰ ਹਮ ਬਨਾ ਸਕਤੇ,




ਕਾਸ਼ ਕਿ ਇਧਰ ਹੋਤਾ ਅਰਸ਼ ਸੇ ਮੁਕਾਂ ਅਪਨਾ

ਉਸਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਵਾਲੀਆਂ ਵੀ ਕਈ ਸਨ। ਵੀਰੋ, ਸ਼ੀਸ਼ੋ ਤੇ ਮੀਨਾ ਦਾ ਜ਼ਿਕਰ ਤਾਂ ਆਮ ਆਉਂਦਾ ਹੈ ਪਰ ਕਿੱਡੀ ਦਾ ਨਹੀਂ। ਨਿੰਦਰ ਦੀ ਪੁਸਤਕ ਦੱਸਦੀ ਹੈ ਕਿ ਉਹ ਆਪਣੀ ਝੋਲੀ ਵਿਚ ਰੋੜ ਤੇ ਠੀਕਰੀਆਂ ਭਰ ਕੇ ਉਦੋਂ ਤੱਕ ਉਡੀਕਦੀ ਰਹਿੰਦੀ ਜਦੋਂ ਤੱਕ ਬਾਕੀ ਦੀ ਢਾਣੀ ਆਪੋ ਆਪਣੇ ਘਰਾਂ ਨੂੰ ਨਹੀਂ ਸੀ ਤੁਰ ਜਾਂਦੀ। ਫੇਰ ਸ਼ਿਵ ਦੇ ਕਹਿਣ ਉੱਤੇ ਕਿੱਡੀ ਆਪਣੇ ਪੱਲੇ ਦੀਆਂ ਸਾਰੀਆਂ ਠੀਕਰੀਆਂ ਧਰਤੀ ਉੱਤੇ ਸੁੱਟ ਦਿੰਦੀ ਤੇ ਦੋਨੋਂ ਖੇਡਣ ਲੱਗ ਜਾਂਦੇ। ਉਦੋਂ ਤੱਕ ਖੇਡਦੇ ਰਹਿੰਦੇ ਜਦੋਂ ਤੱਕ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਲੱਭ ਕੇ ਉਥੋਂ ਨਾ ਉਠਾਉਂਦੇ। ਸ਼ਿਵ ਅੰਤਲੀ ਕਵਿਤਾ ਵੀ ਇਨ੍ਹਾਂ ਨੂੰ ਭੁੱਲਿਆ ਨਹੀਂ:

ਆਓ ਮੈਨੂੰ ਦਿਓ ਦਿਲਾਸਾ ਨੀ
ਪੀ ਚੱਲਿਆ ਮੈਨੂੰ ਘੁੱਟ ਘੁੱਟ ਕਰ ਕੇ
ਰਾਮ ਦਾ ਮਿਰਗ ਪਿਆਸਾ ਨੀ
ਤਾਪ ਤੁਈਏ ਫਿਕਰਾਂ ਦੇ ਨੇ
ਮਾਰ ਮੁਕਾਈ ਜਿੰਦੜੀ ਨੀ
ਲੁਸ ਗਿਆ ਹਰ ਹਸਰਤ ਮੇਰੀ
ਲੱਗਿਆ ਹਿਜਰ ਮਾਸਾ ਨੀ
(ਮੀਨਾ ਦੇ ਤੇਈਏ ਤਾਪ ਨਾਲ ਮਰਨ ਉੱਤੇ)

ਅੰਮ੍ਰਿਤਾ ਪ੍ਰੀਤਮ ਨੇ ਆਪਣੇ ਲੇਖ ਵਿਚ ਇਸ ਭਾਵਨਾ ਉੱਤੇ ਮੁਹਰ ਲਾਉਣ ਲਈ ਸ਼ਿਵ ਦੇ ਇਹ ਬੋਲ ਪੇਸ਼ ਕੀਤੇ ਹਨ:

ਜਦ ਰੋਹੀਆਂ ਵਿਚ ਤੜਕੇ ਪੰਛੀ ਵਾਕ ਕੋਈ ਲੈਂਦਾ ਹੈ
ਮੈਂ ਆਪਣੇ ਸੰਗ ਸੁੱਤਾ ਆਪਣਾ ਗੀਤ ਜਗਾਂਦਾ ਹਾਂ
ਮੈਂ ਤੇ ਸੂਰਜ ਜਦ ਫਿਰ ਘਰ ਦੇ ਮੋੜ 'ਤੇ ਮਿਲਦੇ ਹਾਂ
ਨਦੀਏ ਰੋਜ਼ ਨਹਾਵਣ ਉਹਦੇ ਨਾਲ ਮੈਂ ਜਾਂਦਾ ਹਾਂ
ਮੈਂ ਤੇ ਸੂਰਜ ਜਦੋਂ ਨਹਾ ਕੇ ਘਰ ਨੂੰ ਮੁੜਦੇ ਹਾਂ
ਮੈਂ ਸੂਰਜ ਲਈ ਵਿਹੜੇ ਨਿੰਮਦਾ ਪੀੜਾ ਡਾਂਹਦਾ
ਮੈਂ ਤੇ ਸੂਰਜ ਜਦ ਫਿਰ ਬਹਿ ਕੇ ਗੱਲਾਂ ਕਰਦੇ ਹਾਂ
ਮੈਂ ਸੂਰਜ ਨੂੰ ਤੇਰੀ ਛਾਂ ਦੀ ਗੱਲ ਸੁਣਾਂਦਾ ਹਾਂ।

ਅੰਮ੍ਰਿਤਾ ਪ੍ਰੀਤਮ ਦੇ ਲਿਖਣ ਅਨੁਸਾਰ ਇਕ ਵਾਰ ਜਦੋਂ ਅੰਮ੍ਰਿਤਾ ਨੇ ਸ਼ਿਵ ਦੇ ਕਿਸੇ ਖ਼ਤ ਦਾ ਉੱਤਰ ਦੇਣ ਵਿਚ ਦੇਰੀ ਕਰ ਦਿੱਤੀ ਤਾਂ ਸ਼ਿਵ ਅੰਮ੍ਰਿਤਾ ਦੀ ਥਾਂ ਉਸਦੇ ਮਕਾਨ ਨੰਬਰ 8/20 ਨੂੰ ਚਿੱਠੀ ਲਿਖਦਾ ਹੈ ਕਿ ਅੰਮ੍ਰਿਤਾ ਨੂੰ ਸੁੱਤੀ ਨੂੰ ਜਗਾਵੇ ਤੇ ਉਹ ਸ਼ਿਵ ਦੇ ਖ਼ਤ ਦਾ ਉੱਤਰ ਦੇ ਸਕੇ। ਨਿੰਦਰ ਵਾਲੀ ਪੁਸਤਕ ਵਿਚ ਇਸ ਖ਼ਤ ਦਾ ਹਵਾਲਾ ਦੇ ਕੇ ਅੰਮ੍ਰਿਤਾ ਲਿਖਦੀ ਹੈ, "ਅੱਜ ਪਤਾ ਨਹੀਂ ਲੱਗਦਾ ਉਹ ਕਿਹੜੀ ਥਾਂ ਆਰਾਮ ਕਰਨ ਚਲਾ ਗਿਆ ਹੈ ਤੇ ਉਸ ਦਾ ਕੀ ਸਿਰਨਾਵਾਂ ਹੈ? ਦਿਲਾਂ ਦੀ ਮਰਦਮਸ਼ੁਮਾਰੀ ਵਿਚ ਤਾਂ ਉਹ ਜੀਉਂਦਿਆਂ ਵਿਚ ਹੈ, ਫੇਰ ਉਹਨੂੰ ਮੇਰੀ ਆਵਾਜ਼ ਕਿਉਂ ਨਹੀਂ ਸੁਣੀਂਦੀ? ਕਿਸੇ ਦੀ ਆਵਾਜ਼ ਕਿਉਂ ਨਹੀਂ ਸੁਣੀਂਦੀ...।"

ਗੁਰਦੇਵ ਸਿੰਘ ਮਾਨ ਉਸਦੀ ਕਾਵਿਕ ਉਤਮਤਾ ਦਰਸਾਉਣ ਲਈ ਉਸਦੀ ਰਚਨਾ 'ਲੂਣਾ' ਵਿਚਲੇ ਸ਼ਿਵ ਵਲੋਂ ਲਿਖੇ ਉਨ੍ਹਾਂ ਬੋਲਾਂ ਦਾ ਹਵਾਲਾ ਦਿੰਦਾ ਹੈ ਜਿਹੜੇ ਵਿਆਹ ਤੋਂ ਪਿੱਛੋਂ ਝੋਲੀ ਪੈ ਕੇ ਜਾਂਦੀ ਕੁੜੀ (ਲੂਣਾ) ਨੂੰ ਅੱਗ ਸਮਾਨ ਪੇਸ਼ ਕਰਦੇ ਹਨ:

ਮੈਂ ਅੱਗ ਟੁਰੀ ਪਰਦੇਸ
ਨੀ ਸਹੀਓ ਅੱਗ ਟੁਰੀ ਪ੍ਰਦੇਸ
ਅੱਗ ਦੀ ਉਮਰੇ ਹਰ ਅੰਗ ਟੁਰਦੀ,
ਜਾ ਬਹਿੰਦੀ ਪਰਦੇਸ
ਹਰ ਮਾਂਗ ਦਾ,
ਬਾਬਲ ਦੇ ਚੁੱਲ੍ਹੇ ਸਦਾ ਨਾ ਰਹਿੰਦਾ ਸੇਕ
ਇਹ ਕੀ ਅੱਗ ਦੇ ਲੇਖ! ਨੀ ਸਹੀਓ!

ਧਰਮ ਕੰਮੇਆਣਾ ਦੇ ਲਿਖਣ ਅਨੁਸਾਰ ਇਕ ਵਾਰੀ ਸ਼ਿਵ ਆਪਣੇ ਮਿੱਤਰ ਭੂਸ਼ਨ ਨਾਲ ਲੰਡਨ ਵਿਚੋਂ ਆਪਣਾ ਸਾਈਕਲ ਚੁੱਕ ਕੇ ਨਿਕਲ ਤੁਰਿਆ। ਮਸਲਾ ਇਹ ਸੀ ਕਿ ਭੂਸ਼ਨ ਉਸਨੂੰ ਮਹਾਨ ਕਵੀ ਕਿਉਂ ਨਹੀਂ ਮੰਨਦਾ। ਭੂਸ਼ਨ ਨੇ ਆਪਣੇ ਸੁਭਾਅ ਅਨੁਸਾਰ ਇਸ ਦਾ ਉੱਤਰ 'ਮੇਲੇ ਵਿਚ ਚੱਕੀ ਰਾਹੇ ਨੂੰ ਕੌਣ ਪੁੱਛਦੈ' ਕਹਿ ਦਿੱਤਾ ਸੀ। ਹੋਇਆ ਇਹ ਕਿ ਰਸਤੇ ਵਿਚ ਸਾਈਕਲ ਪੈਂਚਰ ਹੋ ਗਿਆ ਤੇ ਪੈਸੇ ਦੇਣ ਵੇਲੇ ਚੇਤਾ ਆਇਆ ਕਿ ਪੈਸਿਆਂ ਵਾਲਾ ਕੋਟ ਤਾਂ ਸ਼ਿਵ ਕੁਮਾਰ ਭੂਸ਼ਨ ਦੇ ਘਰ ਹੀ ਛੱਡ ਆਇਆ ਹੈ। ਉਧਰ ਪੈਂਚਰ ਲਾਉਣ ਵਾਲੇ ਨੂੰ ਕਿਸੇ ਨੇ ਦੱਸ ਦਿੱਤਾ ਕਿ ਇਹ ਸ਼ਿਵ ਕੁਮਾਰ ਹੈ। ਇਹ ਪਤਾ ਲੱਗਣ ਉੱਤੇ ਮਿਸਤ੍ਰੀ ਨੇ ਪੈਂਚਰ ਦੇ ਪੈਸੇ ਤਾਂ ਕੀ ਲੈਣੇ ਸਨ ਅਧੀਆ ਮੰਗਵਾ ਕੇ ਸ਼ਿਵ ਨੂੰ ਨੇੜਲੇ ਸਟੂਲ ਉੱਤੇ ਬਿਠਾ ਲਿਆ। ਪੈਂਚ ਲਾਉਣ ਤੋਂ ਪਿੱਛੋਂ ਸ਼ਿਵ ਆਪਣੇ ਮੇਜ਼ਬਾਨ ਦਾ ਧੰਨਵਾਦ ਕਰ ਕੇ ਭੂਸ਼ਨ ਦੇ ਘਰੋਂ ਕੋਟ ਵੀ ਲੈ ਆਇਆ ਤੇ ਇਹ ਵੀ ਕਹਿ ਆਇਆ ਕਿ ਭੂਸ਼ਨ ਮੰਨੇ ਨਾ ਮੰਨੇ ਉਹਨੂੰ ਮੰਨਣ ਵਾਲਿਆਂ ਦਾ ਕੋਈ ਘਾਟਾ ਨਹੀਂ।

ਉਸ ਦੇ ਮਿਲੀਟੈਂਟ ਸਮਕਾਲੀ ਕਵੀ ਪਾਸ਼ ਨੂੰ ਹੋਰਨਾਂ ਗੱਲਾਂ ਤੋਂ ਬਿਨਾਂ ਏਸ ਗੱਲ ਦਾ ਵੱਡਾ ਦੁੱਖ ਸੀ ਕਿ ਉਹ ਆਪਣੀ ਮਿਲੀਟੈਂਟ ਰਚਨਾ 'ਇਕ ਜ਼ਫਰਨਾਮਾ ਹੋਰ' ਪੂਰੀ ਕੀਤੇ ਬਿਨਾਂ ਕਿਉਂ ਟੁਰ ਗਿਆ।

ਜਿਓਤੀ ਮਾਨ ਦਾ ਲੇਖ ਵੀ ਪੜ੍ਹਨ ਵਾਲਾ ਹੈ। ਸ਼ਿਵ ਦੀ ਮੌਤ ਤੋਂ ਬਹੁਤ ਪਿੱਛੋਂ ਲਿਖੇ ਲੇਖ ਵਿਚ ਉਹਦੇ ਕੋਲ ਸਵਾਲ ਹੀ ਸਵਾਲ ਹਨ। ਸਵਾਲਾਂ ਦਾ ਸਵਾਲ ਇਹ ਕਿ ਸ਼ਿਵ ਨੂੰ ਤੁਰ ਜਾਣ ਦੀ ਏਨੀ ਕਾਹਲ ਕਿਉਂ ਸੀ? ਅੰਤ ਵਿਚ ਉਹ ਵਾਸਤਾ ਪਾਉਂਦੀ ਹੈ ਕਿ ਜੇ ਸ਼ਿਵ ਦੀ ਆਤਮਾ ਨੂੰ ਕੋਈ ਗੱਲ ਬੁਰੀ ਵੀ ਲੱਗੀ ਹੋਵੇ ਤਾਂ ਉਸਨੂੰ ਮੁਆਫ ਨਾ ਕਰੇ। ਉਸਨੂੰ ਸ਼ਿਵ ਦੀ ਗੁਨਾਹਗਾਰ ਹੋਏ ਰਹਿਣਾ ਚੰਗਾ ਲੱਗੇਗਾ... ਬਹੁਤ ਚੰਗਾ... ਸੱਚਮੁੱਚ ਹੀ ਬਹੁਤ ਚੰਗਾ। ਸ਼ਿਵ ਕੋਲੋਂ ਖਾਰ ਖਾਂਦੇ ਨਿੰਦਕਾਂ ਦਾ ਵੀ ਕੋਈ ਅੰਤ ਨਹੀਂ ਸੀ। ਬਹੁਤੇ ਉਸਨੂੰ ਨਿਰਾਸ਼ਾਵਾਦੀ ਕਹਿ ਕੇ ਭੰਡਦੇ ਸਨ। ਉਹਦੇ ਕੋਲ ਉਨ੍ਹਾਂ ਦਾ ਉੱਤਰ ਵੀ ਸੀ।

ਨਿੰਦਰ ਘੁਗਿਆਣਵੀ, ਸਾਡੇ ਹਰਮਨ-ਪਿਆਰੇ ਕਵੀ ਦੀ ਮੌਤ (7 ਮਈ 1973) ਤੋਂ ਪੌਣੇ ਦੋ ਸਾਲ ਪਿੱਛੋਂ ਜੰਮਿਆ। 15 ਮਾਰਚ, 1975 ਨੂੰ ਪਰ ਉਸ ਨੇ ਸ਼ਿਵ ਨੂੰ ਸਾਡੇ ਸਭ ਨਾਲੋਂ ਵੱਧ ਪਹਿਚਾਣਿਆ ਹੈ ਪਰ ਮਾੜੀ ਗੱਲ ਇਹ ਕਿ ਉਸ ਨੇ ਪ੍ਰਕਾਸ਼ਕ ਠੀਕ ਨਹੀਂ ਲੱਭਿਆ। ਜੇ ਛਪਾਈ ਦੀ ਗੱਲ ਭੁੱਲ ਵੀ ਜਾਈਏ ਤਾਂ ਤਸਵੀਰਾਂ ਤੇ ਸ਼ਿਵ ਦੀਆਂ ਹੱਥ ਲਿਖਤਾਂ ਨੂੰ ਵੇਖ ਕੇ ਰੋਣ ਆਉਂਦਾ ਹੈ। ਉਸਨੂੰ ਚਾਹੀਦਾ ਹੈ ਕਿ ਏਨੀ ਵਧੀਆ ਜਾਣਕਾਰੀ ਵਾਲੀ ਪੁਸਤਕ ਕਿਸੇ ਚੰਗੇ ਪ੍ਰਕਾਸ਼ਕ ਕੋਲੋਂ ਛਪਵਾਏ।

'ਮੈਂ ਮੰਨਦਾ ਹਾਂ। ਪਰ ਕੀ ਨਿਰਾਸ਼ਾ ਸਾਡੇ ਜੀਵਨ 'ਚੋਂ ਮੁੱਕ ਗਈ ਹੈ?... ਕੀ ਸਾਮਵਾਦੀ ਮੁਲਕਾਂ ਵਿਚ ਕੋਈ ਵੀ ਅਜਿਹਾ ਮਨੁੱਖ ਨਹੀਂ ਜੋ ਨਿਰਾਸ਼ ਨਾ ਹੋਵੇ? ਹਾਂ ਇਕ ਮੁਹੱਬਤ ਦੀ ਅੱਗ ਹੈ ਜਿਹੜੀ ਪੂੰਜੀਵਾਦੀ, ਸਾਮਰਾਜੀ ਹੈ, ਉਥੇ ਆਸ਼ਾ ਨਿਰਾਸ਼ਾ ਅਮਰ ਹੈ... ਇਹ ਸ਼ਬਦ ਮੇਰੇ ਨਹੀਂ। ਨਿੰਦਰ ਦੀ ਪੁਸਤਕ ਦੇ ਸਭ ਤੋਂ ਪਹਿਲੇ ਲੇਖਕ ਜੀਤ ਸਿੰਘ ਸੀਤਲ ਦੇ ਹਨ। ਮੈਂ ਤਾਂ ਆਪਣਾ ਲੇਖ ਏਸ ਪੁਸਤਕ ਵਿਚ ਦਰਜ ਸ਼ਿਵ ਦੇ ਗੀਤ ਨਾਲ ਹੀ ਖਤਮ ਕਰਦਾ ਹਾਂ:

ਇਹ ਤਾਂ ਮੇਰੇ ਨਾਲ ਜਨਮਿਆ
ਨਾਲ ਬਹਿਸ਼ਤੀਂ ਜਾਣਾ
ਇਹ ਮੇਰਾ ਗੀਤ, ਮੈਂ ਆਪੇ ਗਾ ਕੇ
ਭਲਕੇ ਹੀ ਮਰ ਜਾਣਾ।

ਨਿੰਦਰ ਘੁਗਿਆਣਵੀ ਦਾ ਸ਼ਿਵ ਕੁਮਾਰ ਜ਼ਿੰਦਾਬਾਦ!

**ਅੰਤਿਕਾ**

—ਸ਼ਿਵ ਕੁਮਾਰ—
ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ
ਤੇਰੇ ਚੁੰਮਣ ਪਿਛਲੀ ਸੰਗ ਵਰਗਾ
ਹੈ ਕਿਰਨਾਂ ਦੇ ਵਿਚ ਨਸ਼ਾ ਜਿਹਾ
**ਕਿਸੇ ਛੀਂਬੇ ਸੱਪ ਦੇ ਡੰਗ ਵਰਗਾ।**

---

# ਕਾਵਿ -ਕਿਆਰੀ

### ਮਾਘੀ

*****

"ਮਾਘਿ ਮਜਨ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ,
ਹਰਿ ਕਾ ਨਾਮੁ ਧਿਆਇ ਸੁਣ ਸਭਨਾ ਨੋ ਕਰਿ ਦਾਨੁ।"
ਪਵਿੱਤਰ ਵਾਕ ਗੁਰਬਾਣੀ ਦਾ, ਮੌਸਮ ਦਾ ਕਰੇ ਬਿਆਨ,
ਮੁੱਕ ਗਿਆ ਸਿਆਲ, ਨ੍ਹਾ ਧੋ ਸਿਹਤ ਦਾ ਕਰੋ ਧਿਆਨ।

ਇਤਿਹਾਸ ਦੱਸਦੈ ਕਿ ਸਿੰਘ ਅਨੰਦਪੁਰੋਂ ਸੀ ਆਕੀ ਹੋਏ,
ਦੇ ਕੇ ਬੇਦਾਵਾ ਦਸਮੇਸ਼ ਜੀ ਨੂੰ,
ਸੀ ਘਰਾਂ ਨੂੰ ਨੱਠ ਖਲੋਏ।
ਵਾਹੋ ਦਾਹੀ ਸੀ ਘੋੜੇ ਭਜਾ ਲਏ,
ਮਾਲਵੇ ਵੱਲ ਸਿੱਧੇ ਹੋਏ,
ਅੱਗੋਂ ਘੇਰੇ ਮਾਈ ਭਾਗੋ ਸ਼ੇਰਨੀ,
ਆਖੇ 'ਜੀਂਦੇ ਹੋ ਜਾਂ ਮੋਏ।'

'ਆਹ ਲਓ ਪਾਓ ਚੂੜੀਆਂ, ਜ਼ਰਾ ਸ਼ਾਸਤਰ ਸਾਨੂੰ ਫੜਾਓ,
ਛੱਡ ਦਿਓ ਹੁਣ ਮਰਦਾਨਗੀ, ਘਰੇ ਤੀਵੀਆਂ ਬਣ ਜਾਓ।
ਬੱਚਿਆਂ ਦਾ ਰੱਖੋ ਖ਼ਿਆਲ, ਛੁਣਛੁਣੇ ਵਜਾ ਬੱਚੇ ਖੇਲ੍ਹਾਓ,
ਸਿੰਘਣੀਆਂ ਅਸੀਂ ਗੁਰੂ ਦੀਆਂ, ਲੜੀਏ ਜੰਗ ਮਨ ਚਾਓ।'

ਪਾਣੀ ਪਾਣੀ ਹੋਏ ਸ਼ਰਮਸਾਰ,
ਸੁਣ ਕੇ ਉਹ ਅਣਿਆਲੇ ਬੋਲ,
ਝੱਟ ਮੁੜ ਪਏ ਪਿਛਾਂਹ ਨੂੰ, ਨੀਵੀਆਂ ਨਜ਼ਰਾਂ ਅੱਖਾਂ ਖੋਲ੍ਹ।
ਜਾ ਰਲੇ ਗੁਰੂ ਦੀਆਂ ਫ਼ੌਜਾਂ,
ਖਿਦਰਾਣੇ ਦੀ ਢਾਬ ਦੇ ਕੋਲ,
ਛੱਡ ਜੈਕਾਰੇ ਧਰਤ ਹਿਲਾਈ,
ਮੁਗਲਾਂ ਨੂੰ ਫਿਰ ਪੈਂਦੇ ਹੌਲ।

ਚਾਲੀ ਭੁੱਖਣ ਭਾਣੇ ਸਿੰਘਾਂ ਨੇ,
ਨਗਾਰੇ ਉੱਤੇ ਚੋਟ ਲਗਾਏ,
ਗਹਿ-ਗੱਚ ਇੰਝ ਹੋਈ ਜੰਗ,
ਸੂਰਮਿਆਂ ਨੇ ਖੰਡੇ ਖੜਕਾਏ।
ਭਾਜੜ ਪਾ'ਤੀ ਵੈਰੀਆਂ ਤਾਈਂ,
ਨੱਕ ਨਾਲ ਸੀ ਚਨੇ ਚਬਾਏ,
ਜੂਝਦਿਆਂ ਫਿਰ ਵਿਚ ਮੈਦਾਨੇ,
ਗੁਰੂ ਜੀ ਤੋਂ ਬੇਦਾਵੇ ਪੜਾਏ।

'ਕੱਲਾ 'ਕੱਲਾ ਸਿੰਘ ਲੱਖ-ਕ੍ਰੋੜੀ,
ਪਾਤਸ਼ਾਹਾਂ ਬਖ਼ਸ਼ੇ ਖ਼ਿਤਾਬ,
ਚੌਰਾਸੀ ਲੱਖ ਜੂਨੋਂ ਮੁਕਤ ਹੋਏ,
ਚਾਲੀ ਮੁਕਤੇ ਬਣੇ ਨਵਾਬ।
ਮੁਕਤਸਰ ਦੀ ਮਾਘੀ ਦਾ ਮੇਲਾ,
ਵਾਚੀਏ ਨੀਝ ਲਾ ਜਨਾਬ,
ਚੱਪੇ ਚੱਪੇ ਲਹੂ ਨਾਲ ਰੰਗਿਆ,
ਸ਼ਹੀਦਾਂ ਭਰਿਆ ਹੈ ਪੰਜਾਬ।

***-ਸੇਵਾ ਸਿੰਘ 'ਨੂਰਪੁਰੀ'***

---

### ਦੀਵੇ ਦੀ ਤਾਕਤ

ਟਿਮਟਿਮਾਉਂਦਾ
ਮੁਸਕਰਾਉਂਦਾ
ਨਿੱਕਾ ਜਿਹਾ
ਇਕ ਮਨ ਮੋਹਦਾ ਦੀਵਾ।

ਕਿਸੇ ਹਨ੍ਹੇਰੀ ਥਾਂ 'ਤੇ
ਜਗ ਰਿਹਾ ਸੀ
ਸ਼ੋਰ ਮਚਾਉਂਦਾ
ਤਬਾਹੀ ਮਚਾਉਂਦਾ
ਰੌਲਾ ਰੱਪਾ ਪਾਉਂਦਾ।

ਤੂਫ਼ਾਨ ਆਇਆ ਇੱਕ
ਆਪਣੇ ਖ਼ਾਸੇ ਅਨੁਸਾਰ
ਚਾਹਿਆ ਉਸ ਦੀਵੇ ਨੂੰ ਬੁਝਾਉਣਾ
ਬੱਸ!
ਜ਼ੋਰ ਨਾਲ ਧਾਵਾ ਬੋਲ ਦਿੱਤਾ
ਨਿੱਕਾ ਦੀਵਾ, ਬੇਵੱਸ ਦੀਵਾ
ਡਿੱਕ-ਡੋਲੇ ਖਾਂਦਾ, ਡਿੱਗ ਪਿਆ ਥੱਲੇ
ਪਰ,
ਉਸ ਦੀ ਇੱਕ ਲਾਟ ਦੀ ਥਾਂ 'ਤੇ
ਕਈ ਭਾਂਬੜ ਬਲ ਉੱਠੇ...।

***-ਅਮਨਪ੍ਰੀਤ 'ਬੱਲੀ' ਤਖ਼ਤੂਪੁਰਾ***

---

### ਹਾਕੀ ਵਿਸ਼ਵ ਕੱਪ

ਫ਼ੀਲਡ ਹਾਕੀ ਵਿਸ਼ਵ ਕੱਪ, ਕਹਿੰਦੇ ਭਾਰਤ ਹੋ ਰਿਹੈ,
ਨੈਸ਼ਨਲ ਮੀਡੀਆ ਰੰਡੀ ਰੋਣੇ, ਰਾਜਨੀਤੀ ਦੇ ਰੋ ਰਿਹੈ।
ਕ੍ਰਿਕਟ ਨਾਲ ਮੁਹੱਬਤ, ਚਲੋ ਚੰਗੀ ਹੈ ਵੈਸੇ ਤਾਂ,
ਪਰ ਹੁਣ ਤੇ ਸੱਚੀਂ ਲੱਗਦੈ, ਹਾਕੀ ਨਾਲ ਹੋ ਧ੍ਰੋਹ ਰਿਹੈ।

ਧਿਆਨ ਚੰਦ ਦੀ ਰੂਹ ਅੱਜ, ਅੱਥਰੂ ਹੈ ਵਹਾ ਰਹੀ,
ਹਾਕੀ ਦਾ ਟਾਵਾਂ ਕੋਈ ਪ੍ਰੇਮੀ, ਖ਼ਬਰਾਂ ਏਹ ਟੋਹ ਰਿਹੈ।
ਸੰਸਾਰਪੁਰ ਦੀ ਹਾਕੀ ਨੂੰ ਵੀ, ਭਾਰਤ ਲਈ ਦੇਣ ਵੱਡੀ,
ਮੀਡੀਆ ਏਹ ਅੱਖ ਤੋਂ ਕਿਉਂ, ਇਸ ਨੂੰ ਲਕੋ ਰਿਹੈ।

ਸੋਸ਼ਲ ਮੀਡੀਆ 'ਤੇ ਸਿੱਧਾ ਪ੍ਰਸਾਰਣ,
ਕਰੋ ਹਾਕੀ ਪ੍ਰੇਮੀਓ
ਸੁੱਖਵਿੰਦਰ ਕਹੈ ਏਹੋ ਹੱਕ,
ਕੋਈ ਤੁਹਾਥੋਂ ਨਹੀਂ ਖੋਹ ਰਿਹੈ

***-ਸੁੱਖਵਿੰਦਰ ਬੋਦਲਾਂਵਾਲਾ***
***ਫੋਨ: 360-281-2624***


# ਸਰਮਾਏਦਾਰੀ ਦਾ ਨਾਗਵਲ ਅਤੇ ਆਰਥਿਕ ਸੰਕਟ

ਸੰਸਾਰ ਸਰਮਾਏਦਾਰਾ ਪ੍ਰਬੰਧ ਇਸ ਸਮੇਂ ਡੂੰਘੇ ਆਰਥਿਕ ਸੰਕਟ ਦੀ ਜਕੜ ਵਿਚ ਹੈ ਜੋ ਨਿੱਤ ਦਿਨ ਡੂੰਘਾ ਹੋ ਰਿਹਾ ਹੈ। ਸਰਮਾਏਦਾਰ ਪੱਖੀ ਸਰਕਾਰਾਂ ਆਪਣੇ ਹਾਕਮਾਂ ਦੇ ਮੁਨਾਫੇ ਵਧਾਉਣ ਲਈ ਹਰ ਹੀਲਾ ਵਰਤ ਰਹੀਆਂ ਹਨ, ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤ ਰਹੀਆਂ ਹਨ ਜਿਵੇਂ ਜਨਤਕ ਸਹੂਲਤਾਂ ਉਤੇ ਕਾਟ, ਨਿੱਜੀਕਰਨ ਦੀ ਪ੍ਰਕਿਰਿਆ ਤੇਜ਼ ਕਰ ਕੇ ਜਨਤਕ ਜਾਇਦਾਦ ਕੌਡੀਆਂ ਦੇ ਭਾਅ ਵੇਚਣਾ, ਕਿਰਤ ਕਾਨੂੰਨਾਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਸਰਮਾਏਦਾਰਾ ਪੱਖੀ ਸੋਧਾਂ ਕਰਨੀਆਂ ਆਦਿ। ਲੋਕਾਈ ਉਤੇ ਸੰਕਟ ਦਾ ਬੋਝ ਸੁੱਟਣ ਦਾ ਇਹ ਵਰਤਾਰਾ ਕੋਈ ਇੱਕ, ਦੋ ਜਾਂ ਮੁੱਠੀ ਭਰ ਦੇਸ਼ਾਂ ਤੱਕ

**ਨਵਜੋਤ**
ਫੋਨ: +91-85578-12341

ਸੀਮਤ ਨਹੀਂ ਸਗੋਂ ਆਰਥਿਕ ਸੰਕਟ ਵਾਂਗ ਇਹ ਵੀ ਆਲਮੀ ਪੱਧਰ ਦਾ ਵਰਤਾਰਾ ਬਣ ਚੁੱਕਾ ਹੈ। ਲੋਕਾਈ (ਖਾਸ ਕਰ ਯੂਰਪ ਦੀ) ਸਿਰ ਬੋਝ ਦੂਣ ਸਵਾਇਆ ਕਰਨ ਵਿਚ ਵੱਡੀ ਭੂਮਿਕਾ ਰੂਸ-ਅਮਰੀਕਾ ਵਿਚਕਾਰ ਸਾਮਰਾਜੀ ਖਹਿ ਨੇ ਵੀ ਨਿਭਾਈ ਹੈ ਜਿਸ ਦਾ ਅਖਾੜਾ ਯੂਕਰੇਨ ਹੈ। ਪੈਟਰੋਲ ਤੇ ਡੀਜ਼ਲ, ਊਰਜਾ ਦੇ ਹੋਰ ਸਰੋਤਾਂ, ਬਿਜਲੀ, ਜ਼ਰੂਰੀ ਵਸਤਾਂ ਆਦਿ ਦੀਆਂ ਕੀਮਤਾਂ ਵਿਚ ਛੜੱਪੇ ਮਾਰ ਵਾਧਾ ਹੋਇਆ ਹੈ ਜਿਸ ਦਾ ਲਾਜ਼ਮੀ ਸਿੱਟਾ ਲੋਕਾਈ ਦੀ ਹਾਲਤ ਨਿੱਘਰਨ ਵਿਚ ਨਿਕਲਿਆ ਹੈ। ਇਸ ਆਰਥਿਕ ਸੰਕਟ ਤੇ ਸਰਮਾਏਦਾਰਾ ਸਰਕਾਰਾਂ ਵੱਲੋਂ ਲੋਕਾਈ ਉਤੇ ਵਿੱਢੇ ਹਮਲੇ ਦਾ ਲੋਕਾਈ ਵੀ ਮੋੜਵਾਂ ਜਵਾਬ ਦੇਣ ਦੇ ਰਾਹ ਤੁਰੀ ਹੈ ਤੇ ਅਮਰੀਕਾ ਜਿਹੇ ਦੇਸ਼ਾਂ ਅੰਦਰ ਵੀ ਕਿਰਤੀਆਂ ਨੇ ਲੰਮੇ ਸਮੇਂ ਦੀ ਚੁੱਪ ਮਗਰੋਂ ਫਿਰ ਸੰਘਰਸ਼ਾਂ ਦੇ ਪਿੜ ਮਘਾਉਣੇ ਸ਼ੁਰੂ ਕੀਤੇ ਹਨ। ਇਰਾਨ ਦੇ ਲੋਕਾਂ ਦਾ ਧਰਮ ਆਧਾਰਿਤ ਰਾਜ ਵਿਰੁੱਧ ਘੋਲ, ਯੂਨਾਨ ਦੀ ਕਿਰਤੀ ਲੋਕਾਈ, ਜਰਮਨ ਮਜ਼ਦੂਰਾਂ, ਬਰਤਾਨੀਆ ਤੇ ਸਪੇਨ ਦੇ ਲੋਕਾਂ ਵੱਲੋਂ ਹਾਲ ਹੀ ਵਿਚ ਕੀਤੇ ਰੋਸ ਵਿਖਾਵੇ ਦੁਨੀਆ ਭਰ ਵਿਚ ਲੋਕਾਈ ਦੇ ਇਸ ਆਰਥਿਕ ਸੰਕਟ ਅਤੇ ਸਰਕਾਰ ਦੀਆਂ ਨੀਤੀਆਂ ਵਿਰੁੱਧ ਮੋੜਵੇਂ ਜਵਾਬ ਦੀਆਂ ਕੁਝ ਮਿਸਾਲਾਂ ਹਨ। ਵਧ ਰਹੇ ਆਰਥਿਕ ਸੰਕਟ ਅਤੇ ਲੋਕਾਂ ਦੀ ਬਦਹਾਲੀ ਨਾਲ ਲੋਕਾਂ ਦੇ ਸੰਘਰਸ਼ ਵੀ ਹੌਲੀ-ਹੌਲੀ ਕੁੱਲ ਦੁਨੀਆ ਵਿਚ ਫੈਲ ਰਹੇ ਹਨ ਤੇ ਸਰਮਾਏਦਾਰਾ ਪ੍ਰਬੰਧ ਦਾ ਲੋਕ ਦੋਖੀ ਖਾਸਾ ਨੰਗਾ ਕਰ ਰਹੇ ਹਨ।

ਸਰਮਾਏਦਾਰੀ ਦਾ ਲੋਕ ਵਿਰੋਧੀ ਖਾਸਾ ਜ਼ਾਹਿਰ ਹੋਣ ਨਾਲ ਇਸ ਦੇ ਬਦਲ ਬਾਰੇ ਚਰਚਾ ਵੀ ਬੌਧਿਕ ਤਬਕਿਆਂ ਵਿਚ ਛਿੜੀ ਹੈ। ਮੁੱਖਧਾਰਾ ਵਿਚ ਸੁਝਾਏ ਇਹਨਾਂ 'ਬਦਲਾਂ' ਵਿਚੋਂ ਬਹੁਤੇ ਅਸਲ ਵਿਚ ਇਸ ਪ੍ਰਬੰਧ ਦਾ ਬਦਲ ਨਹੀਂ ਹੁੰਦੇ ਸਗੋਂ ਇਸ ਢਾਂਚੇ ਨੂੰ ਬਣਾਈ ਰੱਖਣ ਦੇ ਨਾਲ-ਨਾਲ ਇਸ ਵਿਚ ਛੋਟੇ ਜਾਂ ਵੱਡੇ ਸੁਧਾਰਾਂ ਦੀ ਹੀ ਗੱਲ ਕਰਦੇ ਹਨ। ਇਹਨਾਂ ਵਿਚੋਂ ਅਜਿਹਾ ਹੀ ਇੱਕ ਬਦਲ ਜੋ ਪਿਛਲੇ ਲੰਮੇ ਸਮੇਂ ਤੋਂ ਪ੍ਰਚਾਰਿਆ ਜਾ ਰਿਹਾ ਹੈ, ਉਹ ਹੈ ਸਕੈਂਡੇਨੇਵੀਆਈ ਦੇਸ਼ਾਂ (ਨਾਰਵੇ, ਸਵੀਡਨ ਤੇ ਡੈਨਮਾਰਕ) ਦਾ ਮਾਡਲ। ਕਈ ਬੁੱਧੀਜੀਵੀ ਇਹਨਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਮਿਲਣ ਵਾਲੀਆਂ ਜਨਤਕ ਸਹੂਲਤਾਂ ਜਿਵੇਂ ਸਿੱਖਿਆ, ਸਿਹਤ, ਬੇਰੁਜ਼ਗਾਰੀ ਭੱਤੇ, ਹੋਰ ਸਮਾਜਿਕ ਸੁਰੱਖਿਆ ਦੇ ਹਵਾਲੇ ਨਾਲ ਸਕੈਂਡੇਨੇਵੀਆਈ ਦੇਸ਼ਾਂ ਦੇ ਮਾਡਲ ਨੂੰ ਸਰਮਾਏਦਾਰੀ ਦੇ ਆਦਰਸ਼ ਦੇਸ਼ਾਂ ਵਾਂਗ ਪੇਸ਼ ਕਰਦੇ ਹੈ ਤੇ ਕਈ ਤਾਂ ਇਹਨਾਂ ਨੂੰ ਮੂਲੋਂ ਹੀ ਵੱਖਰੇ ਤਰ੍ਹਾਂ ਦੇ ਸਰਮਾਏਦਾਰਾ ਦੇਸ਼ ਮੰਨਦੇ ਹਨ ਜਿਹਨਾਂ ਦੇ ਮਾਡਲਾਂ ਦੀ ਨਕਲ ਕਰ ਕੇ ਹੋਰ ਦੇਸ਼ ਵੀ ਸਰਮਾਏਦਾਰਾ ਸਮਾਜ ਵਿਚਲੀਆਂ ਸਮੱਸਿਆਵਾਂ ਤੋਂ ਨਿਜਾਤ ਪਾ ਸਕਦੇ ਸਨ। ਦੁਨੀਆ ਭਰ ਦੇ ਮਾਰਕਸਵਾਦੀ ਚਿੰਤਕਾਂ, ਮਾਰਕਸਵਾਦੀ ਸਿਆਸੀ ਆਰਥਿਕਤਾ ਦੇ ਮਾਹਿਰਾਂ ਨੇ ਵਾਰ-ਵਾਰ ਇਹ ਦਰਸਾਇਆ ਹੈ ਕਿ ਸਕੈਂਡੇਨੇਵੀਆਈ ਮੁਲਕਾਂ ਵਿਚ ਜਨਤਕ ਸਹੂਲਤਾਂ ਦੇ ਵਧੇਰੇ ਵਿਆਪਕ ਦਾਇਰੇ ਦੇ ਬਾਵਜੂਦ ਇਹ ਮੁਲਕ ਵੀ ਮੂਲ ਰੂਪ ਵਿਚ ਸਰਮਾਏਦਾਰਾ ਦੇਸ਼ ਹੀ ਹਨ ਤੇ ਸਰਮਾਏਦਾਰਾ ਸਮਾਜ ਦੀਆਂ ਵਿਰੋਧਤਾਈਆਂ ਜਿਵੇਂ ਸੰਕਟ, ਵਧਦੀ ਆਰਥਿਕ ਨਾ-ਬਰਾਬਰੀ, ਜਮਾਤੀ ਧਰੁਵੀਕਰਨ ਆਦਿ ਤੋਂ ਮੁਕਤ ਨਹੀਂ। ਮੌਜੂਦਾ ਆਰਥਿਕ ਸੰਕਟ ਨੇ ਇਹਨਾਂ ਸਕੈਂਡੇਨੇਵੀਆਈ ਮੁਲਕਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਇਹਨਾਂ ਚਿੰਤਕਾਂ ਦੀ ਗੱਲ 'ਤੇ ਮੋਹਰ ਲਾਈ ਹੈ ਕਿ ਇਹਨਾਂ ਮੁਲਕਾਂ ਦਾ ਮਾਡਲ ਕੋਈ ਸਰਮਾਏਦਾਰਾ ਪ੍ਰਬੰਧ ਵਿਚ ਛੋਟ ਨਹੀਂ ਤੇ ਨਾ ਹੀ ਸਰਮਾਏਦਾਰਾ ਪ੍ਰਬੰਧ ਦੀਆਂ ਵਿਰੋਧਤਾਈਆਂ ਤੋਂ ਇਹਨਾਂ ਮੁਲਕਾਂ ਦਾ ਮਾਡਲ ਕੋਈ ਨਿਜਾਤ ਦਿਵਾਉਣ ਵਾਲਾ ਜਾਦੂਈ ਫਾਰਮੂਲਾ ਹੈ।




ਇਹਨਾਂ ਮੁਲਕਾਂ ਦੇ ਮੌਜੂਦਾ ਹਾਲਾਤ ਬਾਰੇ ਕੁਝ ਗੱਲਬਾਤ ਇੱਥੇ ਕਰਨੀ ਜ਼ਰੂਰੀ ਹੈ। ਯੂਰਪ ਤੇ ਦੁਨੀਆ ਦੇ ਹੋਰਾਂ ਦੇਸ਼ਾਂ ਵਾਂਗ ਸਕੈਂਡੇਨੇਵੀਆਈ ਮੁਲਕ ਵੀ ਇਸ ਆਰਥਿਕ ਸੰਕਟ ਤੋਂ ਅਛੂਤੇ ਨਹੀਂ ਰਹਿ ਸਕੇ। ਡੈਨਮਾਰਕ, ਸਵੀਡਨ ਤੇ ਨਾਰਵੇ ਤਿੰਨੋਂ ਦੇਸ਼ ਹੀ ਇਸ ਸਮੇਂ ਡੂੰਘੇ ਆਰਥਿਕ ਸੰਕਟ ਦੇ ਸ਼ਿਕਾਰ ਹਨ। ਤਿੰਨਾਂ ਦੇਸ਼ਾਂ ਅੰਦਰ ਹੀ ਮੁਨਾਫੇ ਦੀ ਦਰ ਕਾਫੀ ਹੇਠਾਂ ਡਿੱਗ ਚੁੱਕੀ ਹੈ ਜਿਸ ਦੇ ਸਿੱਟੇ ਵਜੋਂ ਸਰਮਾਏਦਾਰਾਂ ਵੱਲੋਂ ਨਿਵੇਸ਼ ਤੋਂ ਹੱਥ ਲਗਾਤਾਰ ਪਿੱਛੇ ਖਿੱਚਿਆ ਜਾ ਰਿਹਾ ਹੈ। ਇਸ ਦੇ ਲਾਜ਼ਮੀ ਸਿੱਟੇ ਵਜੋਂ ਇਹਨਾਂ ਦੇਸ਼ਾਂ ਵਿਚ ਬੇਰੁਜ਼ਗਾਰੀ ਵਿਚ ਪਿਛਲੇ ਸਮੇਂ ਅੰਦਰ ਵਾਧਾ ਹੋਇਆ ਹੈ। ਨਾਲ ਹੀ ਇਹਨਾਂ ਦੇਸ਼ਾਂ ਦੇ ਕਿਰਤੀ ਲੋਕਾਂ ਦੇ ਜੀਵਨ ਪੱਧਰ 'ਤੇ ਮਹਿੰਗਾਈ ਦਾ ਵੀ ਅਸਰ ਪੈ ਰਿਹਾ ਹੈ ਜਿਸ ਦਾ ਮੁੱਖ ਸਰੋਤ ਇਸ ਸਮੇਂ ਊਰਜਾ ਸਰੋਤਾਂ ਦੀ ਕੀਮਤ ਵਿਚ ਹੋਇਆ ਵਾਧਾ ਹੈ। ਜਿਹੜੇ ਤੱਥ ਵਧੇਰੇ ਸਰਮਾਏਦਾਰੀ ਇਸ ਅਖੌਤੀ ਬਦਲ ਦਾ ਅਸਲੀ ਚਿਹਰਾ ਨੰਗਾ ਕਰਦੇ ਹਨ, ਉਹ ਹਨ ਇਹਨਾਂ ਦੇਸ਼ਾਂ ਵਿਚ ਆਰਥਿਕ ਨਾ-ਬਰਾਬਰੀ ਸਬੰਧੀ ਅੰਕੜੇ। ਡੈਨਮਾਰਕ ਜਿਸ ਨੂੰ ਕਈ ਸੂਚਕਾਂ ਦੇ ਹਿਸਾਬ ਨਾਲ ਦੁਨੀਆ ਦਾ ਸਭ ਤੋਂ ਖੁਸ਼ ਮੁਲਕ ਆਖਿਆ ਜਾਂਦਾ ਹੈ, ਵਿਚ ਨਾ-ਬਰਾਬਰੀ 1980 ਵਿਆਂ ਤੋਂ ਹੀ ਵਧਣੀ ਸ਼ੁਰੂ ਹੋ ਚੁੱਕੀ ਸੀ ਜਿਸ ਵਿਚ ਤਿੱਖਾ ਵਾਧਾ 2008 ਦੀ ਮੰਦੀ ਤੋਂ ਬਾਅਦ ਦਰਜ ਹੋਇਆ। 1980 ਵਿਚ ਹੇਠਲੇ 50% ਲੋਕਾਂ ਕੋਲ ਕੁੱਲ ਆਮਦਨ ਦਾ 25% ਜਾਂਦਾ ਸੀ ਜੋ ਹੁਣ ਘਟ ਕੇ 10% ਤੋਂ ਵੀ ਹੇਠਾਂ ਹੋ ਚੁੱਕਾ ਹੈ। ਆਮਦਨ ਤੋਂ ਵੀ ਵਧੇਰੇ ਨਾ-ਬਰਾਬਰ ਵੰਡ ਕੁੱਲ ਦੌਲਤ ਵਿਚ ਦੇਖਣ ਨੂੰ ਮਿਲਦੀ ਹੈ। ਡੈਨਮਾਰਕ ਵਿਚ ਹੇਠਲੇ 50% ਲੋਕਾਂ ਕੋਲ ਕੁੱਲ ਦੌਲਤ ਦਾ 5% ਤੋਂ ਵੀ ਘੱਟ ਹਿੱਸਾ ਹੈ; ਉਪਰਲੇ 10% ਲੋਕ 50% ਦੌਲਤ ਉਤੇ ਤੇ ਉਪਰਲੇ 1% ਲੋਕ 20% ਦੌਲਤ ਉਪਰ ਕਾਬਜ਼ ਹਨ। ਇੰਝ ਹੀ ਸਵੀਡਨ ਤੇ ਨਾਰਵੇ ਅੰਦਰ ਵੀ ਆਮਦਨ ਤੇ ਕੁੱਲ ਦੌਲਤ ਵਿਚ ਨਾ-ਬਰਾਬਰੀਆਂ ਵਧ ਰਹੀਆਂ ਹਨ। ਉਦਾਹਰਨ ਵਜੋਂ ਔਕਸਫੈਮ ਦੀ ਤਾਜ਼ਾ ਰਿਪੋਰਟ ਅਨੁਸਾਰ ਸਵੀਡਨ ਉਹਨਾਂ ਦੇਸ਼ਾਂ ਵਿਚੋਂ ਹੈ ਜਿਹਨਾਂ ਵਿਚ ਪਿਛਲੇ ਸਮੇਂ ਅੰਦਰ ਸਭ ਤੋਂ ਤੇਜ਼ੀ ਨਾਲ ਆਰਥਿਕ ਨਾ-ਬਰਾਬਰੀ ਵਿਚ ਵਾਧਾ ਹੋਇਆ ਹੈ। ਅਸਲ ਵਿਚ ਇਹ ਸਕੈਂਡੇਨੇਵੀਆਈ ਦੇਸ਼ ਵੀ ਹੁਣ ਸਾਫ ਤੌਰ 'ਤੇ ਸਰਮਾਏਦਾਰੀ ਦੀਆਂ ਉਹਨਾਂ ਅਲਾਮਤਾਂ ਦਾ ਘਰ ਬਣ ਚੁੱਕੇ ਹਨ ਜਿਨ੍ਹਾਂ ਦੇ ਬਦਲ ਵਜੋਂ ਸਕੈਂਡੇਨੇਵੀਆਈ ਦੇਸ਼ਾਂ ਦੇ ਮਾਡਲ ਨੂੰ ਉਭਾਰਿਆ ਜਾਂਦਾ ਸੀ।

ਇਸ ਆਰਥਿਕ ਸੰਕਟ ਦੇ ਅਸਰ ਵਜੋਂ ਪੂਰੀ ਦੁਨੀਆ ਵਿਚ ਹੀ ਸਰਮਾਏਦਾਰਾਂ ਨੇ ਆਪਣੀ ਨੁਮਾਇੰਦਗੀ ਕਰਨ ਲਈ ਧੁਰ ਸੱਜੇ-ਪੱਖੀ ਤੇ ਫਾਸ਼ੀਵਾਦੀ ਸਰਕਾਰਾਂ ਨੂੰ ਆਪਣੇ ਪਸੰਦੀਦਾ ਔਜ਼ਾਰ ਵਜੋਂ ਚੁਣਿਆ ਹੈ ਕਿਉਂਕਿ ਇਹੀ ਉਹ ਸਰਕਾਰਾਂ ਹਨ ਜੋ ਲੋਕਾਂ ਅੰਦਰ ਧਰਮ, ਨਸਲ, ਜਾਤ ਆਦਿ ਦੇ ਵਿਤਕਰੇ ਨੂੰ ਉਭਾਰ ਕੇ, ਉਹਨਾਂ ਨੂੰ ਅਸਲ ਮੁੱਦਿਆਂ ਦੀ ਸ਼ਨਾਖਤ ਕਰਨ ਤੋਂ ਲਾਂਭੇ ਕਰ ਕੇ ਭਰਾ-ਮਾਰ ਜੰਗ ਵਿਚ ਝੋਕ ਸਕਦੀਆਂ ਹਨ ਤੇ ਨਾਲ ਹੀ ਉਹਨਾਂ ਉਤੇ ਹਕੂਮਤੀ ਜਬਰ ਤੇਜ਼ ਕਰ ਕੇ ਸਰਮਾਏਦਾਰਾ ਪੱਖੀ ਨਵ-ਉਦਾਰਵਾਦੀ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰ ਸਕਦੀਆਂ ਹਨ। ਪਿਛਲੇ ਲੰਮੇ ਅਰਸੇ ਵਿਚ ਮੁਨਾਫਿਆਂ ਦੇ ਲਗਾਤਾਰ ਸੁੰਗੜਨ ਸਦਕਾ ਇਹੋ ਜਿਹੀਆਂ ਸਰਕਾਰਾਂ ਦੁਨੀਆ ਭਰ ਦੇ ਸਰਮਾਏਦਾਰਾਂ ਦੀ ਲੋੜ ਬਣ ਰਹੀਆਂ ਹਨ। ਹਾਲ ਹੀ ਵਿਚ ਮੁਕੰਮਲ ਹੋਈਆਂ ਡੈਨਮਾਰਕ ਦੀਆਂ ਚੋਣਾਂ ਵਿਚ ਵੀ ਉੱਥੋਂ ਦੀ ਹਾਕਮ ਪਾਰਟੀ, ਸਮਾਜਿਕ ਜਮਹੂਰੀ ਪਾਰਟੀ ਜੋ ਇਸ ਵਾਰ ਜੇਤੂ ਰਹੀ ਹੈ, ਵਿਚ ਵੀ ਇਸ ਸੱਜੇ-ਪੱਖੀ ਸਿਆਸਤ ਵੱਲ ਮੋੜਾ ਦੇਖਣ ਨੂੰ ਮਿਲਿਆ ਹੈ। ਸਮਾਜਿਕ ਜਮਹੂਰੀ ਪਾਰਟੀ ਨੇ ਇਸ ਵਾਰ ਚੋਣ ਪ੍ਰਚਾਰ ਵਿਚ ਪਰਵਾਸੀ ਵਿਰੋਧੀ ਪਾਰਟੀਆਂ ਦੀਆਂ ਕਈ ਮੰਗਾਂ ਨੂੰ ਖੁੱਲ੍ਹ ਕੇ ਪ੍ਰਚਾਰਿਆ ਤੇ ਨਾਲ ਹੀ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੈਟੇ ਫ੍ਰੈਡਰਿਕਸਨ ਵੱਲੋਂ ਲਗਾਤਾਰ ਸੱਜੇ-ਪੱਖੀਆਂ ਦੀ ਸੁਰ ਵਿਚ ਸੁਰ ਮਿਲਾਉਣ ਦਾ ਕੰਮ ਚੋਣਾਂ ਤੋਂ ਬਾਅਦ ਵੀ ਜਾਰੀ ਹੈ। ਇਹੀ ਨਹੀਂ, ਦੇਸ਼ ਦੇ ਬਹੁਤੇ ਆਰਥਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਫ੍ਰੈਡਰਿਕਸਨ ਦੀ ਸਰਕਾਰ ਜਲਦ ਹੀ ਅਜਿਹੀਆਂ ਨੀਤੀਆਂ ਲਿਆਉਣ ਦੀ ਤਿਆਰੀ ਵਿਚ ਹੈ ਜਿਸ ਨਾਲ ਲੋਕਾਂ ਦੀਆਂ ਜਨਤਕ ਸਹੂਲਤਾਂ ਉਤੇ ਹੋਰ ਵਧੇਰੇ ਕਾਟ ਲੱਗੇਗੀ ਤੇ ਡੈਨਮਾਰਕ ਵਿਚ ਆਰਥਿਕ ਨਾ-ਬਰਾਬਰੀ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ। ਸਵੀਡਨ ਦੀਆਂ ਸਤੰਬਰ ਮਹੀਨੇ ਪੂਰੀਆਂ ਹੋਈਆਂ ਚੋਣਾਂ ਵਿਚ ਸੱਜੇ-ਪੱਖੀ ਸਿਆਸਤ ਉੱਭਰ ਕੇ ਸਾਹਮਣੇ ਆਈ ਜਿਸ ਵਿਚ ਅਖੌਤੀ ਖੱਬੇ ਗੱਠਜੋੜ ਦੀ ਹਾਰ ਹੋਈ ਤੇ ਪਰਵਾਸੀ ਵਿਰੋਧੀ ਪਾਰਟੀ ਦੇਸ਼ ਦੀ ਦੂਜੀ ਸਭ ਤੋਂ ਵੱਡੀ ਪਾਰਟੀ ਬਣੀ ਜੋ ਹੁਣ ਸੱਤਾ ਵਿਚ ਹਿੱਸੇਦਾਰ ਹੈ। ਸਵੀਡਨ ਦੀ ਸਰਕਾਰ ਦੇ ਏਜੰਡੇ ਉੱਤੇ ਵੀ ਸਰਮਾਏਦਾਰਾਂ ਦੇ ਡਿੱਗਦੇ ਮੁਨਾਫੇ ਵਧਾਉਣ ਲਈ ਉਹਨਾਂ 'ਤੇ ਕਰਾਂ ਦਾ ਬੋਝ ਘਟਾਉਣਾ ਤੇ ਲੋਕਾਂ ਦੀਆਂ ਜਨਤਕ ਸਹੂਲਤਾਂ ਉਤੇ ਕਾਟ ਲਾਉਣਾ ਹੈ।

ਕਹਿਣਾ ਹੋਵੇ ਤਾਂ ਸਕੈਂਡੇਨੇਵੀਆਈ ਮੁਲਕਾਂ ਦੇ ਮੌਜੂਦਾ ਆਰਥਿਕ ਤੇ ਸਿਆਸੀ ਹਾਲਾਤ ਨੇ ਹੀ ਇਹ ਅਖੌਤੀ ਲੋਕ ਪੱਖੀ ਮਾਡਲ ਖੇਰੂੰ-ਖੇਰੂੰ ਕਰ ਦਿੱਤਾ ਹੈ। ਇਹਨਾਂ ਦੇਸ਼ਾਂ ਵਿਚ ਲੋਕਾਈ ਨੂੰ ਜਿਨ੍ਹੀਆਂ ਕੁ ਸਹੂਲਤਾਂ ਹਾਸਲ ਸਨ, ਉਹ ਵੀ ਹਾਕਮ ਲਗਾਤਾਰ ਖੋਰ ਰਹੇ ਹਨ। ਅਜਿਹੇ ਹਾਲਾਤ ਨੇ ਉਹਨਾਂ ਬੁੱਧੀਜੀਵੀਆਂ, ਚਿੰਤਕਾਂ ਦੇ ਤਰਕਾਂ ਦੀ ਫੂਕ ਕੱਢ ਦਿੱਤੀ ਹੈ ਜੋ ਭਾਰਤ ਜਿਹੇ ਦੇਸ਼ਾਂ ਵਿਚ ਲੋਕਾਂ ਦੀ ਬਦਹਾਲੀ ਦੂਰ ਕਰਨ ਲਈ ਸਕੈਂਡੇਨੇਵੀਆਈ ਮੁਲਕਾਂ ਦੇ ਮਾਡਲ ਨੂੰ ਹੱਲ ਵਜੋਂ ਪ੍ਰਚਾਰਦੇ ਅਤੇ ਸਰਮਾਏਦਾਰਾ ਸਮਾਜ ਦੀਆਂ ਹੱਦਾਂ ਅੰਦਰ ਵਿਸ਼ਾਲ ਲੋਕਾਈ ਦੀਆਂ ਸਮੱਸਿਆਵਾਂ ਦਾ ਹੱਲ ਹੋਣ ਦਾ ਭਰਮ ਫੈਲਾਉਂਦੇ ਰਹੇ ਹਨ। ਸੰਸਾਰ ਅਰਥਚਾਰੇ ਦੇ ਸੰਕਟ ਨੇ ਇਹ ਗੱਲ ਸਾਫ ਕਰ ਦਿੱਤੀ ਹੈ ਕਿ ਅਜਿਹੇ (ਸਕੈਂਡੇਨੇਵੀਆਈ ਮਾਡਲ) ਬਦਲ ਜੋ ਸਰਮਾਏਦਾਰੀ ਪ੍ਰਬੰਧ ਦੀਆਂ ਹੱਦਾਂ ਦੇ ਅੰਦਰ ਰਹਿ ਕੇ ਹੀ ਇਸ ਪ੍ਰਬੰਧ ਦੀਆਂ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਢੰਗ ਸੁਝਾਉਂਦੇ ਹਨ, ਉਹ ਨਕਲੀ ਬਦਲ ਹਨ ਜੋ ਲੋਕਾਂ ਦੀਆਂ ਅਸਲ ਸਮੱਸਿਆਵਾਂ ਦਾ ਹੱਲ ਕਰਨ ਵਿਚ ਅਸਫਲ ਸਾਬਤ ਹੁੰਦੇ ਹਨ। ਸਰਮਾਏਦਾਰਾ ਪ੍ਰਬੰਧ ਦਾ ਅਸਲ ਬਦਲ ਸਮਾਜਵਾਦ ਹੈ, ਬਾਕੀ ਸਭ ਭਰਮ ਭੁਲੇਖੇ ਤੋਂ ਵੱਧ ਕੁਝ ਵੀ ਨਹੀਂ।

# ਨੌਜਵਾਨ ਵਰਗ ਤੇ 'ਆਪ' ਦੀ ਸਰਕਾਰ

ਅੱਜ ਦੇ ਸਮੇਂ ਵਿਚ ਕੋਈ ਵੀ ਸਿਆਸੀ ਪਾਰਟੀ ਨੌਜਵਾਨਾਂ (18-34 ਸਾਲ) ਦੀ ਹਮਾਇਤ ਤੋਂ ਬਿਨਾ ਸਰਕਾਰ ਨਹੀਂ ਬਣਾ ਸਕਦੀ। ਇਸੇ ਲਈ ਸਾਰੀਆਂ ਪਾਰਟੀਆਂ ਨੌਜਵਾਨ ਵਰਗ ਨੂੰ ਆਪਣੀ ਸਿਆਸਤ ਦੇ ਕੇਂਦਰ ਵਿਚ ਰੱਖਦੀਆਂ ਨਜ਼ਰ ਆਉਂਦੀਆਂ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਨੌਜਵਾਨ ਵੋਟਰਾਂ ਦਾ ਵੱਡਾ ਹਿੱਸਾ ਹਨ ਤੇ ਜ਼ਿਆਦਾਤਰ ਕਿਸੇ ਵੀ ਰਾਜਨੀਤਕ ਧਿਰ ਨਾਲ ਵਿਚਾਰਧਾਰਕ ਤੌਰ 'ਤੇ ਪੱਕੇ ਤੌਰ 'ਤੇ ਨਹੀਂ ਜੁੜੇ ਹੋਏ। ਇਹ ਵਰਗ ਬੇਸਬਰੀ ਨਾਲ ਆਪਣੀਆਂ ਮੰਗਾਂ ਅਤੇ ਆਸਾਂ ਦੀ ਪੂਰਤੀ ਦੀ ਮੰਗ ਕਰਦਾ ਹੈ। ਇਸੇ

**ਜਗਰੂਪ ਸਿੰਘ ਸੇਖੋਂ**

ਕਰ ਕੇ ਆਸਾਂ 'ਤੇ ਪੂਰੀਆਂ ਨਾ ਉਤਰਨ ਵਾਲੀਆਂ ਸਰਕਾਰਾਂ ਤੋਂ ਮੂੰਹ ਮੋੜ ਕੇ ਨੌਜਵਾਨ ਨਵੇਂ ਉੱਭਰਦੇ ਸਿਆਸੀ ਦਲਾਂ ਵੱਲੋਂ ਇਨ੍ਹਾਂ ਦੀ ਭਲਾਈ ਵਾਸਤੇ ਕੀਤੇ ਵਾਅਦਿਆਂ ਵਿਚ ਆਪਣਾ ਵਿਸ਼ਵਾਸ ਪ੍ਰਗਟ ਕਰ ਕੇ ਉਨ੍ਹਾਂ ਦੀ ਹਮਾਇਤ ਕਰਦੇ ਹਨ।

ਇਸੇ ਕਿਸਮ ਦੀ ਹਮਾਇਤ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਨੌਜਵਾਨਾਂ ਨੂੰ ਉਨ੍ਹਾਂ ਦੇ ਚੰਗੇ ਦਿਨਾਂ ਦੇ ਆਉਣ ਦੀ ਆਸ ਅਤੇ ਉਨ੍ਹਾਂ ਵਾਸਤੇ ਹਰ ਸਾਲ 2 ਕਰੋੜ ਨੌਕਰੀਆਂ ਪੈਦਾ ਕਰਨ ਦੇ ਵਾਅਦੇ ਕਰ ਕੇ ਪ੍ਰਾਪਤ ਕੀਤੀ। ਇਸ ਦੀ ਇਕ ਝਲਕ ਪੰਜਾਬ ਵਿਚ ਵੀ 2014 ਦੀਆਂ ਚੋਣਾਂ ਵਿਚ ਦਿਖਾਈ ਦਿੱਤੀ ਸੀ ਜਦੋਂ ਨੌਜਵਾਨ ਵੋਟਰਾਂ ਦੀ ਵੱਡੀ ਗਿਣਤੀ ਨੇ ਨਵੀਂ ਬਣੀ ਆਮ ਆਦਮੀ ਪਾਰਟੀ ਦੇ ਚਾਰ ਲੋਕ ਸਭਾ ਮੈਂਬਰਾਂ ਨੂੰ ਕੁੱਲ ਪਈਆਂ ਵੋਟਾਂ ਦੇ ਤਕਰੀਬਨ 25% ਨਾਲ ਜਿਤਾਇਆ ਸੀ। ਉਸ ਵੇਲੇ ਪਾਰਟੀ ਨੇ 33 ਵਿਧਾਨ ਸਭਾ ਹਲਕਿਆਂ ਵਿਚ ਪਹਿਲਾ ਅਤੇ 25 ਵਿਧਾਨ ਸਭਾ ਹਲਕਿਆਂ ਵਿਚੋਂ ਦੂਜਾ ਸਥਾਨ ਪ੍ਰਾਪਤ ਕੀਤਾ। 1996 ਦੀਆਂ ਚੋਣਾਂ ਬਾਅਦ ਦੇਸ਼ ਦੇ ਨੌਜਵਾਨ ਵੋਟਰਾਂ ਵਿਚ ਸਮਾਜਿਕ, ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਪਾੜੇ ਛੱਡ ਕੇ ਨੌਜਵਾਨ ਵਰਗ ਵਜੋਂ ਵੋਟਾਂ ਪਾਉਣ ਦਾ ਰੁਝਾਨ ਵਧ ਰਿਹਾ ਹੈ।

ਪੰਜਾਬ ਵਿਚ ਅਤਿਵਾਦ ਤੋਂ ਬਾਅਦ 1992 ਅਤੇ ਬਾਅਦ ਦੀਆਂ ਸਾਰੀਆਂ ਚੋਣਾਂ ਵਿਚੋਂ ਹਰ ਰਾਜਨੀਤਕ ਪਾਰਟੀ, ਭਾਵ ਕਾਂਗਰਸ ਤੇ ਅਕਾਲੀ-ਬੀ.ਜੇ.ਪੀ. ਨੇ ਨੌਜਵਾਨਾਂ ਦੇ ਚੰਗੇ ਭਵਿੱਖ, ਰੁਜ਼ਗਾਰ ਤੇ ਉਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਵੱਡੇ ਵੱਡੇ ਵਾਅਦੇ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਕੀਤੇ ਪਰ ਸਰਕਾਰਾਂ ਬਣਾਉਣ ਤੋਂ ਬਾਅਦ ਉਨ੍ਹਾਂ ਨੂੰ ਵਿਸਾਰ ਦਿੱਤਾ ਗਿਆ। ਰਾਜਨੀਤਕ ਪਾਰਟੀਆਂ ਨੇ ਭਾਵੇਂ ਆਪੋ-ਆਪਣੀ ਪਾਰਟੀ ਲਈ ਨੌਜਵਾਨ ਵਿੰਗ ਬਣਾਏ ਪਰ ਯੋਗ ਨੌਜਵਾਨਾਂ ਨੂੰ ਮੌਕੇ ਦੇਣ ਦੀ ਬਜਾਇ ਮੰਤਰੀਆਂ, ਮੁੱਖ ਮੰਤਰੀਆਂ, ਵਿਧਾਇਕਾਂ ਦੇ ਪਰਿਵਾਰਾਂ ਜਾਂ ਹੋਰ ਬਾਰਸੂਖ ਸਿਆਸਤਦਾਨ ਦੇ ਪੁੱਤਰਾਂ ਨੂੰ ਇਨ੍ਹਾਂ ਜੱਥੇਬੰਦੀਆਂ ਦੇ ਅਹੁਦੇਦਾਰਾਂ ਬਣਾ ਦਿੱਤਾ। ਇਹ ਵੀ ਦੇਖਣ ਵਿਚ ਆਇਆ ਹੈ ਕਿ ਇਨ੍ਹਾਂ ਜੱਥੇਬੰਦੀਆਂ ਦੇ ਨੇਤਾਵਾਂ ਨੇ ਆਪਣੇ ਰਾਜਸੀ ਤੇ ਹੋਰ ਹਿੱਤਾਂ ਦੀ ਪੂਰਤੀ ਲਈ ਕਾਫ਼ੀ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਕੁਰਾਹੇ ਪਾਇਆ ਜਿਸ ਦਾ ਸੰਤਾਪ ਉਹ, ਉਨ੍ਹਾਂ ਦੇ ਮਾਤਾ-ਪਿਤਾ ਤੇ ਪੰਜਾਬ ਦਾ ਸਮਾਜ ਭੁਗਤ ਰਿਹਾ ਹੈ। ਅਜਿਹੇ ਵਰਤਾਰੇ ਕਰ ਕੇ ਹੀ 2014 ਅਤੇ ਉਸ ਤੋਂ ਬਾਅਦ ਵਾਲੀਆਂ ਚੋਣਾਂ ਵਿਚ ਨੌਜਵਾਨ ਵਰਗ ਦਾ ਰਵਾਇਤੀ ਪਾਰਟੀਆਂ ਨਾਲੋਂ ਮੋਹ ਭੰਗ ਹੋਣਾ ਸ਼ੁਰੂ ਹੋਇਆ ਜਿਹੜਾ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਿਖਰ 'ਤੇ ਪਹੁੰਚ ਗਿਆ।

2022 ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਨੌਜਵਾਨ ਵਰਗ ਦੀ ਵੱਡੀ ਹਮਾਇਤ ਨਾਲ 117 ਵਿਚੋਂ 92 ਸੀਟਾਂ 'ਤੇ ਜਿੱਤ ਪ੍ਰਾਪਤ ਕਰ ਕੇ ਇਤਿਹਾਸ ਰਚਿਆ। ਇਸ ਤੋਂ ਪਹਿਲਾਂ ਕਾਂਗਰਸ ਨੇ 1992 ਵਿਚ 87 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਦੇਖਣ ਵਿਚ ਆਇਆ ਹੈ ਕਿ ਨੌਜਵਾਨ ਵੋਟਰ ਹਮੇਸ਼ਾ ਹੀ ਦੂਜੇ ਵਰਗਾਂ ਦੇ ਮੁਕਾਬਲੇ ਰਾਜਨੀਤਕ ਤਬਦੀਲੀ ਦੇ ਹੱਕ 'ਚ ਹੁੰਦੇ ਹਨ। ਪੰਜਾਬ ਵਿਚ ਇਸ ਦਾ ਆਗਾਜ਼ 2014 ਦੀਆਂ ਲੋਕ ਸਭਾ ਚੋਣਾਂ 'ਚ ਹੀ ਸ਼ੁਰੂ ਹੋ ਗਿਆ ਸੀ ਪਰ ਆਮ ਆਦਮੀ ਪਾਰਟੀ ਵਿਚ ਮਜ਼ਬੂਤ ਢਾਂਚੇ ਦੀ ਅਣਹੋਂਦ ਤੇ ਅੰਦਰੂਨੀ ਲੜਾਈ ਕਾਰਨ ਪਾਰਟੀ ਨੂੰ 2017 ਦੀਆਂ ਵਿਧਾਨ ਸਭਾ ਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਸਭ ਸੰਭਾਵਨਾਵਾਂ ਹੋਣ ਦੇ ਬਾਵਜੂਦ ਵੱਡੀ ਸਫ਼ਲਤਾ ਨਾ ਮਿਲੀ। 2017 ਵਿਚ ਪਾਰਟੀ ਕੇਵਲ 20 ਸੀਟਾਂ ਹੀ ਜਿੱਤ ਸਕੀ ਤੇ ਆਖ਼ਿਰ ਵਿਚ ਇਸ ਦੇ ਤਕਰੀਬਨ ਅੱਧੇ ਮੈਂਬਰ ਪਾਰਟੀ ਛੱਡ ਕੇ ਹੋਰ ਪਾਰਟੀਆਂ ਵਿਚ ਚਲੇ ਗਏ। 2019 ਵਿਚ ਪਾਰਟੀ ਨੇ ਸਿਰਫ਼ ਸਿਰਫ਼ ਸੰਗਰੂਰ ਦੀ ਲੋਕ ਸਭਾ ਸੀਟ ਹੀ ਜਿੱਤੀ ਸੀ। ਹੈਰਾਨੀ ਵਾਲੀ ਗੱਲ ਤਾਂ ਜੂਨ 2022 ਦੀ ਸੰਗਰੂਰ ਜ਼ਿਮਨੀ ਚੋਣ ਦੀ ਸੀ ਜਿਸ ਵਿਚ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

2017 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀਆਂ 20 ਸੀਟਾਂ 'ਤੇ ਜਿੱਤ ਵਿਚ ਨੌਜਵਾਨ ਵਰਗ ਦਾ ਵੱਡਾ ਹੱਥ ਸੀ। ਇਨ੍ਹਾਂ ਚੋਣਾਂ ਵਿਚ ਪਾਰਟੀ ਨੂੰ 18-25 ਸਾਲ ਦੇ ਵੋਟਰਾਂ ਦੀਆਂ 31% ਵੋਟਾਂ ਮਿਲੀਆਂ; ਕਾਂਗਰਸ ਪਾਰਟੀ ਨੇ ਇਨ੍ਹਾਂ ਵੋਟਰਾਂ ਦੀਆਂ 35% ਵੋਟਾਂ ਲੈ ਕੇ ਵੱਡੀ ਕਾਮਯਾਬੀ ਹਾਸਲ ਕੀਤੀ। ਇਸ ਤੋਂ ਇਲਾਵਾ ਅਕਾਲੀ-ਭਾਜਪਾ ਗੱਠਜੋੜ ਨੂੰ ਨੌਜਵਾਨਾਂ ਦੀਆਂ 26% ਵੋਟਾਂ ਹੀ ਮਿਲੀਆਂ। 2022 ਵਿਚ ਸਥਿਤੀ ਪਲਟ ਗਈ ਤੇ ਆਮ ਆਦਮੀ ਪਾਰਟੀ ਨੂੰ 18-25 ਸਾਲ ਦੇ ਕੁੱਲ ਵੋਟਰਾਂ ਦੀਆਂ 51% ਵੋਟਾਂ ਮਿਲੀਆਂ; ਕਾਂਗਰਸ, ਅਕਾਲੀ ਦਲ ਗੱਠਜੋੜ ਅਤੇ ਭਾਜਪਾ ਤੇ ਇਸ ਦੇ ਭਾਈਵਾਲਾਂ ਨੂੰ ਕ੍ਰਮਵਾਰ 18%, 18.4% ਤੇ 3.3% ਵੋਟਾਂ ਮਿਲੀਆਂ। 26-34 ਸਾਲ ਦੇ ਵੋਟਰਾਂ ਦੇ ਰੁਝਾਨ ਵਿਚ ਵੀ ਕੁਝ ਤਬਦੀਲੀ ਦੇਖਣ ਨੂੰ ਮਿਲੀ ਪਰ ਇਥੇ ਵੀ 'ਆਪ' ਨੂੰ ਦੂਸਰਿਆਂ ਦੇ ਮੁਕਾਬਲੇ ਵੱਡੀ ਹਮਾਇਤ ਮਿਲੀ। ਇਸ ਵਰਗ ਦੇ ਕੁੱਲ ਵੋਟਰਾਂ ਦੇ 48% ਨੇ 'ਆਪ' ਨੂੰ ਵੋਟ ਪਾਈ; ਕਾਂਗਰਸ 18.1%, ਅਕਾਲੀ ਦਲ-ਬਸਪਾ ਗੱਠਜੋੜ 19.5% ਅਤੇ ਭਾਜਪਾ ਤੇ ਹੋਰਨਾਂ ਨੂੰ 7.6% ਵੋਟਾਂ ਮਿਲੀਆਂ।

'ਆਪ' ਨੇ ਚੋਣਾਂ ਤੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ ਵਿਚ ਪੰਜਾਬ ਦੇ ਨੌਜਵਾਨਾਂ ਨਾਲ ਕਈ ਵਾਅਦੇ ਕੀਤੇ: 5 ਸਾਲਾਂ ਵਿਚ ਕੋਈ 25 ਲੱਖ ਦੇ ਕਰੀਬ ਰੁਜ਼ਗਾਰ ਦੇ ਮੌਕੇ, ਪਿੰਡਾਂ ਤੇ ਸ਼ਹਿਰਾਂ ਨੂੰ ਰੁਜ਼ਗਾਰ ਪੈਦਾ ਕਰਨ ਦੇ ਖ਼ਿੱਤਿਆਂ ਵਜੋਂ ਵਿਕਸਤ ਕਰਨਾ, 10 ਵੱਡੇ ਸ਼ਹਿਰਾਂ ਵਿਚ ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਦੇ ਕੇਂਦਰ ਖੋਲ੍ਹਣਾ ਆਦਿ। ਦੱਸਿਆ ਗਿਆ ਕਿ ਅਜਿਹੇ ਉਪਰਾਲਿਆਂ ਨਾਲ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਸੁਫਨੇ ਸਾਕਾਰ ਕਰਨ ਵਿਚ ਮਦਦ ਮਿਲੇਗੀ ਤੇ ਅਣਚਾਹੀ ਹਿਜਰਤ ਵੀ ਰੋਕੀ ਜਾਏਗੀ; ਇਨ੍ਹਾਂ ਕੇਂਦਰਾਂ ਵਿਚ ਨੌਜਵਾਨਾਂ ਨੂੰ ਹਰ ਕਿਸਮ ਦੀ ਸਹੂਲਤ ਤੇ ਮਦਦ, ਤਕਨਾਲੋਜੀ, ਮਾਲੀ ਰਕਮ, ਬਾਜ਼ਾਰ ਵਿਚ ਮੁਕਾਬਲਾ ਕਰਨ ਦੀ ਸਿੱਖਿਆ ਆਦਿ ਦੇ ਕੇ ਸਮੇਂ ਦੇ ਹਾਣੀ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਸਰਕਾਰ ਵਿਦੇਸ਼ਾਂ ਵਿਚ ਜਾਣ ਦੇ ਚਾਹਵਾਨ ਨੌਜਵਾਨਾਂ ਵਾਸਤੇ ਉਥੇ ਉਨ੍ਹਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਲੱਭਣ ਵਿਚ ਮਦਦ ਕਰੇਗੀ; ਦਲਿਤ ਭਾਈਚਾਰੇ ਦੀ ਸੰਘਣੀ ਆਬਾਦੀ ਦੁਆਬੇ ਵਿਚ ਦਲਿਤ ਨੇਤਾ ਬਾਬੂ ਕਾਂਸ਼ੀ ਰਾਮ ਦੇ ਨਾਮ ਉੱਪਰ ਉਨ੍ਹਾਂ ਦੇ ਉੱਚ ਦਰਜੇ ਦੀ ਹੁਨਰ ਦੀ ਸਿਖਲਾਈ ਵਾਸਤੇ ਯੂਨੀਵਰਸਿਟੀ ਖੋਲ੍ਹੀ ਜਾਵੇਗੀ; ਇਸ ਤੋਂ ਇਲਾਵਾ ਪਿੰਡਾਂ ਤੇ ਸ਼ਹਿਰਾਂ ਦੇ ਨੌਜਵਾਨਾਂ ਨੂੰ ਦੇਸ਼ ਦੁਨੀਆ ਵਿਚ ਹੋ ਰਹੇ ਕੰਮਾਂ ਤੇ ਰੁਜ਼ਗਾਰ ਪ੍ਰਾਪਤ ਕਰਨ ਦੀ ਜਾਣਕਾਰੀ ਤੇ ਸਹਾਇਤਾ ਕੀਤੀ ਜਾਵੇਗੀ।

2021 ਵਿਚ ਨੌਜਵਾਨਾਂ ਦੇ ਦੇਸ਼ ਪੱਧਰੀ ਸਰਵੇਖਣ ਵਿਚ ਪੰਜਾਬ ਦੇ ਨੌਜਵਾਨਾਂ ਦੇ 76% ਹਿੱਸੇ ਨੇ ਬੇਰੁਜ਼ਗਾਰੀ ਨੂੰ ਆਪਣੀ ਸਭ ਤੋਂ ਵੱਡੀ ਮੁਸ਼ਕਿਲ ਦੱਸਿਆ ਸੀ। ਇਸ ਤੋਂ ਇਲਾਵਾ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਨੌਜਵਾਨਾਂ ਦੇ 42% ਹਿੱਸੇ ਨੇ ਆਮ ਆਦਮੀ ਪਾਰਟੀ ਨੂੰ ਇਹ ਮੁਸ਼ਕਿਲ ਹੱਲ ਕਰਨ ਲਈ ਸਭ ਤੋਂ ਵੱਧ ਭਰੋਸੇਯੋਗ ਦੱਸਿਆ ਸੀ। ਇਸ ਕਰਕੇ ਮੌਜੂਦਾ ਸਰਕਾਰ ਦੀ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਸਾਰੇ ਵਸੀਲੇ ਵਰਤ ਕੇ ਨੌਜਵਾਨਾਂ ਨੂੰ ਆਪਣਾ ਭਵਿੱਖ ਸੰਵਾਰਨ ਵਿਚ ਮਦਦ ਕਰੇ। ਪੰਜਾਬ ਖੇਤੀ ਪ੍ਰਧਾਨ ਰਾਜ ਹੈ ਜਿਹੜਾ ਲੰਮੇ ਸਮੇਂ ਤੋਂ ਬਹੁਤ ਸਾਰੇ ਕਾਰਨਾਂ ਖ਼ਾਸਕਰ ਖੇਤੀ ਦੀ ਖੜੋਤ ਤੇ ਉਦਯੋਗਾਂ ਦੇ ਨਾ ਲੱਗਣ ਕਰ ਕੇ ਡੂੰਘੇ ਸੰਕਟ ਵਿਚ ਹੈ। ਪੰਜਾਬ ਦੇ 70% ਤੋਂ ਜ਼ਿਆਦਾ ਕਿਸਾਨਾਂ ਦਾ ਕਹਿਣਾ ਹੈ ਕਿ ਜੇ ਚੰਗਾ ਰੁਜ਼ਗਾਰ ਮਿਲ ਜਾਵੇ ਤਾਂ ਉਹ ਖੇਤੀ ਛੱਡ ਦੇਣਗੇ। ਦਿਨ-ਬਦਿਨ ਵਿਗੜਦੇ ਹਾਲਾਤ ਨੇ ਮੌਜੂਦਾ ਸਮੇਂ ਵਿਚ ਵੱਡੀਆਂ ਮੁਸ਼ਕਿਲਾਂ ਪੈਦਾ ਕੀਤੀਆਂ ਹਨ ਤੇ ਵੱਡੀ ਗਿਣਤੀ ਵਿਚ ਨੌਜਵਾਨ ਪਰਵਾਸ ਕਰ ਰਹੇ ਹਨ। ਚੰਗੇ ਭਵਿੱਖ ਦੀ ਆਸ ਨਾ ਹੋਣ ਕਰ ਕੇ ਨਿਰਾਸ਼ਾ ਦੇ ਨਾਲ ਧਾਰਮਿਕ ਬੁਨਿਆਦਪ੍ਰਸਤੀ ਦੀਆਂ ਭਾਵਨਾਵਾਂ ਵਧ ਰਹੀਆਂ ਹਨ।

ਅਜਿਹੇ ਹਾਲਾਤ 'ਚ ਸਰਕਾਰ ਦੀ ਜ਼ਿੰਮੇਵਾਰੀ ਬਹੁਤ ਵਧ ਗਈ ਹੈ। ਰੁਜ਼ਗਾਰ ਦੇਣ ਦੇ ਨਾਲ ਨਾਲ ਜੇ ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਤੇ ਸ਼ਹਿਰੀ ਸੰਸਥਾਵਾਂ ਵਿਚ ਨੌਜਵਾਨਾਂ ਦੀ ਹਿੱਸੇਦਾਰੀ ਵਧਾਉਂਦੀ ਹੈ ਤਾਂ ਪਾਰਟੀ ਦਾ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦਾ ਸੁਪਨਾ ਸਾਕਾਰ ਹੋ ਸਕਦਾ ਹੈ। ਇਸ ਤਰੀਕੇ ਨਾਲ ਲੱਖਾਂ ਹੀ ਨੌਜਵਾਨਾਂ ਨੂੰ ਪੰਜਾਬ ਦੀ ਨਵ-ਉਸਾਰੀ ਵਿਚ ਹਿੱਸਾ ਲੈਣ ਦਾ ਮੌਕਾ ਮਿਲੇਗਾ।

# ਸੰਜੀਦਾ ਅਭਿਨੇਤਰੀ ਸਮਿਤਾ ਪਾਟਿਲ

ਉੱਘੀ ਅਭਿਨੇਤਰੀ ਸਮਿਤਾ ਪਾਟਿਲ ਦਾ ਜਨਮ 17 ਅਕਤੂਬਰ 1955 ਨੂੰ ਮਹਾਰਾਸ਼ਟਰ ਦੇ ਮਰਾਠੀ ਪਰਿਵਾਰ ਵਿਚ ਹੋਇਆ ਸੀ। ਉਸ ਦੇ ਪਿਤਾ ਰਾਜਨੀਤੀ ਵਿਚ ਮੋਹਰੀ ਭੂਮਿਕਾ ਵਿਚ ਸਨ ਜੋ ਮੰਤਰੀ ਵੀ ਰਹੇ। ਬਚਪਨ ਵਿਚ ਹੀ ਉਹ ਪੜ੍ਹਾਈ ਲਿਖਾਈ ਵਿਚ ਚੰਗੀ ਹੋਣ ਤੋਂ ਇਲਾਵਾ ਚੁਸਤ ਦਰੁਸਤ ਵੀ ਪੂਰੀ ਸੀ। ਮੁੰਡਿਆਂ ਵਾਂਗ ਪੈਂਟ-ਕਮੀਜ਼ ਪਹਿਨਣੀ ਉਸ ਨੂੰ ਭਾਉਂਦੀ ਸੀ। ਪਹਿਲਾਂ ਉਹ ਦੂਰਦਰਸ਼ਨ 'ਤੇ ਅਨਾਊਂਸਰ ਵਜੋਂ ਵੀ ਕੰਮ ਕਰਦੀ ਰਹੀ। ਉੱਚ ਖਾਨਦਾਨ ਦੀ ਧੀ

**ਸੁਖਮਿੰਦਰ ਸੇਖੋਂ**
ਫੋਨ: +91-98145-07693

ਹੋਣ ਕਰ ਕੇ ਸ਼ਾਇਦ ਫਿਲਮਾਂ ਵਿਚ ਜਾਣ ਦਾ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਪਰ ਫਿਲਮੀ ਦੁਨੀਆ ਨੇ ਅਛੋਪਲੇ ਜਿਹੇ ਉਸ ਨੂੰ ਆਪਣੇ ਕਲਾਵੇ ਵਿਚ ਭਰ ਲਿਆ। 1974 ਤੋਂ ਉਸ ਦਾ ਫਿਲਮਾਂ ਵਿਚ ਪ੍ਰਵੇਸ਼ ਹੋ ਗਿਆ। ਉਸ ਦੀਆਂ ਸ਼ੁਰੂਆਤੀ ਫਿਲਮਾਂ ਵਿਚ 'ਮੇਰੇ ਸਾਥ ਚੱਲ', 'ਗਮਨ', 'ਮੰਥਨ' ਆਦਿ ਸ਼ਾਮਲ ਹਨ।

ਆਪਣੇ ਫਿਲਮੀ ਸਫ਼ਰ ਦੇ ਸ਼ੁਰੂ ਵਿਚ ਹੀ ਉਸ ਨੇ ਦਰਸਾ ਦਿੱਤਾ ਕਿ ਉਹ ਵਧੀਆ ਅਦਾਕਾਰਾ ਹੈ ਜਿਸ ਨੂੰ ਹਰ ਭੂਮਿਕਾ ਵਿਚ ਦਰਸ਼ਕ ਪਸੰਦ ਕਰਦੇ ਹਨ। 'ਭੂਮਿਕਾ' ਤੇ 'ਮੰਡੀ' ਫਿਲਮਾਂ ਉਸ ਦੀ ਬਿਹਤਰੀਨ ਅਦਾਕਾਰੀ ਦਾ ਪ੍ਰਮਾਣ ਹਨ। ਫਿਰ ਤਾਂ ਉਸ ਦੀਆਂ ਆਰਟ ਫਿਲਮਾਂ ਦੀ ਝੜੀ ਹੀ ਲੱਗ ਗਈ। 'ਬਾਜ਼ਾਰ' (82) ਤੇ 'ਸਪਰਸ਼' (84) ਵਰਗੀਆਂ ਕਿੰਨੀਆਂ ਹੀ ਕਲਾ ਫਿਲਮਾਂ ਕਰਨ ਤੋਂ ਬਾਅਦ ਉਸ ਦਾ ਵਪਾਰਕ ਫਿਲਮਾਂ ਨੇ ਵੀ ਢੁੱਕਵਾਂ ਸਵਾਗਤ ਕੀਤਾ। ਯਸ਼ ਰਾਜ ਚੋਪੜਾ ਦੀ 'ਸ਼ਕਤੀ' ਅਤੇ ਪ੍ਰਕਾਸ਼ ਮਹਿਰਾ ਦੀ 'ਨਮਕ ਹਲਾਲ' ਵਿਚ ਉਸ ਨੇ ਕ੍ਰਮਵਾਰ ਸੁਨੀਲ ਦੱਤ ਅਤੇ ਅਮਿਤਾਭ ਬੱਚਨ ਨਾਲ ਅਦਾਕਾਰੀ ਕੀਤੀ। ਰਾਜ ਕੁਮਾਰ ਕੋਹਲੀ ਦੀ ਫਿਲਮ 'ਬਦਲੇ ਕੀ ਆਗ' ਵਿਚ ਡਾਕੂ ਦੇ ਕਿਰਦਾਰ ਵਿਚ ਧਰਮਿੰਦਰ ਨਾਲ ਬੇਸ਼ੱਕ ਰੀਨਾ ਰਾਏ ਵੀ ਸੀ ਪਰ ਅਦਾਕਾਰੀ ਦੇ ਸਨਮੁੱਖ ਉਸ ਨੇ ਆਪਣੀ ਸ਼ੈਲੀ ਵਿਚ ਆਪਣੇ ਕਿਰਦਾਰ ਨੂੰ ਇਸ ਕਦਰ ਜਾਨਦਾਰ ਬਣਾ ਦਿੱਤਾ ਕਿ ਧਰਮ ਜਾਂ ਰੀਨਾ ਤੋਂ ਵਧੇਰੇ ਤਾੜੀਆਂ ਉਸ ਦੀ ਝੋਲੀ ਵਿਚ ਪਈਆਂ।






*ਅਦਾਕਾਰਾ ਸਮਿਤਾ ਪਾਟਿਲ ਅਤੇ ਉਸ ਬਾਰੇ ਲਿਖੀ ਕਿਤਾਬ ਦਾ ਮੁਖੜਾ।*

ਸਤਿਆਜੀਤ ਰੇਅ ਦੀ ਫਿਲਮ 'ਸਦਗਤੀ' ਵਿਚ ਉਸ ਨੇ ਪੱਛੜੇ ਵਰਗ ਦੀ ਔਰਤ ਦੇ ਕਿਰਦਾਰ ਨੂੰ ਜਿਸ ਖੂਬੀ ਨਾਲ ਅੰਜਾਮ ਦਿੱਤਾ, ਉਹ ਅੱਜ ਵੀ ਦਰਸ਼ਕਾਂ ਦੇ ਚੇਤਿਆਂ ਵਿਚ ਵਸਿਆ ਹੋਵੇਗਾ। ਸਮਿਤਾ ਨੇ ਕੇਵਲ ਗਰੀਬੀ ਜਾਂ ਪੱਛੜੀਆਂ ਇਸਤਰੀਆਂ ਦੇ ਕਿਰਦਾਰਾਂ ਨੂੰ ਹੀ ਫਿਲਮਾਂ ਵਿਚ ਨਹੀਂ ਜੀਵਿਆ ਬਲਕਿ ਮੱਧ ਵਰਗ ਦੀਆਂ ਔਰਤਾਂ ਦੇ ਕਿਰਦਾਰਾਂ ਨੂੰ ਵੀ ਉਸੇ ਖੂਬੀ ਨਾਲ ਨਿਭਾਇਆ ਜਿਸ ਦੀ ਮਿਸਾਲ ਹਨ 'ਆਖਿਰ ਕਿਉਂ', 'ਗੁਲਾਮੀ', 'ਕਿਆਮਤ', 'ਆਪ ਕੇ ਸਾਥ' ਆਦਿ। ਸਾਂਵਲੇ ਰੰਗ ਦੀ ਤਿੱਖੇ ਨੈਣ-ਨਕਸ਼ਾਂ ਵਾਲੀ ਇਸ ਅਦਾਕਾਰਾ ਨੂੰ ਮਰਹੂਮ ਹੀਰੋ ਵਿਨੋਦ ਖੰਨਾ ਦੂਸਰੀਆਂ ਹੀਰੋਇਨਾਂ ਦੀ ਨਿਸਬਤ ਵਧੇਰੇ ਆਕਰਸ਼ਕ ਮੰਨਦਾ ਸੀ। ਦਰਅਸਲ, ਸਮਿਤਾ ਨੂੰ ਉਸ ਦਾ ਸਾਂਵਲਾ ਰੰਗ ਅਤੇ ਬੋਲਦੀਆਂ ਅੱਖਾਂ ਹੀ ਫਿਲਮਾਂ ਵਿਚ ਸ਼ਕਤੀਸ਼ਾਲੀ ਅਦਾਕਾਰਾ ਵਜੋਂ ਮਦਦ ਕਰਨ ਵਿਚ ਬਹੁਤ ਸਹਾਈ ਹੋਈਆਂ।

ਆਪਣੀ ਨਿੱਕੀ ਉਮਰ ਵਿਚ ਹੀ ਫਿਲਮਾਂ ਵਿਚ ਦਮਦਾਰ ਭੂਮਿਕਾਵਾਂ ਨਿਭਾ ਕੇ ਸਮਿਤਾ ਨੇ ਸਾਬਤ ਕਰ ਦਿੱਤਾ ਸੀ ਕਿ ਜ਼ਰੂਰੀ ਨਹੀਂ ਕਿ ਕੋਈ ਬਹੁਤ ਗੋਰਾ ਜਾਂ ਖੂਬਸੂਰਤ ਹੋਵੇ, ਅਸਲ ਗੱਲ ਤਾਂ ਯੋਗਤਾ ਜਾਂ ਪ੍ਰਤਿਭਾ 'ਤੇ ਆ ਕੇ ਹੀ ਖੜ੍ਹਦੀ ਹੈ। ਉਸ ਨੂੰ ਫਿਲਮਾਂ ਲਈ ਕੁਝ ਵੱਕਾਰੀ ਸਨਮਾਨ ਵੀ ਹਾਸਲ ਹੋਏ ਜਿਸ ਦੀ ਉਹ ਹੱਕਦਾਰ ਵੀ ਸੀ। ਪਹਿਲਾਂ ਤੋਂ ਹੀ ਵਿਆਹੇ ਹੋਏ ਹੀਰੋ ਐਕਟਰ ਰਾਜ ਬੱਬਰ ਨਾਲ ਉਸ ਨੇ ਘਰਦਿਆਂ ਦੇ ਵਿਰੋਧ ਦੇ ਬਾਵਜੂਦ ਪ੍ਰੇਮ ਵਿਆਹ ਰਚਾ ਲਿਆ। ਉਨ੍ਹਾਂ ਦੇ ਘਰ ਬੇਟੇ ਪ੍ਰਤੀਕ ਨੇ ਜਨਮ ਲਿਆ ਜਿਸ ਨੇ ਵੱਡਾ ਹੋਣ 'ਤੇ ਕੁਝ ਫਿਲਮਾਂ ਵਿਚ ਅਦਾਕਾਰੀ ਵੀ ਕੀਤੀ। ਰਾਜ ਬੱਬਰ ਨਾਲ ਹੋਰਨਾਂ ਫਿਲਮਾਂ ਤੋਂ ਇਲਾਵਾ ਫਿਲਮ 'ਵਾਰਿਸ' ਵਿਚ ਉਸ ਦੀ ਅਦਾਕਾਰੀ ਦੇਖਣਯੋਗ ਸੀ ਖਾਸਕਰ ਖ਼ਲਨਾਇਕ ਅਮਰੀਸ਼ ਪੁਰੀ ਦੀ ਬਰਾਬਰੀ ਕਰ ਕੇ ਡਾਇਲਾਗ ਬੋਲਣਾ ਅਤੇ ਨਾ ਥਿੜਕਣਾ ਉਸ ਦੀ ਮਜ਼ਬੂਤ ਅਦਾਕਾਰੀ ਦਾ ਹੀ ਸਿੱਟਾ ਸੀ।

ਮੋਹਨ ਕੁਮਾਰ ਦੀ 'ਅੰਮ੍ਰਿਤ' ਵਿਚ ਰਾਜੇਸ਼ ਖੰਨਾ ਦੀ ਪਤਨੀ ਦੇ ਰੂਪ ਵਿਚ ਉਸ ਨੇ ਆਪਣੇ ਕਿਰਦਾਰ ਨਾਲ ਪੂਰਾ ਨਿਆਂ ਕੀਤਾ। ਉਸ ਨੇ ਦਰਸ਼ਕਾਂ ਨੂੰ ਰੁਆਇਆ ਵੀ ਕਿ ਦੱਬੀ-ਕੁਚਲੀ ਤੇ ਡਰੀ-ਸਹਿਮੀ ਔਰਤ ਨੂੰ ਆਪਣੇ ਬਚਾਓ ਲਈ ਅੰਦਰੋਂ ਕਿੰਜ ਸ਼ਕਤੀ ਮਿਲਦੀ ਹੈ, ਉਹ ਸਾਰਾ ਕੁਝ ਫਿਲਮ 'ਮਿਰਚ ਮਸਾਲਾ' ਵਿਚ ਸਾਹਮਣੇ ਆਉਂਦਾ ਹੈ। ਉਸ ਨੇ 'ਤਰੰਗ', 'ਆਜ ਕੀ ਆਵਾਜ਼', 'ਭੀਗੀ ਪਲਕੇਂ' ਅਤੇ 'ਨਜ਼ਰਾਨਾ' ਵਿਚ ਵੀ ਆਪਣੀ ਭਰਵੀ ਹਾਜ਼ਰੀ ਲਵਾਈ ਪਰ ਆਪਣੇ ਕਰੀਅਰ ਦੇ ਆਰੰਭ ਵਿਚ ਫਿਲਮ 'ਚਰਨਦਾਸ ਚੋਰ' ਵਿਚ ਹੀ ਉਸ ਨੇ ਆਪਣੀ ਅਦਾਕਾਰੀ ਨਾਲ ਆਪਣੀ ਪਛਾਣ ਬਣਾ ਲਈ ਸੀ। ਉਸ ਦੀਆਂ ਹੋਰ ਫਿਲਮਾਂ ਵੀ ਯਾਦ ਰੱਖਣਯੋਗ ਹਨ ਜਿਨ੍ਹਾਂ ਵਿਚ ਉਸ ਨੇ ਆਪਣੀ ਵਿਲੱਖਣ ਅਤੇ ਗੰਭੀਰ ਅਦਾਕਾਰੀ ਨਾਲ ਦਰਸ਼ਕਾਂ ਤੇ ਆਲੋਚਕਾਂ ਦੋਹਾਂ ਦਾ ਹੀ ਦਿਲ ਜਿੱਤਿਆ, ਜਿਵੇਂ ਕਿ 'ਆਕ੍ਰੋਸ਼', 'ਨਿਸ਼ਾਂਤ', 'ਅਰਧ ਸੱਤਿਆ' ਅਤੇ 'ਅਰਥ'। ਮਹੇਸ਼ ਭੱਟ ਦੀ 'ਅਰਥ' ਵਿਚ ਚਾਹੇ ਸ਼ਬਾਨਾ ਆਜ਼ਮੀ ਦੀ ਭੂਮਿਕਾ ਹਾਂ-ਪੱਖੀ ਸੀ ਪਰ ਸਮਿਤਾ ਵੀ ਆਪਣੇ ਕਿਰਦਾਰ ਵਿਚ ਭਰਵੇਂ ਰੂਪ ਵਿਚ ਹਾਜ਼ਰ ਸੀ।

ਸ਼ਿਆਮ ਬੈਨੇਗਲ, ਸਤਿਆਜੀਤ ਰੇਅ ਅਤੇ ਗੋਵਿੰਦ ਨਿਹਲਾਨੀ ਜਿਹੇ ਚਿੰਤਨਸ਼ੀਲ ਨਿਰਦੇਸ਼ਕਾਂ ਦੀਆਂ ਫਿਲਮਾਂ ਵਿਚ ਬਾਖੂਬੀ ਅਦਾਕਾਰੀ ਕਰਨ ਵਾਲੀ ਇਹ ਅਦਾਕਾਰਾ ਲੰਮੀ ਉਮਰ ਭੋਗਣ ਤੋਂ ਵਾਂਝੀ ਹੀ ਰਹੀ ਅਤੇ ਸਿਰਫ਼ 31 ਵਰ੍ਹਿਆਂ ਦੀ ਉਮਰ ਵਿਚ ਹੀ 13 ਦਸੰਬਰ 1986 ਨੂੰ ਆਪਣੇ ਪ੍ਰਸੰਸਕਾ ਕੋਲੋਂ ਵਿਦਾ ਲੈ ਗਈ। ਛੋਟੀ ਉਮਰ ਵਿਚ ਹੀ ਯਾਦਗਾਰੀ ਭੂਮਿਕਾਵਾਂ ਅਤੇ ਮੁੱਲਵਾਨ ਫਿਲਮਾਂ ਕਰ ਕੇ ਅੱਜ ਵੀ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਉਹ ਸਾਡੇ ਇਰਦ ਗਿਰਦ ਹੀ ਕਿਧਰੇ ਵਿਚਰ ਰਹੀ ਹੋਵੇ।

# ਫਰਹਾਨ ਅਖਤਰ ਦੀਆਂ ਫਿਰਕੀਆਂ



ਫਰਹਾਨ ਅਖ਼ਤਰ ਨੇ ਇੰਸਟਾਗ੍ਰਾਮ 'ਤੇ ਆਪਣੀ ਪਤਨੀ ਸ਼ਿਬਾਨੀ ਅਤੇ ਦੋਵੇਂ ਧੀਆਂ ਸ਼ਾਕਿਆ ਤੇ ਅਕੀਰਾ ਨਾਲ ਤਸਵੀਰ ਸਾਂਝੀ ਕੀਤੀ ਹੈ ਜਿਸ ਨੂੰ ਦੇਖ ਕੇ ਇਸ ਅਦਾਕਾਰ ਦੇ ਪ੍ਰਸ਼ੰਸਕ ਖੂਬ ਦੁਆਵਾਂ ਦੇ ਰਹੇ ਹਨ। ਇਸ ਤਸਵੀਰ ਵਿਚ ਚਾਰੇ ਜਣੇ ਹੱਸਦੇ ਦਿਖਾਈ ਦੇ ਰਹੇ ਹਨ। ਇਸ ਤਸਵੀਰ ਨਾਲ ਅਦਾਕਾਰ ਨੇ ਕਾਲੇ ਰੰਗ ਦੇ ਦਿਲ ਵਾਲੇ ਇਮੋਜੀ ਵੀ ਸਾਂਝੇ ਕੀਤੇ ਹਨ। ਇਸ ਤਸਵੀਰ 'ਤੇ ਪ੍ਰਤੀਕਿਰਿਆ ਦਿੰਦਿਆਂ ਫਿਲਮ ਨਿਰਮਾਤਾ ਫਰਹਾ ਖ਼ਾਨ ਨੇ ਲਾਲ ਰੰਗ ਦੇ ਦਿਲ ਵਾਲੇ ਇਮੋਜੀ ਸਾਂਝੇ ਕੀਤੇ ਹਨ।

ਜ਼ਿਕਰਯੋਗ ਹੈ ਕਿ ਸ਼ਾਕਿਆ ਤੇ ਅਕੀਰਾ, ਫਰਹਾਨ ਅਤੇ ਉਸ ਦੀ ਪਹਿਲੀ ਪਤਨੀ ਅਧੁਨਾ ਦੀਆਂ ਧੀਆਂ ਹਨ। ਸਾਲ 2022 ਵਿਚ ਫਰਹਾਨ ਨੇ ਅਦਾਕਾਰਾ ਸ਼ਿਬਾਨੀ ਦਾਂਡੇਕਰ ਨਾਲ ਵਿਆਹ ਕਰਵਾ ਲਿਆ ਸੀ। ਗੌਰਤਲਬ ਹੈ ਕਿ ਫਰਹਾਨ ਅਖ਼ਤਰ ਪਿਛਲੀ ਵਾਰ ਫਿਲਮ 'ਤੂਫਾਨ' ਵਿਚ ਦਿਖਾਈ ਦਿੱਤਾ ਸੀ। ਛੇਤੀ ਹੀ ਉਹ ਫਿਲਮ 'ਜੀ ਲੇ ਜ਼ਰਾ' ਦਾ ਨਿਰਦੇਸ਼ਨ ਸ਼ੁਰੂ ਕਰ ਰਿਹਾ ਹੈ ਜਿਸ ਵਿਚ ਮੁੱਖ ਭੂਮਿਕਾਵਾਂ ਵਿਚ ਪ੍ਰਿਯੰਕਾ ਚੋਪੜਾ, ਆਲੀਆ ਭੱਟ ਤੇ ਕੈਟਰੀਨਾ ਕੈਫ਼ ਦਿਖਾਈ ਦੇਣਗੀਆਂ।

ਫਰਹਾਨ ਅਖਤਰ 'ਉਡਣਾ ਸਿੱਖ' ਵਜੋਂ ਮਸ਼ਹੂਰ ਦੌੜਾਕ ਮਿਲਖਾ ਸਿੰਘ ਬਾਰੇ ਬਣਾਈ ਫਿਲਮ 'ਭਾਗ ਮਿਲਖਾ ਭਾਗ' ਨਾਲ ਵਧੇਰੇ ਚਰਚਾ ਵਿਚ ਆਇਆ ਸੀ। ਇਸ ਫਿਲਮ ਨੇ ਉਸ ਦੇ ਕਰੀਅਰ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਸੀ। ਇਸ ਫਿਲਮ ਲਈ ਉਸ ਨੇ ਮਿਹਨਤ ਵੀ ਬਹੁਤ ਕੀਤੀ ਸੀ। ਇਸ ਫਿਲਮ ਦੀ ਸ਼ੂਟਿੰਗ ਤੋਂ ਪਹਿਲਾਂ ਉਹ ਮਿਲਖਾ ਸਿੰਘ ਨੂੰ ਮਿਲਦਾ ਰਿਹਾ ਅਤੇ ਉਸ ਦੇ ਉੱਠਣ-ਬੈਠਣ ਅਤੇ ਹੋਰ ਹਾਵਾਂ-ਭਾਵਾਂ ਨੂੰ ਸਮਝਦਾ ਰਿਹਾ। ਇਸੇ ਕਰ ਕੇ ਉਹ ਇਸ ਫਿਲਮ ਵਿਚ ਦਮਦਾਰ ਅਦਾਕਾਰੀ ਕਰ ਸਕਿਆ। ਉਹ ਆਖਦਾ ਹੈ ਕਿ ਇਸ ਫਿਲਮ ਨੇ ਉਸ ਦੀ ਖੁਦ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਉਹ ਇਹ ਵੀ ਮੰਨਦਾ ਹੈ ਕਿ ਜਿਸ ਤਰ੍ਹਾਂ ਮਿਲਖਾ ਸਿੰਘ ਨੇ ਦੌੜ ਲਈ ਮਿਹਨਤ ਕੀਤੀ, ਉਸੇ ਤਰ੍ਹਾਂ ਉਸ ਨੇ ਇਸ ਫਿਲਮ ਵਿਚ ਅਦਾਕਾਰੀ ਲਈ ਕੀਤਾ ਤੇ ਸਫਲ ਰਿਹਾ।

# ਰੀਨਾ ਤੇ ਮੀਨਾਕਸ਼ੀ ਦੀ ਸਾਂਝ

ਆਪਣੇ ਵੇਲਿਆਂ ਦੀ ਖੂਬਸੂਰਤ ਅਦਾਕਾਰਾ ਰੀਨਾ ਰਾਏ ਜਿਸ ਨੇ 70 ਦੇ ਦਹਾਕੇ ਵਿਚ ਖੂਬ ਨਾਮ ਕਮਾਇਆ, ਅੱਜ ਵੀ ਆਪਣੀਆਂ ਫਿਲਮਾਂ ਅਤੇ ਗੀਤਾਂ ਨਾਲ ਦਰਸ਼ਕਾਂ ਦਾ ਦਿਲ ਜਿੱਤ ਰਹੀ ਹੈ। ਕਿਸੇ ਵੇਲੇ ਰੀਨਾ ਰਾਏ ਅਤੇ ਸ਼ਤਰੂਘਨ ਸਿਨਹਾ ਵਿਚਕਾਰ ਮੁਹੱਬਤ ਦੀ ਚਰਚਾ ਖੂਬ ਰਹੀ ਸੀ ਅਤੇ ਦੋਵੇਂ ਵਿਆਹ ਵੀ ਕਰਵਾਉਣਾ ਚਾਹੁੰਦੇ ਸਨ। ਹੁਣ ਇਹ ਖਬਰਾਂ ਛਪ ਰਹੀਆਂ ਹਨ ਕਿ ਸ਼ਤਰੂਘਨ ਸਿਨਹਾ ਦੀ ਧੀ ਸੋਨਾਕਸ਼ੀ ਸਿਨਹਾ ਦੇ ਨੈਣ-ਨਕਸ਼ ਰੀਨਾ ਰਾਏ ਨਾਲ ਮਿਲਦੇ ਹਨ।

ਇੱਕ ਇੰਟਰਵਿਊ ਵਿਚ ਰੀਨਾ ਰਾਏ ਨੇ ਸੋਨਾਕਸ਼ੀ ਸਿਨਹਾ ਨਾਲ ਆਪਣੀ ਸ਼ਕਲ ਮਿਲਣ ਬਾਰੇ ਕਿਹਾ ਹੈ ਕਿ ਇਹ ਮਹਿਜ਼ ਇਤਫ਼ਾਕ ਹੈ। ਕਈ ਵਾਰ ਅਜਿਹਾ ਹੋ ਜਾਂਦਾ ਹੈ। ਇਸੇ ਦੌਰਾਨ ਫਿਲਮਸਾਜ਼ ਪਹਿਲਾਜ ਨਿਹਲਾਨੀ ਨੇ ਦੱਸਿਆ ਕਿ ਉਹ ਸ਼ਤਰੂਘਨ ਸਿਨਹਾ, ਰੀਨਾ ਰਾਏ ਅਤੇ ਸੰਜੀਵ ਕੁਮਾਰ ਨੂੰ ਲੈ ਕੇ ਫਿਲਮ ਬਣਾਉਣਾ ਚਾਹੁੰਦੇ ਸਨ ਪਰ ਰੀਨਾ ਨੇ ਫਿਲਮ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਫਿਲਮ ਵਿਚ ਉਦੋਂ ਹੀ ਕੰਮ ਕਰੇਗੀ ਜਦੋਂ ਸ਼ਤਰੂਘਨ ਆਪਣਾ ਫੈਸਲਾ ਸਪਸ਼ਟ ਕਰਨਗੇ। ਰੀਨਾ ਨੇ ਫਿਲਮ ਨਿਰਮਾਤਾ ਨੂੰ ਇਹ ਵੀ ਕਿਹਾ ਸੀ ਕਿ ਜੇ ਸ਼ਤਰੂਘਨ ਉਸ ਨਾਲ ਵਿਆਹ ਨਹੀਂ ਕਰਨਗੇ ਤਾਂ ਉਹ 8 ਦਿਨਾਂ ਦੇ ਅੰਦਰ ਕਿਸੇ ਹੋਰ ਨਾਲ ਵਿਆਹ ਕਰ ਲਵੇਗੀ। ਯਾਦ ਰਹੇ ਕਿ ਬਾਅਦ ਵਿਚ ਰੀਨਾ ਨੇ ਪਾਕਿਸਤਾਨੀ ਕ੍ਰਿਕਟਰ ਮੋਹਸਿਨ ਖਾਨ ਨਾਲ ਵਿਆਹ ਕਰਵਾ ਲਿਆ ਸੀ ਅਤੇ ਫਿਲਮੀ ਦੁਨੀਆਂ ਉਸ ਨੇ ਛੱਡ ਦਿੱਤੀ ਸੀ।





*ਆਪਣੇ ਵੇਲਿਆਂ ਦੀ ਚਰਚਿਤ ਅਦਾਕਾਰਾ ਰੀਨਾ ਰਾਏ ਅਤੇ (ਸੱਜੇ) ਸੋਨਾਕਸ਼ੀ ਸਿਨਹਾ।*

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020